ISSN:2231-6930

96

# ਪ੍ਰਵਚਨ



ਜੁਲਾਈ-ਸਤੰਬਰ 2024

ਮੁੱਲ 75 ਰੁਪਏ

'ਪ੍ਰਵਚਨ' ਸਾਹਿਤ, ਸਮੀਖਿਆ ਤੇ ਸੱਭਿਆਚਾਰ ਨੂੰ ਸਮਰਪਿਤ, ਯੂ.ਜੀ.ਸੀ. ਕੇਅਰ ਲਿਸਟ ਅਨੁਸਾਰ ਪ੍ਰਵਾਨਿਤ ਤ੍ਰੈ-ਮਾਸਿਕ ਪਤ੍ਰਿਕਾ

ਸਾਲ : 24 ਪੁਸਤਕ ਲੜੀ : 96 ਜੁਲਾਈ-ਸਤੰਬਰ 2024

**ਬਾਨੀ ਸੰਪਾਦਕ: ਡਾ. ਰਜਨੀਸ਼ ਬਹਾਦਰ ਸਿੰਘ**
**ਮੁੱਖ ਸੰਪਾਦਕ: ਡਾ. ਕੁਲਵੰਤ ਸਿੰਘ**
124, CHHOTI BARADARI-II
Jalandhar-144001
Mob: 98722-44885
pravachanpunjabi@gmail.com
www.pravachan. org
**ਸੰਪਾਦਕ: ਡਾ. ਰਮਿੰਦਰ ਕੌਰ**
Mob: 94172-75147

**ਸਲਾਹਕਾਰ ਬੋਰਡ**
ਡਾ. ਰਵੀ ਰਵਿੰਦਰ (ਦਿੱਲੀ ਯੂਨੀਵਰਸਿਟੀ)
ਡਾ. ਜਸਵਿੰਦਰ ਸਿੰਘ (ਪਟਿਆਲਾ)
ਡਾ. ਮਹਿਲ ਸਿੰਘ (ਅੰਮ੍ਰਿਤਸਰ)
ਡਾ. ਜਨਮੀਤ
ਡਾ. ਜਸ ਮੰਡ
ਸੁਕੀਰਤ
ਡਾ. ਹਰਭਜਨ ਸਿੰਘ ਢਿੱਲੋਂ (ਕੈਲਗਰੀ)
ਡਾ. ਪਰਮਜੀਤ ਕੌਰ ਸਿੱਧੂ (ਕੁਰੁਕਸ਼ੇਤਰ ਯੂਨੀਵਰਸਿਟੀ)
ਸੰਤੋਖ ਧਾਲੀਵਾਲ (ਯੂ. ਕੇ.)
ਬਲਬੀਰ ਪਰਵਾਨਾ
ਰਾਹੁਲ ਸਿੰਘ

**ਚੰਦਿਆਂ ਦਾ ਵੇਰਵਾ:**

| | |
|---|---|
| India | Rs. 75 Per Issue |
| | Rs.1500 Per 5 Years |
| U.K. | £20 Per Year |
| | £100 Per 5 Years |
| U.S.A./ | $40 Per Year |
| | $160 Per 5 Years. |
| Canada | $40 Per Year |
| | $200 Per 5 Years. |

## ਅੰਦਰ ਪੜ੍ਹੋ

- **ਸੰਪਾਦਕੀ:**
  ਪੰਜਾਬੀ ਸਾਹਿਤ ਅਧਿਐਨ ਦੇ ਮਸਲੇ/2
- **ਗ਼ਜ਼ਲਾਂ :** ਡਾ. ਹਰਚਰਨ
- **ਕਵਿਤਾਵਾਂ:** ਬਲਵਿੰਦਰ ਸੰਧੂ, ਹਰਪਾਲ ਸਿੰਘ ਸੰਧਾਵਾਲੀਆ/4
- ਬੰਦਾ-ਗੋਰਖ਼ ਧੰਦਾ-ਸੁਖਜੀਤ
  -ਵਰਿਆਮ ਸਿੰਘ ਸੰਧੂ/17

**ਕਹਾਣੀਆਂ:**
- ਰੂਸੀ ਕਹਾਣੀ: ਰਖਵਾਲਾ ਦੂਤ
  -ਵਿਕਤਰ ਅਸਤਾਫਿਏਵ
  - ਅਨੁਵਾਦ: ਕਸ਼ਮੀਰ ਸਿੰਘ/46
- ਸੂਟਕੇਸ/ਅਵਤਾਰ ਸਿੰਘ ਓਠੀ /69
- ਕੋਠਾ/ਬਲਵੰਤ ਫ਼ਰਵਾਲ਼ੀ/80
- ਬਿੱਛੂ ਬੂਟੀ/ਕੁਲਵਿੰਦਰ ਕੌਸ਼ਲ/92
- ਪੰਜਾਬੀ ਨਾਵਲ ਵਿੱਚ ਇਤਿਹਾਸ ਚੇਤਨਾ : ਬਦਲਦੇ ਸੰਦਰਭ
  -ਡਾ. ਪਰਮਜੀਤ ਕੌਰ ਸਿੱਧੂ/101
- ਜਾਤੀ-ਜਮਾਤੀ ਦਵੰਦਾਂ ਦੇ ਵਿਵੇਕ ਦਾ ਚਿਤੇਰਾ: ਗੁਰਮੀਤ ਕੜਿਆਲਵੀ
  -ਡਾ. ਗੁਰਮੀਤ ਸਿੰਘ/112
- ਕਾਮਨਾ ਅਤੇ ਸੰਸਕ੍ਰਿਤਕ ਮਰਿਆਦਾ ਦੇ ਟਕਰਾਅ ਦਾ ਪ੍ਰਗਟਾਅ/ਰਮਨਪ੍ਰੀਤ ਕੌਰ/125
- ਮੇਰੇ ਪੁਸਤਕ ਰਖਨੇ 'ਚੋਂ: ਟੂਣੇਹਾਰਾ ਜੰਗਲ - ਸੀਤਾਇਨ ਦੀ ਨਾਰੀਵਾਦੀ ਪੜ੍ਹਤ
  -ਜਸ ਮੰਡ/132
- 'ਸੂਝ ਸੰਚਾਰ'- ਇਕ ਵਡਮੁੱਲੀ ਪੁਸਤਕ ਦੀ ਮੁੜ ਆਮਦ/ਸੁਕੀਰਤ/135
- ਸਮਕਾਲੀ ਸਾਹਿਤ ਨੂੰ ਵਾਚਦਿਆਂ
  -ਕੁਲਵੰਤ ਸਿੰਘ ਸੰਧੂ /138

**Title**
**Vincent Van Gogh (1853-1890)**

# ਪੰਜਾਬੀ ਸਾਹਿਤ ਅਧਿਐਨ ਦੇ ਮਸਲੇ

'ਪ੍ਰਵਚਨ' ਦੇ ਪਿਛਲੇ ਅੰਕ ਵਿਚ ਅਸੀਂ ਸਾਹਿਤ ਅਧਿਐਨ ਨਾਲ ਸੰਬੰਧਿਤ ਮਸਲਿਆਂ ਬਾਰੇ ਚਰਚਾ ਕਰਦਿਆਂ ਹੋਇਆ ਕੁਝ ਕਾਰਨਾਂ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਕੀਤਾ ਸੀ। ਪਰ ਉਥੇ ਵਧੇਰੇ ਜ਼ਿਕਰ ਆਧੁਨਿਕ ਸਾਹਿਤ ਦੇ ਪ੍ਰਸੰਗ ਵਿਚ ਹੀ ਕੀਤਾ ਗਿਆ ਸੀ। ਬਾਕੀ ਕਲਾਵਾਂ ਦੇ ਮੁਕਾਬਲੇ ਸਾਹਿਤ ਦੀ ਖ਼ਾਸੀਅਤ ਹੈ ਕਿ ਇਸ ਵਿਚ ਸਾਧਾਰਣ ਪਾਠਕ ਤੋਂ ਲੈ ਕੇ ਪ੍ਰਬੁੱਧ ਪਾਠਕ ਤਕ ਰਸਾਈ ਕਰ ਸਕਣ ਦੀ ਸਮਰੱਥਾ ਹੈ। ਜਿੱਥੇ ਬਾਕੀ ਕਲਾਵਾਂ ਚਾਹੇ ਉਹ ਡਾਂਸ ਹੋਵੇ, ਚਿੱਤਰਕਲਾ ਜਾਂ ਮੂਰਤੀ ਕਲਾ, ਉਨ੍ਹਾਂ ਦੀ ਪਹੁੰਚ ਸਾਹਿਤ ਦੇ ਮੁਕਾਬਲੇ ਸੀਮਤ ਵਰਗ ਤੱਕ ਹੈ। ਇਸ ਕਰਕੇ ਜਦੋਂ ਵੀ ਕਲਾਂ ਦੇ ਸਮਾਜਕ ਪ੍ਰਸੰਗ ਦੀ ਚਰਚਾ ਕੀਤੀ ਜਾਂਦੀ ਹੈ ਤਾਂ ਉਹ ਚਰਚਾ ਵਧੇਰੇ ਕਰਕੇ ਸਾਹਿਤ ਦੁਆਲੇ ਹੀ ਕੇਂਦ੍ਰਿਤ ਹੁੰਦੀ ਹੈ। ਇਹੀ ਕਾਰਣ ਹੈ ਬਾਕੀ ਕਲਾਵਾਂ ਦੇ ਅਧਿਐਨ ਦੇ ਮੁਕਾਬਲੇ ਸਾਹਿਤ ਅਧਿਐਨ ਤੇ ਇਸ ਦੇ ਸਮਾਜਕ ਸਰੋਕਾਰਾਂ ਬਾਰੇ ਵਧੇਰੇ ਫ਼ਿਕਰਮੰਦੀ ਜ਼ਾਹਰ ਕੀਤੀ ਜਾਂਦੀ ਹੈ। ਪਰ ਸਮੱਸਿਆ ਇਹ ਹੈ ਕਿ ਸਾਹਿਤ ਦਾ ਵਧੇਰੇ ਅਧਿਐਨ ਸਿਰਫ਼ ਅਕਾਦਮਿਕ ਲੋੜਾਂ ਦੀ ਪੂਰਤੀ ਤਕ ਸੀਮਤ ਹੋਣ ਕਰਕੇ ਉਹੀ ਲੇਖਕ/ਰਚਨਾਵਾਂ ਅਧਿਐਨ ਦਾ ਕੇਂਦਰ ਬਣਦੀਆਂ ਹਨ, ਜੋ ਕਿਸੇ ਸਿਲੇਬਸ ਜਾਂ ਖੋਜ-ਕਾਰਜ ਲਈ ਚੁਣੀਆਂ ਜਾਂਦੀਆਂ ਹਨ ਅਤੇ ਬਹੁਤ ਸਾਰਾ ਸਾਹਿਤ ਅਧਿਐਨ ਦੇ ਦਾਇਰੇ ਤੋਂ ਬਾਹਰ ਰਹਿ ਜਾਂਦਾ ਹੈ।

ਅਜੋਕੇ ਸਮਿਆਂ ਵਿਚ ਜਿੱਥੇ ਹਰ ਚੀਜ਼ ਬੜੀ ਤੇਜ਼ੀ ਨਾਲ ਬਦਲ ਰਹੀ ਹੈ, ਆਧੁਨਿਕ ਸਾਹਿਤ ਦਾ ਅਧਿਐਨ ਵੀ ਪਿਛਲੇ ਤਿੰਨ-ਚਾਰ ਦਹਾਕੇ ਜਾਂ ਇਸ ਤੋਂ ਪਹਿਲਾ ਰਚੇ ਗਏ ਸਾਹਿਤ ਤੱਕ ਹੀ ਵਧੇਰੇ ਕਰਕੇ ਸੀਮਤ ਹੈ। ਇਸ ਕਰਕੇ ਨਵੀਂ ਪੀੜ੍ਹੀ ਨੂੰ ਇਸ ਵਿਚੋਂ ਕੁਝ ਵੀ ਖਿੱਚ-ਪਾਊ ਨਜ਼ਰ ਨਹੀਂ ਆਉਂਦਾ, ਪਰ ਇਥੇ ਸਾਡਾ ਭਾਵ ਇਸ ਨੂੰ ਰੱਦ ਕਰਨ ਜਾਂ ਅਧਿਐਨ ਦੇ ਦਾਇਰੇ ਤੋਂ ਬਾਹਰ ਕਰ ਦੇਣ ਦਾ ਨਹੀਂ, ਕਿਉਂਕਿ ਸਾਹਿਤ ਦੀ ਪਰੰਪਰਾ ਨੂੰ ਆਪਣੀ ਸਮਝ ਦਾ ਹਿੱਸਾ ਬਣਾਉਣ ਤੋਂ ਬਿਨਾਂ ਇਸ ਨੂੰ ਨਿਰੰਤਰਤਾ ਵਿਚ ਸਮਝਿਆ ਨਹੀਂ ਜਾ ਸਕਦਾ, ਜੋ ਕਿ ਜ਼ਰੂਰੀ ਹੈ।

ਇਸ ਪ੍ਰਸੰਗ ਵਿਚ ਮੱਧਕਾਲੀ ਸਾਹਿਤ ਅਧਿਐਨ ਦਾ ਵੀ ਆਪਣਾ ਮਹੱਤਵ ਹੈ, ਪਰ ਚਿੰਤਾ ਵਾਲੀ ਗੱਲ ਹੈ ਕਿ ਸਾਡਾ ਅਜੋਕਾ ਸਾਹਿਤ ਚਿੰਤਨ ਇਸ ਪ੍ਰਤੀ ਉਦਾਸੀਨਤਾ ਵਾਲੀ ਪਹੁੰਚ ਅਪਣਾ ਰਿਹਾ ਹੈ। ਅਕਾਦਮਿਕ ਲੋੜਾਂ ਦੀ ਪੂਰਤੀ ਲਈ ਜਦੋਂ ਵਿਧੀਵਤ ਢੰਗ ਨਾਲ ਸਾਹਿਤ ਅਧਿਐਨ ਸ਼ੁਰੂ ਹੋਇਆ ਤਾਂ ਸਾਡੇ ਕੋਲ ਵਿਦਵਾਨਾਂ ਦੀ ਇਕ ਕਤਾਰ ਸੀ, ਜਿਨ੍ਹਾਂ ਨੇ ਮੱਧਕਾਲ ਦੀਆਂ ਵਿਭਿੰਨ ਸਾਹਿਤਕ ਵਿਧਾਵਾਂ ਨੂੰ ਆਪਣੇ ਅਧਿਐਨ ਲਈ ਚੁਣਿਆ। ਇਹ ਵਿਦਵਾਨ ਪੰਜਾਬੀ ਤੋਂ ਇਲਾਵਾ ਉਰਦੂ, ਫ਼ਾਰਸੀ, ਅਰਬੀ, ਸੰਸਕ੍ਰਿਤ ਆਦਿ ਭਾਸ਼ਾਵਾਂ ਦੇ ਵੀ ਜਾਣਕਾਰ ਸਨ ਅਤੇ ਆਪਣੀ ਇਸ ਵਿਸ਼ੇਸ਼ਤਾ ਕਰਕੇ ਹੀ ਉਹ ਮੱਧਕਾਲੀ ਸਾਹਿਤ ਨੂੰ ਵਧੇਰੇ ਚੰਗੀ ਤਰ੍ਹਾਂ ਸਮਝ ਸਕੇ ਤੇ

ਇਸਦੇ ਸਮਾਜਕ ਪ੍ਰਸੰਗ ਨੂੰ ਉਜਗਰ ਕਰ ਸਕਣ ਵਿਚ ਸਫਲ ਹੋਏ। ਬਨਾਰਸੀ ਦਾਸ ਜੈਨ, ਡਾ. ਮੋਹਨ ਸਿੰਘ ਦੀਵਾਨਾ, ਡਾ. ਸੁਰਿੰਦਰ ਸਿੰਘ ਕੋਹਲੀ, ਡਾ. ਤਾਰਨ ਸਿੰਘ, ਪ੍ਰੋ. ਗੁਲਵੰਤ ਸਿੰਘ, ਪ੍ਰੋ. ਪ੍ਰੀਤਮ ਸਿੰਘ, ਡਾ. ਜੀਤ ਸਿੰਘ ਸੀਤਲ, ਡਾ. ਅਜਮੇਰ ਸਿੰਘ, ਡਾ. ਰਤਨ ਸਿੰਘ ਜੱਗੀ, ਡਾ. ਪਿਆਰ ਸਿੰਘ ਆਦਿ ਵਿਦਵਾਨਾਂ ਨੇ ਮੱਧਕਾਲੀ ਸਾਹਿਤ 'ਤੇ ਨਿੱਠ ਕੇ ਕੰਮ ਕੀਤਾ। ਇਨ੍ਹਾਂ ਵਿਦਵਾਨਾਂ ਤੋਂ ਬਾਅਦ ਪ੍ਰਗਤੀਵਾਦੀ ਚਿੰਤਕਾਂ ਪ੍ਰੋ. ਸੰਤ ਸਿੰਘ ਸੇਖੋਂ ਤੇ ਪ੍ਰੋ. ਕਿਸ਼ਨ ਸਿੰਘ ਨੇ ਵੀ ਮੱਧਕਾਲੀ ਸਾਹਿਤ ਨੂੰ ਆਪਣੇ ਅਧਿਐਨ ਦੀ ਵਸਤੂ ਬਣਾਇਆ। ਇਨ੍ਹਾਂ ਦੋਹਾਂ ਵਿਦਵਾਨਾਂ ਦੀਆਂ ਮੱਧਕਾਲੀ ਸਾਹਿਤ ਬਾਰੇ ਧਾਰਨਾਵਾਂ ਏਨੀਆਂ ਕਾਟਵੀਆਂ ਤੇ ਵਿਰੋਧੀ ਸਨ ਕਿ ਸਾਧਾਰਣ ਪਾਠਕ ਲਈ ਨਿਰਣਾ ਕਰਨਾ ਮੁਸ਼ਕਿਲ ਹੋ ਜਾਂਦਾ ਕਿ ਉਹ ਕਿਸ ਦੀਆਂ ਧਾਰਨਾਵਾਂ ਨੂੰ ਠੀਕ ਮੰਨੇ, ਕਿਉਂਕਿ ਦੋਵੇਂ ਹੀ ਵਿਦਵਾਨ ਪੰਜਾਬੀ ਸਾਹਿਤ ਚਿੰਤਨ ਵਿਚ ਵੱਡਾ ਰੁਤਬਾ ਰੱਖਦੇ ਹਨ।

ਅਜੋਕੇ ਦੌਰ ਵਿਚ ਮੱਧਕਾਲੀ ਸਾਹਿਤ ਚਿੰਤਨ ਦਾ ਖੇਤਰ ਬਿਲਕੁਲ ਖਾਲੀ ਨਜ਼ਰ ਆਉਂਦਾ ਹੈ। ਇਸ ਵੇਲੇ ਕੋਈ ਵੀ ਅਜੇਹਾ ਚਿੰਤਕ ਨਜ਼ਰ ਨਹੀਂ ਆਉਂਦਾ, ਜੋ ਇਸ ਖੇਤਰ ਵਿਚ ਕੁਝ ਨਵਾਂ ਕਰ ਰਿਹਾ ਹੋਵੇ। ਇਸ ਦਾ ਵੱਡਾ ਕਾਰਣ ਇਹ ਵੀ ਹੈ ਕਿ ਆਜ਼ਾਦੀ ਤੋਂ ਬਾਅਦ ਪੰਜਾਬੀ ਭਾਸ਼ਾ ਦਾ ਨਾਤਾ ਉਰਦੂ, ਫ਼ਾਰਸੀ ਤੇ ਅਰਬੀ ਨਾਲੋਂ ਮੂਲੋਂ ਹੀ ਟੁੱਟ ਗਿਆ, ਇਸ ਕਰਕੇ ਅਜੋਕੀ ਪੀੜ੍ਹੀ ਦੇ ਵਿਦਵਾਨ ਇਨ੍ਹਾਂ ਭਾਸ਼ਾਵਾਂ ਦੇ ਗਿਆਨ ਤੋਂ ਕੋਰੇ ਹਨ ਤੇ ਨਾਲ ਹੀ ਸੰਸਕ੍ਰਿਤ ਵਰਗੀਆਂ ਕਲਾਸਿਕੀ ਭਾਸ਼ਾਵਾਂ ਤੱਕ ਵੀ ਉਨ੍ਹਾਂ ਦੀ ਪਹੁੰਚ ਨਹੀਂ ਜਦ ਕਿ ਇਨ੍ਹਾਂ ਭਾਸ਼ਾਵਾਂ ਦੇ ਗਿਆਨ ਤੋਂ ਬਿਨਾਂ ਮੱਧਕਾਲ ਦੇ ਸਾਹਿਤ/ਇਤਿਹਾਸ ਦੇ ਮੁੱਢਲੇ ਸੋਮਿਆਂ ਤਕ ਪਹੁੰਚ ਸੰਭਵ ਨਹੀਂ। ਇਸ ਕਰਕੇ ਜੇ ਕਰ ਅਜੋਕੇ ਸਮਿਆਂ ਵਿਚ ਕੋਈ ਵਿਦਵਾਨ ਇਸ ਖੇਤਰ ਵਿਚ ਕੰਮ ਕਰ ਵੀ ਰਿਹਾ ਹੈ ਤਾਂ ਉਹ ਦੂਸਰੇ ਦਰਜੇ ਦੇ ਸਰੋਤਾਂ ਜਾਂ ਮੁੱਢਲੇ ਵਿਦਵਾਨਾਂ ਦੇ ਕੀਤੇ ਕੰਮ ਨੂੰ ਹੀ ਆਧਾਰ ਬਣਾ ਰਿਹਾ ਹੈ, ਜਿਸ ਕਰਕੇ ਕੁਝ ਨਵਾਂ ਚਿੰਤਨ ਸਾਹਮਣੇ ਆ ਸਕਣਾ ਸੰਭਵ ਹੀ ਨਹੀਂ ਰਿਹਾ, ਜਦਕਿ ਆਪਣੀ ਜੜ੍ਹਾਂ ਨੂੰ ਸਮਝਣ ਲਈ ਮੱਧਕਾਲੀ ਸਾਹਿਤ ਦੀ ਅਜੋਕੇ ਪ੍ਰਸੰਗ ਵਿਚ ਵਿਆਖਿਆ ਕਰਨ ਲਈ ਮੁੱਢਲੇ ਸਰੋਤਾਂ ਤਕ ਪਹੁੰਚ ਪਹਿਲੀ ਸ਼ਰਤ ਹੈ। ਇਸ ਲਈ ਜ਼ਰੂਰੀ ਹੈ ਕਿ ਸਾਹਿਤ ਦੀ ਉੱਚ ਵਿਦਿਆ ਜਾਂ ਖੋਜ ਲਈ ਇਨ੍ਹਾਂ ਭਾਸ਼ਾਵਾਂ ਦਾ ਗਿਆਨ ਲਾਜ਼ਮੀ ਹੋਵੇ। ਉੱਚ-ਵਿਦਿਅਕ ਸੰਸਥਾਵਾਂ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ, ਤਾਂ ਹੀ ਅਸੀਂ ਆਪਣੇ ਵਿਰਸੇ ਨਾਲ ਜੁੜੇ ਰਹਿ ਸਕਾਂਗੇ ਤੇ ਇਸ ਦੇ ਸਜੀਵ ਪੱਖਾਂ ਨੂੰ ਅੱਗੇ ਤੋਰ ਸਕਾਂਗੇ।

**-ਕੁਲਵੰਤ ਸਿੰਘ ਸੰਧੂ**

# ਗ਼ਜ਼ਲਾਂ/ਡਾ. ਹਰਚਰਨ

ਹੁੰਦਾ ਨਾ ਜੇ ਕਦੇ ਉਹ ਇਉਂ ਬੇਸ਼ਊਰ ਐਨਾ।
ਸੁਪਨੇ 'ਚ ਵੀ ਨਾ ਹੁੰਦੇ ਫਿਰ ਦੂਰ ਦੂਰ ਐਨਾ।

ਕੋਈ ਵਜ੍ਹਾ ਤਾਂ ਹੋਵੇ, ਦਿਲਕਸ਼ ਅਦਾ ਹੀ ਹੋਵੇ,
ਕਿਉਂ ਬੇਵਜ੍ਹਾ ਹੀ ਸਿਰ ਨੂੰ, ਚੜ੍ਹਿਆ ਫ਼ਤੂਰ ਐਨਾ।

ਚਿਤ-ਚੇਤਿਆਂ 'ਚ ਸੀ ਨਾ, ਨਾ ਸੀ ਖ਼ਵਾਬ ਅੰਦਰ,
ਹੁੰਦਾ ਅਕਾਂਖਿਆ ਦਾ ਚਿਹਰਾ ਕਰੂਰ ਐਨਾ।

ਪੰਛੀ ਉਡਾਰ ਮਨ ਦਾ, ਗਾਹੁੰਦਾ ਜੋ ਅੰਬਰਾਂ ਨੂੰ,
ਤੱਕਿਆ ਨਾ ਕਰ ਹਮੇਸ਼ਾ, ਇਉਂ ਘੂਰ ਘੂਰ ਐਨਾ।

ਹੋਇਆ ਹੈ ਮਹਿਜ਼ ਹਾਲੇ, ਆਗਾਜ਼ ਜ਼ਿੰਦਗੀ ਦਾ,
ਰਾਹ ਪੈਂਦਿਆਂ ਹੀ ਹੋਇਆਂ, ਕਿਉਂ ਚੂਰ ਚੂਰ ਐਨਾ।

ਗੁੱਝੇ ਵਿਅੰਗ ਬਾਣਾਂ ਸੁੱਲਿਆ ਹੈ ਦਿਲ ਵਥੇਰਾ,
ਜ਼ਖ਼ਮਾਂ ਤੇ ਨਮਕ ਮੁੜ ਮੁੜ, ਇਉਂ ਨਾ ਬਰੂਰ ਐਨਾ।

ਉਸ ਦੀ ਮੌਜੂਦਗੀ ਦੇ ਅਹਿਸਾਸ ਦਾ ਕਰਿਸ਼ਮਾ,
ਹੋਇਆ ਹੈ ਹਰਿਕ ਕੋਨਾ, ਇਉ ਨੂਰ ਨੂਰ ਐਨਾ।

ਸ਼ਾਇਦ ਘੜੇ ਨੇ ਉਸ ਨੇ, ਖ਼ੁਦ ਨਕਸ਼ ਜ਼ਿੰਦਗੀ ਦੇ,
ਤੱਕਣੀ 'ਚੋਂ ਝਲਕਦਾ ਹੈ, ਤਾਂ ਹੀ ਸਰੂਰ ਐਨਾ।

ਝੂਠੇ ਅਹੰ ਦੀ ਖਾਤਿਰ, ਅੜਿਐਂ ਨਾ ਅੜ ਸਕੇਂਗਾ,
'ਹਰਚਰਨ' ਇਸ ਘੜੀ ਬੱਸ, ਤੇਰਾ ਕਸੂਰ ਐਨਾ।

***

ਕਰਦੇ ਨਾ ਹਰ ਦਫ਼ਾ ਜੇ ਸੁਰ, ਸਾਜ਼ ਜ਼ਿੰਦਗੀ ਦਾ।
ਹੁੰਦਾ ਕਿਵੇਂ ਦੁਬਾਰਾ ਆਗ਼ਾਜ਼ ਜ਼ਿੰਦਗੀ ਦਾ।

ਆਉਂਦੀ ਨਾ ਦੋਸਤੋ ਜੇ, ਉਪਰੋਥਲੀ ਮੁਸੀਬਤ,
ਖੁੱਲ੍ਹਦਾ ਨਾ ਜ਼ਿੰਦਗੀ ਭਰ, ਫਿਰ ਰਾਜ ਜ਼ਿੰਦਗੀ ਦਾ।

ਪਰਛਾਵਿਆਂ ਦੇ ਗੜ੍ਹ 'ਚੋਂ, ਲਾਹ ਕੇ ਨਕਾਬ ਇਕ ਦਿਨ,
ਕੋਈ ਤਾਂ ਬਣ ਕੇ ਆਊ, ਹਮਰਾਜ਼ ਜ਼ਿੰਦਗੀ ਦਾ।

ਸਭ ਕੁਝ ਲਗਾ ਕੇ ਦਾਅ ਤੇ, ਖ਼ੁਦ 'ਚੋਂ ਖ਼ੁਦੀ ਮਿਟਾ ਕੇ,
ਸਿੱਖਿਆ ਹੈ ਜ਼ਿੰਦਗੀ ਤੋਂ, ਅੰਦਾਜ਼ ਜ਼ਿੰਦਗੀ ਦਾ।

ਆਪਣੇ ਲਈ ਜੀਏ ਜੇ, ਤਾਂ ਖ਼ਾਕ ਜੀਣ ਐਸਾ,
ਵੰਗਾਰਦਾ ਹੈ ਹਰ ਇਕ, ਅਲਫ਼ਾਜ਼ ਜ਼ਿੰਦਗੀ ਦਾ।

ਸ਼ਿਕਵੇ ਗਿਲੇ ਭੁਲਾ ਕੇ, ਜਦ ਤੋਂ ਗਲੇ ਲਗਾਇਆ,
ਸਿਰ ਤੇ ਰਿਹਾ ਨਾ ਕੋਈ, ਇਤਰਾਜ਼ ਜ਼ਿੰਦਗੀ ਦਾ।

ਕਿਸਮਤ ਤੇ ਬੁੜ-ਬੁੜਾ ਕੇ, ਦਿਨ ਰਾਤ ਛਟ ਪਟਾ ਕੇ,
ਕਿਉਂ ਛੇੜਦੇ ਹੋ ਕਿੱਸਾ, ਨਾਸਾਜ਼ ਜ਼ਿੰਦਗੀ ਦਾ।

ਆਪਣਾ ਵੀ ਨਾਮ ਇਕ ਦਿਨ, ਆਊ ਜ਼ੁਬਾਨ ਉੱਤੇ,
ਜਦ ਵੀ ਛਿੜੇਗਾ ਚਰਚਾ, ਜਾਂਬਾਜ਼ ਜ਼ਿੰਦਗੀ ਦਾ।

ਸੰਸਾ ਹਰਿਕ ਮਿਟਾ ਕੇ, ਸੁਖ-ਚੈਨ ਦਾਅ ਤੇ ਲਾ ਕੇ,
'ਹਰਚਰਨ' ਵਾਂਗ ਬਣ ਜਾ, ਸ਼ਾਹਬਾਜ਼ ਜ਼ਿੰਦਗੀ ਦਾ।

✲✲✲

ਜੇ ਅਜ਼ਮਤ ਨੇ ਜਲਵਾ ਦਿਖਾਇਆ ਨ ਹੁੰਦਾ।
ਤਾਂ ਬਣਕੇ ਮਸੀਹਾ ਉਹ ਆਇਆ ਨਾ ਹੁੰਦਾ।

ਨਜ਼ਰ ਉਸ ਦੀ ਹੁੰਦੀ ਨ ਜੇਕਰ ਸੁਵੱਲੀ,
ਮੁਕੱਦਰ ਇਵੇਂ ਮੁਸਕਰਾਇਆ ਨ ਹੁੰਦਾ।

ਹਕੀਕਤ 'ਚ ਕਿੰਞ ਖ਼ਾਬ ਇਸ ਪਲ ਬਦਲਦਾ,
ਹੁਸੀਂ ਖ਼ਾਬ ਬਣ ਕੇ ਉਹ ਆਇਆ ਨ ਹੁੰਦਾ।

ਚੁਫੇਰਾ ਕਿਵੇਂ ਬਾਤ ਪਾਉਂਦਾ ਉਦ੍ਹੀ, ਜੇ,
ਖ਼ੁਸ਼ੀ ਬਣ ਫ਼ਿਜ਼ਾ ਵਿੱਚ ਉਹ ਛਾਇਆ ਨ ਹੁੰਦਾ।

ਇਹ ਰਗ ਰਗ 'ਚ ਖ਼ੁਸ਼ਬੂ ਕਿਵੇਂ ਦੌੜਦੀ, ਜੇ,
ਉਹ ਸੰਦਲੀ ਹਵਾ ਬਣ ਕੇ ਆਇਆ ਨ ਹੁੰਦਾ।

ਉਦ੍ਹੀ ਹਰ ਅਦਾ ਕਿੰਞ ਮਹਿਬੂਬ ਹੁੰਦੀ,
ਜੇ ਮਹਿਬੂਬ ਬਣ ਕੇ ਉਹ ਆਇਆ ਨ ਹੁੰਦਾ।

ਉਹ ਬਣ ਬਣ ਮੁਹੱਬਤ ਨ ਪਲ ਪਲ ਵਿਖਰਦਾ,
ਜੇ ਉਲਫ਼ਤ ਨੇ ਉਸ ਨੂੰ ਸਤਾਇਆ ਨ ਹੁੰਦਾ।

ਸਦਾ ਵਾਂਗ ਖੁੱਲ੍ਹ ਕੇ ਬਰਸਦਾ ਜੇ ਪਾਣੀ,
ਤਾਂ ਕਣ ਕਣ ਨਦੀ ਦਾ ਤਿਹਾਇਆ ਨ ਹੁੰਦਾ।

ਤੇਰੇ ਪਾਕ ਦਾਮਨ ਤੇ ਤਾਂ ਹਰਫ਼ ਆਉਂਦਾ,
ਜੇ ਸੀਰਤ ਨੂੰ ਮੈਂ ਅਜ਼ਮਾਇਆ ਨ ਹੁੰਦਾ।

✲✲✲

ਕੁਹਰਾਮ ਇਸ ਕਦਰ ਉਹ ਅੰਦਰ ਮਚਾ ਗਿਆ ਅੱਜ।
ਇਕ ਖ਼ਾਬਗ਼ਾਹ ਨੂੰ ਪਲ ਵਿੱਚ ਖੰਡਰ ਬਣਾ ਗਿਆ ਅੱਜ।

ਹੱਸਿਆ ਉਹ ਇਸ ਤਰ੍ਹਾਂ ਕੁਛ, ਚਿੜੀਆਂ ਦਾ ਮਰਨ ਹੋਇਆ,
ਤੀਲੀ ਲਗਾ ਕੇ ਦਿਲ ਦੀ, ਦੁਨੀਆਂ ਜਲਾ ਗਿਆ ਅੱਜ।

ਧੁਖਦੀ ਸੀ ਰਾਤ ਦਿਨ ਜੋ ਕੱਖਾਂ ਦੇ ਹੇਠ ਚਿਰ ਤੋਂ,
ਆਇਆ ਹਵਾ ਦਾ ਬੁੱਲਾ, ਭਾਂਬੜ ਮਚਾ ਗਿਆ ਅੱਜ।

ਝੱਖੜ, ਤੂਫ਼ਾਨ, ਲਹਿਰਾਂ-ਕੁਛ ਕਮ ਸੀ ਇਸ ਘੜੀ ਜੋ,
ਕਰਕੇ ਸੁਰਾਖ਼, ਵੱਟੇ, ਬੇੜੀ ’ਚ ਪਾ ਗਿਆ ਅੱਜ।

ਇਹ ਸ਼ਾਇਰਾਨਾ ਦਿਲ ਤਾਂ ਛਲਣੀ ਸੀ ਇਕ ਉਮਰ ਤੋਂ,
ਕੋਈ ਬੇ-ਸ਼ਊਰ ਫਿਰ ਤੋਂ, ਨਸ਼ਤਰ ਚਲਾ ਗਿਆ ਅੱਜ।

ਚੁਣ ਚੁਣ ਕੇ ਤਿਨਕਿਆਂ ਨੂੰ ਬੁਣਿਆ ਸੀ ਜੋ ਮਸਾਂ, ਕੱਲ੍ਹ,
ਕੱਖ-ਕਾਨ ਦਾ ਬਸੇਰਾ ਪਲ ਵਿੱਚ ਜਲਾ ਗਿਆ ਅੱਜ।

ਪੱਥਰ ਉਠਾ ਕੇ ਉਸ ਨੇ, ਕੁਛ ਇਸ ਤਰ੍ਹਾਂ ਵਗ੍ਹਾਇਆ,
ਖ਼ਾਮੋਸ਼ ਪਾਣੀਆਂ ਵਿੱਚ, ਹਲਚਲ ਮਚਾ ਗਿਆ ਅੱਜ।

ਸੁਖ-ਚੈਨ-ਨੀਂਦ-ਖ਼ੁਸ਼ੀਆਂ-ਖੇੜੇ-ਹੁਸੀਨ ਮੰਜ਼ਰ,
ਕੀ ਕੁਛ ਨਹੀਂ ਜੋ ਕਮ-ਦਿਲ, ਇਕ-ਦਾਅ ਤੇ ਲਾ ਗਿਆ ਅੱਜ।

ਚਿੱਤ-ਚੇਤਿਆਂ ’ਚ ਵੀ ਨਾ, ‘ਹਰਚਰਨ’ ਉਸ ਦੇ ਸ਼ਾਇਦ,
ਬੇ-ਕਿਰਕ ਬੋਲ ਉਸ ਦਾ, ਕੀ ਕਹਿਰ ਢਾ ਗਿਆ ਅੱਜ।

✲✲✲

ਦੁਬਿਧਾ, ਦੰਭ, ਦੁਚਿੱਤੀ ਹੱਥੋਂ ਹੋਇਆ ਇੰਝ ਖ਼ੁਆਰ।
ਰੱਬ ਦਾ ਹੋ ਸਕਿਆ–ਨਾ–ਬਣ ਸਕਿਆ ਤੂੰ ਦੁਨੀਆਂਦਾਰ।

ਆਪਣੀ ਨਜ਼ਰ 'ਚੋਂ ਡਿਗ ਕੇ, ਮੁੜ ਕੇ, ਉਠਣਾ ਸੀ ਨਾ–ਮੁਮਕਿਨ,
ਦੁਨੀਆਂ ਦੇ ਸ਼ੀਸ਼ੇ ਵਿਚ ਤੱਕਿਆ, ਜਦ ਆਪਣਾ ਕਿਰਦਾਰ।

ਦੁਨੀਆਂ ਦਾ ਮੂੰਹ–ਮੱਥਾ–ਨਕਸ਼ ਸੁਆਰਨ ਤੋਂ ਕੁਛ ਪਹਿਲਾਂ,
ਕੂੜਾ–ਕਰਕਟ ਹੂੰਝ ਕੇ ਆਪਣਾ ਅੰਦਰ ਜ਼ਰਾ ਸੁਆਰ।

ਪੋਟਾ ਪੋਟਾ ਬਾਹਰੋਂ ਜਾਪੇ ਇਕ ਨੂਰਾਨੀ ਚਸ਼ਮਾ,
ਕਤਰਾ ਕਤਰਾ ਅੰਦਰੋਂ ਬੇਸ਼ੱਕ–ਵਹਿਸ਼ੀ ਤੇ ਖ਼ੂੰਖਾਰ।

ਅੱਖ ਪਲਕਾਰੇ ਵਿਚ ਚੁਰਾ ਲੈਂਦਾ ਮਨ ਦੀ ਜੜ੍ਹੋਂ ਗਰੀਬੀ,
ਸੁਪਨੇ ਵਿਚ ਵੀ ਹੋ ਜਾਵੇ ਜੇ ਮਹਿਰਮ ਜਲਵਾਗਾਰ।

ਰੱਬ ਦੀ ਕੁਦਰਤ ਦੇ ਗਾਉਂਦੇ ਹਾਂ ਸੋਹਿਲੇ ਸ਼ਾਮ ਸਵੇਰੇ,
ਜੰਮਣੋਂ ਪਹਿਲਾਂ ਕੋਹ ਸੁਟਦੇ ਹਾਂ ਕੁਦਰਤ ਦਾ ਸ਼ਾਹਕਾਰ।

ਮਾਇਆ ਤੋਂ ਨਿਰਲੇਪ ਖ਼ੁਦਾ ਦੇ ਵੱਡੇ ਦਾਅਵੇਦਾਰੋ,
ਕਿਉਂ ਮਰਦੇ ਹੋ ਪਰਉਪਕਾਰ ਲਈ ਦੇ ਕੇ ਛਿੱਲੜ ਚਾਰ।

ਕੁੱਲ ਹਕੀਕਤ ਜ਼ਾਹਿਰ ਹੁੰਦੀ, ਰਹਿੰਦਾ ਨਾ ਕੁਛ ਪਰਦਾ,
ਦਿਲ ਦੇ ਮਹਿਰਮ ਤੱਕ ਲੈਂਦੇ ਜੇ, ਦਿਲ ਦੇ ਅੰਦਰ ਬਾਰ।

ਕਰ ਸੁੱਟਦਾ ਬੇ–ਦਖ਼ਲ ਕਦੋਂ ਦੇ, ਬੇ–ਰਹਿਮੀ ਨਾ' ਰੱਬਾ,
ਤੱਕ ਲੈਂਦਾ ਇਕ ਨਜ਼ਰ ਜੇ ਆਪਣੇ, 'ਖ਼ਾਸ' ਤੂੰ 'ਬਰਖ਼ੁਰਦਾਰ'।

ਆਪੋ–ਧਾਪੀ ਦੇ ਯੁਗ ਅੰਦਰ ਕੌਣ ਕਦੋਂ ਕੁਛ ਸੁਣਦਾ,
ਅੰਦਰ ਦੀ ਆਵਾਜ਼ ਮਚਾਏ, ਬੇਸ਼ੱਕ ਹਾਹਾਕਾਰ।

ਮਕਰੇਪਨ ਦੀ ਗੁੜ੍ਹਤੀ ਲੈ 'ਹਰਚਰਨ' ਜੇ ਰੰਗ ਦਿਖਾਉਂਦਾ,
ਤੇਰਾ ਵੀ ਨਾਂ ਹੋ ਜਾਂਦਾ, 'ਫ਼ਨਕਾਰਾਂ' ਵਿਚ ਸ਼ੁਮਾਰ।

✲✲✲

**ਕਵਿਤਾਵਾਂ: ਬਲਵਿੰਦਰ ਸੰਧੂ**

## ਮੇਰੇ ਰਾਮ ਜੀਉ

ਤੁਸੀਂ ਕਿਹੜੀ ਰੁੱਤੇ ਆਏ
ਮੇਰੇ ਰਾਮ ਜੀਉ
ਜਦ ਚੋਣਾਂ ਬਿਗਲ ਵਜਾਏ
ਮੇਰੇ ਰਾਮ ਜੀਉ...

ਕਿੱਥੇ ਸਉ ਜਦ ਇੱਟ ਇੱਟ ਸਾਡੀ
ਚਿੱਪਰ ਚਿੱਪਰ ਹੋਈ
ਕਿੱਥੇ ਸਉ ਜਦ ਖਲਕ ਅਯੁੱਧਿਆ
ਹੁੱਬਕੀ ਹੁੱਬਕੀ ਰੋਈ
ਕਿੱਥੇ ਸਉ ਜਦ ਚਿੱਟੇ ਬੱਦਲਾਂ
ਰੱਤੇ ਹੰਝ ਵਹਾਏ......
ਮੇਰੇ ਰਾਮ ਜੀਉ !

ਕਿੱਥੇ ਸਉ ਜਦ ਲਟ ਲਟ ਅੱਗਾਂ
ਆ ਬੇਲੇ ਵਿਚ ਵੜੀਆਂ
ਕਿੱਥੇ ਸਉ ਜਦ ਫੁੱਲ ਤੇ ਕਲੀਆਂ
ਜੰਮਣੋਂ ਪਹਿਲਾਂ ਸੜੀਆਂ
ਕਿੱਥੇ ਸਉ ਜਦ ਵਣ ਤ੍ਰਿਣ ਹਰੀਅਲ
ਚੇਤ ਮਾਹ ਕੁਮਲਾਏ.....
ਮੇਰੇ ਰਾਮ ਜੀਉ !

ਕਿੱਥੇ ਸਉ ਜਦ ਲੱਗੀਆਂ ਵਾੜਾਂ
ਖੇਤਾਂ ਨੂੰ ਖਾ ਗਈਆਂ
ਕਿੱਥੇ ਸਉ ਜਦ ਹਿੰਸਕ ਹੇੜਾਂ
ਘੁੱਗੀਆਂ 'ਤੇ ਟੁੱਟ ਪਈਆਂ
ਕਿੱਥੇ ਸਉ ਜਦ ਬੁਰਿਆਂ ਸੱਥਰ
ਸੱਥਾਂ ਵਿਚ ਵਿਛਾਏ......
ਮੇਰੇ ਰਾਮ ਜੀਉ !

ਕਿੱਥੇ ਸਉ ਜਦ ਰਾਖਸ਼ ਸੈਨਾਂ
ਰੱਤ ਦੀ ਹੋਲੀ ਖੇਡੀ
ਕਿੱਥੇ ਸਉ ਜਦ ਜ਼ੁਲਮ ਭਾਰ ਸੰਗ
ਹੋ ਗਈ ਧਰਤੀ ਟੇਢੀ
ਕਿੱਥੇ ਸਉ ਜਦ ਸੁਪਨ-ਪਰੁੱਚੇ
ਗਏ ਨੈਣ ਪਥਰਾਏ.....
ਮੇਰੇ ਰਾਮ ਜੀਉ !

ਕਿੱਥੇ ਸਉ ਜਦ ਸਿਵਿਆਂ ਦੇ ਵਿਚ
ਨੱਚੀਆਂ ਨੰਗੀਆਂ ਡੈਣਾਂ
ਕਿੱਥੇ ਸਉ ਜਦ ਗਲੀ ਗਲੀ ਵਿਚ
ਅੰਬਰ ਚੁੱਕਿਆ ਵੈਣਾਂ
ਕਿੱਥੇ ਸਉ ਤੁਸੀਂ ਲੋੜ ਦੇ ਵੇਲੇ
ਉਦੋਂ ਕਿਉਂ ਨਾ ਆਏ....
ਮੇਰੇ ਰਾਮ ਜੀਉ !

## ਦਰਪਣ ਸਨਮੁਖ

ਬੰਦਾ
ਅੰਦਰੋਂ ਬਾਹਰੋਂ
ਜਿੰਨਾ ਕੁ
ਇਕ ਰੰਗ ਹੁੰਦਾ ..
ਲੋਕ ਲੁਕਾਈ ਨੂੰ
ਓਨਾ ਕੁ ਹੀ ਪਸੰਦ ਹੁੰਦਾ...

ਚਿਹਰੇ 'ਤੇ ਚਿਹਰਾ
ਬਹੁ ਚਿਰ
ਟਿਕਿਆ ਨਾ ਰਹਿੰਦਾ ...
ਚਾੜ੍ਹਿਆ ਮੁਲੰਮਾ
ਪਾੜਣਾ ਕੀ
ਆਪੇ ਹੀ ਉੱਚੜ ਜਾਂਦਾ... ..

ਭੂਸਲ ਪੱਥਰ

ਮੱਟ ਵਿਚ ਡਿੱਗਿਆਂ
ਨੀਲਮ ਨਾ ਹੋ ਜਾਂਦਾ ...
ਨੀਲਮ ਥੀਣ ਲਈ
ਡੂੰਘ ਸਮੁੰਦਰਾਂ ਦੀ ਤਹਿ
ਲਹਿਣਾ ਪੈਂਦਾ......

ਬਾਹਰੋਂ ਸੁਰਖ
ਤੇ ਅੰਦਰੋਂ
ਸਫੈਦ ਹੋਇਆ ਬੰਦਾ
ਬੰਦਾ ਨਾ ਰਹਿੰਦਾ....
ਅਕਸਰ ਹੀ
ਹਿਰਨ ਪਿੱਛੇ ਬਘਿਆੜ
ਤੇ ਬਘਿਆੜ ਮੂਹਰੇ
ਮੇਮਣਾ ਹੋ ਜਾਂਦਾ ......

ਹਰ ਬੰਦੇ ਅੰਦਰ
ਵੇਖਣੇ ਨੂੰ
ਉਹਦਾ ਆਪਣਾ
ਇਕ ਦਰਪਣ ਹੁੰਦਾ ....
ਕੋਈ ਵੇਖਦਾ... ਸੰਵਰਦਾ
ਕੋਈ ਪਿੱਠ ਕਰ
ਖਲੋਤਾ ਹੀ ਰਹਿੰਦਾ...!

## ਪਰਿੰਦਾ

ਪਰਿੰਦਾ
ਜੇਹੇ ਚਾਅ ਨਾਲ
ਬਾਗ ਬਗੀਚੇ 'ਚ ਰਹਿੰਦਾ
ਤੇਹੇ ਉਮਾਹ ਹੀ
ਰੋਹੀ ਦੇ
ਰੁੰਡ ਮਰੁੰਡ ਰੁੱਖ ਜਾ ਬਹਿੰਦਾ....

ਚਾਹੇ ਸਰੂ ਦੀ ਬੁਲੰਦੀ

ਤੇ ਚਾਹੇ ਝੱਖੜ ਦੀ ਝੰਭੀ
ਕਿਸੇ ਬੇਰੀ ਦੀ ਖੁੰਡੀ ਹੁੰਦੀ ..
ਪਰਿੰਦਾ ਵੇਲਾ ਨਾ ਵੇਖਦਾ
ਵਖਤੁ ਵਿਹਾਜਦਾ ....

ਕੀ ਕਿਲੇ ਦੀ ਅਟਾਰੀ
ਕੀ ਕਬਾੜ ਹੋਈ
ਕਿਸੇ ਲਾਰੀ ਦੀ ਬਾਰੀ
ਸਭ ਸਤ, ਸਭ ਵੱਥ
ਸਭ ਥਾਂਵ ਸੁਹਾਵੇ
ਉਸ ਸਾਂਵੇ-ਸਾਂਵੇ ਭਾਸਦੇ....

ਰਸ ਭਰੀ ਗੰਨੇ ਦੀ ਪੋਰੀ
ਤੇ ਪੋਰੀ ਤੋਂ ਉੱਤਰੀ ਹੋਈ ਖੋਰੀ
ਜਾਂ ...
ਪਾਣੀ ਦੀ ਭਰੀ ਝੱਜਰੀ
ਤੇ ਥੇਹ ਤੋਂ ਥਿਆਈ ਬੱਬਰੀ
ਇੱਕੋ-ਜਿੱਕਰੀ ਉਸ ਜਾਪਦੀ....

ਸੁੱਕੇ ਨਲਕੇ ਦੀ ਹੱਥੀ
ਤੇ ਵਗਦੇ ਦਰਿਆ ਦੀ
ਦੰਦੀ 'ਤੇ ਬੈਠਾ
ਉਹ ਇਕ ਸਮਾਨ ਸੋਚਦਾ ...
ਅੰਬਰ 'ਚ ਉੱਡਦਿਆਂ
ਜਾਂ ਧਰਤੀ 'ਤੇ ਲੱਥਿਆਂ
ਉਹਦੀ ਨਿੱਕੀ ਛਾਤੀ 'ਚ ਦਿਲ ਵੱਡਾ
ਇਕਸਾਰ ਹੁੰਦਾ ਧੜਕਦਾ ...

ਪਰਿੰਦਾ
ਜਿੱਥੇ ਵੀ ਬਹਿੰਦਾ
ਜਿੱਥੇ ਵੀ ਰਹਿੰਦਾ
ਆਪਣੀ ਸਲਤਨਤ ਦਾ ਬਾਦਸ਼ਾਹ ਹੁੰਦਾ .....

## ਕਾਲ਼ੀ ਕਲਹ

ਚਿੜੀ ਤੇ ਉਹਦੇ
ਆੜੀ ਦੇ ਜਨਮ ਵੇਲੇ?
ਵੰਡ ਦੀ ਕਾਲ਼ੀ ਲੀਕ
ਚੰਗੀ ਭਲੀ ਅਜੇ ਚਿੱਟੀ
ਤੇ ਮਜ਼ਹਬਾਂ ਦੀ ਰੱਤ
ਅਜੇ ਐਨੀ ਭਿੱਟੀ ਨਹੀਂ ਸੀ ....

ਚੜ੍ਹਦੀ ਉਮਰੇ
ਜੋੜੇ ਨੇ
ਜਿਸ ਟਾਹਲੀ ਦੀ ਡਗਰ ’ਤੇ
ਘਰ ਵਸਾਇਆ..
ਪਹਿਲਾਂ ਉਹ
ਸਿਆਲਕੋਟ ਦੇ ਖਿੱਤੇ
ਤੇ ਫਿਰ
ਗੁਰਦਾਸਪੁਰ ਦੇ ਹਿੱਸੇ ਸੀ...

ਨਿੱਕੇ-ਵੱਡੇ ਤੀਲੇ
ਤੇ ਹੋਰ ਕੱਖ-ਕੰਡੇ
ਆਲ੍ਹਣੇ ਹਿੱਤ ਜੋ ਚੁੰਝਾਂ ਨੂੰ ਲੱਗੇ
ਵਗੇ ਝੱਖੜਾਂ ਦੇ ਵੇਗ
ਉਧਰੋਂ ਉੱਡੇ
ਤੇ ਏਧਰ ਆ ਡਿੱਗੇ ਸੀ...

ਥੱਕੀ ਹਾਰੀ ਮਾਦਾ ਵਿਚਾਰੀ
ਪਿਆਸੀ ਹੁੰਦੀ ਤਾਂ
ਉਹਦਾ ਕਾਲਜਾ
ਡੇਰਾ ਬਾਬਾ ਨਾਨਕ ਦੇ
ਕਿਸੇ ਭਰੇ ਕਿਆਰੇ ਦੇ
ਕਿਨਾਰੇ ਜਾ ਬਹਿੰਦਾ ..
ਹੰਭੇ-ਹਾਰੇ ਪੁਰਸ਼ ਪਿਆਰੇ ਨੂੰ
ਤੇਹ ਤੜਫਾਉਂਦੀ ਤਾਂ ਉਹ

ਉੱਡਦਾ..ਤੇ ਰਾਵੀਓਂ ਪਾਰ
ਕਰਤਾਰਪੁਰ ਜਾ ਲਹਿੰਦਾ......

ਨਵੇਂ ਨਿਖੰਭੇ ਜੀਆਂ ਦੇ
ਭੋਜ ਲਈ ਤਾਂ ਦੰਪਤੀ ਜੋੜਾ
ਏਧਰੋਂ ਓਧਰ ..
ਤੇ ਓਧਰੋਂ ਏਧਰ ਉੱਡਦਾ ਹੀ ਰਿਹਾ
ਆਰ ਤੋਂ ਸੁੰਡੀਆਂ
ਤੇ ਪਾਰ ਤੋਂ ਭੂੰਡੀਆਂ ਚੁਗਦਾ ਰਿਹਾ....

ਆਖਰ ਸਿਖਾਂਦਰੂ ਪੰਖਣੂਆਂ
ਜਦ ਪਹਿਲੀ ਪਹਿਲੇਰੀ
ਜਰਾ ਲੰਮੇਰੀ ਉਡਾਣ ਭਰੀ
ਤਾਂ ਉਹ,
ਏਧਰਲੀ ਟਾਹਲੀ ਤੋਂ ਉੱਡੇ
ਤੇ ਪਾਰਲੀ ਪਿੱਪਲੀ ਜਾ ਲੱਥੇ .....

ਪ੍ਰਥਮ ਵਾਕ ਜੋ ਉਹਨਾਂ
ਏਧਰੋਂ ਸਿੱਖਿਆ
ਤੇ ਓਧਰ ਬੋਲਿਆ ..
ਇਹੀਓ ਸੀ..
"ਸਾਡੀ ਜਾਣੇ ਬਲਾ?
ਇਹ ਕਾਲੀ? ਲੀਕ,
ਇਹ 'ਕਾਲੀ? ਕਲਹ' ਕੀ ਹੁੰਦੀ ....!!"

ਪਿਛਲੇ ਦਿਨੀਂ ਪੰਜਾਬੀ ਦੇ ਅਜ਼ੀਮ ਸ਼ਾਇਰ ਸੁਰਜੀਤ ਪਾਤਰ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੇ ਜਾਣ ਨਾਲ ਪੰਜਾਬੀ ਕਵਿਤਾ ਦਾ ਇਕ ਯੁੱਗ ਖ਼ਤਮ ਹੋ ਗਿਆ ਹੈ। ਅਦਾਰਾ 'ਪ੍ਰਵਚਨ' ਉਨ੍ਹਾਂ ਦੀ ਯਾਦ ਵਿਚ ਸਿਰ ਝੁਕਾਉਂਦਾ ਹੈ।

## ਥੋਹਰਾਂ/ ਹਰਪਾਲ ਸਿੰਘ ਸੰਧਾਵਾਲੀਆ

### 1. ਮਨਹੂਸ ਥੋਹਰ

ਮੈਂ ਥੋਹਰ ਹਾਂ
ਉਹ ਮੈਨੂੰ ਮਨਹੂਸ ਸਮਝਦੇ ਨੇ
ਉਹ ਮੈਨੂੰ
ਆਪਣੇ ਘਰ ਨਹੀਂ ਲਿਜਾਂਦੇ
ਮੈਂ ਉਜਾੜਾਂ ਵਿੱਚ ਉੱਗੀ ਹਾਂ
ਥੁੜ੍ਹਾਂ ਵਿੱਚ ਪਲ਼ੀ ਹਾਂ
ਬਦਸੂਰਤ ਹਾਂ
ਸ਼ਾਇਦ ਇਸੇ ਲਈ
ਮਨਹੂਸ ਹਾਂ
ਸ਼ਾਇਦ ਇਸੇ ਲਈ
ਉਹ ਮੈਨੂੰ
ਆਪਣੇ ਘਰ ਨਹੀਂ ਲਿਜਾਂਦੇ

### 2. ਸੂਰਜ ਤੇ ਥੋਹਰ

ਉਜਾੜ ਵਿੱਚ
ਉੱਗੀ ਹੋਈ ਇੱਕ ਥੋਹਰ
ਪੈਰਾਂ ਹੇਠ ਤਪਦੀ ਹੋਈ ਰੇਤ
ਸਿਰ ’ਤੇ ਬਲਦਾ ਹੋਇਆ ਸੂਰਜ
ਤੇ ਸੂਰਜ ਵੱਲ
ਥੋਹਰ ਦੀ ਤਣੀ ਹੋਈ ਧੌਣ
ਇਹ ਸਭ ਵੇਖ
ਮੇਰੇ ਮੂੰਹੋਂ ਨਿਕਲਿਆ
ਵਾਹ
ਕੁਝ ਇੰਜ ਵੀ ਉੱਗਦੇ ਨੇ
ਕੁਝ ਇੰਜ ਵੀ ਜਿਉਂਦੇ ਨੇ

## 3. ਜੰਗਲੀ ਥੋਹਰ

ਮੈਂ
ਥੋਹਰ ਨੂੰ ਕਿਹਾ
ਤੂੰ ਇਹ ਉਜਾੜ ਛੱਡ
ਮੈਂ ਤੈਨੂੰ
ਗਮਲ਼ੇ ਵਿੱਚ ਲਾਵਾਂਗਾ
ਬਗੀਚੇ ਵਿੱਚ ਰੱਖਾਂਗਾ
ਮਾਲੀ ਤੇਰੀ ਸੇਵਾ ਕਰਨਗੇ
ਥੋਹਰ ਮੁਸਕਰਾਈ ਤੇ ਬੋਲੀ
ਤੈਨੂੰ ਭੁਲੇਖਾ ਲੱਗਾ ਹੈ
ਅਸੀਂ
ਜੋ ਸਿਰਾਂ 'ਤੇ ਕੰਡੇ ਲੈ ਕੇ
ਜੰਮਦੀਆਂ ਹਾਂ
ਤੱਤੀਆਂ ਲੋਆਂ ਦੇ ਹੱਥੀਂ
ਪਲ਼ਦੀਆਂ ਹਾਂ
ਅਸੀਂ
ਜੰਗਲੀ ਤਾਂ ਹੁੰਦੀਆਂ ਹਾਂ
ਪਰ
ਪਾਲਤੂ ਨਹੀਂ ਹੁੰਦੀਆ

## 4. ਇਕੱਲੀ ਥੋਹਰ

ਮੈਂ
ਥੋਹਰ ਨੂੰ ਪੁੱਛਿਆ
ਤੂੰ ਇਥੇ ਉਜਾੜ ਵਿੱਚ
ਇਕੱਲੀ ਕਿਉਂ ਖੜੀ ਹੈਂ
ਥੋਹਰ ਨੇ ਅੱਖਾਂ ਉਤਾਂਹ ਕਰ
ਮੇਰੇ ਵੱਲ ਵੇਖਿਆ
ਤੇ ਕਹਿਣ ਲੱਗੀ
ਜ਼ਰਾ ਧਿਆਨ ਨਾਲ ਵੇਖ
ਇਹ ਹੁਣ
ਉਜਾੜ ਨਹੀਂ ਰਹੀ
ਇਥੇ ਹੁਣ
ਮੈਂ ਉੱਗ ਆਈ ਹਾਂ

# ਬੰਦਾ, ਗੋਰਖ਼ ਧੰਦਾ -ਸੁਖਜੀਤ

**-ਵਰਿਆਮ ਸਿੰਘ ਸੰਧੂ**

ਸੁਖਜੀਤ ਬਹੁਤ ਛੇਤੀ ਚਲਾ ਗਿਆ।

ਜਿਸ ਦਿਨ ਸੁਖਜੀਤ ਗਿਆ, ਉਸ ਦਿਨ ਉਹਦੇ ਅੰਤਮ-ਸੰਸਕਾਰ ਤੋਂ ਅਗਲੇਰੇ ਦਿਨ ਮੈਨੂੰ ਪਾਕਿਸਤਾਨ ਜਾਣਾ ਪਿਆ। ਜਿਸ ਦਿਨ ਉਹਦੀ ਅੰਤਿਮ ਅਰਦਾਸ ਸੀ; ਮੈਂ ਲਾਹੌਰ ਤੋਂ ਲਿਖਿਆ:-

ਮੈਂ ਉਹਦੀ ਅੰਤਮ ਅਰਦਾਸ ਵਿਚ ਸ਼ਾਮਲ ਨਹੀਂ ਹੋ ਸਕਣਾ, ਇਸ ਗੱਲ ਦਾ ਗੁਨਾਹ ਵਰਗਾ ਅਹਿਸਾਸ ਖਾਈ ਜਾ ਰਿਹਾ ਹੈ। ਪਹਿਲਾਂ ਮਿਥੇ ਪ੍ਰੋਗਰਾਮ ਅਨੁਸਾਰ ਮੈਨੂੰ ਲਾਹੌਰ ਆਉਣਾ ਪੈ ਗਿਆ। ਅੱਜ ਲਾਹੌਰ ਤੋਂ ਸਵੇਰੇ ਹੋਣ ਵਾਲੀ ਉਹਦੀ ਅੰਤਮ ਅਰਦਾਸ ਵਿਚ ਇਹਨਾਂ ਸ਼ਬਦਾਂ ਰਾਹੀਂ ਸ਼ਾਮਲ ਹੋ ਰਿਹਾਂ।

ਜਦੋਂ ਉਹਨੇ ਅਜੇ ਕਹਾਣੀਆਂ ਲਿਖਣੀਆਂ ਸ਼ੁਰੂ ਨਹੀਂ ਸਨ ਕੀਤੀਆਂ, ਮੇਰੀਆਂ ਕਹਾਣੀਆਂ ਪੜ੍ਹ ਕੇ ਮੈਨੂੰ ਲੰਮੀਆਂ ਚਿੱਠੀਆਂ ਲਿਖਦਾ। ਫਿਰ ਕੁਝ ਕੁ ਸਾਲਾਂ ਬਾਅਦ ਉਹਨੇ ਦੱਸਿਆ ਕਿ ਉਹਨੇ ਕੁਝ ਕਹਾਣੀਆਂ ਵੀ ਲਿਖੀਆਂ ਹਨ। ਜਦ ਉਹਨੇ ਆਪਣੀ ਕਹਾਣੀ 'ਦਾਅ' ਮੈਨੂੰ ਪੜ੍ਹਨ ਲਈ ਦਿੱਤੀ ਤਾਂ ਮੈਂ ਇਹਦੀ ਕਲਾ-ਕੌਸ਼ਲਤਾ ਦਾ ਸਿੱਕਾ ਮੰਨ ਲਿਆ। ਪਰ ਅਜੇ ਉਹਨੇ 'ਅਸਲੀ ਸੁਖਜੀਤ' ਬਣਨਾ ਸੀ। ਉਹਦੀ ਪ੍ਰਤਿਭਾ ਨੂੰ ਹੁਲਾਰਾ ਦੇਣ ਲਈ ਮੈਂ ਉਹਨੂੰ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵੱਲੋਂ 'ਕੁਲਵੰਤ ਸਿੰਘ ਵਿਰਕ' ਇਨਾਮ ਦੇ ਕੇ ਸਨਮਾਨਿਆ।

ਉਹ ਮੈਨੂੰ ਸਦਾ 'ਭਾ ਜੀ' ਜੀ ਕਹਿ ਕੇ ਸੰਬੋਧਨ ਕਰਦਾ। ਮੇਰੀ 'ਗੈਰਹਾਜ਼ਰੀ ਵਿਚ ਵੀ 'ਭਾ ਜੀ' ਕਹਿੰਦਾ। ਸਦਾ ਬਹੁ-ਵਚਨ ਵਿਚ ਮੇਰਾ ਜ਼ਿਕਰ ਕਰਦਾ। ਕਦੀ-ਕਦੀ ਮੋਹ-ਵੱਸ ਆਪਣਾ 'ਬਾਪੂ' ਆਖਦਾ ਸੀ। ਆਖਦਾ ਹੀ ਨਹੀਂ ਸਮਝਦਾ ਵੀ ਸੀ। ਇੱਕ ਵਾਰ ਪੰਜਾਬੀ ਸਾਹਿਤ ਅਕਾਦਮੀ ਲੁਧਿਆਣੇ ਦੀਆਂ ਚੋਣਾਂ ਸਨ। ਪੰਜਾਬੀ ਭਵਨ ਦੇ ਪਾਰਕ ਵਿਚ ਸੁਖਜੀਤ ਸਮੇਤ ਮੇਰੇ ਨਾਲ ਪੰਜ-ਸੱਤ ਲੇਖਕ ਬੈਠੇ ਸਨ। ਕੋਈ ਸਿਰ-ਫਿਰਿਆ ਮੈਨੂੰ ਆ ਕੇ ਕਹਿੰਦਾ, "ਲੈ ਕੇ ਬੈਠਾਂ ਏਂ ਇਹਨਾਂ ਨੂੰ

ਉਹ ਕੁਝ ਪੁੱਠੀ ਜਿਹੀ ਗੱਲ ਕਰਨ ਲੱਗਾ ਸੀ। ਗੱਲ ਅਜੇ ਉਹਦੇ ਮੂੰਹ ਵਿਚ ਹੀ ਸੀ ਕਿ ਸੁਖਜੀਤ ਗੁੱਸੇ ਵਿਚ ਉੱਠ ਖਲੋਤਾ, "ਤੈਨੂੰ ਪਤਾ ਨਹੀਂ ਉਏ ਤੂੰ ਕੀਹਦੇ ਨਾਲ ਗੱਲ ਕਰ ਰਿਹਾਂ? ਇਹ ਮੇਰਾ ਪਿਉ ਆ! ਬੋਲਣ ਦੀ ਜਾਚ ਸਿੱਖ ਪਹਿਲਾਂ ਬੰਦੇ ਦਾ ਪੁੱਤ ਬਣ ਕੇ।"

"ਤੂੰ ਕੀ ਕਰ ਲੈਂ ਗਾ?"

ਉਹਨੇ ਏਨਾ ਹੀ ਕਿਹਾ ਕਿ ਸੁਖਜੀਤ ਨੇ ਉਹਨੂੰ ਗਲ੍ਹੱਥਾ ਮਾਰਿਆ। ਉਹ ਪਿੱਛੇ ਡਿਗਦਾ-ਡਿਗਦਾ ਮਸਾਂ ਬਚਿਆ। ਅਗਲਾ ਬਚਾਅ ਕਰਦਾ ਪਿੱਛੇ ਹਟਦਾ ਗਿਆ ਤੇ ਸੁਖਜੀਤ ਉਹਨੂੰ ਗਲ੍ਹੱਥੇ ਮਾਰਦਾ ਦਸ ਕਰਮਾਂ ਪਿੱਛੇ ਧੱਕ ਕੇ ਲੈ ਗਿਆ। ਉਹ ਓਨਾ ਚਿਰ ਨਾ ਹਟਿਆ, ਜਿੰਨਾ ਚਿਰ ਅਸੀਂ ਜਾ ਕੇ ਉਹਨੂੰ ਹਟਾਇਆ ਨਾ। ਮੈਂ ਉਹਨੂੰ ਬਾਹੋਂ ਫੜ ਕੇ ਸ਼ਾਂਤ ਹੋਣ ਲਈ ਕਿਹਾ ਤਾਂ ਲਾਗੇ ਆਣ ਖਲੋਤੇ ਤੀਹ ਚਾਲੀ ਜਣਿਆਂ ਸਾਹਮਣੇ ਕਹਿੰਦਾ, "ਮੇਰੇ ਜਿਉਂਦੇ ਜੀਅ ਮੇਰੇ ਬਾਪੂ

ਨੂੰ ਕੋਈ ਕੁਝ ਆਖ ਕੇ ਤਾਂ ਵੇਖੇ, ਮੈਂ ਸੁੱਕਾ ਨਾ ਜਾਣ ਦਿਆਂ।"

ਸੁਖਜੀਤ ਚਲਾ ਗਿਆ। ਉਹਦਾ ਬਾਪੂ, ਉਹਦਾ 'ਭਾ ਜੀ' ਇਕੱਲ੍ਹਾ ਰਹਿ ਗਿਆ!

ਜਿਸ ਦਿਨ ਉਹ ਗੁਜ਼ਰਿਆ, ਮੈਨੂੰ ਉਹਦੇ ਜਾਣ ਦਾ ਪਤਾ ਲੱਗ ਚੁੱਕਾ ਸੀ। ਮੈਂ ਇਸ ਦੁੱਖ ਦਾ ਪਰਬਤੀ ਭਾਰ ਘਟਾਉਣ ਲਈ ਹੁਣ ਕੀਹਦੇ ਨਾਲ ਦੁੱਖ ਸਾਂਝਾ ਕਰਾਂ! ਅਜੇ ਸੋਚ ਹੀ ਰਿਹਾ ਸਾਂ ਕਿ ਬਲਵਿੰਦਰ ਗਰੇਵਾਲ ਦਾ ਫ਼ੋਨ ਆ ਗਿਆ। ਬਲਵਿੰਦਰ ਵੀ ਮੇਰੇ ਲਈ ਸੁਖਜੀਤ ਵਾਂਗ ਹੀ ਛੋਟੇ ਪਿਆਰੇ ਭਰਾਵਾਂ ਵਾਂਗ ਹੈ। ਉਹ ਜਾਣਦਾ ਸੀ ਕਿ ਮੇਰੇ ਲਈ ਸੁਖਜੀਤ 'ਕੀ' ਹੈ! ਮੈਨੂੰ ਬਲਵਿੰਦਰ ਦੇ ਬੋਲਾਂ ਦੀ ਲੋੜ ਹੈ। ਉਹਨੇ ਕੰਬਦੀ ਆਵਾਜ਼ ਵਿਚ ਕਿਹਾ, "ਤੁਸੀਂ ਇਹ ਖ਼ਬਰ ਕਿਵੇਂ ਸੁਣੀ ਹੋਊ?" ਤੇ ਉਹ ਰੋਣ ਲੱਗ ਪਿਆ। ਗੱਲ ਮੇਰੇ ਕੋਲੋਂ ਵੀ ਨਾ ਹੋਈ, ਮੈਂ ਵੀ ਰੋਣ ਲੱਗਾ ਤੇ ਫ਼ੋਨ ਬੰਦ ਕਰ ਕਰ ਦਿੱਤਾ।

ਥੋੜੀ ਦੇਰ ਬਾਅਦ ਲਖਵਿੰਦਰ ਜੌਹਲ ਦਾ ਫ਼ੋਨ ਆ ਗਿਆ, "ਤੁਸੀਂ ਤਿਆਰ ਹੋ ਜਾਉ! ਮੈਂ ਤੇ ਸੁਨੰਤੜ ਤੁਹਾਨੂੰ ਲੈਣ ਆ ਰਹੇ ਹਾਂ। ਮਾਛੀਵਾੜੇ ਜਾਣ ਲਈ।"

ਰਾਹ ਵਿੱਚ ਸੁਖਜੀਤ ਦੀਆਂ ਗੱਲਾਂ ਕਰਦੇ ਜਾ ਰਹੇ ਸਾਂ। ਮੇਰੇ ਵਾਂਗ ਜੌਹਲ ਕੋਲ ਵੀ ਸੁਖਜੀਤ ਬਾਰੇ ਕਰਨ ਵਾਲੀਆਂ ਢੇਰ ਸਾਰੀਆਂ ਗੱਲਾਂ ਸਨ।

ਸੁਖਜੀਤ ਨੇ ਪੰਜਾਬੀ ਸਾਹਿਤ ਅਕਾਦਮੀ ਲਈ, ਜੌਹਲ ਦੇ ਕਹਿਣ 'ਤੇ, ਬਹੁਤ ਵੱਡਾ ਕੰਮ ਕਰ ਦਿਖਾਇਆ ਸੀ। ਅਕਾਦਮੀ ਦੇ ਕਮਰਿਆਂ 'ਤੇ ਕੁਝ ਬੰਦੇ ਕਈ ਸਾਲਾਂ ਤੋਂ ਕਬਜ਼ੇ ਜਮਾਈ ਬੈਠੇ ਸਨ। ਘਰ ਬਣਾ ਕੇ। ਜੌਹਲ ਨੇ ਸੁਖਜੀਤ ਨੂੰ ਕਿਹਾ, "ਤੂੰ ਵੱਡੇ ਵੱਡੇ ਕਬਜ਼ੇ ਲਏ ਨੇ। ਇਹ ਕਬਜ਼ਾ ਵੀ ਲੈ ਕੇ ਵਿਖਾਵੇਂ ਤਾਂ ਮੰਨੀਏਂ!

ਹੱਸ ਪਿਆ। ਕਹਿੰਦਾ, "ਕੁਝ ਦਿਨ ਦੇ ਦਿਉ।"

ਪਤਾ ਨਹੀਂ ਉਹਨੇ ਕੀ ਮੰਤਰ ਮਾਰਿਆ, ਅਗਲੇ ਚੁੱਪ-ਚੁਪੀਤੇ ਸਾਲਾਂ ਦਾ ਕਬਜ਼ਾ ਤਿਆਗ ਕੇ ਕਮਰੇ ਛੱਡ ਗਏ!

ਜਦੋਂ ਮਾਛੀਵਾੜੇ ਦੇ ਸ਼ਮਸ਼ਾਨ ਘਾਟ ਵਿਚ ਪਹੁੰਚੇ ਤਾਂ ਉਥੇ ਅਜੇ ਕੋਈ ਨਹੀਂ ਸੀ ਆਇਆ। ਨੇੜਲੇ ਥਾਵਾਂ ਤੋਂ ਜਿਹੜੇ ਪਹੁੰਚੇ ਸਨ, ਸੁਖਜੀਤ ਦੇ ਘਰ ਚਲੇ ਗਏ ਸਨ। ਪਰ ਕੁਝ ਚਿਰ ਬਾਅਦ ਭੀੜ ਜੁੜਨ ਲੱਗੀ। ਲੋਕਾਂ ਦੇ ਚਿਹਰੇ ਉਦਾਸੇ ਤੇ ਰੁੰਨ੍ਹੇ ਹੋਏ ਸਨ। ਇੱਕ ਦੂਜੇ ਨਾਲ 'ਮਰੇ ਜਿਹੇ' ਹੱਥ ਮਿਲਾਉਂਦੇ। ਮੂੰਹੋਂ ਕੋਈ ਗੱਲ ਨਾ ਨਿਕਲਦੀ। ਵਾਤਾਵਰਣ ਵਿਚ ਡੂੰਘੀ ਖ਼ਾਮੋਸ਼ੀ ਪਸਰੀ ਹੋਈ ਸੀ। ਉਹਦੀ ਦੇਹ ਲਿਆਂਦੀ ਗਈ। ਸਿੜ੍ਹੀ 'ਤੇ ਦੇਹ ਰੱਖੀ ਤਾਂ ਅਮੋਲਕ ਨੇ ਉਹਦੇ ਸਿਰਹਾਣੇ ਵੱਲ ਮੇਰੇ ਖਲੋਣ ਲਈ ਥਾਂ ਬਣਾ ਦਿੱਤੀ। ਮੈਂ ਉਹਦੇ ਸਿਰਹਾਣੇ ਖਲੋਤਾ ਸਾਂ। ਅਮੋਲਕ ਮੇਰੇ ਕੋਲ ਖਲੋਤਾ ਸੀ। ਕਹਿੰਦਾ, "ਬਾਈ ਜੀ! ਤੁਸੀਂ ਕੁਝ ਬੋਲੋ ਸਭ ਨੂੰ। ਤੁਸੀਂ ਵੱਡੇ ਓ!।"

ਜਿਸਦਾ ਕੋਈ ਏਨਾ ਆਪਣਾ ਮਰਿਆ ਹੋਵੇ, ਉਹਨੂੰ 'ਭਾਸ਼ਨ' ਕਰਨਾ ਕਿੱਥੇ ਸੁੱਝਦਾ ਹੈ! ਮੈਨੂੰ ਸਵੇਰੇ ਬਲਵਿੰਦਰ ਨਾਲਗੱਲ ਕਰਦਿਆਂ ਦੋਵਾਂ ਦੇ ਰੋ ਪੈਣ 'ਤੇ ਫ਼ੋਨ ਬੰਦ ਕਰਨ ਦੇਣ ਦਾ ਅਜੇ ਚੇਤਾ ਸੀ। ਲੰਮਾਂ ਹਾਉਕਾ ਲੈ ਕੇ ਮੈਂ 'ਨਾਂਹ' ਵਿਚ ਸਿਰ ਫੇਰਦਿਆਂ ਕਿਹਾ, "ਨਹੀਂ ਅਮੋਲਕ! ਮੇਰੇ ਤੋਂ ਗੱਲ ਨਹੀਂ ਹੋ ਸਕਣੀ।!"

ਚਿੱਟੇ ਵਸਤਰਾਂ ਵਾਲੇ ਨਾਮਧਾਰੀ ਸਿੱਖ ਉਹਦੀ ਚਿਤਾ ਨੂੰ ਲਾਂਬੂ ਲਾ ਰਹੇ ਸਨ। ਮੈਂ ਬਲਦੀ ਚਿਖ਼ਾ ਤੋਂ ਇੱਕ ਪਾਸੇ ਜਾ ਕੇ ਖਲੋ ਗਿਆ। ਬਲਵਿੰਦਰ ਵੀ ਮੇਰੇ ਕੋਲ ਆ ਖਲੋਤਾ।

ਸੁਖਜੀਤ ਦੀ ਚਿਤਾ ਬਲ ਰਹੀ ਸੀ। ਉਹਦੇ ਨਾਲ ਅਨੇਕਾਂ ਅਣਲਿਖੀਆਂ ਕਹਾਣੀਆਂ ਦੇ ਵਰਕੇ ਸੜ ਰਹੇ ਸਨ। ਧੂੰਏਂ ਦਾ ਬੱਦਲ ਰੁੱਖਾਂ ਵਿਚੋਂ ਅਸਮਾਨ ਵੱਲ ਉੱਡਦਾ ਜਾ ਰਿਹਾ ਸੀ। ਵਿਚ ਕਿਧਰੇ ਸੁਖਜੀਤ ਵੀ ਸੀ।

ਹੁਣ ਸਭ ਨੇ ਗੁਰਦੁਆਰੇ ਜਾਣਾ ਸੀ। ਤੁਰਨ ਲੱਗੇ ਤਾਂ ਵੇਖਿਆ ਕੋਈ ਟੀ ਵੀ ਵਾਲਾ ਆਪਣਾ ਮਾਈਕ ਸਭਨਾਂ ਦੇ ਮੂੰਹ ਅੱਗੇ ਕਰ ਕੇ ਬੋਲਣ ਲਈ ਕਹਿ ਰਿਹਾ ਸੀ। ਮੈਂ ਜੌਹਲ ਨੂੰ ਕਿਹਾ, ਇਸਤੋਂ ਪਹਿਲਾਂ ਕਿ ਉਹ ਮਾਈਕ ਲੈ ਕੇ ਆਪਣੇ ਕੋਲ ਆ ਜਾਵੇ, ਆਪਾਂ ਖਿਸਕਣ ਦੀ ਕਰੀਏ। ਅਸੀਂ ਤੁਰਨ ਲੱਗੇ ਤਾਂ ਕੈਮਰੇ ਵਾਲੇ ਸੱਜਣ ਨੇ ਵੇਖ ਲਿਆ ਤੇ ਤੁਰਤ ਸਾਡੇ ਕੋਲ ਆ ਗਿਆ। ਮਾਈਕ ਸਾਡੇ ਅੱਗੇ ਕੀਤਾ ਤਾਂ ਮੈਂ ਜੌਹਲ ਨੂੰ ਬੋਲਣ ਲਈ ਕਿਹਾ। ਸੋਚਿਆ, ਮੇਰਾ ਬਚਾਅ ਹੋ ਜਾਵੇਗਾ। ਬੋਲਣਾ ਔਖਾ ਲੱਗਦਾ ਸੀ। ਪਰ ਜਦੋਂ ਉਹਨੇ ਮੇਰੇ ਸਾਹਮਣੇ ਮਾਈਕ ਕਰ ਹੀ ਦਿੱਤਾ ਤਾਂ ਮੇਰੇ ਅੰਦਰ ਉਛਾਲ ਆਇਆ।

ਸਾਡਾ ਸਭਨਾਂ ਦਾ ਪਿਆਰਾ ਸੁਖਜੀਤ ਸਦਾ ਲਈ ਚਲਾ ਗਿਐ। ਅਜੇ ਤਾਂ ਉਹਦੀ ਪ੍ਰਤਿਭਾ ਦਾ ਜਲੌਅ ਜਗਮਗ ਜਗਦਾ ਪਿਆ ਸੀ। ਅਜੇ ਤਾ ਉਹਦੀ ਕਲਮ ਵਿੱਚ ਲੋਹੜੇ ਦੀ ਰਵਾਨੀ ਸੀ। ਪਰ ਉਹ ਅਚਨਚੇਤ ਸਾਡੇ ਕੋਲੋਂ ਵਿਛੜ ਗਿਆ ਤੇ ਆਪਣੇ ਨਾਲ, ਪਤਾ ਨਹੀਂ ਕਿੰਨੇ ਰੰਗ ਤੇ ਕਿੰਨੀਆਂ ਰੌਸ਼ਨੀਆਂ ਲੈ ਕੇ ਚਲੇ ਗਿਆ। ਅੱਜ ਹੁਣੇ ਉਹਨੂੰ ਰੁਖ਼ਸਤ ਕਰਕੇ ਹਟੇ ਆਂ। ਪਰ ਉਹ ਗਿਆ ਕਿੱਥੇ ਐ! ਉਹ ਤਾਂ ਸਾਡੇ ਦਿਲਾਂ ਵਿੱਚ ਵਸਦਾ ਹੈ। ਉਹਦੇ ਅੱਖਰ ਸਾਡੇ ਦਿਲਾਂ ਵਿੱਚ ਵਸਦੇ ਰਹਿਣਗੇ। ਉਹਦੀਆਂ ਕਹਾਣੀਆਂ ਸਾਡੇ ਦਿਲਾਂ ਵਿੱਚ ਵਸਦੀਆਂ ਰਹਿਣਗੀਆਂ। ਉਹ ਡਾਢਾ ਮੁਹੱਬਤੀ ਇਨਸਾਨ ਸੀ। ਯਾਰਾਂ ਦਾ ਯਾਰ ਸੀ। ਲੋੜਵੰਦਾਂ ਦਾ ਮਦਦਗਾਰ ਸੀ। ਉਹਨਾਂ ਦੇ ਹੱਕ ਵਿੱਚ ਸਭ ਤੋਂ ਪਹਿਲਾਂ ਡੱਟ ਕੇ ਖਲੋਣ ਵਾਲਾ। ਉਹ ਬਹੁਤ ਸਾਰੀਆਂ ਛੱਤਾਂ ਦੇ ਹੇਠਾਂ ਸਿੱਧੇ ਸਤੋਰ ਸ਼ਤੀਰ ਵਾਂਗ ਉਹਨਾਂ ਦੀ ਧਿਰ ਤੇ ਤਾਕਤ ਬਣਿਆ ਹੋਇਆ ਸੀ। ਅੱਜ ਇਹ ਸ਼ਤੀਰ ਅਚਨਚੇਤ 'ਕੜਕ' ਕਰਕੇ ਟੁੱਟ ਗਿਆ ਹੈ। ਪਰ, 'ਕਾਫਲੇ ਵਿੱਚ ਤੂੰ ਨਹੀਂ ਭਾਵੇਂ ਰਿਹਾ, ਯਾਦ ਤੇਰੀ ਦਿਲ ਚੋਂ ਪਰ ਜਾਣੀ ਨਹੀਂ' ਜਗਤਾਰ ਦੇ ਕਹਿਣ ਵਾਂਗ ਉਹਦੀ ਯਾਦ ਸਾਡੇ ਦਿਲਾਂ ਵਿੱਚ ਰਹੇਗੀ। ਸੁਖਜੀਤ ਦੇ ਜਾਣ ਦਾ ਪੰਜਾਬੀ ਸਾਹਿਤ ਨੂੰ ਤਾਂ ਘਾਟਾ ਹੈ ਹੀ, ਪੰਜਾਬੀ ਕਥਾ ਨੂੰ ਤਾਂ ਘਾਟਾ ਹੈ ਹੀ, ਦੋਸਤਾ ਮਿੱਤਰਾਂ ਨੂੰ ਤਾਂ ਘਾਟਾ ਹੈ ਹੀ ਆ, ਪਰ ਮੇਰੇ ਵਾਸਤੇ ਬਹੁਤ ਵੱਡਾ ਘਾਟਾ ਇਸ ਕਰਕੇ ਹੈ ਕਿ ਉਹ ਮੈਨੂੰ ਸਦਾ ਆਪਣੇ ਵੱਡੇ ਭਰਾ, ਆਪਣੇ ਬਾਪ ਦੀ ਨਿਆਈ ਮੰਨਦਾ ਸੀ, ਤੇ ਇਹ ਕਿਹਾ ਕਰਦਾ ਸੀ ਕਿ ਮੇਰੇ ਜਿਉਂਦਿਆਂ ਮੇਰੇ ਬਾਪੂ ਦੀ ਵਾਅ ਵੱਲ ਕੋਈ ਨਹੀਂ ਵੇਖ ਸਕਦਾ! ਇਹਨੂੰ ਕੋਈ ਮਾੜਾ ਸ਼ਬਦ ਨਹੀਂ ਬੋਲ ਸਕਦਾ। ਉਹਨੇ ਆਪਣੇ ਜਿਊਂਦੇ-ਜੀ ਇਹ ਰਿਸ਼ਤਗੀ ਨਿਭਾਈ ਵੀ। ਅੱਜ ਮੇਰੇ ਕਲੇਜੇ ਦਾ ਇੱਕ ਟੁਕੜਾ ਮੇਰੇ ਤੋਂ ਵਿਦਾ ਹੋ ਗਿਆ ਹੈ!

ਉਸ ਦਿਨ ਆਪਣੇ ਹੱਥੀਂ ਉਹਦਾ ਅੰਤਮ ਸੰਸਕਾਰ ਕਰ ਆਏ।

ਪਰ ਅਜੇ ਤਾਂ ਉਹਦੀ ਰੂਹ, ਵਿਚਾਰ ਤੇ ਵਿਹਾਰ ਅੰਦਰ ਜਵਾਨੀ ਦਾ ਜੋਸ਼ ਠਾਠਾਂ ਮਾਰ ਰਿਹਾ ਸੀ। ਅਜੇ ਤਾਂ ਉਹਦੇ ਅੰਦਰ ਤਰਕਸੰਗਤ , ਸੰਤੁਲਤ ਤੇ ਸ਼ਕਤੀਸ਼ਾਲੀ ਸੋਚਾਂ ਦੀ ਲਿਸ਼ਕ ਲਿਸ਼-ਲਿਸ਼ ਲਿਸ਼ਕਾਂ ਮਾਰ ਰਹੀ ਸੀ। ਅਜੇ ਤਾਂ ਉਹਦੇ ਅੰਦਰ ਨੱਕੋ-ਨੱਕ ਭਰਿਆ, ਉਮਲਦਾ-ਉਛਲਦਾ ਤੇ ਬੇਰੋਕ ਵਗਦਾ ਮੁਹੱਬਤ ਦਾ ਦਰਿਆ ਛਲ-ਛਲ ਛਲਕਦਾ ਪਿਆ ਸੀ। ਅਜੇ ਤਾਂ ਉਹਦੇ ਬੋਲਾਂ ਵਿਚਲੀ 'ਸੱਚ ਸੁਣਾਇਸੀ ਸੱਚ ਕੀ ਬੇਲਾ' ਵਾਲੀ ਗੜ੍ਹਕ ਜਿਉਂ ਦੀ ਤਿਉਂ ਕਾਇਮ

ਸੀ। ਅਜੇ ਤਾਂ ਉਹਦੀ ਕਲਮ ਵਿਚਲੀ ਲੋਹੜੇ ਦੀ ਜਵਾਨੀ ਅੰਗੜਾਈਆਂ ਭਰ ਰਹੀ ਸੀ ਤੇ ਉਹਦੀ ਸ਼ਬਦ-ਸਿਰਜਣਾ ਦਾ ਜਲੌਅ ਦਘ-ਦਘ ਦਘਦਾ ਪਿਆ ਸੀ ਕਿ ਉਹ ਇਹ ਸਾਰਾ ਕੁਝ ਆਪਣੇ ਨਾਲ ਲੈ ਕੇ ਅਚਨਚੇਤ ਅਲੋਪ ਹੋ ਗਿਆ।

ਜਿੱਥੇ ਤੇ ਜਦੋਂ ਵੀ ਕਿਸੇ ਨੂੰ ਮਦਦ ਦੀ ਲੋੜ ਹੁੰਦੀ, ਉਹ ਦਿਲ ਦੇ ਸਾਰੇ ਚਾਅ ਨਾਲ ਉਹਦੇ ਲਈ ਆਪਣਾ ਆਪ ਅਰਪਣ ਕਰ ਦਿੰਦਾ। ਉਹ ਚਾਲੂ ਬੰਦਿਆਂ ਵਾਂਗ ਚਾਬੀ ਵਾਲੇ ਬਾਵੇ ਵਾਂਗ 'ਹਾਂ ਜੀ! ਹਾਂ ਜੀ!' ਵਿਚ ਸਿਰ ਹਿਲਾਉਣੋਂ ਇਨਕਾਰੀ ਸੀ ਤੇ ਜੋ ਉਹਨੂੰ ਠੀਕ ਤੇ ਚੰਗਾ ਲੱਗਦਾ ਸੀ, ਉਹਦੇ ਹੱਕ ਵਿਚ ਗਰਜਵੀਂ ਪਰ ਸਤੁੰਲਤ ਆਵਾਜ਼ ਉਠਾਉਣ ਵਾਲਾ ਨਿੱਕਾ ਜਿਹਾ ਜਰਨੈਲ ਸੀ; ਜਿਸਨੇ ਸਦਾ ਆਪਣੀ ਹਿੱਕ ਤੇ ਧੌਣ ਨੂੰ ਵਿਰੋਧੀਆਂ ਦੇ ਵਾਰ ਖਾਣ ਲਈ ਸਿੱਧਾ ਰੱਖਿਆ। ਉਹਦੇ ਵਿਚ ਕੋਈ ਵਲ਼-ਵਿੰਗ ਨਹੀਂ ਸੀ।

ਉਹਦੀ ਮੌਤ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਸੁਖਜੀਤ ਬਾਰੇ ਲਿਖੀਆਂ ਗਈਆਂ ਟਿੱਪਣੀਆਂ ਵਿਚ ਉਹਦੇ ਬਾਰੇ ਜੋ ਵਿਸ਼ੇਸ਼ਣ ਵਰਤੇ ਗਏ, ਉਹਨਾਂ ਤੋਂ ਪਤਾ ਲੱਗਦਾ ਸੀ ਕਿ ਉਹ ਮੇਰੇ ਇਕੱਲੇ ਦਾ ਹੀ ਨਹੀਂ, ਸਭਨਾਂ ਦਾ ਕਿੰਨਾਂ ਆਪਣਾ ਸੀ! ਕਿੰਨੇ ਲੋਕਾਂ ਦੀ ਧਿਰ ਅਤੇ ਧਰਵਾਸਾ ਸੀ।

ਸਾਡਾ ਪਿਆਰਾ ਸੁਖਜੀਤ ਆਪਣੀ ਵਿਲਕਦੀ ਲਾਡਲੀ ਧੀ , ਦੁੱਖ ਵਿੱਚ ਪੱਥਰ ਬਣ ਗਈ ਪਿਆਰੀ ਪਤਨੀ, ਹੰਝੂ ਕੇਰਦੇ ਭਰਾਵਾਂ ਤੇ ਸੰਸਾਰ ਭਰ ਵਿਚ ਵੱਸਦੇ ਆਪਣੇ ਸੱਜਣਾ-ਸਨੇਹੀਆਂ ਤੇ ਪਾਠਕਾਂ-ਪ੍ਰਸੰਸਕਾਂ ਦੀਆਂ ਭੀੜਾਂ ਨੂੰ ਅਣ-ਕਿਆਸਿਆ ਦੁੱਖ ਦੇ ਕੇ ਸਦਾ ਲਈ ਅਲਵਿਦਾ ਆਖ ਗਿਆ ਹੈ। ਉੱਬਲਦੇ ਵਿਚਾਰਾਂ ਵਾਲਾ, ਲਟ ਲਟ ਮਘਦੇ ਜਜ਼ਬਿਆਂ ਦਾ ਸੇਕ ਛੱਡਣ ਵਾਲਾ ਖੌਲਦਾ ਸਮੁੰਦਰ ਸਦਾ ਲਈ ਸ਼ਾਂਤ ਹੋ ਗਿਆ ਹੈ। ਇਕ ਦਹਿਕਦਾ ਸੂਰਜ ਬਰਫ਼ ਦੇ ਗੋਲੇ ਦੀ ਕੇਸਰੀ ਟਿੱਕੀ ਵਾਂਗ ਖੁਰ ਕੇ ਅਲੋਪ ਹੋ ਗਿਆ ਤੇ ਆਪਣਾ ਵਿਚਾਰਾਂ ਦਾ ਕਿਰਮਚੀ ਰੰਗ ਬਖ਼ੇਰ ਕੇ ਡੂੰਘੇ ਹਨੇਰਿਆਂ ਵਿਚ ਨਿਵਾਸ ਕਰਨ ਲਈ ਜਾ ਬੈਠਾ ਏ।

ਉਹ ਤਾਂ ਚਲਾ ਗਿਆ ਏ ਪਰ ਕੀ ਸਾਡੇ ਦਿਲਾਂ ਵਿਚੋਂ ਵੀ ਉਹ ਕਿਤੇ ਜਾ ਸਕਦਾ ਏ!

ਲਾ ਕੇ ਇਸ 'ਚੋਂ ਡੁਬਕਣੀ ਪੰਛੀ ਕਦੋਂ ਦਾ ਉੱਡ ਗਿਆ, ਝੀਲ ਦਾ ਪਾਣੀ ਤਾਂ ਪਰ ਕੰਬਦਾ ਰਹੇਗਾ ਦੇਰ ਤੱਕ।

ਉਹ ਬਾਤਾਂ ਪਾਉਂਦਾ ਪਾਉਂਦਾ ਆਪ ਵੀ ਬਾਤ ਹੋ ਗਿਆ।

ਉਹਦੇ ਪ੍ਰਸੰਸਕਾਂ ਦਾ ਏਨਾ ਮੋਕਲਾ ਕਲਾਵਾ ਉਹਦੀ ਬੇਹੱਦ ਲੋਕ-ਪ੍ਰਿਅਤਾ ਦੀ ਦੱਸ ਪਾਉਂਦਾ ਹੈ।

ਬੰਦਾ ਤੁਰ ਜਾਂਦਾ ਹੈ, ਪਿੱਛੇ ਯਾਦਾਂ ਰਹਿ ਜਾਂਦੀਆਂ ਨੇ।

ਤੂੰ ਸਦਾ ਯਾਦ ਰਹੇਂਗਾ ਮੇਰੇ ਹੀਰਿਆ ਹਰਨਾਂ! ਮੇਰੇ ਸੋਹਣਿਆਂ ਯਾਰਾ! ਮੇਰੇ ਛੋਟੇ ਭਰਾ। ਮੈਨੂੰ 'ਬਾਪੂ' ਕਹਿਣ ਵਾਲਿਆ ਮੇਰੇ ਪੁੱਤਰਾ!

ਤੇ ਸਭਨਾਂ ਦੇ ਬੇਲੀਆ!

**ਗੋਰਖ਼-ਧੰਦਾ ਸੁਖਜੀਤ**

ਆਓ! ਇਹਨਾਂ ਭਾਵੁਕ ਤੇ ਦੁਖਾਂਤਕ ਪਲ਼ਾਂ ਵਿਚੋਂ ਬਾਹਰ ਨਿਕਲਦੇ ਹਾਂ। ਆਪਣੇ ਆਪ ਨੂੰ ਸਾਂਭਦੇ ਹਾਂ। ਸੰਤੁਲਿਤ ਹੁੰਦੇ ਹਾਂ। ਸੁਖਜੀਤ ਨੂੰ 'ਸਮਝਣ' ਦੀ ਕੋਸ਼ਿਸ਼ ਕਰਦੇ ਹਾਂ।

ਮੋਹਨ ਸਿੰਘ ਨੇ ਰੱਬ ਨੂੰ 'ਗੋਰਖਧੰਦਾ' ਕਿਹਾ ਸੀ, ਮੈਨੂੰ ਲੱਗਦਾ ਹੈ ਕਿ ਸੁਖਜੀਤ ਵੀ ਨਿੱਕਾ ਜਿਹਾ 'ਗੋਰਖਧੰਦਾ' ਹੀ ਹੈ।

ਸੁਖਜੀਤ ਨੂੰ ਸਮਝਣਾ/ਸਮਝਾਉਣਾ ਵੀ ਗੋਰਖਧੰਦੇ ਦੇ ਪੇਚ ਖੋਲਣ ਵਾਂਗ ਹੀ ਹੈ। ਰੱਬ ਨੂੰ ਖੋਜਣ ਵਾਲਿਆਂ ਵਾਂਗ ਆਪਾਂ ਸੁਖਜੀਤ ਨੂੰ ਲੱਭਦਿਆਂ 'ਪਾਗਲ' ਤਾਂ ਨਹੀਂ ਹੋਣਾ, ਪਰ 'ਸਿਆਣਪ' ਨਾਲ ਉਹਦੀ ਕਿਸੇ ਤੰਦ ਨੂੰ ਫੜ ਕੇ ਉਹਦੇ ਤੱਕ ਪਹੁੰਚਣਾ ਵੀ ਸੌਖਾ ਨਹੀਂ। ਪਹੁੰਚਾਂਗੇ ਤਾਂ ਤਦ ਹੀ , ਜੇ ਸੁਖਜੀਤ ਇੱਕ ਹੋਵੇ। ਸੁਖਜੀਤ ਤਾਂ ਕਿੰਨੇ ਸਾਰੇ ਨੇ। ਉਲਝੀ ਤਾਣੀ ਦੀ ਇੱਕ ਗੰਢ ਖੋਲ੍ਹੋਗੇ ਤਾਂ ਅੱਗੇ ਨਵੀਂ ਗੰਢ ਆ ਜਾਵੇਗੀ। ਉਹ ਖੋਲ੍ਹੋਗੇ ਤਾਂ ਅੱਗੇ ਹੋਰ ਗੰਢ! ਤੇ ਚੱਲ ਸੋ ਚੱਲ!

ਉਹ ਖ਼ਾਨਦਾਨੀ ਨਾਮਧਾਰੀ ਹੈ। ਆਪਣੇ ਗੁਰੂ ਦਾ ਸ਼ਰਧਾਵਾਨ ਸਿੱਖ, ਉਹਦੇ ਹਰ ਹੁਕਮ ਦਾ ਪਾਬੰਦ! ਉਸ ਲਈ ਹਰ ਵੇਲੇ ਜਾਨ ਦੀ ਬਾਜ਼ੀ ਲਾਉਣ ਲਈ ਤਿਆਰ। ਨਾਮਧਾਰੀ ਗੁਰੂ ਗ੍ਰੰਥ ਸਾਹਿਬ ਅਤੇ ਬਾਣੀ ਦਾ ਪੂਰਾ ਸਤਿਕਾਰ ਕਰਦੇ ਨੇ, ਪਰ ਉਸ ਨੂੰ 'ਗੁਰੂ' ਨਹੀਂ ਮੰਨਦੇ। ਉਹ ਦੇਹਧਾਰੀ ਗੁਰੂ ਨੂੰ ਮੰਨਦੇ ਨੇ। ਸੁਖਜੀਤ 'ਆਪਣੇ ਗੁਰੂ' ਨੂੰ ਤਾਂ ਮੰਨਦਾ ਹੀ ਹੈ ਪਰ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਦਿਆਂ ਉਹਨੂੰ ਲੱਗਦਾ ਹੈ ਕਿ ਜਿਵੇਂ ਗੁਰੂ ਗ੍ਰੰਥ ਸਾਹਿਬ ਉਸ ਨਾਲ ਬਚਨ ਕਰ ਰਹੇ ਹੋਣ। ਉਹਨੂੰ ਸਲਾਹ ਦੇ ਰਹੇ ਹੋਣ। ਹੁਕਮ ਦੇ ਰਹੇ ਹੋਣ! ਤੇ ਉਹ ਮੰਨਦਾ ਹੈ ਕਿ 'ਗੁਰੂ ਗ੍ਰੰਥ ਸਾਹਿਬ' ਉਸ ਨਾਲ ਬਚਨ ਕਰਦਿਆਂ ਜੋ 'ਉਹ' ਕਹਿੰਦੇ ਨੇ, ਉਹ ਪੂਰਾ ਵੀ ਹੁੰਦਾ ਰਿਹਾ ਹੈ। ਉਹ 'ਚੰਡੀ'ਦਾ ਉਪਾਸ਼ਕ ਵੀ ਹੈ ਤੇ ਚੰਡੀ ਦੀ ਵਾਰ ਸੁਣਦਿਆਂ ਬੀਰ-ਰਸ ਨਾਲ ਭਰ ਜਾਂਦਾ ਹੈ। ਉਹ ਅੰਤਮ ਸਮੇਂ ਤੱਕ ਹਰ ਰੋਜ਼ ਚੌਪਈ ਸਾਹਿਬ ਦਾ ਪਾਠ ਕਰਨਾ ਨਹੀਂ ਭੁੱਲਦਾ। ਪਾਪ ਤੇ ਵਧੀਕੀਆਂ ਕਰਦਾ ਹੈ, ਉਹਨਾਂ ਦਾ ਬਿਆਨ ਕਰਦਾ ਹੈ ਤੇ ਫਿਰ ਆਪਣੇ ਪਾਪਾਂ ਨੂੰ ਧੋਣ ਲਈ ਗੰਗਾ ਦੇ ਇਸ਼ਨਾਨ ਕਰਨ ਤੇ ਤਪ ਕਰਨ ਵੀ ਜਾ ਬੈਠਦਾ ਹੈ। ਉਹ ਭਿੰਡਰਾਂਵਾਲੇ ਦੇ ਤਪ-ਤੇਜ ਦਾ ਵੀ ਪ੍ਰਸ਼ੰਸਕ ਹੈ ਤੇ ਸੁਰਜੀਤ ਖ਼ੁਰਸ਼ੀਦੀ ਵਰਗੇ ਨਾਸਤਿਕ ਕਮਿਊਨਿਸਟ ਦਾ ਮੁਰੀਦ ਵੀ। ਉਹ ਆਰ ਐੱਸ ਐੱਸ ਦਾ ਸਿਰਕਰਦਾ ਮੈਂਬਰ ਤੇ ਬੁਲਾਰਾ ਵੀ ਹੈ। ਗੁਰੂ ਗ੍ਰੰਥ ਸਾਹਿਬ ਦੀਆਂ ਘਰ ਵਿਚ ਰੱਖੀਆਂ ਸੈਂਚੀਆਂ ਤੋਂ ਪਾਠ ਵੀ ਕਰਦਾ ਹੈ ਤੇ ਘਰ ਦੀ ਬਗ਼ੀਚੀ ਵਿਚ ਹਵਨ-ਕੁੰਡ ਵੀ ਬਣਾਇਆ ਹੋਇਆ ਹੈ, ਮਿਰਗਛਲ ਵੀ ਵਿਛਾਈ ਹੈ, ਚਿਮਟਾ ਤੇ ਕੂੰਡਾ ਵੀ ਰੱਖਿਆ ਹੈ! ਡੇਰੇ ਦਾ ਕਾਰ-ਮੁਖ਼ਤਿਆਰ ਰਿਹਾ ਨਾਮਧਾਰੀ ਸੁਖਜੀਤ ਸਿੰਘ, ਡੇਰਾ ਤਿਆਗਣ ਤੋਂ ਬਾਅਦ 'ਸਵਾਮੀ ਸੂਰਯ ਪ੍ਰਕਾਸ਼' ਬਣ ਜਾਂਦਾ ਹੈ। ਦੁੱਧ ਚਿੱਟੇ ਵਸਤਰ ਤਿਆਗ ਕੇ ਭਗਵਾਂ ਚੋਲਾ ਪਹਿਨ ਲੈਂਦਾ ਹੈ। ਗਲ਼ ਵਿਚ ਭਗਵਾਂ ਪਰਨਾ ਲਟਕਾਈ ਫਿਰਦਾ ਹੈ। ਚਿੱਟੀ ਦਸਤਾਰ ਉਤਾਰ ਕੇ ਵਾਲ ਕਟਾ ਲੈਂਦਾ ਹੈ ਤੇ ਕੱਟੇ ਕੇਸ ਪਿੱਛੇ ਨੂੰ ਖਿਲਾਰ ਕੇ ਹੱਥ ਵਿਚ ਚਮਕਦੀ ਖੂੰਡੀ ਫੜ ਲੈਂਦਾ ਹੈ। ਸਵਾਮੀ ਬਣ ਕੇ ਉਹਦੇ ਡੇਰੇ 'ਤੇ ਆਏ ਰੋਗੀਆਂ ਦਾ ਆਪਣੇ 'ਮੰਤਰਾਂ' ਨਾਲ ਇਲਾਜ ਕਰਦਾ ਹੈ। ਕਈਆਂ ਨੂੰ ਘਰੋਂ ਬੇਘਰ ਕਰਨ ਵਾਲਾ ਸੰਵੇਦਨ-ਹੀਣ ਲੱਗਦਾ ਬੰਦਾ ਏਨਾ ਸੰਵੇਦਨਸ਼ੀਲ ਹੈ ਕਿ ਘਰ ਦੇ ਗੇਟ 'ਤੇ ਲਟਕਦੀ ਵੇਲ ਦੀ ਟਾਹਣੀ ਤੋੜਨ 'ਤੇ ਘਰ ਵਾਲੀ ਨੂੰ ਗੁੱਸੇ ਹੁੰਦਾ ਹੈ ਜ਼ਖ਼ਮੀ ਪਰਿੰਦਿਆਂ ਤੇ ਪਸ਼ੂਆਂ ਦੇ ਜ਼ਖ਼ਮਾਂ 'ਤੇ ਲਾਉਣ ਲਈ ਬੈਗ ਵਿਚ ਹਲਦੀ ਰੱਖਦਾ ਹੈ। ਦਰਖ਼ਤਾਂ ਨੂੰ ਕੱਟੇ ਜਾਣ ਤੋਂ ਬਚਾਉਣ ਲਈ ਨਹਿਰ ਕੰਢੇ ਹਨੂਮਾਨ ਦਾ ਮੰਦਰ ਬਣਾ ਦਿੰਦਾ ਹੈ। ਉਹ ਹਿੰਦੁਸਤਾਨ ਨੂੰ 'ਬਹੁਤ ਪਿਆਰ' ਕਰਦਾ ਹੈ, ਪਰ 'ਦੇਸ ਪੰਜਾਬ' ਨੂੰ 'ਬਹੁਤ ਸਾਰਾ ਪਿਆਰ' ਕਰਦਾ ਹੈ। ਉਹਨੂੰ ਮਹਾਰਾਜਾ

ਰਣਜੀਤ ਸਿੰਘ ਦੇ ਰਾਜ ਖੁੱਸਣ ਦਾ ਵੀ ਵਿਗੋਚਾ ਹੈ। ਪਰ 'ਹਿੰਦੀ, ਹਿੰਦੂ, ਹਿੰਦੋਸਤਾਨ' ਦੇ ਮੱਦਾਹ 'ਹਿੰਦੂ ਰਾਸ਼ਟਰ' ਵਿਚ ਆਸਥਾ ਰੱਖਣ ਵਾਲੇ ਹਿੰਦੂ ਸੰਗਠਨਾਂ ਦੇ ਇਕੱਠਾਂ ਵਿੱਚ ਹਿੰਦੂਤਵ ਦਾ ਗੁਣ-ਗਾਣ ਕੁਝ ਇਸ ਅੰਦਾਜ਼ ਵਿਚ ਕਰਦਾ ਹੈ ਕਿ ਸਰੋਤਿਆਂ ਦਾ ਖ਼ੂਨ ਖੌਲਣ ਲੱਗ ਜਾਂਦਾ ਹੈ।

ਏਨੇ ਪਾਸੇ ਲੱਤਾਂ-ਬਾਹਵਾਂ ਤੇ ਤਨ-ਮਨ ਫਸਾਈ ਬੈਠਾ ਸੁਖਜੀਤ ਇਹ ਵੀ ਦਾਅਵਾ ਕਰਦਾ ਹੈ ਕਿ ਉਹਨੇ ਆਪਣੇ ਗਲ਼ ਵਿਚ ਕਦੀ ਕਿਸੇ ਦਾ ਪਟਾ ਨਹੀਂ ਪਾਇਆ। ਨਾ ਉਹ ਕਿਸੇ ਦੇ ਸ਼ਿਸ਼ਕਾਰਨ 'ਤੇ ਕਿਸੇ ਨੂੰ 'ਭੌਂਕਿਆ ਹੈ', ਨਾ ਕਿਸੇ ਦੇ ਕਹੇ 'ਤੇ ਕਿਸੇ ਨੂੰ 'ਵੱਢਿਆ' ਹੈ। ਉਹਨੇ ਕਦੀ ਕਿਸੇ ਦਾ 'ਪਾਲਤੂ' ਬਣਨਾ ਪ੍ਰਵਾਨ ਨਹੀਂ ਕੀਤਾ। ਉਹ ਤਾਂ ਗਲੀਆਂ ਵਿਚ ਫ਼ਿਰਨ ਵਾਲਾ 'ਆਜ਼ਾਦ ' ਹੈ।

ਸਾਡੇ ਤੁਹਾਡੇ ਲਈ ਸਮਝਣਾ ਜਾਣਨਾ ਔਖਾ ਹੈ ਕਿ ਉਹ ਕਿੰਨਾ ਸੱਚ ਬੋਲ ਰਿਹਾ ਹੈ ਤੇ ਕਿੰਨਾਂ ਝੂਠ।

ਸੁਖਜੀਤ ਦੇ ਅਨੇਕ ਰੰਗ ਹਨ। ਕਾਲੇ, ਚਿੱਟੇ, ਭਗਵੇਂ, ਨੀਲੇ, ਪੀਲੇ, ਲਾਲ, ਹਰੇ ਤੇ ਹੋਰ ਪਤਾ ਨਹੀਂ ਕਿੰਨੇ!

ਉਹ ਜਾਬਰ-ਧਾਕੜ ਲੱਗਦਾ ਤੇ ਜ਼ਾਲਮ ਵੀ। ਪਤਾ ਨਹੀਂ ਕਿੰਨਿਆਂ ਨੂੰ ਉਹਨੇ ਵਿਸਾਹ ਕੇ 'ਮਾਰਿਆ'! ਕਿੰਨੇ ਕਬਜ਼ੇ ਲਏ। ਕਿੰਨਿਆਂ ਦੇ ਘਰ ਢਾਹੇ। ਕਿੰਨਿਆਂ ਦੇ ਦਿਲ ਢਾਹੇ। ਮਹਾਰਾਜ ਬੀਰ ਸਿੰਘ ਜਿਹੇ 'ਪਰਬਤਾਂ' ਵਰਗੇ ਕਿੰਨਿਆਂ ਨੂੰ ਉਹਨੇ ਕੱਖੋਂ ਹੌਲੇ ਕੀਤਾ। ਉਹਦਾ ਦਾਅਵਾ ਹੈ ਕਿ ਇਹ ਸਭ ਕੁਝ ਕਰਦਿਆਂ ਨਾ ਉਹਨੂੰ ਜ਼ਿੰਦਗੀ ਭਰ ਕੋਈ ਟੈਨਸ਼ਨ ਹੋਈ ਨਾ ਕਦੀ ਡਿਪਰੈਸ਼ਨ ਦਾ ਸ਼ਿਕਾਰ ਹੋਇਆ। ਉਹ ਆਪਣੀ 'ਬਹਾਦਰੀ' ਦੇ ਕਿਸੇ ਬੜੇ ਮਾਣ ਨਾਲ ਸੁਣਾਉਂਦਾ ਰਿਹਾ। ਇਹ ਕਿਸੇ ਸੁਣਦਿਆਂ ਉਹ ਪੱਥਰ ਦਿਲ ਇਨਸਾਨ ਲੱਗਦਾ ਹੈ। ਪਰ ਦੂਜੇ ਪਲ ਹੀ ਪਿਘਲਦੀ ਹੋਈ ਮੋਮ ਬਣ ਜਾਂਦਾ ਹੈ। ਉਤੋਂ-ਉੱਤੋਂ ਗੁਰੂ ਰਵਿਦਾਸ ਦੀ ਪੱਥਰ ਦੀ ਸਿਲ਼ ਵਰਗਾ, ਪਰ, ਜਿਸ ਦੇ ਹੇਠਾਂ ਅੰਮ੍ਰਿਤ-ਗੰਗਾ ਵੀ ਵਗਦੀ ਪਈ ਹੈ।

ਪੱਥਰ ਦੀ ਸਿਲ਼ ਉਹਦਾ ਦਿਸਦਾ ਆਪਾ ਹੈ। ਉਹਦੀਆਂ ਬਿਆਨ ਕੀਤੀਆਂ ਕਰਤੂਤਾਂ ਤੇ ਕਬਜ਼ਿਆਂ ਦੀਆਂ ਕਹਾਣੀਆਂ ਹਨ। ਪਰ ਇਸ ਸਿਲ਼ ਹੇਠਾਂ ਵਗਦੀ ਗੰਗਾ ਉਹਦੀਆਂ ਕਹਾਣੀਆਂ ਹਨ। ਉਹਨਾਂ ਕਹਾਣੀਆਂ ਵਿਚ ਵਹਿੰਦਾ ਉਹਦਾ ਨਜ਼ਰੀਆ ਹੈ, ਉਹਦੀ ਸੰਵੇਦਨਾ ਹੈ।

ਅਜਿਹੇ ਬਹੁਰੰਗੇ ਸੁਖਜੀਤ ਦੇ ਕਿਸੇ ਇੱਕ ਰੰਗ ਨੂੰ ਫੜਨਾ ਬਹੁਤ ਔਖਾ ਹੈ। ਉਹਨੂੰ ਪੂਰੇ ਦਾ ਪੂਰਾ ਸਮਝਿਆ ਹੀ ਨਹੀਂ ਜਾ ਸਕਦਾ। ਸ਼ਾਇਦ ਉਹ ਵੀ ਨਾ ਸਮਝਾ ਸਕਿਆ ਹੋਵੇ। ਆਪਾਂ ਵੀ ਉਸਨੂੰ ਟੋਟਿਆਂ ਵਿਚ ਵੀ ਵੇਖਣ ਦੀ ਕੋਸ਼ਿਸ਼ ਕਰਾਂਗੇ।

**'ਸੁੱਚਾ ਬਦਮਾਸ਼' ਤੇ ਸੱਚਾ ਲੇਖਕ**

'ਸਾਊ' ਬਣਨਾ ਜਾਂ ਦਿਸਣਾ ਸੁਖਜੀਤ ਦੀ ਪਹਿਲ ਨਹੀਂ ਸੀ।

ਅਸੀਂ ਤਾਂ 'ਸਾਊ' ਦੀ ਪਰਿਭਾਸ਼ਾ ਪ੍ਰਿੰ ਤੇਜਾ ਸਿੰਘ ਵਾਲੀ ਹੀ ਮੰਨਦੇ,ਸਮਝਦੇ ਆ ਰਹੇ ਸਾਂ, 'ਸਾਊ ਉਹ, ਜੋ ਸੋਹਣਾ ਵਰਤੇ' ਪਰ ਸੁਖਜੀਤ ਨੇ ਇੱਕ ਵਾਰ 'ਪ੍ਰਵਚਨ ਕਰਦਿਆਂ 'ਸਾਊ' ਨੂੰ ਕੁਝ ਇਸਤਰ੍ਹਾਂ ਪਰਿਭਾਸ਼ਿਤ ਕੀਤਾ, " 'ਸਾਊ' ਬੰਦਾ ਲੇਖਕ ਹੋ ਹੀ ਨਹੀਂ ਸਕਦਾ। ਸਾਊ ਬੰਦਾ

ਸੱਚ ਤਾਂ ਕੀ, ਬੋਲ ਹੀ ਨਹੀਂ ਸਕਦਾ। ਉਹ ਕੁਝ ਕਰ ਹੀ ਨਹੀਂ ਸਕਦਾ। ਜਿਹੋ ਜਿਹੇ ਮਸਲੇ ਕਹਾਣੀਕਾਰ, ਲੇਖਕ ਆਪਣੀਆਂ ਲਿਖਤਾਂ ਵਿਚ ਲਿਆਉਂਦਾ, ਸਾਊ ਬੰਦਾ ਲਿਆ ਹੀ ਨਹੀਂ ਸਕਦਾ। ਸਾਊ ਕਿਸੇ ਕੰਮ ਦਾ ਨਹੀਂ ਹੁੰਦਾ। ਨਾ ਉਹਨੇ ਸਮਾਜ 'ਚ ਕੁਝ ਕਰਨਾ, ਨਾ ਉਹਨੇ ਕਿਸੇ ਸਮੱਸਿਆ ਦੇ ਨਾਲ ਖੜਨਾ, ਨਾ ਉਹਨੇ ਅੜਨਾ, ਨਾ ਉਹਨੇ ਲੜਨਾ। ਉਹ ਸਾਊ ਬਣ ਕੇ ਕਰੂਗਾ ਕੀ? ਇੱਕੋ ਹੀ ਕੰਮ ਕਰ ਲਵੇ, ਜਾਂ ਤਾਂ ਕਹਾਣੀਕਾਰ ਬਣ ਜੇ' ਤੇ ਜਾਂ ਸਾਊ ਬਣ ਜੇ'। ਦੋ ਗੱਲਾਂ ਨਾਲ-ਨਾਲ ਨਹੀਂ ਚੱਲਦੀਆਂ। ਕੁਲਵੰਤ ਨੀਲੋਂ ਕਹਿੰਦਾ 'ਨਾਲੇ ਤੂੰ ਸੋਚਦਾਂ ਮੁਹੱਬਤ ਬਣੀ ਰਹੇ, ਨਾਲੇ ਤੂੰ ਸੋਚਦਾਂ ਮੇਰੀ ਇੱਜ਼ਤ ਬਣੀ ਰਹੇ', ਇਹ ਦੋ ਨਹੀਂ ਰਹਿੰਦੀਆਂ ਹੁੰਦੀਆਂ, ਮੁਹੱਬਤ ਰਹਿੰਦੀ ਹੈ ਜਾਂ ਇੱਜ਼ਤ ਰਹਿੰਦੀ ਹੈ, ਜਿਹੜੀ ਰੱਖਣੀ ਰੱਖ ਲੈ।''

ਉਹਦਾ ਮੰਨਣਾ ਹੈ ਕਿ ਉਹਨੇ 'ਮੁਹੱਬਤ' ਰੱਖੀ। ਏਸੇ ਲਈ ਆਪਣਾ ਸਵੈ-ਬਿਰਤਾਂਤ ਸਾਂਝਾ ਕਰਦਿਆਂ ਉਹਨੇ ਆਪਣੇ ਧੱਕਿਆਂ, ਧੋਖਿਆਂ ਦਾ ਬੇਬਾਕ ਵਰਨਣ ਕੀਤਾ ਹੈ। ਪੜ੍ਹਨ ਵਾਲਾ ਉਹਨੂੰ ਨਾਇਕ ਦੀ ਥਾਂ ਖ਼ਲਨਾਇਕ ਸਮਝਦਾ ਤਾਂ ਸਮਝੀ ਜਾਵੇ! ਉਹਨੂੰ ਪ੍ਰਵਾਹ ਨਹੀਂ।

ਸੁਖਜੀਤ ਅੰਦਰ ਸਭ ਤੋਂ ਪਹਿਲਾਂ ਕਹਾਣੀ ਦਾ ਬੀਜ ਬਚਪਨ ਵਿਚ ਆਪਣੇ ਮਾਮੇ ਤੇ ਮਾਂ ਤੋਂ ਸੁਣੀਆਂ ਕਹਾਣੀਆਂ 'ਚੋਂ ਡਿੱਗਾ। ਉਸਤੇ ਉਹਦੇ ਮਾਮਿਆਂ ਦਾ ਬਹੁਤ ਡੂੰਘਾ ਅਸਰ ਸੀ। ਉਹਦੇ ਮਾਮੇ ਦਾ ਮਾਮਾ ਡਾਕੂ ਵੀ ਰਿਹਾ ਸੀ। ਉਹ ਡਾਕੂਆਂ ਦੀਆਂ, ਹਥਿਆਰਾਂ ਦੀਆਂ ਗੱਲਾਂ ਸੁਣਾਉਂਦਾ। ਡਾਕੂਆਂ ਦੇ ਕਿਰਦਾਰ ਦੀ 'ਬੁਲੰਦੀ' ਬਾਰੇ ਗੱਲਾਂ ਕਰਦਾ। 'ਬਦਮਾਸ਼ੀ' ਨੂੰ ਪਰਿਭਾਸ਼ਿਤ ਕਰਦਾ ਉਹਦਾ ਮਾਮਾ ਆਖਦਾ, ਬੰਦੇ ਨੇ ਬਦਮਾਸ਼ੀ ਕਰਨੀ ਹੋਵੇ ਤਾਂ ਉਸ ਨੂੰ 'ਸੁੱਚੀ ਬਦਮਾਸ਼ੀ' ਕਰਨੀ ਚਾਹੀਦੀ ਹੈ। ਡਾਕੂ ਉਹ, ਜੋ ਲੰਗੋਟ ਦਾ ਪੱਕਾ ਹੋਵੇ!

ਕਹਾਣੀ ਦੇ ਨਾਲ ਹੀ ਸ਼ਾਇਦ 'ਸੁੱਚੀ ਬਦਮਾਸ਼ੀ' ਕਰਨ ਦਾ ਬੀਜ ਵੀ ਕਿਧਰੇ ਉਹਦੇ ਅੰਦਰ ਡਿੱਗ ਪਿਆ ਸੀ। ਉਹ ਬਚਪਨ ਤੋਂ ਹੀ ਹਥਿਆਰਾਂ ਨੂੰ ਪਿਆਰ ਕਰਨ ਲੱਗਾ। ਵਜ਼ੂਕਾ ਬਣਾ ਕੇ ਰੱਖਣਾ ਤੇ ਜਿਊਣਾ ਉਹਨੂੰ ਚੰਗਾ ਲੱਗਦਾ। ਜਵਾਨੀ ਚੜ੍ਹਦਿਆਂ ਉਹ ਉਚੇਚੇ ਤੌਰ 'ਤੇ ਵੱਧ ਕੀਮਤ ਵਾਲੀ ਵਧੀਆ ਰਾਈਫ਼ਲ ਖ਼ਰੀਦ ਕੇ ਲਿਆਇਆ। ਮਾਰੂਤੀ ਕਾਰ ਖ਼ਰੀਦੀ। ਉਹ ਆਪਣਾ ਵੱਜ ਬਣਦਾ ਵੇਖਣ ਦਾ ਸ਼ੌਕੀਨ ਸੀ। ਉਹ ਪੁਲਿਸ ਨਾਲ ਬਣਾ ਕੇ ਰੱਖਦਾ। ਪੁਲਿਸ ਵਾਲੇ ਵੀ ਕਾਰ ਮੰਗ ਕੇ ਲੈ ਜਾਂਦੇ। ਉਹਨਾਂ ਦੀਆਂ ਲੋੜਾਂ ਪੂਰੀਆਂ ਕਰਦਾ। ਅੰਦਰ ਹੀ ਅੰਦਰ ਕਿਧਰੇ ਸੁੱਚਾ ਬਦਮਾਸ਼ ਬਣਨ ਦੀ ਲਲਕ ਵੀ ਸੀ। ਉਹਦੀ ਮਾਂ ਅਕਸਰ ਉਹਨੂੰ ਭੈਣੀ ਸਾਹਿਬ ਲੈ ਕੇ ਜਾਂਦੀ। ਉਹ ਕਈ ਕਈ ਦਿਨ ਓਥੇ ਸੇਵਾ ਕਰਦਾ। ਨਾਮਧਾਰੀ ਕਲਚਰ ਤੋਂ ਜਾਣੂ ਹੋਣ ਲੱਗਾ। ਓਥੇ ਕੁਝ ਚੁਨਿੰਦਾ ਮਾਰ-ਖ਼ੋਰੇ ਬੰਦਿਆਂ ਦੀ ਟੀਮ ਸੀ ਜਿਹੜੀ ਅੜੇ-ਥੁੜੇ ਕੰਮਾਂ ਤੇ ਕਬਜ਼ਿਆਂ ਵਾਲੀਆਂ ਥਾਵਾਂ ਦਾ ਕਬਜ਼ਾ ਲੈਣ ਦੀ ਪੈਰਵਾਈ ਕਰਦੀ ਸੁਖਜੀਤ ਵੀ ਚਾਹੁੰਦਾ, ਉਸ ਟੀਮ ਦੇ ਆਗੂਆਂ ਵਾਂਗ ਉਹਦੀ ਵੀ ਪੁੱਛ-ਗਿੱਛ ਹੋਵੇ। ਉਹਨੂੰ ਵੀ ਗੰਨ-ਮੈਨ ਮਿਲਣ। ਗੱਡੀਆਂ ਮਿਲਣ।

ਹੌਲੀ ਹੌਲੀ ਉਹਦੀ ਪੁੱਛ-ਗਿੱਛ ਵਧ ਰਹੀ ਸੀ। ਪੁਲਿਸ ਵਿਚ ਅਸਰ-ਰਸੂਖ ਵਧ ਰਿਹਾ ਸੀ।

ਸੁਖਜੀਤ ਨੂੰ ਯਾਦ ਆਉਂਦਾ ਜਦੋਂ 82 ਵਿਚ ਹੀ ਗੁਰੂ ਜੀ ਨੇ ਉਹਨੂੰ 'ਵਰ'ਦਿੱਤਾ ਸੀ।

ਉਦੋਂ ਉਹ ਭੈਣੀ ਸਾਹਿਬ ਪੱਕੇ ਤੌਰ ਤੇ ਨਹੀਂ ਸੀ ਰਹਿੰਦਾ। ਪੰਜਾਬ ਦੇ ਹਾਲਾਤ ਖਰਾਬ ਹੋਣ ਲੱਗੇ। ਉਹਦੀ ਸ਼ਾਂਤੀ ਵਾਸਤੇ ਭੈਣੀ ਸਾਹਿਬ ਵਿਚ ਸਵਾ ਮਹੀਨੇ ਦਾ ਜਪ-ਪ੍ਰਯੋਗ ਕਰਨਾ

ਸੀ, ਚੰਡੀ ਦੀ ਵਾਰ ਦਾ ਜਾਪ ਕਰਨਾ ਸੀ। ਹਵਨ ਕਰਨਾ ਸੀ। ਇਸ ਲਈ ਨੇੜੇ ਦੇ ਪਿੰਡਾਂ ਵਿਚੋਂ ਚੋਣਵੇਂ ਮੁੰਡਿਆਂ ਦੇ ਨਾਲ ਸੁਖਜੀਤ ਨੂੰ ਵੀ ਬੁਲਾਇਆ ਗਿਆ। ਸਵਾ ਮਹੀਨੇ ਬਾਅਦ ਸਤਿਗੁਰਾਂ ਨੇ ਸਭਨਾਂ ਨੂੰ ਮਾਲਾ ਦਿੱਤੀਆਂ। ਜਦੋਂ ਸੁਖਜੀਤ ਦੀ ਵਾਰੀ ਆਈ ਤਾਂ ਉਹਦੇ ਮੋਢੇ 'ਤੇ ਹੱਥ ਮਾਰ ਕੇ ਕਹਿੰਦੇ, "ਅੱਜ ਤੋਂ ਬਾਅਦ ਤੇਰੇ ਅੱਗੇ ਕੋਈ ਨਾ ਅੜੂਗਾ।"

ਉਹ 1982 ਵਿਚ ਮਿਲੇ ਥਾਪੜੇ ਦੇ ਰਹੱਸਮਈ ਅਰਥਾਂ ਨੂੰ ਸਮਝਣ ਲੱਗਾ ਤੇ ਭੈਣੀ ਸਾਹਿਬ ਵਿਚ ਆਪਣੀ ਥਾਂ ਨਿਸਚਿਤ ਕਰਨ ਲੱਗਾ। ਇਹ ਥਾਂ ਬਣਾਉਣ ਦਾ ਸਮਾਂ ਆ ਗਿਆ।

ਭੈਣੀ ਸਾਹਿਬ ਨੇੜੇ ਇੱਕ ਕਿਸਾਨ ਦੀ ਯਾਰਾਂ ਕੁ ਕਿਲੇ ਜ਼ਮੀਨ ਸੀ। ਨਾਮਧਾਰੀ ਚਾਹੁੰਦੇ ਸਨ ਕਿ ਬਣਦੇ ਮੁੱਲ ਤੋਂ ਵੀ ਵੱਧ ਪੈਸੇ ਦੇ ਕੇ ਉਹ ਜ਼ਮੀਨ ਖ਼ਰੀਦ ਲਈ ਜਾਵੇ। ਮਾਰ-ਖ਼ੋਰੀ ਟੀਮ ਤੋਂ ਗੱਲ ਕਿਸੇ ਤਣ-ਪੱਤਣ ਨਹੀਂ ਸੀ ਲੱਗ ਰਹੀ। ਉਹਨਾਂ ਨੇ ਪੁਲਿਸ ਨੂੰ ਕਹਿ ਕੇ ਉਹਨੂੰ ਗ਼ਰਿਫ਼ਤਾਰ ਕਰਵਾ ਦਿੱਤਾ। ਪੁਲਿਸ ਨੇ ਕਿਸਾਨ ਨੂੰ ਡਰਾਉਣ ਧਮਕਾਉਣ ਲਈ ਝੂਠਾ ਦੋਸ਼ ਲਾਇਆ ਕਿ ਤੇਰੇ ਕੋਲ ਖਾੜਕੂ ਆਉਂਦੇ ਨੇ। ਕਿਸਾਨ ਦੇ ਟੱਬਰ ਦੇ ਜੀਅ ਸੁਖਜੀਤ ਕੋਲ ਮਦਦ ਮੰਗਣ ਆਏ। ਉਹਨਾਂ ਨੂੰ ਕੀ ਪਤਾ ਕਿ ਉਹਨੂੰ ਤਾਂ ਫਸਾਇਆ ਹੀ ਨਾਮਧਾਰੀਆਂ ਨੇ ਹੈ, ਤਾਕਿ ਉਹਨੂੰ 'ਤੋੜਿਆ' ਜਾ ਸਕੇ। ਸੁਖਜੀਤ ਉਹਨੂੰ ਮਿਲਣ ਥਾਣੇ ਗਿਆ। ਹੌਸਲਾ ਦਿੱਤਾ। ਪੁਲਿਸ ਨੂੰ ਕਿਹਾ ਕਿ ਉਸ ਨਾਲ ਜ਼ਿਆਦਤੀ ਨਾ ਕੀਤੀ ਜਾਵੇ।

ਜਦੋਂ ਪੁਲਿਸ ਵੱਲੋਂ ਕਿਸੇ ਸਫ਼ਲਤਾ ਦਾ ਸੁਨੇਹਾ ਨਾ ਮਿਲਿਆ ਤਾਂ ਡੇਰੇ ਵਿਚ ਗੱਲ ਚੱਲੀ। ਟੀਮ ਦੇ ਬੰਦੇ ਕਹਿੰਦੇ ਕਿ ਇਹ ਸਭ ਸੁਖਜੀਤ ਦੀ ਸ਼ਰਾਰਤ ਹੈ। ਸਤਿਗੁਰੂ ਨੇ ਸੁਖਜੀਤ ਨੂੰ ਬੁਲਾ ਕੇ ਪੁੱਛਿਆ ਤਾਂ ਉਹ ਮੰਨ ਗਿਆ ਕਿ ਉਸਨੇ ਹੀ ਉਹਦੀ ਮਦਦ ਕੀਤੀ ਹੈ। ਪਰ ਨਾਲ ਹੀ ਸੁਖਜੀਤ ਕਹਿੰਦਾ, "ਇਹ ਤਾਂ ਦੋ ਦਿਨ ਦਾ ਕੰਮ ਹੈ ਜੀ!" ਗੁਰੂ ਜੀ ਨੇ ਕਿਹਾ, "ਚੱਲ ਇਹ ਕੰਮ ਤੇਰੇ ਜ਼ਿੰਮੇ ਰਿਹਾ।"

ਸੁਖਜੀਤ ਥਾਣੇ ਗਿਆ। ਕਿਸਾਨ ਨੂੰ ਮਿਲਿਆ। ਡਰਾਵਾ ਦਿੱਤਾ, "ਇਹਨਾਂ ਨਾਮਧਾਰੀਆਂ ਨੇ ਹੀ ਤਾਂ ਤੈਨੂੰ ਫਸਾਇਆ ਹੈ। ਇਹਨਾਂ ਪੁਲਿਸ ਨੂੰ ਕਹਿ ਕੇ ਇਕ ਦੋ ਦਿਨ ਵਿਚ ਤੇਰਾ ਮੁਕਾਬਲਾ ਬਣਵਾ ਦੇਣਾ ਏਂ। ਤੇਰਾ ਪਰਿਵਾਰ ਰੁਲ਼ਦਾ ਫਿਰੂ। ਮੈਂ ਤੇਰਾ ਹਮਦਰਦ ਆਂ। ਤੇਰਾ ਨੁਕਸਾਨ ਨਹੀਂ ਵੇਖ ਸਕਦਾ। ਜੇ ਮੇਰੇ ਆਖੇ ਲੱਗੇਂ ਤਾਂ ਮੇਰਾ ਵਾਅਦਾ ਰਿਹਾ ਤੈਨੂੰ ਇਹਦੇ ਵੰਡੇ ਬੇਟ ਵਿਚ ਪੰਝੀ ਕਿੱਲੇ ਜ਼ਮੀਨ ਦਿਵਾ ਦਿਊਂ। ਹੋਰ ਵੀ ਪੈਸੇ ਧੇਲੇ ਦੀ ਮਦਦ ਵੀ ਕਰਵਾਊਂ। ਜ਼ਮੀਨ ਇਹਨਾਂ ਦੇ ਮੱਥੇ ਮਾਰ। ਜਾਨ ਨਾਲੋਂ ਕੀ ਚੰਗਾ।"

ਡਰਿਆ ਕਿਸਾਨ ਮੰਨ ਗਿਆ। ਸੁਖਜੀਤ ਅਗਲੇ ਦਿਨ ਕਾਗ਼ਜ਼ ਪੱਤਰ ਲੈ ਗਿਆ। ਉਹਦੇ ਦਸਤਖ਼ਤ ਕਰਵਾ ਕੇ ਜ਼ਮੀਨ ਲੈ ਲਈ। ਉਹਨੂੰ ਛੁਡਾ ਵੀ ਲਿਆ। ਗੁਰੂ ਨੂੰ ਕਹਿ ਕੇ ਜ਼ਮੀਨ ਦੇਣ ਦਾ ਵਾਅਦਾ ਵੀ ਨਿਭਾਅ ਦਿੱਤਾ। ਇੰਞ ਉਹ ਇਨਕਸ਼ਾਫ਼ ਕਰਦਾ ਹੈ ਕਿ ਮੈਂ ਉਸ ਕਿਸਾਨ ਨੂੰ ਵਿਸਾਹ ਕੇ ਮਾਰਿਆ।

ਉਹਦੀ ਇਸ ਸਫ਼ਲਤਾ ਵੇਖ ਕੇ ਸਤਿਗੁਰੂ ਨੇ ਕਿਹਾ ਕਿ ਜੇ ਇਹ ਇਕੱਲ੍ਹਾ ਹੀ ਏਡਾ ਖੁਭਿਆ ਕੰਮ ਕੱਢ ਸਕਦਾ ਹੈ ਤਾਂ ਇਹ ਤੇਰਾਂ ਜਣੇ ਕੀ ਕਰਦੇ ਨੇ। ਗੁਰੂ ਜੀ ਨੇ ਉਹਨਾਂ ਨੂੰ ਬੁਲਾ ਕੇ ਹੁਕਮ ਲਾ ਦਿੱਤਾ, "ਅੱਗੇ ਤੋਂ ਜੋ ਵੀ ਕੰਮ ਕਰਨਾ ਹੋਵੇ ਇਹਦੀ ਸਲਾਹ ਨਾਲ ਕਰਨਾ।"

ਇੰਜ ਉਹ ਭੈਣੀ ਸਾਹਿਬ ਦਾ ਕਾਰ-ਮੁਖ਼ਤਿਆਰ ਵੀ ਬਣ ਗਿਆ ਤੇ ਸਰਪੰਚ ਵੀ।

ਉਹਦੇ ਜੀਵਨ ਦਾ ਇਕ ਨਵਾਂ ਦੌਰ ਸ਼ੁਰੂ ਹੋ ਗਿਆ।

ਤੇ ਫਿਰ ਮਾਰ-ਧਾੜ ਅਤੇ ਕਬਜ਼ਿਆਂ ਦੀ ਕਹਾਣੀ ਸ਼ੁਰੂ ਹੋ ਜਾਂਦੀ ਹੈ।

ਕਬਜ਼ੇ ਕਰਦਿਆਂ ਉਹਦੇ ਅੰਦਰ ਕੀ ਕੁਝ ਵਾਪਰਦਾ ਰਿਹਾ, ਉਹ ਕਿਵੇਂ ਆਪਣੇ ਪਥਰਾਏ ਆਪੇ ਨਾਲ ਆਪਣੇ ਸੂਖ਼ਮ ਆਪੇ ਨੂੰ ਟਕਰਾਉਣੋ, ਟੁੱਟਣੋਂ ਬਚਾਉਂਦਾ ਰਿਹਾ, ਇਹਦੀਆਂ ਉਹ ਜਾਣੇ। ਪਰ ਕਦੀ ਤਾਂ ਪੱਥਰ ਵਿਚੋਂ ਪਾਣੀ ਸਿੰਮਣਾ ਸੀ। ਫੁੱਲ ਖਿੜਨਾ ਸੀ।

**ਉਹ ਪਾਣੀ ਸਿੰਮ ਪਿਆ। ਫੁੱਲ ਖਿੜ ਪਿਆ।**

ਹਾਉਕਾ ਤਾਂ ਉਹਨੂੰ ਉਦੋਂ ਵੀ ਭਰਨਾ ਚਾਹੀਦਾ ਸੀ, ਜਦੋਂ ਲੁਧਿਆਣੇ 'ਅਪੋਲੋ' ਹਸਪਤਾਲ ਵਾਲੇ ਥਾਂ ਦਾ ਕਬਜ਼ਾ ਲਿਆ ਸੀ। ਓਥੇ ਸਥਾਪਤ ਫੈਕਟਰੀਆਂ ਦੀਆਂ ਮਸ਼ੀਨਾਂ ਰਾਤੋ ਰਾਤ ਪੁੱਟ ਕੇ ਦੂਰ ਕਿਧਰੇ ਜ਼ਮੀਨ ਵਿਚ 'ਦਫ਼ਨਾ' ਦਿੱਤੀਆਂ ਗਈਆਂ। ਕਮਰਿਆਂ ਵਿਚ ਚਿੱਟੀਆ ਚਾਦਰਾਂ ਵਿਛਾ ਕੇ ਨਾਮਧਾਰੀਆਂ ਨੇ ਆਪਣਾ ਸਮਾਨ ਟਿਕਾ ਲਿਆ। ਦਿਨ ਚੜ੍ਹੇ ਫੈਕਟਰੀਆਂ ਦੇ ਮਾਲਕ ਆਏ। ਜਿੰਦਰੇ ਖੋਲ੍ਹਣ ਲੱਗੇ ਤਾਂ ਖੁੱਲ੍ਹਣ ਨਾ। ਸੁਖਜੀਤ ਹੁਰੀਂ 'ਆਪਣੀਆਂ ਚਾਬੀਆਂ' ਦਿੰਦੇ ਨੇ। ਦਰਵਾਜ਼ੇ ਖੋਲ੍ਹੇ ਜਾਂਦੇ ਨੇ। ਮਸ਼ੀਨਾਂ ਨਦਾਰਦ ਵੇਖ ਕੇ ਜਦੋਂ ਮਾਲਕ ਲਾਲਾ ਆਪਣਾ ਸਿਰ ਫੜ ਕੇ ਰੋਣ ਲੱਗਾ ਤਾਂ ਸੁਖਜੀਤ ਕਹਿੰਦਾ ਹੈ, "ਲਾਲੇ ਦੇ ਸਿਰ ਫੜ ਕੇ ਰੋਣ 'ਤੇ ਵੀ ਮੇਰੀ ਸੰਵੇਦਨਾ ਨਾ ਜਾਗੀ। ਸ਼ਾਇਦ,ਐਡਾ ਵੱਡਾ ਮੋਰਚਾ ਫਤਿਹ ਕਰ ਲੈਣ ਦਾ ਚਾਅ ਸੀ ਤੇ ਅੰਦਰ ਕਿਤੇ ਹਉਮੈ ਵੀ।'

ਪਰ ਜਦੋਂ ਫੈਕਟਰੀ ਵਾਲੇ ਇੱਕ ਬਜ਼ੁਰਗ ਸਰਦਾਰ ਨੇ ਧਾਅ ਮਾਰ ਕੇ ਕਿਹਾ, "ਸਾਡੇ ਲਈ ਮੁੜ ਪਾਕਿਸਤਾਨ ਬਣ ਗਿਆ!" ਤੇ ਬੇਹੋਸ਼ ਹੋ ਕੇ ਜ਼ਮੀਨ 'ਤੇ ਢਹਿ ਪਿਆ ਤਾਂ ਸੁਖਜੀਤ ਦਾ ਅੰਦਰ ਵੀ ਡਿੱਗਣ ਲੱਗਾ। ਪਰ ਉਹ ਡਿੱਗਦਾ, ਡਿੱਗਦਾ ਮੁੜ ਖੜਾ ਹੋ ਗਿਆ।

ਆਖ਼ਰ ਡਿੱਗਣਾ ਹੀ ਸੀ ਉਹਦੀ ਹਉਮੈ ਦਾ ਪਹਾੜ।

ਉਹ ਦਿਨ ਵੀ ਆ ਗਿਆ।

ਡੇਰੇ ਦੇ ਅੜੇ ਹੋਏ ਕਬਜ਼ੇ ਦੀ ਕਮਾਂਡ ਸੰਭਾਲੀ ਬੈਠਾ ਸੁਖਜੀਤ ਵੇਖ ਰਿਹਾ ਹੈ, ਕਾਲੋਨੀ ਦੀਆਂ ਝੁੱਗੀਆਂ ਢਾਹੀਆਂ ਜਾ ਰਹੀਆਂ ਹਨ। ਹਾਹਾ-ਕਾਰ ਮੱਚੀ ਹੋਈ ਹੈ। ਡਰੇ, ਘਬਰਾਏ, ਚੀਕਾਂ ਮਾਰਦੇ ਮਰਦ-ਔਰਤਾਂ ਹੱਥ ਆਇਆ ਸਮਾਨ ਲੈ ਕੇ, ਜਾਨ ਬਚਾਅ ਕੇ ਦੌੜੇ ਜਾ ਰਹੇ ਨੇ। ਹੈ। ਕਰੇਨ ਝੌਂਪੜੀਆਂ ਢਾਹ ਰਹੀ ਹੈ। ਟੀਨ ਦੀਆਂ ਛੱਤਾਂ ਉੱਡ ਰਹੀਆਂ ਨੇ, ਡਿੱਗ ਤੇ ਖਿੱਲਰ ਰਹੀਆਂ ਇੱਟਾਂ ਦਾ ਗ਼ਰਦ-ਓ-ਗ਼ੁਬਾਰ ਹੈ। ਤਬਾਹੀ ਦੇ ਇਸ ਮੰਜ਼ਰ ਵਿਚ ਇੱਕ ਸੱਤ ਕੁ ਸਾਲ ਦੀ ਬੱਚੀ ਦਿਸਦੀ ਹੈ। ਆਪਣੀ ਢਹਿ ਰਹੀ ਕੋਠੜੀ ਵੱਲ ਦੌੜੀ ਜਾ ਰਹੀ ਹੈ। ਸੁਖਜੀਤ ਲਿਖਦਾ ਹੈ:-

'ਆਪਣਾ ਟੁੱਟਿਆ ਫੁੱਟਿਆ ਸਾਮਾਨ ਲੈ ਲੈ, ਰੋਂਦੀ ਕਰਲਾਉਂਦੀ ਭੱਜੀ ਜਾਂਦੀ ਲੇਬਰ ਦੇਖੀ ਨਹੀਂ ਸੀ ਜਾ ਰਹੀ।'

ਕੁੜੀ ਕਿਤੇ ਮਾਰੀ ਨਾ ਜਾਵੇ! ਸੁਖਜੀਤ ਦਾ ਮੰਨਣਾ ਹੈ ਕਿ ਕਬਜ਼ੇ ਵੇਲੇ ਕਿਸੇ ਵੀ ਸੂਰਤ ਵਿਚ ਬੰਦਾ ਨਹੀਂ ਮਰਨਾ ਚਾਹੀਦਾ। ਬੰਦੇ ਦਾ ਮਰਨਾ ਸਾਰਾ ਕੰਮ ਵਿਗਾੜ ਦਿੰਦਾ ਹੈ। ਕਬਜ਼ਾ ਵਿਚਕਾਰ ਹੀ ਰਹਿ ਜਾਂਦਾ ਹੈ।

'ਮੈਂ ਝੌਂਪੜੀ ਤੋਂ ਚਾਰ ਕੁ ਕਦਮ ਪਿੱਛੇ ਹੋਵਾਂਗਾ ਕਿ ਮੈਂ ਉਹਨੂੰ ਬਾਹਰ ਆਉਂਦੀ ਵੇਖਿਆ,

ਖਿਲਰੇ ਵਾਲ, ਮੱਥੇ 'ਚੋਂ ਵਗਦਾ ਲਹੂ, ਪਾਟੇ ਕੱਪੜੇ ਤੇ ਛਾਤੀ ਨਾਲ ਲਾਇਆ ਉਸ ਦਾ ਖਿਡੌਣਾ। ਖਿਡੌਣਾ ਵੇਖ ਕੇ ਮੇਰਾ ਸਾਹ ਰੁਕਣ ਲੱਗਾ। ਉਹਦੀ ਛਾਤੀ ਨਾਲ ਬਿੱਲੀ ਦਾ ਬਲੂੰਗੜਾ ਲੱਗਾ ਹੋਇਆ ਸੀ, ਲਿੱਸਾ ਜਿਹਾ। ਜੇ ਮੈਂ ਇਕਦਮ ਓਥੋਂ ਨਾ ਹਟ ਜਾਂਦਾ ਤਾਂ ਮੇਰੀ ਭੁੱਬ ਨਿਕਲ ਜਾਂਦੀ। ਇਹ ਦ੍ਰਿਸ਼ ਮੇਰੇ ਅੰਦਰ ਜੰਮ ਗਿਆ ਅੱਜ ਵੀ ਉਸ ਬੱਚੀ ਦੀਆਂ ਬਲ਼ਦੀਆਂ ਅੱਖਾਂ ਮੈਨੂੰ ਸਾਹ ਨਹੀਂ ਲੈਣ ਦਿੰਦੀਆਂ।'

ਕੁੜੀ ਦੇ ਮਾਸੂਮ ਬੋਲ– "ਮੇਰਾ ਬਲੂੰਗੜਾ ਅੰਦਰ"

ਕੁੜੀ ਅੰਦਰ ਆਪਣੇ ਬਲੂੰਗੜੇ ਲਈ ਕੁਰਬਾਨ ਹੋਣ ਜਾਣ ਦੀ ਮੁਹੱਬਤ ਨੇ 'ਪਹਾੜ ਵਰਗਾ ਸੁਖਜੀਤ' ਪਾਣੀ ਕਰ ਦਿੱਤਾ। ਪੱਥਰ ਦੀ ਸਿਲ਼ ਹੇਠੋਂ ਗੰਗਾ ਵਹਿ ਤੁਰੀ।

ਉਸਤੋਂ ਬਾਅਦ ਉਹਨੇ ਭੈਣੀ ਸਾਹਿਬ ਦੇ ਡੇਰੇ ਨੂੰ ਆਖ਼ਰੀ ਫ਼ਤਹਿ ਬੁਲਾ ਦਿੱਤੀ।

ਭੁੱਲਿਆ ਰਾਹੀ ਘਰ ਪਰਤ ਆਇਆ।

ਜ਼ਿੰਦਗੀ ਵੱਲ ਪਰਤ ਆਇਆ।

ਪਰ ਉਹ ਅਜਿਹਾ ਬਣਿਆਂ ਕਿਉਂ ਸੀ? ਕਿਵੇਂ ਸੀ?

'ਮੈਂ ਜੈਸਾ ਹੂੰ...ਮੈਂ ਵੈਸਾ ਕਿਉਂ ਹੂੰ ..

ਉਹ ਜਦੋਂ ਵੀ ਕੋਈ ਕਬਜ਼ਾ ਲੈ ਕੇ ਆਉਂਦਾ, ਕਿਸੇ ਧਿਰ ਨਾਲ ਹਿੱਕ ਦਾ ਧੱਕਾ ਕਰ ਕੇ ਆਉਂਦਾ ਤਾਂ ਆਪਣੀ ਜ਼ਮੀਰ ਦੇ ਸਾਹਮਣੇ ਹੋਣਾ ਪੈਂਦਾ। ਇਹ ਜਾਣਦਾ ਹੋਇਆ ਵੀ ਕਿ ਉਨ੍ਹੇ ਗ਼ਰੀਬ-ਮਾਰ' ਕੀਤੀ ਹੈ, ਉਹ 'ਗ਼ਰੀਬ-ਮਾਰ ਕਰਦਾ' ਰਹਿੰਦਾ ਤੇ ਫਿਰ ਆਪਣੀ ਆਤਮਾ ਦੇ ਸ਼ੀਸ਼ੇ 'ਚੋਂ ਆਪਣਾ ਕਲਖਾਇਆ ਚਿਹਰਾ ਵੇਖਦਾ। ਸ਼ਰਮਿੰਦਾ ਵੀ ਹੁੰਦਾ। ਉਹਨੇ ਤਾਂ, ਅਗਲੇ ਦਿਨ ਮੁੜ ਅਜਿਹੀ ਕਿਸੇ ਮੁਹਿੰਮ 'ਤੇ ਚੜ੍ਹਨਾ ਹੁੰਦਾ।

ਉਜਲੇ ਸ਼ੀਸ਼ੇ ਸਾਹਵੇਂ ਮੈਨੂੰ ਚਿਰ ਤੱਕ ਨਾ ਖਲਿਆਰ
ਮੈਲੇ ਮਨ ਵਾਲੇ ਮੁਜਰਿਮ ਨੂੰ ਇਸ ਮੌਤੇ ਨਾ ਮਾਰ!

(ਸੁਰਜੀਤ ਪਾਤਰ)

ਆਖ਼ਰਕਾਰ ਉਹ ਮਨ ਦੀ ਮੈਲ ਧੋਣ ਲਈ ਗੰਗਾ ਕਿਨਾਰੇ ਤਪਿੱਸਆ ਵੀ ਕਰਦਾ ਹੈ। ਮਨ ਦੀ ਮੈਲ ਫਿਰ ਵੀ ਨਹੀਂ ਧੁਪਦੀ।

ਤੇ ਫਿਰ ਉਹ 'ਕਨਫ਼ੈਸ਼ਨ' ਕਰ ਕੇ ਪਾਪਾਂ ਦਾ ਪਸ਼ਚਾਤਾਪ ਕਰਦਾ ਹੈ। ਆਪਣਾ ਸਵੈ-ਬਿਰਤਾਂਤ ਲਿਖਦਾ ਹੈ। ਭਾਰ-ਮੁਕਤ ਹੋਣ ਦੀ ਕੋਸ਼ਿਸ਼ ਕਰਦਾ ਹੈ।

ਆਪਣੇ ਬਾਰੇ ਬਹੁਤ ਕੁਝ ਸੁਖਜੀਤ ਨੇ ਆਪਣੇ ਸਵੈ-ਬਿਰਤਾਂਤ, 'ਮੈਂ ਜੈਸਾ ਹੂੰ...ਮੈਂ ਵੈਸਾ ਕਿਉਂ ਹੂੰ ..' ਵਿਚ ਜਾਂ ਆਪਣੀਆਂ ਤਕਰੀਰਾਂ, ਮੁਲਾਕਾਤਾਂ ਵਿਚ ਬਿਆਨ ਕੀਤਾ ਹੋਇਆ ਹੈ।

ਬੰਦਾ ਆਪਣੇ ਜੀਨਜ਼ ਤੇ ਆਪਣੇ ਹਾਲਾਤ ਦਾ ਬਣਾਇਆ ਬਣਦਾ ਹੈ। ਮਾਤਾ ਪਿਤਾ ਦੇ ਪਰਿਵਾਰ ਪੀੜ੍ਹੀਆਂ ਤੋਂ ਨਾਮਧਾਰੀ ਹਨ। ਗੁਰ-ਚਰਨਾਂ ਦੇ ਨਜ਼ਦੀਕ ਰਹਿਣ ਦੀ ਚਾਹਤ ਕਾਰਨ ਉਹਦਾ ਪਿਉ ਭੈਣੀ ਸਾਹਿਬ ਦੇ ਨਜ਼ਦੀਕ ਮਾਣੇਵਾਲ ਪਿੰਡ ਦੇ ਉਜਾੜ ਜਿਹੇ ਖਿੱਤੇ ਵਿਚ ਮੁਰੱਬਾ ਜ਼ਮੀਨ ਦਾ ਖ਼ਰੀਦ ਕੇ ਪਰਿਵਾਰ ਨੂੰ ਏਥੇ ਲੈ ਆਉਂਦਾ ਹੈ। ਖੇਤਾਂ ਵਿਚ ਛੱਪਰ ਪਾ ਕੇ ਰਹਿਣ ਲੱਗਦੇ ਨੇ। ਛੱਪਰ ਵਿਚ ਸੁਖਜੀਤ,ਉਹਦੇ ਭਰਾ, ਮਾਂ-ਬਾਪ, ਗਾਂ ਦਾ ਵੱਛਾ, ਦੋ ਕੁੱਤੇ ਤੇ ਬਿੱਲੀ ਦਾ ਵਾਸਾ ਹੈ। ਆਲੇ ਦੁਆਲੇ ਨੇੜੇ ਤੇੜੇ ਕਿਤੇ ਦੀਵਾ ਜਗਦਾ ਵੀ ਨਹੀਂ ਦਿਸਦਾ। ਛੱਪਰ ਵਿਚ

ਉਹਨਾਂ ਦੀ ਇਕੋ ਇਕ ਲਾਲਟੈਣ ਜਗਦੀ ਹੈ। ਪਿੰਡ 'ਚੋਂ ਵੀ ਕੋਈ ਬਹੁਤਾ ਚਾਨਣ ਨਹੀਂ ਦਿਸਦਾ। ਇਸ ਤਰ੍ਹਾਂ ਦਾ ਮਾਹੌਲ ਹੈ। ਜੰਗਲ ਦੀ ਚੁੱਪ ਹੈ। ਸੱਪ ਬਹੁਤ ਨੇ ਹੋਰ ਵੀ ਜੰਗਲੀ ਜਾਨਵਰ ਨੇ। ਰੋਝ ਤੇ ਗਿੱਦੜ-ਗੁੱਦੜ ਭਾਵੇਂ ਬਹੁਤੇ ਖਤਰਨਾਕ ਤਾਂ ਨਹੀਂ, ਪਰ ਸੱਪ ਬਹੁਤ ਨੇ।ਸਿਰ 'ਤੇ ਸਰਕੜਿਆਂ ਦੀ ਛੱਤ ਹੈ। ਛੱਤ ਵਿਚ ਚੂਹੇ ਹਨ। ਚੂਹਿਆਂ ਨੂੰ ਖਾਣ ਲਈ ਸੱਪ ਆਉਂਦੇ ਰਹਿੰਦੇ ਨੇ। ਕਈ ਵਾਰ ਸਰਕੜਿਆਂ ਦੀ ਛੱਤ ਵਿਚੋਂ ਸੱਪ ਨੂੰ ਹੇਠਾਂ ਲਮਕਿਆ ਵੇਖ ਟੱਬਰ ਦਾ ਤਰਾਹ ਨਿਕਲ ਜਾਂਦਾ ਹੈ। ਉਹਨਾਂ ਦੀਆਂ ਚੀਕਾਂ ਨਿਕਲ ਕੇ ਅਸਮਾਨ ਤੱਕ ਜਾਂਦੀਆਂ ਨੇ। ਰਾਤ ਨੂੰ ਸੱਪ ਆਵੇ ਨਾ, ਇਹ ਸੋਚ ਕੇ ਸਿਰਹਾਣੇ ਕੋਲ ਲਾਲਟੈਣ ਬਾਲ ਕੇ ਰੱਖਦੇ ਨੇ। ਇੱਕ ਦਿਨ ਕੀ ਵੇਖਦੇ ਨੇ ਕਿ ਲਾਲਟੈਣ ਦੁਆਲੇ ਘੁੰਮ ਰਹੇ ਭਮੱਕੜਾਂ ਨੂੰ ਖਾਣ ਲਈ ਸੱਪ ਲਾਲਟੈਣ ਨੂੰ ਵੀ ਘੇਰੇ ਵਿਚ ਵਲ਼ੀ ਬੈਠਾ ਹੈ। ਇੱਕ ਦਿਨ ਰਾਤ ਨੂੰ ਟੱਬਰ ਸੁੱਤਾ ਪਿਆ ਹੈ। ਅਚਨਚੇਤ ਟੱਬਰ ਜਾਗਦਾ ਹੈ। ਵੇਖਦੇ ਹਨ ਕਿ ਸਿਰ ਉੱਤੇ ਤਾਰੇ ਲਿਸ਼ਕ ਰਹੇ ਨੇ। ਹਨੇਰੀ-ਝੱਖੜ ਨੇ ਸਿਰ ਉਤਲਾ ਛੱਪਰ ਉਖਾੜ ਕੇ ਦੂਰ ਸੁੱਟ ਦਿੱਤਾ ਹੈ।

ਕੰਡੇ ਹੀ ਕੰਡੇ ਨੇ ਜ਼ਮੀਨ ਵਿੱਚ। ਅਜੇ ਬਲਦ ਵੀ ਨਹੀਂ ਲਿਆਂਦੇ। ਉਹਦੇ ਪਿਉ ਨੂੰ ਤਾਂ ਹਲ਼ ਵੀ ਵਾਹੁਣਾ ਨਹੀਂ ਆਉਂਦਾ। ਉਹ ਵੀ ਆਪਣੇ ਭਰਾਵਾਂ ਵਿੱਚੋਂ ਸਾਰਿਆਂ ਤੋਂ ਛੋਟਾ ਸੀ। ਉਹਨੇ ਖੇਤੀ ਨਹੀਂ ਸੀ ਕੀਤੀ ਤੇ ਮਾਂ ਉਹਦੀ ਜਿਸ ਦੇ ਧੂੜਕੋਟ ਰਣਸੀਂਹ ਪੇਕੇ ਹਨ, ਉਹ ਵੀ ਆਪਦੇ ਭਰਾਵਾਂ ਦੀ ਛੋਟੀ ਭੈਣ ਸੀ। ਮਾਂ-ਪਿਉ ਦੋਵੇਂ ਖੇਤੀ-ਬਾੜੀ ਦੇ ਅਮਲੀ ਕੰਮ ਤੋਂ ਅਣਜਾਣ ਸਨ। ਜਿਹੜੇ ਚਾਰ ਪੈਸੇ ਕੋਲ ਸਨ, ਉਹ ਜ਼ਮੀਨ 'ਤੇ ਲਾ ਲਏ। ਪਿਉ ਰੁਜ਼ਗਾਰ ਲਈ ਟਰੱਕ ਵਾਹੁੰਦਾ ਸੀ। ਇਕੱਲ਼ੀ ਮਾਂ ਆਪਣੇ ਪੁੱਤਾਂ ਨੂੰ ਲੈ ਕੇ ਉਜਾੜ ਬੀਆਬਾਨ ਵਿਚ ਬੈਠੀ ਹੈ ਹਰ ਵੇਲੇ ਜਾਨ ਨੂੰ ਖ਼ਤਰਾ!

ਮਾਂ ਇਹ ਫੈਸਲਾ ਕਰਨ ਲੱਗਦੀ ਹੈ ਕਿ ਮੈਂ ਨਹੀਂ ਇਸ ਮੌਤ ਦੇ ਡਰਾਉਣੇ ਜੰਗਲ ਵਿਚ ਰਹਿਣਾ।

ਸੁਖਜੀਤ ਇਨਕਸ਼ਾਫ਼ ਕਰਦਾ ਹੈ, "ਵੱਡਾ ਹੋ ਕੇ ਮੈਨੂੰ ਸਮਝ ਆਈ ਕਿ ਯਾਰ! ਦੋਏ ਤਾਂ ਥਾਵਾਂ ਹੁੰਦੀਆਂ ਨੇ ਜਿੱਥੇ ਤੁਸੀਂ ਸੁਰੱਖਿਤ ਮਹਿਸੂਸ ਕਰਦੇ ਹੋ। ਸਿਰ ਦੀ ਛੱਤ ਤੇ ਚਾਨਣ। ਹੁਣ ਛੱਤ 'ਤੇ ਵੀ ਨਾਗ ਲਟਕਦਾ। ਚਾਨਣ ਚ ਵੀ ਨਾਗ ਬੈਠਾ। ਤੇ ਫਿਰ ਮੈਨੂੰ ਸਮਝ ਆਈ ਕਿ ਜਦੋਂ ਦੁਸ਼ਮਣ ਤੁਹਾਡੀ ਛੱਤ 'ਤੇ ਔਰ ਚਾਨਣ ਉੱਤੇ ਵੀ ਕਾਬਜ਼ ਹੋਣ ਲੱਗ ਜਾਵੇ, ਉਦੋਂ ਜਾਂ ਤਾਂ ਤੁਸੀਂ ਭੱਜੋਗੇ ਜਾਂ ਡਟ ਕੇ ਖੜੋਗੇ। ਸਾਡਾ ਫੈਸਲਾ ਭੱਜਣ ਦਾ ਹੈ। ਅੰਦਰੋਂ ਮਨੋ-ਮਨੀ ਸਾਰੇ ਤਿਆਰ ਨੇ ਤੇ ਭਾਪਾ ਜੀ ਨੇ ਵੀ ਸੋਚ ਲਿਆ ਕਿ ਇਹਨਾਂ ਨੂੰ ਸਮਰਾਲੇ ਕਰਾਏ 'ਤੇ ਛੱਡਦਾਂ। ਮਾਛੀਵਾੜੇ ਕੋਈ ਦੇਖਦੇ ਆਂ। ਜ਼ਮੀਨ ਜ਼ਮੂਨ ਬਣਾ ਲਾਂਗੇ। ਬੱਚੇ ਬਹੁਤੇ ਡਰ ਗਏ ਨੇ ਤੇ ਮੇਰੀ ਘਰਵਾਲੀ ਵੀ ਡਰ ਗਈ ਹੈ। ਛੋਟੀ ਉਮਰ 'ਚ ਵਿਆਹ ਹੋ ਗਿਆ ਸੀ। ਉਸ ਵੇਲੇ ਇੱਕ ਦਿਨ ਕੀ ਹੁੰਦਾ, ਕਿਉਂਕਿ, ਕੁਝ ਫੈਸਲੇ ਤੁਸੀਂ ਨਹੀਂ ਕਰਦੇ, ਉਹ ਕੁਦਰਤ ਕਰਦੀ ਹੈ, ਤੁਹਾਡੀ ਜ਼ਿੰਦਗੀ 'ਚ। ਮਾਂ ਮੇਰੀ ਅੰਦਰੋਂ ਆਟਾ ਲਈ ਆਉਂਦੀ ਹੈ ਛੱਪਰ 'ਚੋਂ। ਮੂਹਰੇ ਸੱਪ ਆ ਜਾਂਦਾ ਹੈ ਇੱਕਦਮ। ਅਸੀਂ ਬਾਹਰ ਖੇਡਦੇ ਆਂ ਤੇ ਮੈਨੂੰ ਆਖਦੀ ਏ, "ਵੇ ਵੱਡਿਆ! ਉਥੋਂ ਲਿਆ ਡਾਂਗ ਤੇ ਮਾਰ ਜਾ-ਵੱਡੇ ਦੇ। ਮੈਨੂੰ ਪਤਾ ਨਹੀਂ ਕੀ ਹੋਇਆ। ਮੈਂ ਉਹ ਡੰਡਾ ਜਿਹਾ ਚੱਕਿਆ ਤੇ ਆ ਕੇ ਮੈਂ ਉਹਨੂੰ ਅੰਨ੍ਹੇਵਾਹ ਕੁੱਟਣ ਲੱਗ ਗਿਆ ਤੇ ਉਹ ਮਰ ਗਿਆ

'ਸੱਪ ਨੂੰ ਫੇਹ ਕੇ ਉਹ ਡਰ 'ਤੇ ਫ਼ਤਹਿ ਹਾਸਲ ਕਰ ਲੈਂਦਾ ਹੈ। ਹੁਣ ਰੋਜ਼ ਸੱਪ ਨਿਕਲਦੇ ਨੇ ਉਹ ਰੋਜ਼ ਸੱਪਾਂ ਨੂੰ ਮਾਰਦਾ ਹੈ।

ਉਹ ਵਿਰੋਧੀ ਹਾਲਾਤ ਦੇ 'ਸੱਪਾਂ' ਨਾਲ ਲੜਨ ਦਾ ਫ਼ੈਸਲਾ ਕਰ ਲੈਂਦਾ ਹੈ। ਉਸਤੋਂ ਬਾਅਦ ਉਹ ਜ਼ਿੰਦਗੀ ਭਰ ਮੈਦਾਨ ਵਿਚੋਂ ਭੱਜਿਆ ਨਹੀਂ, ਸਦਾ ਹਿੱਕ ਡਾਹ ਕੇ ਵਿਰੋਧੀ ਹਾਲਾਤ ਨਾਲ ਲੜਿਆ ਹੈ।

ਮਾਂ-ਪਿਉ ਦਾ ਅਣਜੋੜ ਵਿਆਹ ਹੈ। ਪਿਤਾ, ਮਾਂ ਨਾਲੋਂ ਦੂਣੀ ਉਮਰ ਦਾ ਹੈ। ਨਾਮਧਾਰੀ ਪਰੰਪਰਾ ਅਨੁਸਾਰ ਦੋਵਾਂ ਦਾ ਵਿਆਹ 'ਸਤਿਗੁਰਾਂ ਦੀ ਮਰਜ਼ੀ ਨਾਲ' ਹੀ ਹੋਇਆ ਹੈ।

ਆਮ ਤੌਰ 'ਤੇ ਕਿਸੇ ਦੇ ਬੇਬਾਕ ਤੇ ਸੱਚੇ ਹੋਣ ਬਾਰੇ ਆਖਣਾ ਹੋਵੇ ਤਾਂ ਜਿਵੇਂ ਡਾ ਸਾਧੂ ਸਿੰਘ ਨੇ ਮੇਰੇ ਬਾਰੇ ਲਿਖਿਆ ਸੀ, "ਉਹ ਆਪਣੀਆਂ ਲਿਖਤਾਂ ਵਿਚ ਸਕੇ ਪਿਉ ਦਾ ਵੀ ਲਿਹਾਜ਼ ਨਹੀਂ ਕਰਦਾ!" ਪਰ ਕਦੀ ਕਿਸੇ ਨੇ ਅੱਜ ਤੱਕ ਸ਼ਾਇਦ ਹੀ ਕਿਤੇ ਲਿਖਿਆ ਹੋਵੇ ਕਿ ਉਹ ਤਾਂ 'ਆਪਣੀ ਸਕੀ ਮਾਂ ਦਾ ਲਿਹਾਜ਼' ਨਹੀਂ ਕਰਦਾ। ਮਾਂ ਬਾਰੇ ਤਾਂ ਅਕਸਰ ਕਿਹਾ ਜਾਂਦਾ ਹੈ ਕਿ 'ਮਾਂ ਮਮਤਾ ਦੀ ਮੂਰਤ ਹੁੰਦੀ ਹੈ। ਮਾਂ ਦੇ ਪੈਰਾਂ ਹੇਠਾਂ ਜੰਨਤ ਹੁੰਦਾ ਹੈ! ਮਾਂ ਠੰਢੀ ਛਾਂ ਹੁੰਦੀ ਹੈ!" ਵਗ਼ੈਰਾ ਵਗ਼ੈਰਾ

ਸੁਖਜੀਤ ਨੂੰ ਆਪਣੀ ਮਾਂ ਕਦੀ ਵੀ ਅਜਿਹੀ ਨਹੀਂ ਲੱਗੀ। ਉਹ ਤਾਂ ਹਾਲਾਤ ਦੀ ਸਤਾਈ ਹੋਈ ਪੁੱਤਾਂ ਨੂੰ ਕੁੱਟਦੀ-ਮਾਰਦੀ ਰਹਿੰਦੀ ਹੈ। ਖਿਝ ਉਹਦੇ ਧੁਰ ਅੰਦਰ ਕਿਧਰੇ ਵਾਸ ਕਰ ਗਈ ਹੈ। ਉਹਦੇ ਲਈ ਪਤੀ ਤੇ ਪੁੱਤਾਂ ਨਾਲੋਂ ਵੀ ਪਹਿਲਾਂ ਉਹਦਾ ਗੁਰੂ ਹੈ। ਉਹ ਗੁਰੂ ਨੂੰ ਸਮਰਪਤਿ ਹੈ। ਭੈਣੀ ਸਾਹਿਬ ਸਾਰਾ-ਸਾਰਾ ਦਿਨ ਨਾਮ ਜਪਣ 'ਤੇ ਲਾ ਆਉਂਦੀ ਹੈ। ਦੁੱਧ ਤੇ ਪੁੱਤਾਂ ਦੇ ਖਾਣ-ਪੀਣ ਵਾਲੀਆਂ ਹੋਰ ਚੀਜ਼ਾਂ ਵੀ ਭੈਣੀ ਸਾਹਿਬ ਭੇਟਾ ਕਰ ਆਉਂਦੀ ਹੈ। ਸੁਖਜੀਤ ਨੂੰ ਵੀ ਜਬਰਦਸਤੀ ਭੈਣੀ ਸਾਹਿਬ ਵਿਖੇ ਜਾ ਕੇ ਨਾਮ ਜਪਣ ਲਈ ਬੈਠਣ ਲਈ ਜ਼ੋਰ ਪਾਉਂਦੀ ਹੈ। ਮਾਂ ਦੀ ਕਰੜਾਈ ਤੇ ਸਖਤਾਈ ਸੁਖਜੀਤ ਨੂੰ ਕਰੜਾ ਕਰੀ ਜਾਂਦੀ ਹੈ। ਇੱਕ ਤਾਂ ਰੋਜ਼ਾਨਾ ਜ਼ਿੰਦਗੀ ਵਿਚ ਖੇਤਾਂ ਦਾ ਕਰੜਾ ਤੇ ਮਾਰੂ ਕੰਮ, ਉੱਤੋਂ ਮਾਂ-ਪਿਉ ਦੀ ਕੁੱਟ ਤੇ ਬੁਨਿਆਦੀ ਸਹੂਲਤਾਂ ਤੋਂ ਵਿਰਲਾ ਜੀਵਨ ਉਹਨੂੰ ਪਥਰਾਈ ਜਾਂਦਾ ਹੈ। ਕਰੜਾ ਕਰੀ ਜਾਂਦਾ ਹੈ। ਉਹ ਖਿੰਘਰ ਹੋ ਜਾਂਦਾ ਹੈ।

ਤੇ ਬਣ ਜਾਂਦਾ ਹੈ ਉਹ ਸੁਖਜੀਤ, ਜਿਸਦੀ ਅਸੀਂ ਗੱਲ ਕਰ ਰਹੇ ਹਾਂ।

**ਸ਼ਬਦਾਂ ਦਾ ਸ਼ੈਦਾਈ**

ਸੁਖਜੀਤ ਸਟੇਜ 'ਤੇ ਬੋਲ ਰਿਹਾ ਹੁੰਦਾ ਤਾਂ ਅਕਸਰ ਸ਼ਬਦ ਦੇ ਮਹਾਤਮ ਬਾਰੇ ਗੱਲ ਕਰਦਾ। ਸ਼ਬਦਾਂ ਨੂੰ 'ਹਥਿਆਰ' ਆਖਦਾ। ਤੀਰ ਵਾਂਗ ਚੱਲੇ ਤੇ ਕਲੇਜੇ ਵਿਚ ਖੁਭ ਗਏ ਵਾਕਾਂ ਦੇ ਕਦੀ ਰਾਮਾਇਣ, ਕਦੀ ਮਹਾਭਾਰਤ ਤੇ ਕਦੀ ਨਿੱਜੀ ਜੀਵਨ ਵਿਚੋਂ ਹਵਾਲੇ ਦਿੰਦਾ। ਇੱਕ ਹਵਾਲਾ ਰਾਮਾਇਣ ਦਾ ਅਕਸਰ ਸਾਂਝਾ ਕਰਦਾ:-

ਸੁਗਰੀਵ ਰਾਮ ਚੰਦਰ ਕੋਲ ਆਪਣਾ ਦੁੱਖ ਰੋਂਦਾ ਹੈ। ਭਰਾ ਬਾਲੀ ਦੀਆਂ ਵਧੀਕੀਆਂ ਦੀ ਸ਼ਿਕਾਇਤ ਕਰਦਾ ਹੈ। ਮਦਦ ਕਰਨ ਲਈ ਤਰਲਾ ਲੈਂਦਾ ਹੈ। ਰਾਮ ਹੁਰੀਂ ਬਾਲੀ ਨੂੰ ਮਾਰ ਦਿੰਦੇ ਹਨ। ਕਿਰਤੱਗਤਾ ਦੇ ਭਾਵ ਵਿਚ ਵਿਭੋਰ ਹੋਇਆ ਬਾਲੀ ਕਹਿੰਦਾ ਹੈ, "ਆਪਾਂ ਹੁਣ ਮਾਤਾ ਸੀਤਾ ਨੂੰ ਸਭ ਤੋਂ ਪਹਿਲਾਂ ਲੱਭਣ ਜਾਣੈਂ। ਸਭ ਤੋਂ ਅੱਗੇ ਮੈਂ ਜਾਊਂ!"ਰਾਮ ਨੇ ਸਮਝਾਇਆ,

"ਪਹਿਲਾਂ ਜਾ ਕੇ ਗੱਦੀ ਸਾਂਭ, ਫਿਰ ਆ ਜਾਈਂ।" ਗੱਦੀ ਸਾਂਭਣ ਚਲਾ ਗਿਆ। ਪਰ ਸੱਤਾ ਦਾ ਸੁੱਖ ਸਭ ਕੁਝ ਭੁਲਾ ਦਿੰਦਾ। ਉਹ ਮੁੜਿਆ ਹੀ ਨਾ। ਰਾਮ ਨੇ ਕਈ ਸੁਨੇਹੇ ਭੇਜੇ। ਅਖ਼ੀਰ ਉਹਨਾਂ ਲਛਮਣ ਨੂੰ ਭੇਜਿਆ ਤੇ ਕਿਹਾ ਉਹਨੂੰ ਹੋਰ ਕੁਝ ਨਹੀਂ ਕਹਿਣਾ, ਸਿਰਫ਼ ਏਨਾ ਆਖਣਾ ਕਿ 'ਜਿਹੜੇ ਬਾਣ ਨਾਲ ਬਾਲੀ ਮਾਰਿਆ ਸੀ, ਉਹ ਤੀਰ ਖ਼ਤਮ ਨਹੀਂ ਹੋਏ, ਅਜੇ ਵੀ ਹੈਗੇ ਨੇ।'

ਕਬੀਰ ਜੀ ਦੇ ਸਲੋਕ ਵਾਂਗ- ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥

ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥

ਚੰਦ ਕੁ ਸ਼ਬਦਾਂ ਦਾ ਕਲੇਜੇ ਨੂੰ ਛਲਣੀ ਕਰਦਾ ਐਸਾ ਬਾਣ ਵੱਜਾ ਕਿ ਸੁਗਰੀਵ ਲਛਮਣ ਤੋਂ ਵੀ ਪਹਿਲਾਂ ਰਾਮ ਕੋਲ ਪਹੁੰਚ ਕੇ ਚਰਨਾਂ 'ਤੇ ਢਹਿ ਪਿਆ।।

ਇੰਝ ਇੱਕ ਵਾਕ ਹੀ ਭੁੱਲੇ ਹੋਇਆਂ ਨੂੰ ਟਿਕਾਣੇ 'ਤੇ ਪਹੁੰਦਾ ਦਿੰਦਾ। ਸੁਖਜੀਤ ਅਜਿਹੇ ਵਾਕਾਂ ਨਾਲ ਆਪਣੀ ਲਿਖਤ ਨੂੰ ਸਹੀ ਟਿਕਾਣੇ 'ਤੇ ਪਹੁੰਚਾਉਣਾ ਜਾਣਦਾ ਸੀ।

ਉਹਦਾ ਜੀਵਨ-ਬਿਰਤਾਂਤ ਲਏ ਗਏ 'ਕਬਜ਼ਿਆਂ ਦੀਆਂ ਕਹਾਣੀਆਂ' ਨਾਲ ਭਰਿਆ ਪਿਆ ਹੈ।

ਨਾਮਧਾਰੀ ਮੁਖੀ ਸਤਿਗੁਰੂ ਜਗਜੀਤ ਸਿੰਘ ਦਾ ਭਰਾ ਮਹਾਰਾਜ ਬੀਰ ਸਿੰਘ ਆਪਣੇ ਵੱਡੇ ਭਰਾ ਨੂੰ ਮਿਲੀ ਗੱਦੀ ਹਥਿਆਉਣ ਤੇ ਮਹਾਰਾਜਾ ਨਾਭਾ ਵੱਲੋਂ ਸਤਿਗੁਰੂ ਪ੍ਰਤਾਪ ਸਿੰਘ ਨੂੰ ਦਾਨ ਕੀਤੀ 1125 ਏਕੜ ਬੀੜ ਦੀ ਜ਼ਮੀਨ 'ਤੇ ਕਬਜ਼ਾ ਕਰ ਕੇ ਗੁਰੂ ਹੋਣ ਦਾ ਐਲਾਨ ਕਰਨ ਆਉਂਦਾ ਹੈ। ਸੁਖਜੀਤ ਕਿਸਾਨਾਂ-ਮਜ਼ਦੂਰਾਂ ਦੇ ਭੇਸ ਵਿਚ ਆਪਣੇ ਸੱਠ ਸੱਤਰ ਬੰਦੇ, ਹਥਿਆਰਾਂ ਸਣੇ, ਬੀੜ ਵਿਚ ਸਾਧਾਰਨ ਕੰਮ ਕਰਨ ਵਾਲੇ ਬੰਦਿਆਂ ਦੇ ਰੂਪ ਵਿਚ ਬਿਠਾ ਕੇ ਦੋ ਦਿਨ ਪਹਿਲਾਂ ਹੀ ਬੀੜ ਨੂੰ ਜਾਂਦੇ ਚਾਰੇ ਰਾਹ ਮੱਲ ਲੈਂਦਾ ਹੈ।

ਪੇਸ਼ਬੰਦੀ ਲਈ ਆਈ ਬੈਠੀ ਨਾ ਪੁਲਿਸ ਨੂੰ ਆਸ ਸੀ, ਨਾ ਮਹਾਰਾਜ ਬੀਰ ਸਿੰਘ ਨੂੰ। ਗੋਲੀਆਂ ਦੀ ਗੜਗੜਾਹਟ ਸੁਣ ਕੇ ਤੇ ਚਾਰੇ ਪਾਸਿਆਂ ਤੋਂ ਘਿਰ ਜਾਣ ਕਰ ਕੇ ਮਹਾਰਾਜ ਬੀਰ ਸਿੰਘ ਦੇ ਬੰਦੇ ਗੋਲੀਆਂ ਚਲਾਉਣੀਆਂ ਬੰਦ ਕਰ ਦਿੰਦੇ ਨੇ। ਬੀਰ ਸਿੰਘ ਵੀ ਆਪਣਾ ਰੀਵਾਲਵਰ ਸੀਟ ਹੇਠਾਂ ਕਰ ਲੈਂਦਾ ਹੈ ਤੇ ਜੀਪ ਪਿੱਛੇ ਨੂੰ ਮੋੜਨ ਲੱਗਦਾ ਹੈ। ਗੋਲੀਆਂ ਦੀ ਵਾਛੜ ਹੋ ਰਹੀ ਹੈ। ਸੁਖਜੀਤ ਕਹਿੰਦਾ ਹੈ ਕਿ ਅਸੀਂ ਸੋਚਿਆ ਸੀ ਕਿ ਅੱਜ ਬਚ ਕੇ ਨਹੀਂ ਜਾਣ ਦੇਣਾ। ਉਹ ਜਿਹੜਾ ਏਡੀ ਵੱਡੀ ਸ਼ਖਸੀਅਤ ਸੀ, ਜਿਹਨੂੰ ਰਾਜੀਵ ਗਾਂਧੀ ਵੀ ਫ਼ੋਨ ਕੀਤਾ ਤਾਂ ਜਵਾਬ ਮਿਲਿਆ ਸੀ ਕਿ ਮਾਹਰਾਜ ਟੱਬ-ਬਾਥ ਲੈ ਰਹੇ ਨੇ। ਪੰਦਰਾਂ ਮਿੰਟ ਬਾਅਦ ਫ਼ੋਨ ਕਰਨਾ। ਮੁੰਡੇ ਉਹਨਾਂ ਨੂੰ ਗਾਲ੍ਹਾਂ ਵੀ ਕੱਢ ਰਹੇ ਨੇ ਤੇ ਇਦਾਂ ਹੱਥ ਵੀ ਮਾਰ ਰਹੇ ਨੇ ਨਿਕਲ ਬਾਹਰ ਹੁਣ।ਅਚਨਚੇਤ ਇੱਕ ਡੀ ਐੱਸ ਪੀ ਦਿਲਬਾਗ਼ ਸਿੰਘ ਪੰਨੂੰ ਸੁਖਜੀਤ ਦੇ ਨੇੜੇ ਆ ਕੇ ਕਹਿੰਦਾ ਹੈ, "ਸਰਪੰਚ ਸਾਹਿਬ! ਮੈਂ ਅੰਬਰਸਰ ਜਿਲ੍ਹੇ ਤੋਂ ਹਾਂ। ਜ਼ਿੰਦਗੀ ਵਿਚ ਬੜੇ ਕਤਲ ਹੁੰਦੇ ਵੇਖੇ ਨੇ। ਮਹਿਕਮਾ ਹੀ ਏਹੋ ਜਿਹਾ ਹੈ। ਸ਼ਾਇਦ ਕਤਲ ਕੀਤੇ ਵੀ ਹੋਣ। ਮੈਨੂੰ ਇਹ ਪਤਾ ਵੀ ਹੈ ਕਿ ਤੁਸੀਂ ਉਹਨੂੰ ਨਹੀਂ ਛੱਡਣਾ। ਜੇ ਮਾਰਨਾ ਹੀ ਹੈ ਤਾਂ ਅਸੀਂ ਪਰੇ ਹੋ ਜਾਂਦੇ ਆਂ। ਤੁਸੀਂ ਮਾਰ ਲਓ, ਪਰ ਇਹ ਉਹ ਮਹਾਰਾਜ ਬੀਰ ਸਿੰਘ ਨਹੀਂ ਹੈਗਾ, ਨਾ ਇਹ ਉਹ ਬੰਦੇ ਨੇ ਜਿਹੜੇ ਆਏ ਸੀ। ਮੌਤ ਸਾਹਮਣੇ ਵੇਖ ਕੇ ਉਹਨਾਂ ਤਾਂ ਹਥਿਆਰ ਵੀ 'ਓਥੇ' ਲੁਕੋ ਲੈ ਲਏ ਨੇ। ਹੁਣ ਤਾਂ ਇਹ ਅਰਥੀਆਂ ਨੇ। ਤੁਸੀਂ ਵੇਖ ਲਓ ਕਿ ਮਰਦ ਅਰਥੀਆਂ ਨਾਲ ਕੀ ਕਰਦੇ ਹੁੰਦੇ। ਮਰਦ ਕਦੀ ਅਰਥੀਆਂ ਨਹੀਂ ਡੱਕਦੇ!"

"ਉਹਦਾ ਇਹ ਇਕੋ ਵਾਕ ਮੇਰੇ ਅੰਦਰ ਫਿਰ ਗਿਆ। ਉੱਥੇ ਇੱਟਾਂ ਦਾ ਇੱਕ ਢੇਰ ਸੀ। ਮੈਂ ਢੇਰ ਉੱਤੇ ਚੜ ਕੇ ਹੱਥ ਖੜਾ ਕਰਕੇ ਆਪਣੇ ਬੰਦਿਆਂ ਨੂੰ ਦੋ ਵਾਰੀ ਇਸ਼ਾਰਾ ਕੀਤਾ। ਗੋਲੀਆਂ ਚੱਲਣੀਆਂ ਬੰਦ ਹੋ ਗਈਆਂ। ਮੈਂ ਉੱਚੀ ਆਵਾਜ਼ ਵਿਚ ਆਖਿਆ, "ਗੱਲ ਸੁਣੋ ਬਈ! ਆਹ ਡੀਐਸਪੀ ਸਾਹਿਬ ਨੇ ਕਿਹਾ ਬਈ ਇਹ ਜਿਹੜੇ ਨੇ, ਇਹ ਹੁਣ ਉਹ ਬੰਦੇ ਨਹੀਂ, ਅਰਥੀਆਂ ਹੀ ਨੇ। ਮਰਦ ਅਰਥੀਆਂ ਨਹੀਂ ਡੱਕਦੇ ਹੁੰਦੇ!"

ਉਹ ਗੱਡੀਆਂ ਬੈਕ ਕਰ ਕੇ ਬੀੜ ਦੀ ਜੂਹ ਵਿਚੋਂ ਬਾਹਰ ਨਿਕਲ ਗਏ। ਨਮੋਸ਼ੀ ਨਾਲ ਹੀ ਬੀੜ ਦੀ ਜੂਹ ਦੇ ਵਿੱਚ ਮਹਾਰਾਜ ਬੀਰ ਸਿੰਘ ਬਿਮਾਰ ਹੋ ਗਿਆ। ਅਟੈਕ ਹੋਣ ਕਰ ਕੇ ਸਿੱਧਾ ਦਿੱਲੀ ਐਸਕੋਰਟ ਹਸਪਤਾਲ ਵਿੱਚ ਜਾ ਦਾਖ਼ਲ ਹੋਇਆ।

ਕਿਸੇ ਵਿਚਾਰੇ ਜਿਹੇ ਗਰੀਬ ਨਾਮਧਾਰੀ ਦੀ 25-30 ਕਿੱਲੇ ਜ਼ਮੀਨ ਕੋਈ 'ਰੌਲਾ' ਚੱਲ ਰਿਹਾ ਸੀ। ਡੀ ਆਈ ਜੀ ਨੂੰ ਜ਼ਮੀਨ ਦਾ ਲਾਲਚ ਹੋ ਗਿਆ। ਉਸ ਸੋਚਿਆ, ਇਸ ਝਗੜੇ ਵਿਚੋਂ ਆਪ ਹੀ ਜ਼ਮੀਨ ਸਾਂਭ ਲਵੇ। ਸੁਖਜੀਤ ਟਾਈਮ ਲੈ ਕੇ ਉਹਨੂੰ ਮਿਲਣ ਗਿਆ। ਡੀ ਆਈ ਜੀ ਦੇ ਮਨ ਵਿਚ ਸੀ ਕਿ ਉਹ ਜ਼ਮੀਨ ਬਾਰੇ ਕੋਈ ਗੱਲ ਕਰੂ। ਸੁਖਜੀਤ ਕਹਿੰਦਾ ਹੈ, "ਮੈਂ ਬੜੇ ਆਰਾਮ ਨਾਲ ਡੀ.ਆਈ.ਜੀ. ਸਾਹਿਬ ਨੂੰ ਕਿਹਾ, "ਜੀ, ਮੈਂ ਜ਼ਮੀਨ ਬਾਰੇ ਤਾਂ ਕੋਈ ਗੱਲ ਨਹੀਂ ਕਰਨੀ। ਮੈਂ ਤਾਂ ਇੱਕ ਨਿੱਕੀ ਜਿਹੀ ਜਾਣਕਾਰੀ ਲੈਣ ਆਇਆ ਸੀ ਕਿ ਜਿਹੜਾ ਜੀ, ਇਹ ਆਮ ਬੰਦੇ ਨੂੰ ਆਪਾਂ ਗੋਲੀ ਮਾਰ ਦਿੰਨੇ ਆਂ ਤੇ 302 ਲੱਗ ਜਾਂਦੀ ਏ, ਕੀ ਜੇ ਕਿਸੇ ਵੱਡੇ ਅਫਸਰ ਨੂੰ ਮਾਰ ਦਈਏ ਜੀ, ਪੁਲਿਸ ਵਾਲੇ ਨੂੰ, ਫਿਰ ਵੀ 302 ਹੀ ਲੱਗਦੀ ਹੈ। ਉਹਨਾਂ ਮੇਰੇ ਨਾਲ ਹੱਥ ਮਿਲਾਇਆ। ਕਹਿੰਦੇ ਨਹੀਂ ਆਪਾਂ ਫੈਸਲਾ ਕਰਾ ਦੇਂਦੇ ਆਂ।''

ਉਹਦਾ ਦਾਅਵਾ ਸੀ ਕਿ'ਮੇਰੇ ਕੋਲ ਤੇ ਇਸ ਤਰ੍ਹਾਂ ਦੇ ਸ਼ਬਦ ਸਨ, ਇਸ ਤਰ੍ਹਾਂ ਦੀਆਂ ਗੱਲਾਂ ਸਨ ਤੇ ਇਹੋ ਜਿਹੇ ਬੰਦਿਆਂ ਨਾਲ ਗੱਲ ਕਰਨ ਲੱਗਿਆਂ ਮੈਂ ਕਦੇ ਝਿਜਕਿਆ ਨਹੀਂ। ਉਹਨਾਂ ਨੂੰ ਵੀ ਇਸ ਤਰ੍ਹਾਂ ਦੀਆਂ ਗੱਲਾਂ ਪਿਆਰ ਨਾਲ ਕਹਿ ਹੀ ਦਿੱਤੀਆਂ। ਪਿਆਰ ਨਾਲ ਆਖੇ ਇਹ ਸ਼ਬਦ 'ਹਥਿਆਰ' ਸਮਝ ਲਓ।''

ਸ਼ਬਦਾਂ ਦੀ ਅਜਿਹੀ ਸੁਚੱਜੀ ਵਰਤੋਂ ਉਹਨੇ ਆਪਣੀਆਂ ਕਹਾਣੀਆਂ ਵਿਚ ਕੀਤੀ ਹੈ।

ਚੱਲੋ! ਉਹਦੀਆਂ ਕਹਾਣੀਆਂ ਦੀ ਗੱਲ ਕਰ ਕਰਦੇ ਹਾਂ!

## ਉਸਤਾਦ ਕਹਾਣੀਕਾਰ

ਸੁਖਜੀਤ ਉਸਤਾਦ ਕਹਾਣੀਕਾਰ ਹੈ। ਜਦੋਂ ਮੈਂ ਉਹਦੀ ਪਹਿਲੀ ਕਹਾਣੀ 'ਦਾਅ' ਪੜ੍ਹੀ ਤਾਂ ਪੜ੍ਹਦੇ ਸਾਰ ਉਹਦੀ ਉਸਤਾਦੀ ਦਾ ਸਿੱਕਾ ਮੰਨ ਲਿਆ ਸੀ। ਮੈਨੂੰ ਲੱਗਾ ਸੀ ਕਿ ਆਉਣ ਵਾਲੇ ਸਮੇਂ ਵਿਚ ਵੱਡਾ ਕਹਾਣੀਕਾਰ ਬਣੇਗਾ। ਤੇ ਉਹ ਬਣਿਆ ਵੀ। ਉਹਨੂੰ ਹੁਲਾਰਾ ਦੇਣ ਲਈ, ਜਿਵੇਂ ਪਿੱਛੇ ਦੱਸ ਆਇਆ ਹਾਂ, ਮੈਂ ਆਪਣੇ ਕਾਲਜ ਵੱਲੋਂ ਉਹਨੂੰ ਕੁਲਵੰਤ ਸਿੰਘ ਵਿਰਕ ਪੁਰਸਕਾਰ ਦੇਣ ਦੀ ਸ਼ਿਫ਼ਾਰਿਸ਼ ਕੀਤੀ ਸੀ।

ਚੱਲਦੇ ਚੱਲਦੇ ਇੱਕ ਗੱਲ ਹਲਕੀ-ਫੁਲਕੀ ਗੱਲ ਸਾਂਝੀ ਕਰਦਾ ਜਾਵਾਂ।

ਅਦਾਰਾ 'ਰਾਗ' ਨੇ ਬਲਦੇਵ ਧਾਲੀਵਾਲ ਨੂੰ ਕਹਾਣੀਕਾਰ ਵਜੋਂ ਸਨਮਾਨਿਤ ਕਰਨ ਲਈ ਪੰਜਾਬੀ ਯੂਨੀਵਰਸਿਟੀ ਵਿਚ ਸਮਾਗਮ ਕੀਤਾ। ਸਮਾਗਮ ਦਾ ਐਲਾਨ ਹੋਣ 'ਤੇ ਮੈਂ ਲਿਖਿਆ ਸੀ:-

ਤ੍ਰੈ-ਮਾਸਿਕ 'ਮੁਹਾਂਦਰਾ' ਦੇ 2005 ਦੇ ਅਪ੍ਰੈਲ-ਜੂਨ ਅੰਕ ਵਿਚ ਡਾ ਜੋਗਿੰਦਰ ਸਿੰਘ ਨਿਰਾਲਾ ਨੇ ਮੇਰੀ ਇੰਟਰਵਿਊ ਕਰਦਿਆਂ ਸਵਾਲ ਕੀਤਾ ਸੀ ਕਿ 'ਨਵੇਂ ਪੰਜਾਬੀ ਕਹਾਣੀਕਾਰਾਂ 'ਚੋਂ ਤੁਹਾਨੂੰ ਕਿਹੜੇ ਕਿਹੜੇ' ਲੰਬੀ ਰੇਸ ਦੇ ਘੋੜੇ' ਲੱਗਦੇ ਹਨ। ਮੈਂ ਜਵਾਬ ਵਿਚ ਜਿਹੜੇ ਤਿੰਨ ਕਥਾਕਾਰਾਂ ਦੇ ਨਾਂ, ਜਿਸ ਤਰਤੀਬ ਵਿਚ ਲਏ, ਉਹ ਸਨ ਬਲਵਿੰਦਰ ਗਰੇਵਾਲ, ਸੁਖਜੀਤ ਤੇ ਬਲਦੇਵ ਧਾਲੀਵਾਲ।

ਭਵਿੱਖ-ਬਾਣੀ ਠੀਕ ਸਾਬਤ ਹੁੰਦਿਆਂ ਬੇਸ਼ੱਕ 18 ਸਾਲ ਲੱਗ ਗਏ ਨੇ, ਪਰ ਸੱਚ ਜ਼ਰੂਰ ਹੋ ਗਈ। ਕੁਝ ਕੁ ਮਹੀਨਿਆਂ ਵਿਚ ਮੇਰੀ ਦੱਸੀ ਤਰਤੀਬ ਮੁਤਾਬਕ ਪਹਿਲਾਂ ਬਲਵਿੰਦਰ ਨੂੰ ਢਾਹਾਂ ਪੁਰਸਕਾਰ, ਫੇਰ ਸੁਖਜੀਤ ਨੂੰ ਸਾਹਿਤ ਅਕਾਦਮੀ ਤੇ ਹੁਣ ਧਾਲੀਵਾਲ ਨੂੰ ਰਾਗ-ਪੁਰਸਕਾਰ ਮਿਲ ਗਏ।

ਇਹਨਾਂ ਦੇ ਲਿਖਣ-ਕਾਲ ਦੇ ਸ਼ੁਰੂਆਤੀ ਦਿਨਾਂ ਵਿਚ ਸੁਖਜੀਤ ਤੇ ਬਲਦੇਵ ਨੂੰ ਤਾ ਮੈਂ 'ਕੁਲਵੰਤ ਸਿੰਘ ਵਿਰਕ ਯੁਵਾ ਪੁਰਸਕਾਰ' ਨਾਲ ਸਨਮਾਨਿਤ ਵੀ ਕੀਤਾ ਸੀ।

ਜੇ ਹੁਣ ਹੋਰ ਕਿਸੇ ਨੇ ਵੀ ਜੋਤਸ਼ ਲਵਾਉਣਾ ਹੋਵੇ ਤਾਂ ਲਵਾ ਸਕਦਾ ਹੈ, ਪਰ ਸ਼ਰਤ ਇਹ ਹੈ ਕਿ ਇਨਾਮ ਵਾਲੇ ਪੈਸਿਆਂ ਦਾ ਅੱਧੋ-ਅੱਧ ਹੋਵੇਗਾ।

ਸੁਖਜੀਤ ਸਮਾਗਮ ਵਾਲੇ ਦਿਨ ਬੋਲਦਿਆਂ ਕਿਹਾ, "ਭਾ ਜੀ ਵਰਿਆਮ ਸੰਧੂ ਨੇ 18 ਸਾਲ ਪਹਿਲਾਂ ਇੰਟਰਵਿਊ ਕਰਕੇ ਜਿਹੜੇ ਤਿੰਨ ਕਹਾਣੀਕਾਰਾਂ ਬਾਰੇ ਕਿਹਾ ਸੀ, ਉਹਨਾਂ ਵਿਚ ਬਲਦੇਵ ਸਿੰਘ ਧਾਲੀਵਾਲ, ਬਲਵਿੰਦਰ ਗਰੇਵਾਲ ਤੇ ਮੇਰਾ ਨਾਂ ਵੀ ਲਿਆ ਸੀ ਕਿ ਹੁਣ ਇਹ ਅੱਗੇ ਚੱਲਣਗੇ। ਇਹ ਕਹਿੰਦੇ ਨੇ ਕਿ ਉਹਨਾਂ ਨੂੰ ਪੁਰਸਕਾਰ ਮਿਲ ਗਏ ਨੇ। ਮੇਰੇ ਕੋਲੋਂ ਜੇ ਕਿਸੇ ਹੋਰ ਨੇ ਭਵਿੱਖਬਾਣੀ ਕਰਾਉਣੀ ਹੋਵੇ ਤਾਂ ਕਰਾ ਸਕਦਾ ਏ ਪਰ ਸ਼ਰਤ ਇਹ ਆ ਬਈ ਅੱਧੇ ਪੈਸੇ ਇਨਾਮ ਦੇ, ਮੈਨੂੰ ਦੇਣੇ ਪੈਣਗੇ। ਮੈਂ ਸੱਚੀਂ ਜਟਕਾ ਜਿਹਾ ਹਿਸਾਬ ਲਾ ਕੇ ਇਹ ਸੋਚਿਆ ਕਿ ਜੇ ਇਹਨਾਂ ਦਾ ਪਿਛਲਾ ਹਿਸਾਬ ਵੀ ਕਰ ਦੇਵਾਂ ਤਾਂ ਬਲਦੇਵ ਹੁਣਾਂ ਨੂੰ ਤਾਂ ਦੇਣਾ ਪਊਗਾ ਸਾਢੇ ਪੰਝੀ ਹਜ਼ਾਰ ਤੇ ਮੇਰੇ ਹਿੱਸੇ 50 ਹਜ਼ਾਰ ਆਏ ਤੇ ਪਤਾ ਤਾਂ ਬਲਵਿੰਦਰ ਗਰੇਵਾਲ ਨੂੰ ਲੱਗੂ ਨਾ ਜਦੋਂ 7 ਲੱਖ 53 ਹਜ਼ਾਰ ਤੇ 562 ਰੁਪਏ ਦੇਣੇ ਪਏ!

ਬਲਵਿੰਦਰ ਗਰੇਵਾਲ ਸਾਹਮਣੇ ਬੈਠਾ ਸੀ। ਕਹਿੰਦਾ, "ਉਹ ਤਾਂ ਪਹਿਲਾਂ ਹੀ ਸੰਧੂ ਸਾਹਿਬ ਦੇ ਨੇ। ਇਹਨਾਂ ਕਿਤਾਬ ਨਹੀਂ ਭੇਜੀ ਤਾਂ ਪੈਸੇ ਮੈਨੂੰ ਮਿਲ ਗਏ।"

(ਆਪਣੀ ਕਿਤਾਬ ਨਾ ਭੇਜਣ ਦਾ ਜ਼ਿਕਰ ਇਸ ਕਰ ਕੇ ਕੀਤਾ ਕਿਉਂਕਿ ਅੱਗੇ ਜਾ ਕੇ ਇਸ ਹਵਾਲੇ ਨਾਲ ਗੱਲ ਹੋਣੀ ਹੈ)

ਹਾਂ, ਤੇ ਆਪਾਂ ਗੱਲ ਕਰ ਰਹੇ ਸਾਂ ਸੁਖਜੀਤ ਦੇ 'ਉਸਤਾਦ ਕਹਾਣੀਕਾਰ' ਹੋਣ ਦੀ!

ਉਹਦੀ ਵਾਕ ਤੇ ਵਾਰਤਾਲਾਪ ਸਿਰਜਣ ਦੀ ਕੌਸ਼ਲਤਾ ਨਾਲ ਵਰੋਸਾਇਆ ਸੀ।

ਵਾਰਿਸ ਸ਼ਾਹ ਨੇ ਲਿਖਿਆ ਸੀ:-

ਫ਼ਿਕਰਾ ਜੋੜ ਕੇ ਖ਼ੂਬ ਦਰੁੱਸਤ ਕੀਤਾ, ਸੋਹਣਾ ਫੁੱਲ ਗੁਲਾਬ ਦਾ ਤੋੜਿਆ ਈ!

ਸੁਖਜੀਤ ਚੰਗੇ ਫ਼ਿਕਰੇ 'ਤੇ ਜਾਨ ਦੇਣ ਵਾਲਾ ਸੀ। ਏਸੇ ਕਰ ਕੇ ਭਾਵੇਂ ਉਹ ਕਹਾਣੀ ਲਿਖ ਰਿਹਾ ਹੁੰਦਾ, ਵਾਰਤਕ ਸਿਰਜ ਰਿਹਾ ਹੁੰਦਾ, ਫ਼ਿਕਰੇ ਨੂੰ ਜੋੜ ਕੇ ਉਂਝ ਹੀ ਦਰੁੱਸਤ ਕਰਦਾ ਜਿਵੇਂ ਬਾਬਾ ਵਾਰਿਸਸ਼ਾਹ ਕਰਦਾ ਹੁੰਦਾ ਸੀ।

ਵਾਰਿਸ ਸ਼ਾਹ ਉਹਦੀਆਂ ਸਾਹਿਤਕ ਰਗਾਂ ਵਿੱਚ ਖ਼ੂਨ ਵਾਂਗ ਵਹਿ ਰਿਹ ਰਿਹਾ ਸੀ। 'ਵਾਰਿਸ ਦੀ ਹੀਰ' ਪਹਿਲੀ ਕਿਤਾਬ ਸੀ, ਜੋ ਉਹਨੇ ਬਚਪਨ ਵਿਚ ਖ਼ੁਦ ਖ਼ਰੀਦੀ ਸੀ।

ਉਹਦੀਆਂ ਕਹਾਣੀਆਂ ਵਿਚ ਤੁਸੀਂ ਇਹਨਾਂ ਫ਼ਿਕਰਿਆਂ ਦੀ ਤਾਕਤ ਵੇਖ ਸਕਦੇ ਓ। ਉਹਦੇ ਵਾਕ 'ਛਿੱਲੇ-ਤਰਾਸ਼ੇ' ਹੁੰਦੇ ਨੇ। ਚੇਤਨਾ ਵਿਚ ਛਿਲਤਰਾਂ ਵਾਂਗ ਪੁੜ ਜਾਣ ਵਾਲੇ। ਪੀੜ ਵੀ ਦਿੰਦੇ ਨੇ, ਸਕੂਨ ਵੀ ਦਿੰਦੇ ਨੇ। ਸੁੱਤਿਆਂ ਨੂੰ ਹਲੂਣ ਕੇ ਜਗਾਉਂਦੇ ਨੇ।

'ਚੰਦਰੀ' ਕਹਾਣੀ ਦਾ ਪਹਿਲਾ ਵਾਕ ਹੀ ਹੈ, "ਮਾਰਨੀ ਤਾਂ ਮੈਂ ਆਪਣੀ ਮਾਂ ਸੀ ਪਰ ਮਰ ਗਈ ਮੇਰੇ ਘਰ ਦੀ ਮੈਥੋਂ ਚੰਦਰੀ"ਹਜ਼ਾਰ ਕਹਾਣੀਆਂ ਦਾ ਬਾਪ' ਦਾ ਵਾਕ, 'ਜਦੋਂ ਮੈਂ ਆਪਦੇ ਘਰ ਦੀਆਂ ਪੌੜੀਆਂ ਚੜ੍ਹਦਾਂ, ਮੈਨੂੰ ਐਂ ਜਾਪਦਾ ਜਿਵੇਂ ਜੀ ਬੀ ਰੋਡ ਦੀਆਂ ਪੌੜੀਆਂ ਚੜ੍ਹ ਰਿਹਾ ਹੋਵਾਂ!'

ਉਹਦੇ ਸਿਰਜੇ ਵਾਰਤਾਲਾਪ ਐਵੇਂ ਗੱਲ 'ਚੋਂ ਗੱਲ ਕੱਢਣ ਤੇ ਕਥਾ ਨੂੰ ਲਮਕਾਉਣ ਦੀ ਥਾਂ ਸੰਘਣੇ, ਸੰਗਠਿਤ ਤੇ ਨਿਰਣਾਜਨਕ ਹੁੰਦੇ ਨੇ।

'ਇਉਂ ਸਿਰ੍ਹਾਣੇ ਬੈਠ ਕੇ ਖੇਤਾਂ ਦੀ ਰਾਖੀ ਨਹੀਂ ਹੁੰਦੀ ਪੁੱਤ। ਰਾਖੀ ਤਾਂ ਘਰ ਬੈਠ ਕੇ ਹੁੰਦੀ ਐ।'

'ਘਰ ਬੈਠ ਕੇ?' ਗੱਲ ਉਹਦੇ ਸਮਝ ਨਹੀਂ ਆਈ ਸੀ।

ਹਾਂ ਘਰ ਬੈਠ ਕੇ...ਜੱਟ ਦਾ ਸੇਕ ਹੋਣਾ ਚਾਹੀਦੈ, ਰੋਅਬ ਚਾਹੀਦੈ ਮੱਲ, ਲੋਕਾਂ ਨੂੰ ਭੈਅ ਹੋਵੇ-ਇਹ ਫਲਾਣੇ ਦਾ ਖੇਤ ਐ ਓਏ।"

--

'ਬਾਪੂ...ਉਹ ਰੋਜ਼ ਸਤਾਈ ਮੀਲ ਤੁਰਦੀ ਐ, ਪਤਾ ਨਹੀਂ ਕਿੰਨੇ ਸਾਲਾਂ ਤੋਂ, ਤੇ ਇਹ ਐਮ.ਪੀ. ਸਾਅਬ...।' ਸ਼ਬਦਾਂ ਨੂੰ ਚੱਬ ਕੇ ਬੋਲਿਆ ਉਹ, 'ਇਹ ਗੁਰਮੁਖ ਸਿੰਘ ਐਮ.ਪੀ.। ਇਹ ਸਾਡੇ ਪਿੰਡ ਦਾ ਮੁੱਖਾ ਜਿਹਨੂੰ ਕੁਝ ਸਾਲ ਪਹਿਲਾਂ ਰੋਟੀ ਨਹੀਂ ਸੀ ਮਿਲਦੀ ਰੱਜਵੀਂ; ਇਹਦੇ ਕਾਕੇ ਜਿਹੜੇ ਕੱਲੇ-ਕੱਲੇ ਕਾਰਾਂ ਲਈ ਫਿਰਦੇ ਨੇ, ਜੁੱਤੀ ਨਹੀਂ ਸੀ ਹੁੰਦੀ ਉਨ੍ਹਾਂ ਦੇ ਪੈਰੀਂ, ਤੇ ਉਹ, ਉਹ ਰੋਜ਼ ਸਤਾਈ ਮੀਲ ਤੁਰਦੀ ਹੈ ਬਾਪੂ...ਪਤੈ ਕੀਹਦੇ ਲਈ...?'

ਬਾਪੂ ਨੇ ਉਹਦੇ ਮੂੰਹ 'ਤੇ ਹੱਥ ਰੱਖਣਾ ਚਾਹਿਆ, ਪਰ ਹੱਥ ਹਟਾਉਂਦਾ ਉਹ ਜੋਸ਼ 'ਚ ਬੋਲੀ ਗਿਆ, 'ਪਤੈ ਕੀਹਦੇ ਲਈ...ਆਵਦੇ ਲਈ ਨਹੀਂ, ਘਰਵਾਲੇ ਲਈ ਵੀ ਨਹੀਂ...ਐਮ.ਪੀ. ਸਾਹਿਬ ਲਈ...ਇਹਦੇ ਕਾਕਿਆਂ ਲਈ; ਤੇ...ਤੇ ਬਾਪੂ ਆਪਣੇ ਵਰਗੇ ਕੁੱਤਿਆਂ ਲਈ...ਰੋਜ਼ ਸਤਾਈ ਮੀਲ਼..।'

(ਸਤਾਈ ਮੀਲ)

--

"ਦੇਖੋ ਮੈਡਮ ਡਿਗਰੀਆਂ ਲੈਣ ਨੂੰ ਪੜ੍ਹਾਈ ਨਈਂ ਕਹਿੰਦੇ, ਡਿਗਰੀਆਂ ਲੈਣਾਂ ਤਾਂ 'ਵਾਰਮ ਅੱਪ' ਹੋਣਾ ਹੁੰਦੈ, ਪੜ੍ਹਾਈ ਏਦੂੰ ਬਾਅਦ ਸ਼ੁਰੂ ਹੁੰਦੀ ਐ।"

--

ਪਾਤਰਾਂ ਦੀ ਮਾਨਸਿਕਤਾ ਉਹਨਾਂ ਦੇ ਬੋਲਾਂ ਰਾਹੀਂ ਪ੍ਰਗਟ ਹੁੰਦੀ ਹੈ। ਸੁਖਜੀਤ ਦਾ ਆਪਾ

ਪਾਤਰਾਂ ਵਿਚ ਘੁਲ਼ ਜਾਂਦਾ ਹੈ। ਉਹ ਉਹਨਾਂ ਦੀ ਭਾਸ਼ਾ ਬੋਲਦਾ ਹੈ, ਉਸੇ ਅੰਦਾਜ਼ ਵਿਚ ਉਹਨਾਂ ਰਾਹੀਂ ਬੋਲਦਾ ਹੈ। ਇਸਦੀ ਉੱਤਮ ਉਦਾਹਰਣ 'ਕਾਮ-ਬਲੀ' ਵਿਚੋਂ ਵੇਖ ਸਕਦੇ ਹੋ। ਭੈਰਵੀ, ਮੁਨੀ ਤੇ ਸਾਈਂ ਦੇ ਬੋਲ, ਵਾਰਤਾਲਾਪ ਉਹਨਾਂ ਦੀ ਮਾਨਸਿਕਤਾ, ਹਾਲਾਤ ਤੇ ਸਥਿਤੀ ਮੁਤਾਬਕ ਐਨ ਢੁਕਦੇ ਹਨ।

ਵਿਖਾਵੇ ਦੀ ਲਿਜਲਿਜੀ ਪਰ ਜ਼ਾਲਮਾਨਾ ਨਿਮਰਤਾ ਵੇਖਣੀ ਹੋਵੇ ਤਾਂ 'ਪਾਤਸ਼ਾਹ' ਦੇ ਦਿਆ ਸਿੰਘ ਦੇ ਵਾਰਤਾਲਾਪ ਸੁਣ ਲਵੋ, "ਵਾਹ ਜੀ ਵਾਹ ਧੰਨਭਾਗ ਤੁਸੀਂ ਬਾਪੂ ਅਮਰ ਸਿੰਘ ਜੀ ਦੇ ਸੈਹਬਜ਼ਾਦੇ ਓ ਆਓ ਜੀ ਆਇਆਂ ਨੂੰ ਅੱਜ ਤਾਂ ਪਾਅਸ਼ਾਹ ਆਪ ਵੱਸਿਆ ਏ ਤੁਹਾਡੇ ਅੰਦਰ ਆਓ, ਏਥੇ ਮੇਰੇ ਕੋਲ ਬੈਠੋ , ਬਾਪੂ ਅਮਰਿ ਸੰਘ ਹੋਰਾਂ ਦਾ ਕੀ ਲੇਖਾ ਜੀ ਇਹੋ ਜਿਹੀ ਆਤਮਾ ਤੇ ਕਦੇ-ਕਦੇ ਈ ਆਉਂਦੀ ਏ ਸੰਸਾਰ ਤੇ ਉਹ ਤੁਹਾਡੇ ਈ ਨਹੀਂ, ਸਾਡੇ ਵੀ ਬਾਪੂ ਜੀ ਨੇ।

ਇਹ ਉਹੋ ਬਾਪੂ ਅਮਰ ਸਿੰਘ ਹੈ ਜਿਸਦੀ ਜ਼ਮੀਨ ਧੋਖੇ ਨਾਲ ਡੇਰੇ ਦੇ ਨਾਂ ਕੀਤੀ ਜਾਣੀ ਹੈ।

--

ਕੁਲਬੀਰ ਜਦੋਂ ਦਲਜੀਤ ਨੂੰ ਦਿਲਜੀਤ ਕਹਿੰਦਾ ਹੈ ਤਾਂ ਦਲਜੀਤ ਦਾ ਕਹਿਣਾ, "ਮਿਸਟਰ ਮੈਂ ਦਲਜੀਤ ਹਾਂ, 'ਦਿਲ-ਜੀਤ' ਨਹੀਂ!'

--

ਇਹ ਤਾਂ ਐਵੇਂ ਦਾਲ 'ਚੋਂ ਕੁਝ ਦਾਣੇ ਹਨ।

ਅਸੀਂ ਤਾਂ ਚੰਗੇ ਫ਼ਿਕਰੇ ਨਾਲ ਉਹਦੀ ਮੁਹੱਬਤ ਦੀ ਗੱਲ ਕਰ ਰਹੇ ਸਾਂ।

ਸੁਖਜੀਤ ਦੀਆਂ ਕਹਾਣੀਆਂ ਦਾ ਮੁਲਾਂਕਣ ਕਰਨਾ ਸਾਡਾ ਵਿਸ਼ਾ ਨਹੀਂ।

ਏਥੇ ਅਸੀਂ ਉਹਦੀ ਰਚਨਾ ਪਿੱਛੇ ਕਾਰਜਸ਼ੀਲ ਨਜ਼ਰੀਏ ਦੀ ਗੱਲ ਕਰਦੇ ਹਾਂ। ਉਹਦੀਆਂ ਕਹਾਣੀਆਂ ਵਿਚ ਹਾਲਾਤ ਤੇ ਰਿਸ਼ਤੇ ਕਿੰਨੇ ਵੀ ਅਣਸੁਖਾਵੇਂ, ਟਕਰਾਉਂਦੇ, ਅਮਾਨਵੀ, ਗੁੰਝਲਦਾਰ ਤੇ ਦੁਖਾਵੇਂ ਕਿਉਂ ਨਾ ਹੋਣ, ਉਹਦਾ ਅੰਤਮ ਸੁਨੇਹਾ ਮਾਨਵੀ ਤੇ ਚੜ੍ਹਦੀ ਕਲਾ ਵਾਲਾ ਹੁੰਦਾ ਹੈ। ਇਹ ਸੁਨੇਹਾ ਰਚਨਾ 'ਤੇ ਆਰੋਪਿਤ ਕੀਤਾ ਨਹੀਂ ਹੁੰਦਾ, ਸਗੋਂ ਰਚਨਾ ਦੇ ਸਮੁੱਚੇ ਸੰਗਠਨ ਵਿਚੋਂ ਸਹਿਜੇ ਸਫ਼ੁਟਿਤ ਹੁੰਦਾ ਹੈ।

ਰਚਨਾ ਉਦੋਂ ਹੀ ਜਾਨਦਾਰ ਬਣਦੀ ਹੈ, ਜਦੋਂ ਉਸ ਵਿਚ ਲੇਖਕ ਦਾ ਪ੍ਰਮਾਣਿਕ ਅਨੁਭਵ ਬੋਲੇ। ਸੁਖਜੀਤ ਬਹੁਤੀਆਂ ਕਹਾਣੀਆਂ ਵਿਚ ਟੋਟਿਆਂ ਵਿਚ ਖਿੰਡਰਿਆ,ਵੱਖ ਵੱਖ ਕਹਾਣੀਆਂ ਵਿਚ ਲੱਭ ਜਾਵੇਗਾ। ਇਹ ਵੱਖਰੀ ਗੱਲ ਹੈ ਕਿ ਆਪਣੀ ਹੋਂਦ ਨੂੰ ਉਹ ਕਲਾਤਮਕ ਉਹਲਾ ਦੇ ਲੈਂਦਾ ਹੈ। ਏਸੇ ਵਿਚ ਉਸਦੀ ਕਲਾਕਾਰੀ ਹੈ। 'ਪਾਤਸ਼ਾਹ' ਵਿਚ ਕਾਲੀਆਂ ਐਨਕਾਂ ਵਾਲੇ ਸਕਿਉਰਟੀ ਇਨਚਾਰਜ ਵਿਚ ਵੀ ਤੁਸੀਂ ਸੁਖਜੀਤ ਨੂੰ ਵੇਖ ਸਕਦੇ ਹੋ। ਇਹ ਕਿਰਦਾਰ ਸੁਖਜੀਤ ਦਾ ਗੁਨਾਹਗਾਰ ਆਪਣਾ ਹੈ। ਸੁਖਵਿੰਦਰ, ਜੋ, ਅਜੈਬ ਸਿੰਘ ਦਾ ਵਿਦਿਆਰਥੀ ਹੈ, ਜਿਸ ਨੂੰ ਅਜੈਬ ਸਿੰਘ ਨਾਲ ਕੀਤੀ ਵਧੀਕੀ ਦੀ ਪੀੜ ਹੈ, ਜਿਸ ਅੰਦਰ ਰੰਜ ਹੈ, ਰੋਹ ਹੈ; ਉਹ ਵੀ ਸੁਖਜੀਤ ਦਾਮਾਨਵੀ ਰੂਪ ਹੀ ਹੈ। ਇਸ ਮੁੰਡੇ ਵਿਚੋਂ ਸੁਖਜੀਤ ਦਾ ਲੇਖਕੀ ਆਪਾ ਬੋਲਦਾ ਹੈ। ਇੰਝ ਹੀ 'ਸਤਾਈ ਮੀਲ' ਕਹਾਣੀ ਵਾਲਾ ਕੈਲਾ ਵੀ ਸੁਖਜੀਤ ਹੈ, ਜਿਹੜਾ ਐੱਮ ਪੀ ਸਾਹਿਬ ਦੀ

ਤਾਕਤ ਨਾਲ ਜੁੜ ਕੇ 'ਤਾਕਤਵਾਰ' ਬਣਿਆ ਹੋਇਆ ਹੈ। ਐਮ ਪੀ ਦੇ ਪਾਖੰਡ, ਜ਼ੁਲਮ ਤੇ ਦੋਗ਼ਲੇਪਨ ਦਾ ਚਸ਼ਮਦੀਦ ਗਵਾਹ ਵੀ ਹੈ। ਪਰ ਹੁਣ ਤੱਕ ਆਪਣੀ ਸੰਵੇਦਨਾ ਮਾਰ ਕੇ ਐਮ ਪੀ ਦਾ 'ਹਥਿਆਰ' ਬਣਿਆ ਹੋਇਆ ਹੈ। ਪਰ ਚੰਗਾ ਲੇਖਕ ਉਹੋ ਜੋ ਪਾਠਕ ਦੀ ਸੰਵੇਦਨਾ ਮਰਨ ਨਾ ਦੇਵੇ। ਸੌਂ ਰਹੀ ਹੋਵੇ, ਮਰ ਰਹੀ ਹੋਵੇ ਤਾਂ ਹਲੂਣਾ ਮਾਰ ਕੇ ਉਠਾਵੇ, ਜਗਾਵੇ। ਏਥੇ ਹੀ ਲੇਖਕ ਦਾ ਨਜ਼ਰੀਆ ਕੰਮ ਕਰਦਾ ਹੈ। ਭਾਵੇਂ ਉਹਦੇ ਪਾਤਰ ਹਾਲਾਤ ਨੂੰ ਬਦਲਣ ਲਈ 'ਕੁਝ ਕਰ ਤਾਂ ਨਹੀਂ ਸਕਦੇ', ਪਰ 'ਉਹ ਮਰ ਵੀ ਨਹੀਂ ਸਕਦੇ।' 'ਲੇਖਕ ਸੁਖਜੀਤ' ਮਾਸਟਰ ਅਜੈਬ ਸਿੰਘ ਦੇ ਲਲਕਾਰੇ ਵਿਚ ਤੇ ਕਰਨੈਲ ਦੇ ਅੰਤਮ ਬੋਲਾਂ ਵਿਚ ਪਾਤਰਾਂ ਨੂੰ 'ਮਰਨ' ਨਹੀਂ ਦਿੰਦਾ। ਜ਼ਮੀਰ ਦਾ ਮਰਨਾ 'ਮਰਨ' ਹੀ ਤਾਂ ਹੁੰਦਾ ਹੈ।

ਨਜ਼ਰਿਆਤੀ ਪੱਖ ਤੋਂਜਦੋਂ ਉਹ ਆਪਣੀ ਕਥਾ ਨੂੰ ਗੋਲਾਈ ਦਿੰਦਾ ਹੈ ਤਾਂ ਅੰਤ 'ਤੇ ਜਾ ਕੇ ਅਜਿਹਾ ਧੋਬੀ ਪਟਕਾ ਮਾਰਦਾ ਹੈ, ਕਿ ਪਾਠਕ ਹੈਰਾਨ ਵੀ ਹੁੰਦਾ ਹੈ ਤੇ ਖ਼ੁਸ਼ ਵੀ। ਪੂਰੀ ਕਥਾ ਵਿਚ ਉਦਾਸੀ ਦੇ ਛਾਏ ਬੱਦਲ ਛਟ ਜਾਂਦੇ ਨੇ। ਉਹਦੀ ਸ਼ਾਹਕਾਰ ਕਹਾਣੀ 'ਹਜ਼ਾਰ ਕਹਾਣੀਆਂ ਦਾ ਬਾਪ' ਦਾ ਮੁੱਖ ਪਾਤਰ ਸੈਣੀ ਆਪਣੀ ਨਿਮਨ ਜ਼ਾਤ ਕਰ ਕੇ, ਤੇ ਚਾਰ ਧੀਆਂ ਦਾ ਬਾਪ ਹੋਣ ਕਰ ਕੇ ਵੀ ਸਹਿਮਿਆਂ ਤੇ ਦੱਬਿਆ ਰਹਿੰਦਾ ਹੈ। ਉਹਨੂੰ ਹਰ ਵੇਲੇ ਆਪਣੀਆਂ ਧੀਆਂ ਦੇ ਕਿਰਦਾਰ 'ਤੇ ਦਾਗ਼ ਲੱਗਣ ਦਾ ਡਰ ਬਣਿਆ ਹੋਇਆ ਹੈ। ਅੱਜ ਵੀ, ਹੁਣ ਵੀ ਉਹਦੀਆਂ ਧੀਆਂ ਨੇ ਉਹਨੂੰ ਬਦਨਾਮੀ ਦਿਵਾਈ ਕਿ ਦਿਵਾਈ। ਉਹ ਮਸਕੀਨ ਆਦਮੀ ਸਮਝਦਾ ਹੈ ਕਿ ਆਪਣੇ ਨਾਲ ਵਧੀਕੀ ਕਰਨ ਵਾਲੇ ਕਿਸੇ ਦਾ ਵੀ, ਉਹ ਕੁਝ ਨਹੀਂ ਵਿਗਾੜ ਸਕਦਾ। ਪਾਠਕ ਨੂੰ ਵੀ ਹਰ ਵੇਲੇ ਲੱਗਦਾ ਰਹਿੰਦਾ ਕਿ ਉਹਦੀਆਂ ਧੀਆਂ ਵਿਚੋਂ ਕਿਸੇ ਨਾ ਕਿਸੇ ਨੇ ਹੁਣੇ ਕੋਈ ਚੰਦ ਚਾੜ੍ਹਿਆ ਲੈ ! ਗਿੱਲ ਵਰਗੇ ਕੁਲੀਗ ਆਪਣੀ ਜਟਕੀ ਹਉਂ ਦੇ ਸੁਹਾਗੇ ਨਾਲ ਸੈਣੀ ਨੂੰ ਹਰ ਵੇਲੇ ਦਰੜੀ ਰੱਖਦੇ ਹਨ। ਉਹ ਬੋਲਣ ਜੋਗਾ ਨਹੀਂ। ਧੀਆਂ ਦਾ ਬਾਪ ਹੈ ਨਾ ! ਕਥਾ ਦੇ ਅੰਤ 'ਤੇ ਜਦੋਂ ਉਹ ਆਪਣੇ ਘਰ ਜਾਂਦਾ ਹੈ ਤਾਂ ਹੇਠਾਂ ਗਿੱਲ ਦਾ ਸਕੂਟਰ ਲੱਗਾ ਵੇਖ ਕੇ ਉਹਦੀ ਖਾਨਿਉਂ ਜਾਂਦੀ ਹੈ। ਉਹ ਉਤਲੀ ਮੰਜ਼ਿਲ 'ਤੇ ਆਪਣੇ ਘਰ ਵਿਚ ਸ਼ੋਰ ਸੁਣਦਾ ਹੈ ਤਾਂ ਉਹਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਜਾਂਦੀ ਹੈ। ਕੁਝ ਮਾੜਾ ਵਾਪਰ ਜਾਣ ਦਾ ਭੈਅ ਉਹਦੇ ਪਸੀਨੇ ਛੁਟਾ ਦਿੰਦਾ ਹੈ। ਪਰ ਜਦ ਕਮਰੇ ਵਿਚ ਪਹੁੰਚਦਾ ਹੈ ਤਾਂ ਵੇਖਦਾ ਹੈ ਕਿ ਉਹਦੀਆਂ ਧੀਆਂ ਨੇ ਗਿੱਲ ਨੂੰ ਢਾਹਿਆ ਹੋਇਆ ਹੈ।ਸੁਖਜੀਤ ਦੀ ਜ਼ਬਾਨੀ ਉਹਦਾ ਬਿਆਨ ਸੁਣੋ:–

ਡਰਾਇੰਗ ਰੂਮ ਚ ਪਹੁੰਚਿਆ ਤਾਂ ਅੱਖਾਂ 'ਤੇ ਯਕੀਨ ਹੀ ਨਹੀਂ ਆਇਆ। ਮੇਰੀਆਂ ਚਾਰੇ ਧੀਆਂ ਨੇ ਗਿੱਲ ਢਾਇਆ ਹੋਇਆ। ਉਹ ਉਹਨੂੰ ਬੱਕਰੇ ਵਾਂਗੂ ਕੋਹ ਰਹੀਆਂ ਸਨ। ਵੱਡੀ ਚਪੇੜਾਂ ਮਾਰ ਰਹੀ ਸੀ, ਦੂਜੀ ਮਸਤ, ਲੱਤਾਂ ਤੇ ਤੀਜੀ ਨੇ ਉਹਦੀ ਦਾੜ੍ਹੀ ਫੜੀ ਹੋਈ ਸੀ ਤੇ ਚੀਕ ਰਹੀ ਸੀ,"ਤੂੰ ਸਾਡੇ ਪਾਪਾ ਦਾ ਲਹੂ ਪੀ ਲਿਆ। ਅੱਜ ਅਸੀਂ ਦੱਸਦੀਆਂ ਤੈਨੂੰ ਕਿ ਅਸੀਂ ਉਹਦੀਆਂ ਧੀਆਂ ਨਹੀਂ,ਪੁੱਤ ਆਂ, ਪੁੱਤ।" ਛੋਟੀ ਉਹਦੇ ਕੇਸ ਫੜਣ ਦਾ ਯਤਨ ਕਰਦੀ। ਗਿੱਲ ਛੁੱਟਣ ਨੂੰ ਸਾਰਾ ਜ਼ੋਰ ਲਾ ਰਿਹਾ ਸੀ। ਪਰ ਮੇਰੀਆਂ ਧੀਆਂ, ਨਾ ਸੱਚ, ਮੇਰੇ ਪੁੱਤ, ਕਹਿ ਰਹੇ ਸਨ, "ਵੱਡਿਆਂ ਜੱਟਾ! ਤੇਰਾ ਕਦੇ ਧੀਆਂ ਧਿਆਣੀਆ ਨਾਲ ਵਾਹ ਹੀ ਨਹੀਂ ਪਿਆ।" ਮੇਰੀ ਹਿੱਕ ਚੌੜੀ ਹੋ ਗਈ। ਮੈਂ ਗੁਰੂ ਗੋਬਿੰਦ ਸਿੰਘ ਜੀ ਦੀ ਫੋਟੋ ਅੱਗੇ ਹੱਥ ਜੋੜੇ,"ਵਾਹ !ਬਾਜਾਂ ਵਾਲਿਆ ! ਅੱਜ ਚਿੜੀਆਂ ਤੋਂ ਬਾਜ "ਮੇਰਾ ਮਨ ਭਰ ਗਿਆ। ਮੇਰੇ ਪਿੱਛੇ ਆਏ ਮਠਾੜੂ, ਹਰਬੰਸ ਤੇ ਹੋਰਾਂ ਨੇ ਗਿੱਲ

ਨੂੰ ਮਸਾਂ ਛੁਡਾਇਆ। ਉਹਦੀ ਸੰਧੂਰੀ ਪੱਗ ਪੈਰਾਂ 'ਚ ਰੁਲ ਰਹੀ ਸੀ ਮੁੱਛਾਂ ਮੂੰਹ ਚ ਪੈ ਰਹੀਆਂ ਸਨ। ਮੇਰੀਆਂ ਸ਼ੇਰਨੀਆਂ ਅਜੇ ਵੀ ਝਈਆਂ ਲੈ ਲੈ ਕੇ ਪੈ ਰਹੀਆਂ ਸਨ। ਮੈਂ ਮਾਣ ਨਾਲ ਚੌਹਾਂ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ

ਨਜ਼ਰਿਆਤੀ ਪੱਖ ਤੋਂ ਇੱਕ ਤਾਂ ਉਹ ਧੀਆਂ ਬਾਰੇ ਸਦੀਆਂ ਤੋਂ ਬਣ ਚੁੱਕੀ ਪ੍ਰਚੱਲਿਤ ਧਾਰਨਾ ਨੂੰ ਖੰਡਿਤ ਕਰਦਾ ਹੈ। ਦੂਜਾ ਜਾਤ ਅਭਿਮਾਨ ਦੇ ਰੰਘੜਊ ਨੂੰ ਰੁਲਦਿਆਂ ਵਿਖਾਉਂਦਾ ਹੈ। ਨਾ ਧੀਆਂ ਅਬਲਾ ਨੇ ਤੇ ਨਾ ਕੋਈ ਜਾਤ ਹੀਣ ਤੇ ਨੀਵੀਂ ਹੈ। ਕਹਾਣੀ ਦਾ ਅੰਤ ਸਾਰੀ ਕਹਾਣੀ ਵਿਚ ਸਥਾਪਤ ਹੁੰਦੀਆਂ ਜਾਪਦੀਆਂ ਨਾਂਹ-ਵਾਚਕ ਧਾਰਨਾਵਾਂ ਨੂੰ ਉਲਟੇ ਸਿਰ ਖੜਾ ਕਰ ਦਿੰਦਾ ਹੈ।

ਕਹਾਣੀ ਕਲਾ ਦਾ ਅਹਿਮ ਅੰਗ ਹੈ ਕਹਾਣੀ ਵਿਚ ਲਗਾਤਾਰ ਜਗਿਆਸਾ ਦਾ ਬਣੇ ਰਹਿਣਾ। ਇਹ ਜਗਿਆਸਾ ਜਾਸੂਸੀ ਕਿਸਮ ਦੀ ਨਾ ਹੋ ਕੇ ਜ਼ਿੰਦਗੀ ਦੇ ਰਹੱਸ ਦਾ ਭੇਤ ਖੋਲ੍ਹਣ ਵਾਲੀ ਹੋਣੀ ਚਾਹੀਦੀ ਹੈ। ਸੁਖਜੀਤ ਇਸ ਕਲਾ ਦਾ ਮਾਹਿਰ ਹੈ। ਉਹਦੀ ਕਹਾਣੀ ਪੜ੍ਹਨੀ ਸ਼ੁਰੂ ਕਰੋ ਤਾਂ ਵਿਚਕਾਰ ਛੱਡੀ ਨਹੀਂ ਜਾ ਸਕਦੀ। ਦਿਲਚਸਪੀ ਬਣਾ ਕੇ ਸਹਿਜ ਚਾਲ ਚੱਲਦੀ ਕਹਾਣੀ ਜਦੋਂ ਅੰਤ ਤੇ ਪਹੁੰਚੇ ਤਾਂ ਅਜਿਹਾ 'ਡੰਗ' ਮਾਰੇ, ਜਿਹੜਾ ਪਾਠਕ ਦੀ ਚੇਤਨਾ ਨੂੰ ਜੁੰਬਿਸ਼ ਦੇ ਸਕੇ। 'ਡੰਗ' ਕਹਾਣੀ ਵਿਚ ਇੰਜ ਹੀ ਵਾਪਰਦਾ ਹੈ। ਮੁੱਖ ਪਾਤਰ ਦਲਜੀਤ ਵੱਲ ਖਿੱਚਿਆ ਜਾਂਦਾ ਹੈ। ਦਲਜੀਤ ਸਵੈਮਾਣ ਵਾਲੀ ਕੁੜੀ ਹੈ। ਮੁੱਖ ਪਾਤਰ ਦਲਜੀਤ ਨੂੰ 'ਦਿਲਜੀਤ' ਬਣਾਉਣਾ ਲੋਚਦਾ ਹੈ। ਜਦ ਸਫ਼ਲਤਾ ਦੇ ਨੇੜੇ ਪਹੁੰਚਦਾ ਹੈ ਤਾਂ ਉਹਦੇ ਪਰਸ ਵਿਚੋਂ ਗਰਭ ਰੋਕੂ ਸਮਾਨ ਵੇਖ ਕੇ ਦਿਲਜੀਤ ਨੂੰ ਤ੍ਰਿਸਕਾਰ ਦਿੰਦਾ ਹੈ। ਪਰ ਅੰਤ 'ਤੇ ਰਹੱਸ ਖੁੱਲ੍ਹਦਾ ਹੈ ਕਿ ਪਰਸ ਤਾਂ ਕਿਸੇ ਹੋਰ ਕੁਲੀਗ ਦਾ ਸੀ। ਪਾਠਕ ਦੀਆਂ ਨਜ਼ਰਾਂ ਵਿਚ ਡਿੱਗੀ ਪਈ ਦਲਜੀਤ ਮੁੜ ਉਹਨਾਂ ਦੀ ਨਜ਼ਰ ਵਿਚ ਕਿਰਦਾਰ ਦੀ ਬੁਲੰਦੀ ਨਾਲ ਲਿਸ਼ਕ ਪੈਂਦੀ ਹੈ ਤੇ ਮੁੱਖ ਪਾਤਰ ਨੂੰ ਸ਼ਰਮਿੰਦਗੀ ਦੇ ਆਲਮ ਵਿਚ ਡੋਬ ਦਿੰਦੀ ਹੈ।

ਜਾਤ ਦੇ ਆਧਾਰ 'ਤੇ ਸੁਖਜੀਤ ਬੰਦੇ ਨੂੰ ਪਛਾਣਨ ਦੀ ਥਾਂ ਇਨਸਾਨ ਦੇ ਨਜ਼ਰੀਏ ਤੋਂ ਪਛਾਣਨ ਦਾ ਹਾਮੀ ਹੈ।

ਪੰਜਾਬ ਦੀ ਰਾਜਨੀਤੀ ਵਿਚ ਪਿਛਲੇ ਸਮੇਂ ਤੋਂ ਸਿੱਖ ਤੇ ਕਾਮਰੇਡ ਦਾ ਵਿਰੋਧ ਸਿਰਜਿਆ ਗਿਆ ਹੈ। ਪਰ ਸੁਖਜੀਤ ਨੂੰ ਲੱਗਦਾ ਹੈ, ਤੇ ਬੜਾ ਠੀਕ ਲੱਗਦਾ ਹੈ ਕਿ ਦੋਵੇਂ ਧਿਰਾਂ ਵਿਚਾਰਧਾਰਕ ਤੌਰ 'ਤੇ ਇੱਕ ਦੂਜੇ ਦੀਆਂ ਵਿਰੋਧੀ ਨਹੀਂ, ਪੂਰਕ ਹਨ। 'ਖਜੂਰਾਂ' ਵਿਚ 'ਖਾਲਸਾ ਤੇ ਕਾਮਰੇਡ ਦਾ ਜੁੱਟ ਏਸੇ ਗੱਲ ਵੱਲ ਸੰਕੇਤ ਹੈ ਕਿ ਦੋਵਾਂ ਨੂੰ ਮਿਲ-ਜੁਲ ਕੇ ਸਮਾਜ ਤੇ ਰਾਜ ਨੂੰ ਬਦਲਣ ਦਾ ਦਾ ਚਾਰਾ ਕਰਨਾ ਪੈਣਾ ਹੈ। ਇਸ ਵਿਚਾਰਧਾਰਕ ਸੰਜੋਗ ਦਾ ਅਜੇ ਮੁਢਲਾ ਪੜਾਅ ਹੈ। ਪਰ 'ਚਮਕੌਰ ਸਾਹਿਬ' ਦੇ ਆਲੇ-ਦੁਆਲੇ ਉੱਗੀਆਂ ਖਜੂਰਾਂ ਦੇ ਚਿਹਨ ਨੂੰ ਉਹ ਮੁਗ਼ਲ ਹਾਕਮਾਂ ਨਾਲ ਤੇ ਸੰਕੇਤਿਕ ਤੌਰ 'ਤੇ ਵਰਤਮਾਨ ਹਾਕਮਾਂ ਨਾਲ ਮਿਲਾ ਕੇ 'ਸਵਾ ਲਾਖ ਸੇ ਏਕ ਲੜਾਊਂ' ਦੇ ਪ੍ਰਵਚਨ ਨੂੰ ਯਾਦ ਕਰਾਉਂਦਿਆਂ ਇਕੱਲੇ ਹੀ ਲੜਨ ਦਾ ਅਜ਼ਮ ਲੈਂਦਾ ਹੈ। ਝੰਡਾ ਭਾਵੇਂ ਪੀਲਾ ਹੋਵੇ ਜਾਂ ਲਾਲ, ਕੋਈ ਫ਼ਰਕ ਨਹੀਂ ਪੈਂਦਾ, ਵਿੱਚ 'ਡੰਡਾ' ਤਕੜਾ ਹੋਣਾ ਚਾਹੀਦਾ ਹੈ। ਡੰਡਾ ਸਾਂਝੀ ਸ਼ਕਤੀ ਦਾ ਪ੍ਰਤੀਕ ਹੈ। ਸੁਨੇਹਾ ਹੈ ਕਿ ਕਾਮਰੇਡ ਤੇ ਸਿੱਖ ਵਿਚਾਰਧਾਰਕ ਤੌਰ 'ਤੇ ਨੇੜੇ ਹਨ ਤੇ ਪੰਜਾਬ ਦਾ ਭਲਾ ਦੋਵਾਂ ਦੇ ਲੜਨ ਵਿਚ ਨਹੀਂ ਸਾਂਝੇ ਤੌਰ 'ਤੇ ਸਥਾਪਤੀ ਨਾਲ ਲੜਨ ਵਿਚ ਹੈ।

"ਤੀਲਾ' ਕਹਾਣੀ ਵਿਚ ਕਮਿਊਨਿਸਟ ਲਹਿਰ ਦੇ ਪ੍ਰਸੰਗਹੀਣ ਹੋਣ ਦੇ ਦੁਖਾਂਤ ਵੱਲ ਵੀ ਸੰਕੇਤ ਕੀਤਾ ਗਿਆ ਹੈ। ਦੁਖਾਂਤ ਇਹ ਵੀ ਹੈ ਕਿ ਬਹੁਤ ਲੋਕ ਇਨਕਲਾਬ ਲਈ ਲੜਨ ਨਿਕਲੇ ਪਰ ਇਨਕਲਾਬ ਦੇ ਭਾਂਬੜ ਵਿਚ ਮੱਚ ਗਏ, ਪਰ ਇਨਕਲਾਬ ਨੇੜੇ ਨਾ ਆਇਆ। ਸੁਖਜੀਤ ਦੀ ਕਲਾਤਮਕ ਮਾਨਤਾ ਹੈ ਕਿ ਇਨਕਲਾਬ ਨੇੜੇ ਤਾਂ ਹੀ ਆਵੇਗਾ ਜੇ ਸਿੱਖ ਤੇ ਮਾਰਕਸਵਾਦੀ ਸਿਰ ਜੋੜ ਕੇ ਬੈਠਣਗੇ, ਸੋਚਣਗੇ ਤੇ ਇਕੱਠੇ ਹੋ ਕੇ ਲੜਨਗੇ।

ਇਸ ਪ੍ਰਸੰਗ ਵਿਚ ਉਹਦੇ ਬੋਲ ਵੀ ਸੁਣੇ ਜਾ ਸਕਦੇ ਹਨः-

"ਤੁਸੀਂ ਜਿੰਨਾ ਮਰਜ਼ੀ ਜ਼ੋਰ ਲਓ ਲੈ! ਬਾਹਰੋਂ ਜਿੰਨੇ ਮਰਜ਼ੀ ਫ਼ਲਸਫ਼ੇ ਲੈ ਕੇ ਆਉਣੇ ਨੇ, ਲੈ ਆਓ, ਪਰ, ਜਿਹੜਾ ਕੰਮ ਸਾਡੇ ਵਿਰਸੇ ਵਿੱਚੋਂ ਦੁੱਲੇ ਭੱਟੀ ਨੇ ਕਰਨਾ, ਜਿਹੜਾ ਸਿੱਖ ਸ਼ਹੀਦਾਂ ਨੇ ਕਰਨਾ, ਉਹ ਹੋਰ ਕੋਈ ਨਹੀਂ ਕਰ ਸਕਦਾ। ਲੋਕ ਜਦੋਂ ਉੱਠਣੇ ਨੇ, ਜਦੋਂ ਵੀ ਉੱਠੇ ਨੇ, ਤੁਸੀਂ ਦੇਖ ਲਓ ਚਾਹੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਹੋਣ, ਚਾਹੇ ਕੋਈ ਹੋਣ, ਜਿਨ੍ਹਾਂ ਨੇ ਵੀ ਲੋਕਾਂ ਦੇ ਇਸ ਵਿਰਸੇ ਚੋਂ ਲਿਆ (ਇਹ ਵੱਖਰੀ ਗੱਲ ਹੈ ਕਿ ਉਹ ਕਿੱਧਰ ਲੈ ਕੇ ਗਏ, ਕਿੱਧਰ ਨਹੀਂ ਲੈ ਕੇ ਗਏ ਅਲੱਗ ਗੱਲਾਂ ਨੇ) ਲੋਕ ਮਗਰ ਕਿਵੇਂ ਲੱਗਦੇ ਨੇ! ਜਿੰਨਾ ਚਿਰ ਖਾਲਸਾ ਤੇ ਕਾਮਰੇਡ ਇਕੱਠੇ ਨਹੀਂ ਹੁੰਦੇ ਉਨਾ ਚਿਰ ਹੱਲ ਨਹੀਂ ਹੋਣਾ।"

ਉਹਦੇ ਵਿਅੰਗ ਦੀ ਧਾਰ ਬੜੀ ਤਿਖੀ ਹੈ। ਉਹ ਧਾਰਮਿਕ-ਰਾਜਨੀਤਕ ਦੰਭ, ਪਾਖੰਡ, ਦੋਗ਼ਲੇਪਨ ਤੇ ਬੇਈਮਾਨੀ ਦੇ ਉਛਾੜ ਪਾੜਦਾ ਤੁਰਿਆ ਜਾਂਦਾ ਹੈ। ਚਿੱਟੇ ਵਸਤਰਾਂ ਹੇਠ ਲੁਕੇ ਕਾਲ਼ੇ ਦਿਲਾਂ ਤੇ ਕਾਲ਼ੀਆਂ ਕਰਤੂਤਾਂ ਨੂੰ ਜੱਗ-ਜ਼ਾਹਿਰ ਕਰਦਾ ਜਾਂਦਾ ਹੈ। ਉਹਦੀ ਮਾਰ ਵਿਚ ਉਹ ਸਾਰੇ 'ਵੱਡੇ' ਦਿਸਣ ਵਾਲੇ ਲੋਕ ਆਉਂਦੇ ਨੇ। ਜਿਨ੍ਹਾਂ ਦੀ ਛੱਤਰ-ਛਾਇਆ ਦਾ ਸੁਖ ਮਾਣ ਕੇ ਉਹ ਖ਼ੁਦ 'ਵੱਡਾ' ਬਣਿਆ, ਪਰ ਲੇਖਕ ਬਣ ਕੇ ਉਹ, ਉਸ 'ਵਡੱਪਣ' ਦੇ ਪੋਲ ਖੋਲ੍ਹਦਾ ਹੈ। ਜ਼ਿੰਦਗੀ ਵਿਚ ਕੀਤੇ ਗੁਨਾਹ ਦੇ ਅਹਿਸਾਸ ਤੋਂ ਮੁਕਤ ਹੋਣ ਲਈ ਉਹਨੇ ਇਹ ਕਹਾਣੀਆਂ ਲਿਖੀਆਂ ਨੇ। ਗੰਗਾ ਦਾ ਇਸ਼ਨਾਨ ਕਰ ਕੇ ਉਹ ਪਾਪਾਂ ਤੋਂ ਮੁਕਤ ਨਹੀਂ ਹੋਇਆ, ਉਹਦੀਆਂ ਕਹਾਣੀਆਂ ਨੇ ਉਹਦੇ ਪਾਪਾਂ ਦੀ ਮੈਲ਼ ਧੋ ਦਿੱਤੀ ਹੈ ਤੇ ਪੜ੍ਹਨ ਵਾਲਿਆਂ ਦੇ ਦਿਲਾਂ 'ਤੇ ਸੋਨੇ ਦੀ ਝਾਲ ਚਾੜ੍ਹ ਦਿੱਤੀ ਹੈ।

ਅਜਿਹੀਆਂ ਲਿਖਤਾਂ ਪਿੱਛੇ ਕਾਰਜਸ਼ੀਲ ਉਹਦੀ ਰਚਨਾ-ਦ੍ਰਿਸ਼ਟੀ ਦਾ ਮੁਤਾਲਿਆ ਕਰਨਾ ਹੋਵੇ ਤਾਂ ਉਹਦਾ ਬਿਆਨ ਪੜ੍ਹ ਲੈਣਾ ਚੰਗਾ ਰਹੇਗਾः-

ਭਾਵੇਂ ਉਹਦੇ ਕਿੰਨੇ ਵੰਨ-ਸੁ-ਵੰਨੇ ਰੂਪ ਸਨ ਪਰ ਧੁਰ ਅੰਦਰਲੀ ਸਤਹ ਤੋਂ ਉਹਦੇ ਅੰਦਰ ਮੁਹੱਬਤ ਦੀ, ਖ਼ਲੂਸ ਦੀ, ਇਨਸਾਨੀਅਤ ਦੀ ਗੰਗਾ ਵਹਿੰਦੀ ਪਈ ਸੀ। ਉਹ ਬਾਹਰੀ ਰੂਪਾਂ ਨੂੰ ਵੀ ਤੇ ਸਥਾਪਤੀ ਦੁਅਰਾ ਲੇਖਕ ਨੂੰ ਅਨੁਸਾਰੀ ਬਣਾ ਲੈਣ ਲਈ ਦਿੱਤੇ ਲਾਲਚਾਂ ਨੂੰ ਇਸ ਅੰਦਾਜ਼ ਵਿਚ ਰੱਦ ਕਰ ਦਿੰਦਾ ਹੈ।

"ਤੁਹਾਨੂੰ ਦੱਸ ਦੇਵਾਂ ਸਾਡੇ ਕਾਮਰੇਡ ਹੋਣ, ਚਾਹੇਸੰਘ ਹੋਵੇ, ਚਾਹੇ ਧਰਮ ਹੋਵੇ, (ਸੰਘ ਨਾਲ ਵੀ ਮੇਰਾ ਵਾਹ ਹੈਗਾ, ਤੁਹਾਨੂੰ ਪਤਾ) ਇਹ ਸਾਰੇ ਬੰਦੇ ਦੀਆਂ ਅੱਖਾਂ 'ਤੇ ਖੋਪੇ ਚੜ੍ਹਾਉਣ ਦਾ ਕੰਮ ਕਰਦੇ ਨੇ। ਇਹ ਕਾਮਰੇਡਾਂ ਦੇ ਖੋਪੇ ਨੇ ਕਿ'ਤੂੰ ਮਾਰਕਸਵਾਦ ਤੋਂ ਬਿਨਾਂ ਇਧਰ ਉਧਰ ਨਹੀਂ ਦੇਖਣਾ'। ਸੰਘ ਵਾਲੇ ਕਹਿੰਦੇ ਨੇ 'ਤੇਰੇ ਆਹ ਖੋਪੇ ਨੇ, ਤੂੰ ਰਾਸ਼ਟਰ ਤੋਂ ਬਿਨਾਂ ਇਧਰ ਉਧਰ ਨਹੀਂ ਦੇਖਣਾ ਹੈਗਾ!' ਧਰਮ ਕਹਿੰਦਾ, ਜਿਹੜਾ ਸਾਡਾ ਧਰਮ ਇਹੀ ਅਸਲ ਧਰਮ ਹੈ! ਮੇਰੇ ਖੋਪੇ ਨਹੀਂ

ਚੜ੍ਹੇ ਹੈਗੇ। ਨਾ ਮੈਂ ਕਿਸੇ ਨੂੰ ਚਾੜ੍ਹਨ ਦਿੱਤੇ ਨੇ। ਮੈਂ ਖੋਪਿਆਂ ਤੋਂ ਬਹੁਤ ਚੱਲਦਾਂ।ਦੂਜਾ, ਮਾਫ਼ ਕਰਨਾ, ਮੈਂ ਪਟੇ ਤੋਂ ਬਹੁਤ ਚੱਲਦਾਂ। ਜਿਹੜਾ ਗਲ 'ਚ ਪਟਾ ਪਾਉਂਦੇ ਨੇ ਨਾ, ਮੈਂ ਪਟੇ ਵਾਲਾ ਨਹੀਂ ਹੈਗਾ।ਉਂਝ ਪਟੇ ਚੋਂ ਸੁੱਖ ਬਹੁਤ ਨੇ। ਪਟੇ ਦੇ ਨਾਲ ਤੁਹਾਨੂੰ ਦੁੱਧ ਨਾਲ ਬਿਸਕੁਟ ਮਿਲਦੇ ਨੇ। ਸ਼ਨੀਲ ਦੇ ਕੱਪੜੇ ਮਿਲ ਜਾਂਦੇ ਨੇ ਪਾਉਣ ਨੂੰ। ਰਹਿਣ ਨੂੰ ਵੀ ਵਧੀਆ। ਰੋਟੀ ਟੁੱਕ ਵੀ ਵਧੀਆ। ਪਰ ਜਦੋਂ ਤੁਹਾਡਾ ਭੌਂਕਣ ਨੂੰ ਜੀ ਕਰੇ, ਤੁਸੀਂ ਭੌਂਕ ਨਹੀਂ ਸਕਦੇ। ਜਦੋਂ ਤੁਹਾਨੂੰ ਉਹ ਕਹਿਣ ਟੌਮੀ ਭੌਂਕ! ਭੌਂਕੋ। ਜਦੋਂ ਕਹਿਣ 'ਸਿੱਟ-ਡਾਊਨ', ਉਥੇ ਕਰਕੇ ਉਥੇ ਬਹਿ ਜਾਓ! ਉਹ ਨਹੀਂ ਹੁੰਦਾ ਮੇਰੇ ਕੋਲੋਂ। ਇਸ ਕਰਕੇ ਮੈਂ ਤਾਂ ਬਈ ਗਲੀ ਵਾਲੇ ਜਿਹੜੇ ਹੁੰਦੇ ਨੇ ਨਾ, ਉਹਨਾਂ ਨੂੰ ਕੁਝ ਕਹਿ ਲਓ ਉਹ ਹਾਂ। ਰੋਟੀ ਤਾਜੀ ਨਹੀਂ ਮਿਲੂ, ਬੇਹੀ ਮਿਲ ਜੂ ਕਿਸੇ ਘਰ ਚੋਂ। ਮੈਂ ਤਾਂ ਇਹੋ ਜਿਹਾ ਹੈਗਾ ਯਾਰ। ਇਹੀ ਮੈਂ ਲਿਖਤਾਂ ਦੇ ਵਿੱਚ ਹਾਂ।"

### ਉਹਨੇ ਡੰਗ ਮਾਰਨਾ ਛੱਡਿਆ ਸੀ, ਫੁੰਕਾਰਾ ਮਾਰਨਾ ਨਹੀਂ

ਸ਼ਬਦ ਦਾ ਹਥਿਆਰ ਵਰਤਣ ਲੱਗਿਆਂ ਵੀ ਉਹਦੇ ਪਿੱਛੇ ਹਥਿਆਰ ਦੀ ਤਾਕਤ ਬੋਲਦੀ ਸੀ। ਜਦੋਂ ਉਹਨੇ ਡੇਰੇ ਨੂੰ ਛੱਡ ਦਿੱਤਾ ਤੇ 'ਕਬਜ਼ੇ ਕਰਨ' ਵਾਲੇ ਆਪਣੀ ਜੀਵਨ-ਜੁਗਤ ਵਿਚ ਤਬਦੀਲੀ ਵੀ ਲੈ ਆਂਦੀ ਤਦ ਵੀ ਉਹਨੇ 'ਹਥਿਆਰ ਦੀ ਤਾਕਤ' ਦਾ ਲੁਕਵਾਂ ਮੁਜ਼ਾਹਰਾ ਕਰਨਾ ਨਹੀਂ ਸੀ ਤਿਆਗਿਆ। ਉਹ ਮਿੱਠਾ ਬੋਲਦਾ। ਨਿਰਮਾਣ ਦਿਸਣ ਦਾ ਯਤਨ ਕਰਦਾ। ਪਰ ਜਿਵੇਂ ਕਹਿੰਦੇ ਨੇ, 'ਉਹਨੇ ਬੇਸ਼ੱਕ ਡੰਗ ਮਾਰਨਾ ਛੱਡ ਦਿੱਤਾ ਹੋਵੇ, ਫੁੰਕਾਰਾ ਮਾਰਨਾ ਨਹੀਂ ਸੀ ਛੱਡਿਆ।' ਬਹੁਤੇ ਲੇਖਕ ਉਹਦੀ ਚੰਗਾ ਲੇਖਕ ਤੇ ਚੰਗਾ ਮਦਦਗਾਰ ਇਨਸਾਨ ਹੋਣ ਕਰ ਕੇ ਇੱਜ਼ਤ ਕਰਦੇ, ਪਰ ਇਸ ਇੱਜ਼ਤ ਦੇ ਪਿਛੋਕੜ ਵਿਚ ਨਿਰੋਲ ਉਹਦੇ ਮਾਨਵੀ ਗੁਣ ਹੀ ਹੋਣ, ਅਜਿਹੀ ਗੱਲ ਵੀ ਨਹੀਂ ਸੀ, ਇਸ ਇੱਜ਼ਤ ਦੇ ਪਿਛੋਕੜ ਵਿਚ ਉਹਦੇ ਫੁੰਕਾਰੇ ਦਾ ਭੈਅ ਵੀ ਕਾਰਜਸ਼ੀਲ ਹੁੰਦਾ। ਕਦੀ ਕਦੀ ਉਹ ਆਪਣੇ ਸ਼ਬਦ ਦੀ ਸ਼ਕਤੀ ਦੀ ਹੀ ਨਹੀਂ ਹਥਿਆਰ ਦੀ ਤਾਕਤ ਵੱਲ ਵੀ ਹੁੱਬ ਕੇ ਇਸ਼ਾਰਾ ਕਰਦਾ। ਇੱਕ ਵਾਰ ਕਿਸੇ ਸਮਾਗਮ ਵਿਚ ਬੋਲਦਿਆਂ ਉਹਨੇ ਕਿਹਾ ਕਿ ਸਭ ਜਾਣਦੇ ਹੀ ਹਨ ਕਿ ਹਥਿਆਰਾਂ ਨਾਲ ਉਹਦਾ ਬੜਾ ਪਿਆਰ ਰਿਹਾ ਹੈ ਤੇ ਉਹ ਅਜੇ ਵੀ ਹਥਿਆਰ ਸਦਾ ਆਪਣੇ ਕੋਲ ਰੱਖਦਾ ਹੈ। ਫਿਰ ਉਹਨੇ ਕਿਹਾ, "ਮੈਂ ਆਪਣੀ ਕਿਤਾਬ ਦੀ ਭੂਮਿਕਾ ਨਹੀਂ ਲਿਖਾਉਂਦਾ। ਨਾ ਮੈਂ ਕਿਸੇ ਨੂੰ ਭੂਮਿਕਾ ਲਿਖਣ ਨੂੰ ਦਿੱਤੀ ਹੈ ਤੇ ਨਾ ਹੀ ਕਿਸੇ ਦੀ ਇਨੀ ਜੁਰਅਤ ਸੀ ਕਿ ਸੁਖਜੀਤ ਦੇ ਸਾਹਮਣੇ ਉਹਦੀ ਕਿਤਾਬ ਨੂੰ ਚੱਕ ਕੇ ਮਾਰੇ।

ਸਾਹਮਣੇ ਬੈਠੇ ਲੇਖਕ ਉਹਦੀ ਬੇਬਾਕੀ, ਧਮਕੀ ਤੇ ਸ਼ਾਇਦ, 'ਬਹਾਦਰੀ' 'ਤੇ ਹੱਸਦੇ ਹਨ।

ਉਹ ਮਾਣ ਨਾਲ ਸਰੋਤਿਆਂ ਦੀ ਇਸ ਹਸਾਉਣੀ ਪ੍ਰਸ਼ੰਸਾ ਨੂੰ ਸਵੀਕਾਰ ਕਰਦਿਆਂ ਲੜੀ ਜੋੜਦਿਆਂ ਕਹਿੰਦਾ, "ਕੋਈ ਵੀ ਹੋਵੇ, ਕਿੱਡਾ ਵੀ ਵੱਡਾ ਲੇਖਕ ਹੋਵੇ, ਹਾਲਾਂਕਿ ਮੈਂ ਬਹੁਤ ਸਤਿਕਾਰ ਕਰਦਾਂ, ਬਹੁਤ ਜ਼ਿਆਦਾ। ਮੈਂ ਹਰੇਕ ਵੱਡੇ ਲੇਖਕ ਜਿੰਨੇ ਨੇ, ਉਹਨਾਂ ਨੂੰ ਮੈਂ ਗੋਡਿਆਂ ਤੋਂ ਨਹੀਂ, ਪੈਰਾਂ ਤੱਕ ਜਾ ਕੇ ਨਮਸਕਾਰ ਕਰਕੇ ਮਿਲਦਾਂ, ਕਿਉਂਕਿ, ਉਹਨਾਂ ਕਰਕੇ ਹੀ ਲੇਖਕ ਹਾਂ। ਚਾਹੇ ਭਾਜੀ ਵਰਿਆਮ ਸੰਧੂ ਹੋਰੀ ਹੋਣ, ਪ੍ਰੇਮ ਪ੍ਰਕਾਸ਼ ਹੋਣੀ ਹੋਣ। ਹੋਰ ਕਿੰਨੇ ਲੇਖਕ ਨੇ, ਜਿਹੜੇ ਸਾਰੇ, ਉਹਨਾਂ ਨੂੰ ਮੈਂ ਇਸੇ ਤਰ੍ਹਾਂ ਹੀ ਮਿਲਦਾਂ ਤੇ ਮਨੋ ਇਸ ਤਰ੍ਹਾਂ ਹੀ ਉਹਨਾਂ ਦਾ ਸਤਿਕਾਰ ਕਰਦਾ ਆਂ।"

ਉਹ ਮਿੱਤਰਾਂ ਦਾ 'ਭਾਉ' ਤਾਂ ਕਰਦਾ ਹੀ ਸੀ, ਪਰ 'ਭੈਅ' ਦਾ ਹਥਿਆਰ ਉਹਨੇ ਕਦੀ ਨਹੀਂ ਸੀ ਤਿਆਗਿਆ। ਇਹ ਸ਼ਬਦ ਸੁਣ ਕੇ ਮੈਨੂੰ ਲੱਗਿਆ ਸੀ ਕਿ ਜਿਹੜੇ 'ਪਿਆਰ ਦਾ ਹਥਿਆਰ' ਵਰਤਣ ਦਾ ਉਹ ਦਾਅਵਾ ਕਰਦਾ ਸੀ, ਏਥੇ ਵੀ ਉਹੋ ਹਥਿਆਰ ਵਰਤ ਕੇ ਸਭ ਨੂੰ ਡਰਾ ਰਿਹਾ ਸੀ ਕਿ ਉਹ ਉਹਦੀ ਕਹਾਣੀ ਬਾਰੇ ਉਹ ਚੰਗੀ ਗੱਲ ਤਾਂ ਕਰ ਸਕਦੇ ਨੇ, 'ਹੋਰ ਕੋਈ ਗੱਲ' ਨਹੀਂ ਕਰ ਸਕਦੇ!

ਭਾਵੇਂ ਮੈਂ ਉਹਦੇ ਇਸ ਪ੍ਰਵਚਨ ਵੇਲੇ ਕਨੇਡਾ ਬੈਠਾ ਹੋਇਆ ਸਾਂ ਤਾਂ ਵੀ ਸੁਣਦਿਆਂ ਕੁਝ-ਕੁਝ ਮੈਨੂੰ ਵੀ ਲੱਗਾ ਕਿ ਉਹ ਇਹ ਗੱਲ 'ਪਿਆਰ, ਸਤਿਕਾਰ' ਦੇ ਲੁਬਾਦੇ ਹੇਠ ਜਿਵੇਂ ਮੈਨੂੰ ਵੀ ਸੁਣਾ ਰਿਹਾ ਹੋਵੇ!

**ਜਦੋਂ ਮੈਂ ਸੱਚੀ ਸੁਣਾਈ**

ਮੈਂ ਮੁਕਤਸਰ ਤੇ ਅੰਬਰਸਰ ਵਿਚ ਕਰਵਾਏ ਕਹਾਣੀ ਸੈਮੀਨਾਰਾਂ ਵਿਚ ਪ੍ਰੇਮ ਪ੍ਰਕਾਸ਼ ਦੀ ਹਾਜ਼ਰੀ ਵਿਚ ਉਸ ਵੱਲੋਂ ਪੈਦਾ ਕੀਤੇ ਰੁਝਾਨ ਦਾ ਵਿਰੋਧ ਕੀਤਾ, ਜਿਸ ਰੁਝਾਨ ਦੇ ਜਾਲ਼ ਵਿਚ ਫਸ ਕੇ ਨਵੇਂ ਕਹਾਣੀਕਾਰ ਫ਼ੈਸ਼ਨ ਵਜੋਂ ਅਜਿਹੀ ਕਹਾਣੀ ਲਿਖਣ ਲੱਗੇ ਜਿਨ੍ਹਾਂ ਨੂੰ ਛਾਪ ਕੇ ਉਹ ਉਹਨਾਂ ਕਹਾਣੀਆਂ ਨੂੰ 'ਮੀਲ-ਪੱਥਰ' ਆਖ ਕੇ ਵਡਿਆਉਂਦਾ। ਇਹਨਾਂ ਕਹਾਣੀਆਂ ਵਿਚ ਮਨੁੱਖੀ ਸੁਭਾ ਦੀ ਕੋਈ ਲੁਕਵੀਂ ਪਰਤ ਵਿਖਾਉਣ ਦੀ ਥਾਂ ਕੇਵਲ ਕਾਮ-ਕ੍ਰਿਆਵਾਂ ਦੇ ਪ੍ਰਕਿਰਤਕ ਕਿਸਮ ਦੇ ਦ੍ਰਿਸ਼ਾਂ, ਸਨਸਨੀ ਪੈਦਾ ਕਰਨ ਲਈ ਕਾਮ-ਲਿੱਬੜੇ ਵਾਕਾਂ, ਵਾਕ-ਅੰਸ਼ਾਂ, ਕਿਤਾਬਾਂ, ਕਹਾਣੀਆਂ ਦੇ ਸਿਰਲੇਖਾਂ, ਅਵੈਧ ਲਿੰਗ-ਸੰਬੰਧਾਂ ਤੇ ਲਿੰਗ-ਅੰਗਾਂ ਦੇ ਖੁੱਲ੍ਹੇ ਜ਼ਿਕਰ-ਜ਼ਕਾਰ ਦੇ ਹਵਾਲੇ ਏਨੀ ਵੱਡੀ ਮਾਤਰਾ ਵਿਚ ਅਗਰਭੂਮੀ ਵਿਚ ਆਉਣ ਲੱਗੇ ਕਿ ਉਹਨਾਂ ਵਿਚੋਂ ਨਾ ਤਾਂ ਸਾਹਿਤਕ ਸੁਹਜ ਦਿਖਾਈ ਦਿੰਦਾ ਤੇ ਨਾ ਹੀ ਇਹ ਲਿਖਤਾਂ ਮਨੁੱਖ ਨੂੰ ਬਿਹਤਰ ਮਨੁੱਖ ਬਨਾਉਣ ਵਿਚ ਆਪਣਾ ਕੋਈ ਯੋਗਦਾਨ ਪਾਉਂਦੀਆਂ ਸਨ। ਮੈਂ ਸਮਾਗਮਾਂ ਵਿਚ ਬੈਠੇ ਅਜਿਹੀਆਂ ਕਹਾਣੀਆਂ ਲਿਖਣ ਵਾਲੇ ਕਹਾਣੀਕਾਰਾਂ ਦੀਆਂ ਕਹਾਣੀਆਂ ਦਾ ਨਾਂ ਲੈ ਲੈ ਕੇ ਵਿਆਖਿਆ ਸਹਿਤ ਉਹਨਾਂ ਦੀ ਕਾਣ ਪੇਸ਼ ਕੀਤੀ। ਸਾਹਿਤ ਅਤੇ ਕਲਾ ਦਾ ਮਕਸਦ ਮੇਰੇ ਨਜ਼ਦੀਕ ਬੰਦੇ ਅੰਦਰ ਸੁਹਜ ਤੇ ਸੰਵੇਦਨਾ ਦਾ ਸੰਚਾਰ ਕਰਨਾ ਹੈ ਅਤੇ ਉਸ ਅੰਦਰਲੀ ਪਸ਼ੂਤਾ ਨੂੰ ਤੋੜ-ਖੋਰ ਕੇ ਉਸ ਵਿਚ ਸ਼ੁਭ ਮਾਨਵੀ ਗੁਣਾ-ਲੱਛਣਾ ਨੂੰ ਸੰਚਰਿਤ ਕਰਨਾ ਵੀ ਹੈ। ਕਿਸੇ ਵੀ ਮਸਲੇ 'ਤੇ ਕੋਈ ਰਚਨਾ ਪੜ੍ਹ ਕੇ ਜੇ ਕਿਸੇ ਬੰਦੇ ਅੰਦਰੋਂ ਕੁਝ ਮਾੜਾ ਝੜਦਾ ਨਹੀਂ ਤੇ ਕੁਝ ਨਵਾਂ ਜੁੜਦਾ ਨਹੀਂ ਜਾਂ ਉਹ ਰਚਨਾ ਉਸ ਬੰਦੇ ਨੂੰ ਪਹਿਲਾਂ ਨਾਲੋਂ ਬਿਹਤਰ ਇਨਸਾਨ ਬਨਾਉਣ ਵਿਚ ਕੋਈ ਮਦਦ ਨਹੀਂ ਕਰਦੀ ਸਗੋਂ ਪਹਿਲਾਂ ਪ੍ਰਾਪਤ ਕੀਤੇ ਇਨਸਾਨੀ ਪੱਧਰ ਤੋਂ ਹੇਠਾਂ ਡੇਗ ਕੇ ਉਸਨੂੰ ਪਸ਼ੂਪੁਣੇ ਵੱਲ ਧਕੇਲਦੀ ਹੈ ਤਾਂ ਮੇਰਾ ਅਜਿਹੀ ਲਿਖਤ ਨੂੰ ਅਪ੍ਰਵਾਨ ਕਰਨ ਅਤੇ ਉਸ ਵਿਰੁੱਧ ਬੋਲਣ ਦਾ ਅਧਿਕਾਰ ਸੀ।

ਮੈਂ ਇਹ ਵੀ ਸਮਝਦਾ ਸਾਂ ਕਿ ਕੋਈ ਨੈਤਿਕ ਜਾਂ ਸਦਾਚਾਰਕ ਮੁੱਲ-ਵਿਧਾਨ ਸਥਿਰ ਅਤੇ ਸਦੀਵੀ ਨਹੀਂ ਹੁੰਦੇ। ਨੈਤਿਕ ਜਾਂ ਸਦਾਚਾਰਕ ਮੁੱਲ-ਵਿਧਾਨ ਵਿਚ ਤਬਦੀਲੀ ਆਉਂਦੀ ਰਹਿੰਦੀ ਹੈ। ਪਰ ਇਹ ਵੀ ਸੱਚ ਹੈ ਕਿ ਅਸੀਂ ਪਸ਼ੂ ਤੋਂ ਬੰਦਾ ਬਣਨ ਲਈ ਸਦੀਆਂ ਦੀ ਮੁਸ਼ੱਕਤ ਅਤੇ ਅਭਿਆਸ ਤੋਂ ਬਾਅਦ ਰਿਸ਼ਤਿਆਂ ਦਾ ਇਕ ਵਿਧਾਨ ਸਿਰਜਿਆ ਹੈ। ਇਹਨਾਂ ਕਹਾਣੀਕਾਰਾਂ ਨੇ ਤਾਂ ਨੂੰਹ-ਸਹੁਰੇ, ਪਿਓ-ਧੀ ਅਤੇ ਭੈਣ-ਭਰਾ ਦੇ ਅਵੈਧ ਲਿੰਗ-ਰਿਸ਼ਤੇ ਤੱਕ ਨੂੰ ਅੰਦਰਲੀ ਹਕੀਕਤ

ਦੀ ਪੇਸ਼ਕਾਰੀ ਦੇ ਨਾਂ ’ਤੇ ਪੇਸ਼ ਕਰਨਾ ਸ਼ੁਰੂ ਕਰ ਦਿੱਤਾ ਹੈ।

ਇਸ ਪ੍ਰਸੰਗ ਵਿਚ ਮੈਂ ਸੁਖਜੀਤ ਦੀ ਕਹਾਣੀ ‘ਬਰਫ਼’ ਦਾ ਜ਼ਿਕਰ ਵੀ ਕੀਤਾ, ਜਿਸ ਨੂੰ ਬਹੁਤ ਚੁੱਕਿਆ ਤੇ ਵਡਿਆਇਆ ਗਿਆ ਸੀ। ਭੈਣ ਭਰਾ ਪਹਾੜੀ ਇਲਾਕੇ ਵਿਚ ਪੈਂਦੀ ਬਰਫ਼ ਵਿਚ ਘਿਰ ਕੇ ਜੀਪ ਵਿਚ ਹੀ ਕੋਲ–ਕੋਲ ਪਏ ਰਾਤ ਕੱਟਣ ਲਈ ਮਜਬੂਰ ਹਨ। ਲੰਮੇ ਪਏ ਅਰਧ ਜਾਗੀ–ਸੁਤੀ ਅਵਸਥਾ ਵਿਚ ਇਕ ਦੂਜੇ ਪ੍ਰਤੀ ਸਰੀਰਕ ਆਕਰਸ਼ਣ ਤੇ ਲਿੰਗ–ਖਿੱਚ ਮਹਿਸੂਸ ਕਰਦੇ ਦਿਖਾਏ ਗਏ ਹਨ। ਭਾਵੇਂ ਇਹਨਾਂ ਦ੍ਰਿਸ਼ਾਂ ਨੂੰ ਕਿੰਨੀ ਵੀ ਬਰੀਕੀ ਨਾਲ ਤੇ ਮੰਨਣਯੋਗ ਢੰਗ ਨਾਲ ਬਿਆਨਿਆ ਹੋਵੇ ਤੇ ਕਲਾ ਦੀ ਕਿੰਨੀ ਵੀ ‘ਉਤਮਤਾ’ ਦਾ ਸਿਹਰਾ ਇਸਦੇ ਸਿਰ ਪਾਇਆ ਜਾਵੇ ਪਰ ਅੰਤਮ ਰੂਪ ਵਿਚ ਤਾਂ ਇਸ ਕਹਾਣੀ ਦਾ ਤਰਕ ਭੈਣ–ਭਰਾ ਦੇ ਕਾਮੁਕ ਰਿਸ਼ਤੇ ਨੂੰ ਪੁਸ਼ਟ ਕਰਨ ਵਾਲਾ ਹੀ ਬਣਦਾ ਹੈ। ‘ਇੰਞ ਹੋ ਸਕਦਾ ਹੈ!”ਦਾ ਤਰਕ ਇਸੇ ਪੁਸ਼ਟੀ ਵੱਲ ਸੰਕੇਤ ਹੈ। ‘ਕਲਾ ਪੱਖੋਂ ਉੱਤਮ ਹੋ ਕੇ ਵੀ ਇਹ ਕਹਾਣੀ ਕਿਸੇ ਪ੍ਰਕਾਰ ਦੇ ਸਮਾਜਕ ਦਾਇਤਵ ਤੋਂ ਮੂੰਹ ਹੀ ਨਹੀਂ ਮੋੜਦੀ ਸਗੋਂ ਰਿਸ਼ਤਿਆਂ ਨਾਲ ਜੁੜੇ ਸਮੁੱਚੇ ਵਿਧਾਨ ਨੂੰ ਸਿਰਿਓਂ ਹੀ ਉਲਟਾ ਖੜਾ ਕਰ ਦਿੰਦੀ ਹੈ ਤੇ ਸਮਾਜਕ ਰਿਸ਼ਤਿਆਂ ਨੂੰ ਤਿਆਗ ਕੇ ਜਾਂਗਲੀ ਜੀਵਨ ਦੇ ਰਿਸ਼ਤਾ ਵਿਹੂਣੇ ਕਾਮ ਰਵੱਈਏ ਵੱਲ ਪਰਤਣ ਦਾ ਬਹੁਤ ਹੀ ਸੂਖ਼ਮ ਸੁਨੇਹਾ ਦਿੰਦੀ ਹੈ।

ਇੰਜ ਹੀ ਉਸਦੀ ਕਹਾਣੀ ‘ਮੈਂ ਰੇਪ ਨੂੰ ਇੰਜੁਆਇ ਕਰਦੀ ਹਾਂ’ ਬਾਰੇ ਗੱਲ ਕਰਿਦਆਂ ਕਿਹਾ ਸੀ ਕਿ ਇਸ ਵਿਚ ਸਾਡੇ ਸਤਿਕਾਰਤ ਆਲੋਚਕ ਜਿੰਨੇ ਮਰਜ਼ੀ ਵੱਡੇ ਅਰਥ ਕੱਢੀ ਜਾਂ ਪਾਈ ਜਾਣ ਤੇ ਇਸ ਵਿਚ ਔਰਤ ਵੱਲੋਂ ਕੱਢੀਆਂ ਗਈਆਂ ਗਾਲ੍ਹਾਂ ਦਾ ਜੋ ਚਾਹੇ ਮਨੋਵਿਗਿਆਨਕ ਤਰਕ ਸਿਰਜਦੇ ਫਿਰਨ, ਮੈਨੂੰ ਇਸ ਸਿਰਲੇਖ ਅਤੇ ਕੱਢੀਆਂ ਗਾਲ੍ਹਾਂ ਦਾ ਸਭ ਤੋਂ ਵੱਡਾ ਤਰਕ ਇਹੋ ਹੀ ਸਮਝ ਆਉਂਦਾ ਹੈ ਕਿ ਕਹਾਣੀਕਾਰ ਅਜਿਹਾ ਕਰਕੇ ਪਾਠਕਾਂ ਨੂੰ ਇਸ ਸਨਸਨੀਖ਼ੇਜ਼ ਸਿਰਲੇਖ ਤੇ ਗਾਲ੍ਹਾਂ ਰਾਹੀਂ ਚਕਾਚੌਂਧ ਤੇ ਆਕਰਸ਼ਿਤ ਕਰਕੇ ਸਸਤੀ ਬਜ਼ਾਰੂ ‘ਵਾਹ! ਵਾਹ!’ ਲੁੱਟਣ ਦੇ ਭਰਮ ਦਾ ਸ਼ਿਕਾਰ ਹੋਇਆ ਹੈ। ਭਾਵੇਂ ਸੁਖਜੀਤ ਨੇ ਇਹ ਸਮਝਾਉਣ ਦੀ ਕੋਸ਼ਿਸ਼ਵੀ ਕੀਤੀ ਕਿ ਉਸ ਕਹਾਣੀ ਵਿਚ ਅਜਿਹਾ ‘ਕੁਝ ਵੀ ਨਹੀਂ’ ਹੈ। ਜੇ ਕਹਾਣੀ ਅਜਿਹੀ ਹੁੰਦੀ ਤਾਂ ਉਹ ਇਹ ਸੰਗ੍ਰਹਿ ਆਪਣੀ ਧੀ ਨੂੰ ਸਪਰਪਤਿ ਕਿਉਂ ਕਰਦਾ!

ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਵੀ ਕਿਸੇ ਸੈਮੀਨਾਰ ਵਿਚ ਇੱਕ ਵਿਦਿਆਰਥੀ ਨੇ ਪਰਚੀ ’ਤੇ ਸਵਾਲ ਲਿਖ ਕੇ ਮੈਨੂੰ ਭੇਜਿਆ ਸੀ, “ਸਰ! ਸੁਣਿਆ ਹੈ ਕਿ ਸੁਖਜੀਤ ਦੀ ਕਿਤਾਬ ‘ਮੈਂ ਰੇਪ ਨੂੰ ਇੰਨਜੁਆਇ ਕਰਦੀ ਹਾਂ’ ਕਿਤਾਬ ’ਤੇ ਗੋਸ਼ਟੀ ਕਰਵਾਉਣੀ ਸੀ ਤੇ ਪ੍ਰਧਾਨਗੀ ਕਰਨ ਲਈ ਦਲੀਪ ਕੌਰ ਟਿਵਾਣਾ ਕੋਲ ਬੇਨਤੀ ਕਰਨ ਗਿਆਂ ਨੂੰ ਕਿਤਾਬ ਦਾ ਟਾਈਟਲ ਵੇਖ ਕੇ ਟਿਵਾਣਾ ਨੇ ਪ੍ਰਧਾਨਗੀ ਕਰਨ ਤੋਂ ਨਾਂਹ ਕਰਦਿਆਂ ਕਿਹਾ ਸੀ ਕਿ ਕੀ ਮੈਂ ਸਟੇਜ ’ਤੇ ਕਿਤਾਬ ਦਾ ਟਾਈਟਲ ਬੋਲ ਕੇ ਕਹਾਂਗੀ, “ਮੈਂ ਰੇਪ ਨੂੰ ਇੰਨਜੁਆਇ ਕਰਦੀ ਹਾਂ’ ਤਾਂ ਇਹਦਾ ਕੀ ਪ੍ਰਭਾਵ ਜਾਵੇਗਾ! ਸਰ! ਤੁਸੀਂ ਇਸ ਰੁਝਾਨ ਬਾਰੇ ਕੀ ਕਹੋਗੇ?

ਮੈਂ ਤਾਂ ਜੋ ਕਿਹਾ, ਉਹਦਾ ਸਾਰ–ਸੰਖੇਪ ਸਾਂਝਾ ਕਰ ਚੁੱਕਾ ਹਾਂ, ਪਰ ਇਸ ਸਨਸਨੀਖ਼ੇਜ਼ ਟਾਈਟਲ ਨੂੰ ਬਦਲਣਾ ਪਿਆ। ਭਾਵੇਂ ਸੁਖਜੀਤ ਦਾ ਦਾਅਵਾ ਹੈ ਕਿ ਟਾਈਟਲ ਤਾਂ ਸ਼ਤੀਸ਼ ਗੁਲਾਟੀ ਤੇ ਸੁਰਜੀਤ ਨੇ ਦੋਸਤੀ ਦੇ ਮਾਣ ਕਾਰਨ ਮੈਨੂੰ ਦੱਸ ਕੇ ਬਦਲ ਦਿੱਤਾ ਸੀ, ਉਹਨੇ ਖ਼ੁਦ ਨਹੀਂ ਬਦਲਿਆ। ਪਰ ਉਹਦੇ ਏਨੇ ਨੇੜਲੇ ਪ੍ਰਸ਼ੰਸਕਾਂ ਨੂੰ ਵੀ ਜੇ ਟਾਈਟਲ ਬਦਲਣ ਲਈ ਮਜਬੂਰ

ਹੋਣਾ ਪਿਆ ਤਾਂ ਮੇਰੀ ਗੱਲ ਵਿਚਲੀ ਸਚਾਈ ਦੀ ਪੁਸ਼ਟੀ ਹੀ ਹੁੰਦੀ ਹੈ।

ਉਹਦੀਆਂ ਇਹਨਾਂ ਕਹਾਣੀਆਂ ਤੇ ਉਠਾਏ ਮੇਰੇ ਸਵਾਲ ਮੈਨੂੰ ਕਦੀ ਗ਼ਲਤ ਨਹੀਂ ਸਨ ਲੱਗੇ।

ਮੈਨੂੰ ਨਹੀਂ ਯਾਦ ਕਿ ਇਹਨਾਂ ਦੋ ਸਮਾਗਮਾਂ ਵਿਚੋਂ ਸੁਖਜੀਤ ਕਿਸੇ ਵਿਚ ਹਾਜ਼ਰ ਸੀ ਕਿ ਨਹੀਂ, ਪਰ ਗੱਲ ਬਾਰੇ ਤਾਂ ਮਸ਼ਹੂਰ ਹੈ, "ਤੂੰ ਮੈਨੂੰ ਮੂੰਹੋਂ ਕੱਢ, ਮੈਂ ਤੈਨੂੰ ਪਿੰਡੋਂ ਕੱਢਦੀ ਹਾਂ।' ਗੱਲ ਤਾਂ ਸਫ਼ਰ ਕਰਦੀ ਕਰਦੀ ਸੁਖਜੀਤ ਤੱਕ ਵੀ ਪਹੁੰਚੀ ਹੋਊ।

ਉਹਨੇ ਕਦੀ ਕਿਸੇ ਕੋਲ ਮੇਰੇ ਨਾਲ ਕਿਸੇ ਨਰਾਜ਼ਗੀ ਦਾ ਕਦੀ ਜ਼ਿਕਰ ਨਹੀਂ ਕੀਤਾ। ਜਦ ਵੀ ਮਿਲਦਾ, ਪੂਰੇ ਆਦਰ ਨਾਲ ਮਿਲਦਾ। ਪਰ ਮੈਂ ਮਹਿਸੂਸ ਕਰ ਸਕਦਾ ਸਾਂ ਕਿ ਉਹਦੇ ਅੰਦਰ ਕਿਧਰੇ 'ਵੱਟ' ਜ਼ਰੂਰ ਸੀ।

ਜੇ ਉਹ ਆਪਣੇ ਗੁਰੂ ਜਾਂ ਮਾਂ ਲਿਹਾਜ਼ ਨਹੀਂ ਕਰਦਾ ਤਾਂ ਭਲਾ ਮੇਰਾ ਕਿਉਂ ਕਰਦਾ!

ਉਹ ਸੱਚਮੁੱਚ ਮੇਰੀ ਬੜੀ ਇੱਜ਼ਤ ਕਰਦਾ ਸੀ। ਵਿਛ ਵਿਛ ਜਾਂਦਾ ਸੀ। ਪਰ ਇਹ ਵੀ ਤਾਂ ਸੱਚ ਸੀ ਕਿ ਉਹ ਨਿਡਰ ਸੀ, ਬੇਬਾਕ ਸੀ। ਜੇ ਉਹ ਆਪਣੀ ਮਾਂ ਦਾ ਲਿਹਾਜ਼ ਨਹੀਂ ਕਰਦਾ ਤਾਂ ਮੇਰਾ ਕਿਉਂ ਕਰਦਾ। ਇੱਕ ਵਾਰ ਕਿਸੇ ਥਾਂ ਬੋਲਦਿਆਂ ਉਹਨੇ ਜੋ ਮੇਰੇ ਬਾਰੇ ਕਿਹਾ, ਉਹਦੀ ਜ਼ਬਾਨੀ ਸੁਣਦੇ ਹਾਂ–

"ਇੱਕ ਗੱਲ ਮੈਂ ਆਪਦੇ ਬਾਰੇ ਦੱਸ ਦੇਵਾਂ ਕਿ ਮੈਂ ਹਿੰਦੁਸਤਾਨ ਨੂੰ ਪਿਆਰ ਕਰਦਾ ਹਾਂ। ਹਿੰਦੁਸਤਾਨ ਤੋਂ ਵੀ ਕਿਤੇ ਵੱਧ ਪਿਆਰ ਮੈਂ ਪੰਜਾਬ ਨੂੰ ਕਰਦਾਂ। ਇਹ ਬਿਲਕੁਲ ਸਾਫ ਹੈ ਔਰ ਕਿਤੇ ਨਾ ਕਿਤੇ ਮੇਰੇ ਦਿਮਾਗ 'ਚ ਸ਼ਾਹ ਮੁਹੰਮਦ ਬੈਠਾ ਕਿ 'ਜੰਗ ਹਿੰਦ ਪੰਜਾਬ ਦਾ ਹੋਣ ਲੱਗਾ 'ਕਿਤੇ ਵਾਰਿਸਸ਼ਾਹ ਬੈਠਾ ਜਿਹੜਾ ਹੀਰ ਦਾ ਹੁਸਨ ਦੱਸਦਾ ਹੋਇਆ ਵੀ ਕਹਿੰਦਾ,'ਚੜ੍ਹਿਆ ਹਿੰਦ 'ਤੇ ਕਟਕ ਪੰਜਾਬ ਦਾ ਜੀ,' ਜਿਹੜਾ ਪੰਜਾਬ ਦਾ ਰਾਜ ਹੈ ਤੇ ਇਹ ਜਿਹੜਾ ਹਿੰਦੁਸਤਾਨ ਹੈ। ਇਹਦੇ ਨਾਲ, ਦਿੱਲੀ ਨਾਲ ਸਾਡੀ ਲੜਾਈ ਰਹੀ ਹੈ। ਇਹ ਗੱਲਾਂ ਮੇਰੇ ਅੰਦਰ ਬੈਠੀਆਂ ਨੇ। ਇਹ ਗਲਤ ਨੇ, ਠੀਕ ਨੇ ਮੈਨੂੰ ਨਹੀਂ ਪਤਾ। ਇਸ ਕਰਕੇ ਮੈਂ ਪੰਜਾਬ ਨੂੰ ਬਹੁਤ ਪਿਆਰ ਕਰਦਾਂ ਤੇ ਮੈਂ ਹਰ ਤਰ੍ਹਾਂ ਨਾਲ ਪੰਜਾਬ ਦਾ ਭਲਾ ਚਾਹੁੰਦਾਂ। ਪੰਜਾਬ ਦਾ ਭਲਾ ਮੈਂ ਇੰਝ ਨਹੀਂ ਚਾਹੁੰਦਾ ਕਿ ਮੈਂ ਨਿਆਣੇ ਨਿਊਣੇ, ਆਪਦੇ ਜਵਾਕ ਲੈ ਕੇ ਤਾਂ ਕਨੇਡਾ ਜਾ ਬੈਠਾਂ ਤੇ ਉੱਥੋਂ ਜਾ ਕੇ ਪੋਸਟਾਂ ਪਾਵਾਂ ਕਿ ਇਹ ਜੀ, ਪੰਜਾਬ 'ਚ ਦੇਖੋ ਕੀ ਹੋ ਰਿਹੈ, ਪੰਜਾਬ ਨੂੰ ਬਚਾਓ ਜੀ। ਇੱਥੇ ਭਈਏ ਆ ਗਏ, ਬਿਹਾਰੀ ਆ ਗਏ। ਇਹ ਨਹੀਂ ਬਣਦਾ ਹੈਗਾ। ਇਹ ਮੈਂ ਕਹਿ ਹੀ ਦਵਾਂ ਕਿ ਮੈਂ ਤਾਂ 'ਵਾਜਾ ਮਾਰਦਾ ਭਾਜੀ ਵਰਿਆਮ ਸੰਧੂ ਹੋਰਾਂ ਨੂੰ ਭਾਜੀ ਡਾਕਟਰ ਸਾਧੂ ਸਿੰਘ ਹੋਣਾਂ ਨੂੰ, ਬਈ ਤੁਸੀਂ ਜਦੋਂ ਇਥੇ ਪੜ੍ਹਾਉਂਦੇ ਸੀ, ਕਿੰਨਾ ਕੁਝ ਸਾਨੂੰ ਦੱਸਦੇ ਸੀ। ਸਾਨੂੰ, ਦੱਸ ਦੱਸ ਕੇ,ਤਿਆਰ ਕਰਕੇ ਰਿਟਾਇਰ ਹੋਣ ਤੋਂ ਬਾਅਦ ਤੁਸੀਂ ਹੁਣ ਉੱਥੇ ਜਾ ਕੇ ਬਹਿ ਗਏ ਹੋ। ਹੁਣ ਤੁਸੀਂ ਇਹ ਨਾ ਆਖੋ, ਪੰਜਾਬ ਚੇਂਜ ਕਰੋ, ਐਂ ਕਰੋ, ਉਹ ਕਰੋ, ਇਹ ਨਾ ਕਰੋ। ਆ ਜੋ !ਤੁਸੀਂ ਜਿਨ੍ਹਾਂ ਨੇ ਪੰਜਾਬ ਸਾਂਭਣਾ ਸੀਗਾ, ਚਲੇ ਗਏ। ਮੈਂ ਅੱਜ ਇਥੋਂ ਤੁਹਾਡੇ ਸਾਰਿਆਂ ਨਾਲ ਉਹਨਾਂ ਨੂੰ ਆਵਾਜ਼ ਮਾਰਦਾਂ ਕਿ ਤੁਸੀਂ ਆ ਜਾਓ, ਇੱਥੇ ਸਾਂਭ ਲਓ ਜੇ ਪੰਜਾਬ ਨਾਲ ਪਿਆਰ ਹੈ। ਨਹੀਂ ਤੇ ਫਿਰ ਉਹ ਜਿਹੜਾ ਸੀ ਨਾ ਬਈ ਉਹ 'ਤੇਰਾ ਆਉਣਾ ਜਾਣਾ ਉੱਚਿਆਂ ਚੁਬਾਰਿਆਂ ਦੇ ਨਾਲ, ਝੂਠਾ ਹੇਜ ਨਾ ਵਿਖਾਲ ਸਾਡੇ ਢਾਰਿਆਂ ਦੇ ਨਾਲ' ਫਿਰ ਛੱਡ ਦਿਓ ਸਾਨੂੰ ਆਪਣੀ ਹਾਲਤ ਤੇ ਫਿਰ ਅਸੀਂ ਨਹੀਂ ਭੱਜਦੇ ਮੈਂ ਤੁਹਾਨੂੰ ਦੱਸ

ਦਿੰਨਾ ਕਿ ਮੈਂ ਪੰਜਾਬ ਛੱਡ ਕੇ ਨਹੀਂ ਜਾਂਦਾ।

ਏਨਾ ਜਾਗਰੂਕ ਲੇਖਕ ਮਿਹਣਿਆਂ 'ਤੇ ਉੱਤਰ ਆਇਆ ਸੀ। ਇਹ ਤਾਂ ਉਹ ਵੀ ਜਾਣਦਾ ਸੀ ਕਿ ਨਾ ਤਾਂ ਮੇਰਾ ਰਿਸ਼ਤਾ ਕਦੀ 'ਉੱਚੇ ਚੁਬਾਰਿਆਂ' ਨਾਲ ਰਿਹਾ ਸੀ ਤੇ ਨਾ ਹੀ ਆਪਣੇ ਲੋਕਾਂ ਨਾਲ ਕਦੀ ਝੂਠਾ ਹੇਜ ਜਤਾਇਆ ਸੀ। ਲੋਕਾਂ ਨਾਲ ਪਿਆਰ ਦੀ ਸਦਾ ਕੀਮਤ ਚੁਕਾਈ ਸੀ। ਬਾਹਰ ਆ ਕੇ ਵੀ ਕੇਵਲ 'ਪੋਸਟਾਂ' ਨਹੀਂ ਸਨ ਪਾਈਆਂ, ਜਿੱਥੋਂ ਤੱਕ ਹੋਇਆ ਅਮਲੀ ਤੌਰ 'ਤੇ ਵੀ ਸਮਰੱਥਾ ਅਨੁਸਾਰ ਕੁਝ ਨਾ ਕੁਝ ਕੀਤਾ ਹੀ। ਜਦੋਂ ਗ਼ਦਰ ਲਹਿਰ ਨੂੰ ਚੁਰਾਸੀ ਵਾਲੀ ਤਥਾ-ਕਥਿਤ 'ਸਿੱਖ ਲਹਿਰ' ਦੀ ਵਿਰਾਸਤ ਬਣਾ ਕੇ ਕੇਵਲ 'ਸਿੱਖ ਲਹਿਰ' ਬਣਾ ਕੇ ਪੇਸ਼ ਕਰਨ ਦਾ ਪ੍ਰਵਚਨ ਉਸਾਰਿਆ ਜਾ ਰਿਹਾ ਸੀ ਤਾਂ ਮੈਂ ਹੀ ਸਾਂ ਜਿਸ ਨੇ ਸਭ ਤੋਂ ਪਹਿਲਾਂ ਗ਼ਦਰ-ਲਹਿਰ ਦਾ ਅਸਲ ਬਿੰਬ ਲਿਖ ਕੇ ਤੇ ਬੋਲ ਕੇ ਦੇਸ-ਵਿਦੇਸ਼ ਵਿਚ ਪੁਨਰ-ਸਥਾਪਤ ਕੀਤਾ ਸੀ। ਕਨੇਡਾ-ਅਮਰੀਕਾ ਦੇ ਲਗਭਗ ਸਾਰੇ ਵੱਡੇ ਸ਼ਹਿਰਾਂ ਵਿਚ ਜਾ ਕੇ ਗ਼ਦਰੀਆਂ ਦਾ ਸੁੱਚਾ ਸੁਨੇਹਾ ਲੋਕਾਂ ਤੱਕ ਪਹੁੰਚਾਇਆ। ਪੰਜਾਬ ਵਿਚ ਵੀ ਯੂਨੀਵਰਸਿਟੀਆਂ ਤੇ ਕਾਲਜਾਂ ਵਿਚ ਸਭ ਤੋਂ ਪਹਿਲਾਂ ਜਾ ਕੇ ਗ਼ਦਰ ਲਹਿਰ ਦੇ ਸਿਧਾਂਤ ਤੇ ਅਮਲ ਦੇ ਸ਼ੁੱਧ ਸੁਨੇਹੇ ਦਾ ਪ੍ਰਚਾਰ ਕੀਤਾ। ਦੂਜੀ ਧਿਰ ਦੇ ਕੂੜ ਪ੍ਰਚਾਰ ਤੇ ਦਿੱਤੀਆਂ ਜਾਂਦੀਆਂ ਧਮਕੀਆਂ ਦਾ ਸਿਰ ਡਾਹ ਕੇ ਮੁਕਾਬਲਾ ਕੀਤਾ। ਸਭ ਤੋਂ ਪਹਿਲਾਂ ਕਰਤਾਰ ਸਿੰਘ ਸਰਾਭਾ ਤੇ ਮੇਵਾ ਸਿੰਘ ਲੋਪੋਕੇ ਦੀਆਂ ਲਿਖੀਆਂ ਜੀਵਨੀਆਂ ਤੋਂ ਇਲਾਵਾ, ਪੰਜ ਕਿਤਾਬਾਂ 'ਗਦਰ ਲਹਿਰ' ਦੇ ਇਤਿਹਾਸ ਬਾਰੇ ਬਾਹਰ ਜਾ ਕੇ ਹੀ ਲਿਖੀਆਂ। ਬਾਹਰ ਬੈਠ ਕੇ ਹੀ ਪ੍ਰਾਈਮ ਏਸ਼ੀਆ ਟੀ ਵੀ 'ਤੇ ਗ਼ਦਰ ਲਹਿਰ ਤੇ ਪੰਜਾਬ ਦੇ ਇਤਿਹਾਸ ਬਾਰੇ ਸਵਾ ਸੌ ਦੇ ਲਗਭਗ ਐਪੀਸੋਡ ਪੇਸ਼ ਕੀਤੇ। ਕਿਸਾਨ ਅੰਦੋਲਨ ਵੇਲੇ ਕਰਤਾਰ ਸਿੰਘ ਪਹਿਲਵਾਨ ਨੂੰ ਪ੍ਰੇਰ ਕੇ ਤਿੰਨ ਲੱਖ ਰੁਪਏ ਦੀਆਂ ਕਿਤਾਬਾਂ ਦਿੱਲੀ ਬਾਰਡਰ 'ਤੇ ਬੈਠੇ ਕਿਸਾਨਾਂ ਵਾਸਤੇ ਭਿਜਵਾਈਆਂ। ਇਸਤੋਂ ਇਲਾਵਾ 'ਗਦਰੀ ਬਾਬੇ ਕੌਣ ਸਨ' ਨਾਂ ਦੀ ਆਪਣੀ ਕਿਤਾਬ ਦੀਆਂ ਪੰਜਾਹ ਹਜ਼ਾਰ ਰੁਪਏ ਦੀਆਂ ਕਿਤਾਬਾਂ ਅਲੱਗ ਭੇਜੀਆਂ।

ਜਦੋਂ ਉਹਨੇ ਇਹ ਮਿਹਣਾ ਮਾਰਿਆ ਸੀ, ਉਦੋਂ ਉਹਨੂੰ ਸ਼ਾਇਦ ਇਸ ਗੱਲ ਦਾ ਖ਼ਿਆਲ ਨਹੀਂ ਸੀ ਆਇਆ ਕਿ ਉਹਦੀ ਕਹਾਣੀ 'ਖਜੂਰਾਂ' ਵਿੱਚ ਖ਼ਾਲਸੇ ਤੇ ਕਾਮਰੇਡ ਦੀ ਗੁਫ਼ਤਗੂ ਵਿਚ ਗ਼ਦਰ ਲਹਿਰ ਬਾਰੇ ਜਿਹੜਾ ਪ੍ਰਵਚਨ ਉਸਾਰਿਆ ਗਿਆ ਹੈ, ਉਹਦੇ ਪਿਛੋਕੜ ਵਿੱਚ ਗ਼ਦਰ ਲਹਿਰ ਬਾਰੇ ਸਥਾਪਤ ਕੀਤਾ ਮੇਰਾ ਸਿਧਾਂਤਕ ਪਰਿਪੇਖ ਹੀ ਕਾਰਜਸ਼ੀਲ ਹੈ। ਜਿਸਨੂੰ ਉਸਨੇ ਪਿਛਲੇ ਸਮੇਂ ਵਿਚ ਪੜ੍ਹਿਆ ਵੀ ਸੀ ਤੇ ਮੇਰੇ ਕੋਲੋਂ ਸਟੇਜ ਤੋਂ ਸੁਣਿਆ ਵੀ ਸੀ। ਕਹਿਣ ਤੋਂ ਮਤਲਬ ਇਹ ਹੈ ਕਿ ਕਨੇਡਾ ਵਿੱਚ ਰਹਿ ਕੇ ਪੰਜਾਬ, ਪੰਜਾਬ ਦੇ ਇਤਿਹਾਸ ਤੇ ਵਰਤਮਾਨ ਸੰਘਰਸ਼ ਲਈ ਵੀ ਕੰਮ ਕੀਤਾ ਜਾ ਸਕਦਾ ਹੈ।

ਪਰ ਜੇ ਉਹਨੂੰ ਮੇਰਾ ਕੀਤਾ ਏਨਾ ਕੰਮ ਨਹੀਂ ਦਿਸਿਆ ਜਾਂ ਉਹ ਏਨੇ ਕੁ ਕੰਮ ਨੂੰ ਮਾਨਤਾ ਨਹੀਂ ਸੀ ਦਿੰਦਾ ਤੇ ਮੇਰੇ ਤੋਂ ਹੋਰ ਵਡੇਰੇ ਕੰਮ ਦੀ ਆਸ ਉਮੀਦ ਰੱਖਦਾ ਸੀ ਤਾਂ ਇਹ ਆਸ-ਉਮੀਦ ਰੱਖਣਾ ਉਹਦਾ ਹੱਕ ਸੀ। ਜੇ ਉਹ ਮੇਰੇ ਬਾਰੇ ਮਨ ਵਿਚ ਪਈ ਕਿਸੇ ਰੜਕ ਵਿਚੋਂ ਨਹੀਂ ਸੀ ਬੋਲ ਰਿਹਾ ਤਾਂ ਮੈਂ ਉਹਦੇ ਮਿਹਣੇ ਨੂੰ ਕਬੂਲ ਕਰਦਾ ਹਾਂ। ਆਪਣੀ ਸੀਮਾ ਤੇ ਸਮਰੱਥਾ ਦੀ ਘਾਟ ਨੂੰ ਪ੍ਰਵਾਨ ਕਰਦਾ ਹਾਂ। ਤੁਹਾਡੇ ਆਪਣਿਆਂ ਨੂੰ ਤੁਹਾਡੀਆਂ ਘਾਟਾਂ ਤੇ ਕਮਜ਼ੋਰੀਆਂ ਨੂੰ ਰੜਕਾਉਣ ਦਾ ਹੱਕ ਹੈ। ਇਸ ਨਜ਼ਰ ਤੋਂ ਵੇਖਿਆਂ ਸੋਚੀਏ ਤਾਂ ਸੁਖਜੀਤ ਜ਼ਰੂਰ ਕੌੜਾ ਬੋਲ ਰਿਹਾ ਸੀ, ਪਰ ਖ਼ਰਾ

ਬੋਲ ਰਿਹਾ ਸੀ, ਸੱਚ ਬੋਲ ਰਿਹਾ ਸੀ। ਉਹ ਭਾਈ ਗੁਰਦਾਸ ਦੇ ਸ਼ਬਦਾਂ ਨੂੰ ਆਪਣੇ ਸ਼ਬਦਾਂ ਵਿਚ ਅਨੁਵਾਦ ਕਰ ਕੇ  ਗੁਰੂ ਨਾਨਕ ਦਾ ਸੰਦੇਸ਼ ਹੀ ਦੇ ਰਿਹਾ ਸੀ-ਸਿਧ ਛਪ ਬੈਠੇ ਪਰਬਤੀਂ, ਕੌਣ ਜਗਤ ਕਉ ਪਾਰ ਉਤਾਰਾ!

ਮੈਨੂੰ ਉਹਦਾ ਇੰਝ ਬੇਲਿਹਾਜ ਹੋਣਾ ਵੀ ਚੰਗਾ ਲੱਗਦਾ ਸੀ। ਉਹਦੇ ਬੇਲਿਹਾਜ ਹੋਣ ਵਿਚ ਵੀ ਇੱਕ ਅਪਣੱਤ, ਇੱਕ ਮੋਹ, ਇੱਕ ਮਾਣ ਦਾ ਪ੍ਰਗਟਾਵਾ ਸੀ। ਇਹ ਮੋਹ, ਮਾਣ ਤੇ ਅਪਣੱਤ ਉਹਨੇ ਤਾਅ ਉਮਰ ਮੇਰੇ ਨਾਲ ਬਣਾਈ ਰੱਖੀ।

ਤੁਹਾਡੀ ਪੈੜ'ਚ ਪੈਰ ਤਾਂ ਰੱਖਦਾ ਆਂ ਭਾਜੀ।

ਮੇਰੇ ਸੁਭਾਉ ਵਿਚ ਹੀ ਹੈ ਕਿ ਮੈਂ ਕਿਸੇ ਯਾਰ ਦੋਸਤ ਨੂੰ ਕਦੀ ਬਹੁਤੇ ਫ਼ੋਨ ਨਹੀਂ ਕਰਦਾ। ਬਹੁਤੇ ਕੀ, ਕਰਦਾ ਹੀ ਨਹੀਂ। ਬਹੁਤ ਜ਼ਰੂਰੀ ਹੋਵੇ ਤਾਂ ਹੀ ਕਰਦਾ ਹਾਂ। ਇਹ ਕੋਈ ਚੰਗੀ ਆਦਤ ਨਹੀਂ। ਏਸੇ ਮਾੜੀ ਆਦਤ ਕਰ ਕੇ ਮੈਂ ਕਈ ਨੇੜਲੀਆਂ ਦੋਸਤੀਆਂ ਗਵਾ ਲਈਆਂ ਨੇ, ਕਿਉਂਕਿ ਮੇਰੇ ਇਸ ਸੁਭਾਉ ਨੂੰ ਅਗਲੇ ਮੇਰੀ ਹਉਮੈਂ ਜਾਂ ਹੈਂਕੜ ਸਮਝਣ ਦਾ ਭੁਲੇਖਾ ਖਾ ਜਾਂਦੇ ਨੇ। ਮੈਂ ਸੁਖਜੀਤ ਨੂੰ ਵੀ ਕਦੀ ਫ਼ੋਨ ਨਹੀਂ ਸੀ ਕੀਤਾ। ਜੇ ਮੈਂ ਨਹੀਂ ਸਾਂ ਕਰਦਾ ਤਾਂ ਉਹ ਮੈਨੂੰ ਕਿਉਂ ਕਰਦਾ! ਉਂਝ ਉਹ ਕਹਿੰਦਾ ਸੀ ਕਿ ਉਹ ਬਹੁਤ ਲੋਕਾਂ ਨੂੰ ਫ਼ੋਨ ਕਰ ਕੇ ਉਹਨਾਂ ਨਾਲ ਸਲਾਹ-ਮਸ਼ਵਰਾ ਕਰਦਾ ਰਹਿੰਦਾ ਸੀ। ਮੈਨੂੰ ਯਾਦ ਹੈ ਪਿਛਲੇ ਸਾਲਾਂ ਵਿਚ ਮੈਂ ਉਹਨੂੰ ਸਾਹਿਤ ਅਕਾਦਮੀ ਦਾ ਇਨਾਮ ਮਿਲਣ 'ਤੇ ਵਧਾਈ ਦਾ ਫ਼ੋਨ ਕੀਤਾ ਸੀ। ਉਂਝ ਸਾਡੇ ਦਿਲਾਂ ਦੀ ਤਾਰ ਸਦਾ ਜੁੜੀ ਰਹੀ ਸੀ।

ਕਦੀ ਕਦੀ ਮੈਂ ਸਾਡੇ ਸਾਂਝੇ ਮਿੱਤਰ ਪਿਆਰੇ ਬਲਵਿੰਦਰ ਗਰੇਵਾਲ ਨਾਲ ਉਹਦੇ ਨਿੱਤ 'ਰੰਗ ਬਦਲਦੇ ਰਹਿਣ' ਬਾਰੇ ਚਿੰਤਾ ਦਾ ਪ੍ਰਗਟਾਵਾ ਵੀ ਕਰਦਾ। ਮੈਨੂੰ ਉਹਦੇ ਬਦਲਦੇ ਰੂਪ-ਸਰੂਪ ਦੀ ਸਮਝ ਨਾ ਪੈਂਦੀ। ਮੈਂ ਆਵਾਜ਼ਾਰ ਵੀ ਹੁੰਦਾ। ਹਿੰਦ-ਪੰਜਾਬ ਦੀ 'ਜੰਗ' ਵਿਚ ਪੰਜਾਬ ਦੀ ਧਿਰ ਬਣ ਕੇ ਖਲੋਣ ਵਾਲਾ ਬੰਦਾ ਆਰ ਐੱਸ ਐੱਸ ਦਾ ਬੁਲਾਰਾ ਵੀ ਬਣ ਜਾਂਦਾ ਹੈ, ਗੰਗਾ ਵਿਚ ਇਸ਼ਨਾਨ ਕਰਦਾ, ਉਥੇ ਰਹਿ ਕੇ ਤਪੱਸਿਆ ਵੀ ਕਰਦਾ ਹੈ!

ਕੁਝ ਵੀ ਸੀ। ਅਸੀਂ ਦੂਰ ਦੂਰ ਬੈਠੇ ਸਾਂ। ਪਰ ਦਿਲਾਂ ਦੇ ਨੇੜੇ ਨੇੜੇ ਹੀ ਸਾਂ। ਪੰਜਾਬ ਜਾਂਦਾ ਤਾਂ ਮੇਲ-ਮਿਲਾਪ ਵੀ ਹੋ ਜਾਂਦਾ। ਉਹ ਪਹਿਲਾਂ ਵਾਂਗ ਗੋਡਿਆਂ ਨੂੰ ਹੱਥ ਲਾ ਕੇ ਹਲੀਮੀ ਨਾਲ ਮਿਲਦਾ।

ਸਾਡੀ ਸਾਂਝ ਤੇ ਮੁਹੱਬਤ ਦਾ ਇੱਕ ਦਿਲ ਨੂੰ ਛੂਹਣ ਵਾਲਾ ਪ੍ਰਸੰਗ ਹਾਜ਼ਰ ਹੈ:-

ਜਦੋਂ ਕੁਝ ਸਮਾਂ ਪਹਿਲਾਂ ਭਾਰਤੀ ਸਾਹਿਤ ਅਕਾਦਮੀ ਨੇ ਫ਼ੈਸਲਾ ਲਿਆ ਕਿ ਅਕਾਦਮੀ ਵੱਲੋਂ ਦਿੱਤਾ ਇਨਾਮ ਵਾਪਸ ਨਹੀਂ ਲਿਆ ਜਾਵੇਗਾ ਤੇ ਲੇਖਕ ਨੂੰ ਇਸ ਬਾਰੇ ਪਹਿਲਾਂ ਐਫ਼ੀਡੇਵਿਟ ਦੇਣਾ ਪਿਆ ਕਰੇਗਾ ਕਿ ਉਹ ਇਹ ਇਨਾਮ ਵਾਪਸ ਨਹੀਂ ਕਰੇਗਾ ਤਾਂ ਮੈਂ ਫੇਸ-ਬੁੱਕ 'ਤੇ ਲਿਖਿਆ --

ਸਾਹਿਤ ਅਕਾਦਮੀ ਇਨਾਮ ਦੇਣ ਤੋਂ ਪਹਿਲਾਂ ਲਿਖਤੀ ਵਚਨ ਲੈਣ ਵਾਲੀ ਗੱਲ ਲੇਖਕ ਨੂੰ ਮੂਲੋਂ ਹੀ 'ਜ਼ਲੀਲ-ਖ਼ੁਆਰ' ਕਰਨ ਵਾਲੀ ਹੈ। ਉਹਦੀ ਰੀੜ ਦੀ ਹੱਡੀ ਤੋੜਨ ਵਾਲੀ ਹੈ। ਉਹਨੂੰ ਬੇਗ਼ੈਰਤ ਤੇ ਬੇਜ਼ਮੀਰ ਬਨਾਉਣ ਵਾਲੀ ਹੈ।

ਜਿਵੇਂ ਮੇਰਾ ਮੁੱਢ ਤੋਂ ਫ਼ੈਸਲਾ ਹੈ ਕਿ ਲੇਖਕ ਨੂੰ ਕਿਸੇ ਵੀ ਸੰਸਥਾ ਵੱਲੋਂ ਦਿੱਤੇ ਜਾਣ ਵਾਲੇ

ਇਨਾਮ ਲਈ ਆਪਣੀਆਂ ਕਿਤਾਬਾਂ ਨਹੀਂ ਭੇਜਣੀਆਂ ਚਾਹੀਦੀਆਂ। ਇਹ ਲੇਖਕ ਦੀ ਗ਼ੈਰਤ ਨਾਲ ਜੁੜਿਆ ਮੁੱਦਾ ਹੈ। ਲੇਖਕ ਆਪਣੀ ਕਿਤਾਬ ਹੱਥ ਵਿਚ ਫੜ ਕੇ ਇਨਾਮ ਲੈਣ ਵਾਲਿਆਂ ਦੀ ਕਤਾਰ ਵਿਚ ਖਲੋਤਾ ਮੈਨੂੰ ਇੰਜ ਲੱਗਦਾ ਹੈ ਜਿਵੇਂ ਕੱਪੜਾ ਵੇਚਣ ਵਾਲਾ ਆਪਣਾ ਥਾਨ ਖੋਲ੍ਹ ਕੇ ਗਾਹਕ ਨੂੰ ਕਹਿ ਰਿਹਾ ਹੋਵੇ, 'ਔਹ ਵੇਖੋ ਜੀ, ਨਵਾਂ ਹੀ ਮਾਲ ਆਇਆ ਜੇ। ਸਿਰਫ਼ ਤੁਹਾਡੇ ਵਾਸਤੇ!'-ਪਰ ਮੇਰੇ ਵਰਗਿਆਂ ਦੇ ਕਹਿਣ 'ਤੇ ਕਿਤਾਬਾਂ ਭੇਜਣੋ ਕੋਈ ਨਹੀਂ ਰੁਕਿਆ ਤੇ ਨਾ ਰੁਕਣਾ ਹੈ। ਇੰਝ ਸਾਹਿਤ ਅਕਾਦਮੀ ਦਾ ਇਨਾਮ ਲੈਣ ਲਈ ਵੀ ਲੋਕਾਂ ਨੇ ਐਫ਼ੀਡੇਵਿਟ ਦੇ ਦਿਆ ਕਰਨੇ। ਤੁਸੀਂ ਵੇਖਦੇ ਰਹਿਣਾ।

ਸੁਖਜੀਤ ਨੇ ਕਿਤੇ ਮੇਰਾ ਇਹ ਸੁਨੇਹਾ ਪੜ੍ਹ ਲਿਆ ਤਾਂ ਉਹਨੇ 26 ਜੁਲਾਈ 2023 ਨੂੰ ਵਟਸਐਪ 'ਤੇ ਮੈਨੂੰ ਬੋਲ-ਸੁਨੇਹਾ ਭੇਜਿਆ। ਜੋ ਹੂ-ਬ-ਹੂ ਹੇਠਾਂ ਦਰਜ ਹੈ:-

ਭਾਜੀ! ਉਮੀਦ ਹੈ ਠੀਕ ਠਾਕ ਹੋਵੋਗੇ ਤੁਸੀਂ। ਜਸਵੰਤ ਜ਼ਫ਼ਰ ਹੋਰਾਂ ਦੀ ਫੇਸਬੁਕ ਤੋਂ, (ਮੈਂ ਤੇ ਫੇਸਬੁਕ 'ਤੇ ਹੈ ਨਹੀਂ , ਨਾ ਮੇਰੀ ਆਪਣੀ ਚਲਦੀ ਆ) ਉਥੋਂ ਮੈਂ ਇਨਾਮਾਂ ਵਾਲੇ ਸਿਲਸਿਲੇ ਦੇ ਵਿੱਚ ਤੁਹਾਡਾ ਪ੍ਰਤੀਕਰਮ ਪੜ੍ਹਿਆ। ਭਾਜੀ! ਉਹਦੇ ਚ ਇੱਕ ਸਤਰ ਤੁਸੀਂ ਲਿਖੀ ਆ ਕਿ ਮੇਰੇ ਰੋਕਣ ਤੇ ਵੀ ਕੋਈ ਕਿਤਾਬਾਂ ਭੇਜਣ ਤੋਂ ਨਹੀਂ ਰੁਕਿਆ। ਇਸ ਤਰਾਂ ਕਹਿ ਕੇ ਭਾਜੀ !ਘੱਟ ਤੋਂ ਘੱਟ ਮੈਨੂੰ ਤਾਂ ਇਸ ਮੌਤੇ ਨਾ ਮਾਰੋ। ਮੈਂ ਹੈਗਾਂ ਇੱਕ। ਤੁਹਾਡੀ ਮੰਨਣ ਵਾਲਾ! ਮੈਂ ਨਹੀਂ ਕਿਤੇ ਕਿਤਾਬ ਭੇਜੀ ਅੱਜ ਤੱਕ ਕਿਸੇ ਵੀ ਇਨਾਮ ਲਈ। ਤੇ ਉਹ ਵੀ ਸਿਰਫ਼ ਤੁਹਾਡੀ ਉਸ ਆਖੀ ਗੱਲ ਕਰਕੇ ਕਿ ਤੁਸੀਂ ਕਦੀ ਕਿਸੇ ਇਨਾਮ ਵਾਸਤੇ ਆਪਣੀ ਕਿਤਾਬ ਨਹੀਂ ਭੇਜਦੇ। ਔਰ ਇਹਦਾ ਮੈਂ ਜ਼ਿਕਰ ਵੀ ਕੀਤਾ ਦੋ ਤਿੰਨ ਥਾਵਾਂ 'ਤੇ ਬੋਲ ਕੇ, ਸਟੇਜਾਂ ਦੇ ਉੱਤੋਂ ਵੀ ਕਿ ਭਾਜੀ ਵਰਿਆਮ ਸੰਧੂ ਕਿਤੇ ਕਿਤਾਬ ਨਹੀਂ ਭੇਜਦੇ। ਪਟਿਆਲੇ ਯੂਨੀਵਰਸਿਟੀ ਚ ਵੀ ਕੀਤਾ ਸੀ। ਤੇ ਮੈਂ ਵੀ ਨਹੀਂ ਭੇਜਦਾ। ਕਦੇ ਢਾਹਾਂ ਵਾਲਿਆਂ ਨੂੰ ਨਹੀਂ ਭੇਜੀ। ਕਦੇ ਕਿਸੇ ਹੋਰ ਨੂੰ ਨਹੀਂ ਭੇਜੀ। ਤੇ ਗੁਲਾਟੀ ਨੂੰ ਵੀ, ਚੇਤਨਾ ਪ੍ਰਕਾਸ਼ਨ ਵਾਲੇ ਨੂੰ ਵੀ, ਮਨ੍ਹਾ ਕੀਤਾ ਹੋਇਆ, ਕਿ'ਤੂੰ ਐਵੇਂ ਨਹੀਂ ਕਿਤਾਬ ਭੇਜ ਦੇਣੀ ਮੇਰੀ; ਕਿਸੇ ਨੂੰ ਵੀ ਨਹੀਂ, ਤੇ ਮੈਂ ਉਹਨੂੰ ਕਿਹਾ ਹੋਇਆ ਕਿ ਮੈਨੂੰ ਪੁੱਛਣ ਦੀ ਵੀ ਲੋੜ ਨਹੀਂ। ਮੈਂ ਤੈਨੂੰ ਜਵਾਬ ਹੀ ਦੇਣਾ।ਸੋ ਭੇਜੀਂ ਨਾ ਕਦੇ ਵੀ।'

ਭਾ ਜੀ! ਮੈਂ ਠੀਕ ਹੈ ਤੁਹਾਨੂੰ ਬਹੁਤਾ ਫੋਨ ਨਹੀਂ ਕਰਦਾ ਹੈਗਾ ਜਾਂ ਬਹੁਤੀਆਂ ਹੋਰਾਂ ਵਾਂਗੂ ਮੈਨੂੰ ਆਉਂਦੀਆਂ ਨਹੀਂ ਗੱਲਾਂ! ਪਰ ਤੁਹਾਡੀ ਪੈੜ'ਚ ਪੈਰ ਤਾਂ ਰੱਖਦਾ ਆਂ ਭਾਜੀ।

ਤੇ ਤੁਹਾਡੀ ਪੋਸਟ ਤੋਂ ਤੁਸੀਂ ਮੈਨੂੰ ਆਪਣੇ ਪ੍ਰਤੀਕਰਮ ਤੋਂ ਚੜ੍ਹਦੀ ਕਲਾ 'ਚ ਲੱਗੇ ਹੋ ਤੇ ਹੈਗੇ ਵੀ ਹੋ ਤੁਸੀਂ।

ਸੋ ਮੈਂ ਪੈਰਾਂ 'ਚ ਸਿਰ ਧਰ ਕੇ ਮੱਥਾ ਟੇਕਦਾਂ। ਆਸ਼ੀਰਵਾਦ ਬਣਾਈ ਰੱਖਿਓ!

ਤੇ ਭੈਣ ਜੀ ਹੋਰਾਂ ਨੂੰ ਵੀ ਮੱਥਾ ਟੇਕਣਾ!

ਸੁਖਜੀਤ ਸਿਸਕਣ ਲੱਗਾ!

ਜ਼ਾਹਿਰ ਹੈ ਲੰਮੀ ਚੁੱਪ ਤੋਂ ਬਾਅਦ ਉਹਦਾ ਪਿਆਰ ਨਾਲ ਲਬਰੇਜ਼ ਇਹ ਸੁਨੇਹਾ ਸੁਣ ਕੇ ਮੈਨੂੰ ਖ਼ੁਸ਼ੀ ਵੀ ਹੋਈ ਤੇ ਆਪਣੇ ਆਪ 'ਤੇ ਮਾਣ ਵੀ ਹੋਇਆ। ਮੈਂ ਲਿਖਿਆ:-

ਪਿਆਰੇ ਸੁਖਜੀਤ !ਤੇਰਾ ਜਵਾਬ ਸੁਣ ਕੇ ਮੈ ਧੰਨ ਆਂ ਕਿ ਮੈਨੂੰ ਤੇਰੇ ਵਰਗੇ ਪਿਆਰੇ ਏਨੀ ਮੁਹੱਬਤ ਕਰਦੇ ਨੇ, ਮੇਰੇ ਬੋਲੇ ਦਾ ਮਾਣ ਰੱਖਦੇ ਨੇ। ਮੇਰੇ ਲਈ ਇਸ ਤੋਂ ਵੱਡੀ ਮਾਣ ਤੇ ਸ਼ਾਨ ਦੀ

ਗੱਲ ਕੋਈ ਨਹੀਂ ਕਿ ਤੂੰ ਅਣਖ ਦੇ ਨਾਲ ਆਪਣਾ ਸਿਰ ਸਿੱਧਾ ਰੱਖਿਆ ਏ, ਸਦਾ ਇੰਝ ਹੀ ਰੱਖੇਂਗਾ,ਮੈਨੂੰ ਤੇਰੇ 'ਤੇ ਵਿਸ਼ਵਾਸ ਆ।

ਤੇ ਜਿਹੜਾ ਮਾਣ ਤੂੰ ਮੈਨੂੰ ਮੁੱਢ ਤੋਂ ਦੇਂਦਾ ਆ ਰਿਹੈਂ, ਤੇ ਹਰ ਪਲ਼ ਮੇਰੇ ਨਾਲ ਖਲੋਤਾ ਏਂ, ਉਹਦੇ ਲਈ ਮੇਰੇ ਸਿਰ 'ਤੇ ਤੇਰਾ ਰਿਣ ਸਦਾ ਰਹੂਗਾ।ਮੇਰੇ ਵੱਲੋਂ ਬਹੁਤ ਸਾਰਾ ਪਿਆਰ! ਜਿਊਂਦਾ ਰਹਿ!

ਇਹ ਪੜ੍ਹ ਕੇ ਉਹਨੇ ਮੁੜ ਬੋਲ-ਸੁਨੇਹਾ ਭੇਜਿਆ

ਬਹੁਤ ਸ਼ੁਕਰੀਆ ਭਾਜੀ!

ਭਾਜੀ! ਮੇਰੇ ਲਈ ਸਭ ਤੋਂ ਵੱਡਾ ਪੁਰਸਕਾਰ ਤੁਹਾਡੇ ਇਹ ਬੋਲ ਹੀ ਨੇ।

(ਉਹਦਾ ਗਲ਼ਾ ਭਰ ਆਉਂਦਾ ਹੈ। ਦੋ ਕੁ ਸਕਿੰਟ ਰੁਕਦਾ ਹੈ, ਜਿਵੇਂ ਆਪਣੇ 'ਤੇ ਕਾਬੂ ਪਾ ਰਿਹਾ ਹੋਵੇ! ਫਿਰ ਆਖਦਾ ਹੈ )

"ਇਦੋਂ ਵੱਡਾ ਕੋਈ ਪੁਰਸਕਾਰ ਨਹੀਂ ਭਾਜੀ ਮੇਰੇ ਲਈ। ਸਭ ਤੋਂ ਵੱਡਾ ਪੁਰਸਕਾਰ ਤੁਹਾਡੇ ਇਹ ਬੋਲ ਨੇ ਨਾ ਜਿਹੜੇ, ਇਦੋਂ ਵੱਡਾ ਕੋਈ ਪੁਰਸਕਾਰ ਨਹੀਂ

ਉਹ ਰੁੰਨ੍ਹੇ ਹੋਏ ਗਲ਼ੇ ਨਾਲ ਮਸਾਂ ਏਨਾ ਕੁ ਬੋਲ ਸਕਿਆ ਤੇ ਫੇਰ ਸਿਸਕਣ ਲੱਗ ਪਿਆ।

ਤੇ ਇਸ ਸਿਸਕਣੀ ਵਿਚ ਹੀ ਉਹਦਾ ਬੋਲ-ਸੁਨੇਹਾ ਮੁੱਕ ਗਿਆ।

ਮੈਂ ਆਪਣੀ ਪਤਨੀ ਨੂੰ ਉਹਦਾ ਸੁਨੇਹਾ ਸੁਣਾਇਆ ਤੇ ਸੁਣਾਉਂਦੇ ਸੁਣਾਉਂਦੇ ਮੇਰਾ ਵੀ ਮਨ ਭਰ ਆਇਆ। ਜੇ ਮੇਰੇ ਬੋਲ ਉਹਦੇ ਲਈ 'ਸਭ ਤੋਂ ਵੱਡਾ ਪੁਰਸਕਾਰ' ਸਨ ਤਾਂ ਉਹਦੇ ਮੋਹ ਵਿੱਚ ਭਿੱਜੇ ਬੋਲ ਵੀ ਮੇਰੇ ਲਈ ਕਿਸੇ ਪੁਰਸਕਾਰ ਤੋਂ ਘੱਟ ਨਹੀਂ ਸਨ। ਅੱਜ ਕੱਲ੍ਹ ਦੇ ਸਮਿਆਂ ਵਿਚ ਕਿੰਨੇ ਦੁਰਲੱਭ ਨੇ ਅਜਿਹੇ ਮਿੱਤਰ ਪਿਆਰੇ ਜੋ ਤੁਹਾਡੇ ਲਈ ਆਦਰ/ਸਤਿਕਾਰ ਤੇ ਪਿਆਰ ਵਿੱਚ ਪਿਘਲ ਕੇ ਕੇ ਤਹਾਨੂੰ ਘਿਉ-ਗੱਚ ਕਰ ਦੇਣ।

ਭਾ ਜੀ! ਤੁਸੀਂ ਸਾਡੇ 'ਚ ਵੱਸਦੇ ਹੋ ਅਸੀਂ ਤੁਹਾਡੇ 'ਚ ਵੱਸਦੇ ਆਂ।

ਪਾਕਿਸਤਾਨ ਵਿਚ ਮੈਨੂੰ 'ਵਾਰਿਸਸ਼ਾਹ ਅੰਤਰਰਾਸ਼ਟਰੀ ਅਵਾਰਡ' ਦਿੱਤੇ ਜਾਣ ਦੀ ਖ਼ਬਰ ਪੜ੍ਹੀ ਤਾਂ 7 ਅਗਸਤ 2023 ਨੂੰ ਬੜਾ ਹੁੱਬ ਕੇ ਮੁਬਾਰਕਬਾਦ ਦਿੰਦਿਆਂ ਲਿਖਿਆ:-

ਪੈਰੀਂ ਪੈਨਾਂ ਭਾਜੀ! ਬਹੁਤ ਬਹੁਤ ਖੁਸ਼ੀ ਹੋਈ। ਬਹੁਤ ਹੀ ਬਹੁਤ, ਬਹੁਤ ਮੁਬਾਰਕਾਂ! ਬਹੁਤ ਚੰਗਾ ਲੱਗਿਆ। ਇਹ ਸੱਚਮੁੱਚ ਉਹਨਾਂ ਨੇ ਬਹੁਤ ਵੱਡਾ ਤੇ ਬਹੁਤ ਚੰਗਾ ਕੰਮ ਕੀਤਾ।

ਉਹਨਾਂ ਦਾ ਬਹੁਤ ਬਹੁਤ ਸ਼ੁਕਰੀਆ, ਜਿਨ੍ਹਾਂ ਨੇ ਵੀ ਇਹ ਫੈਸਲਾ ਲਿਆ ਹੈਗਾ, ਔਰ ਪਾਕਿਸਤਾਨ ਚ ਇਹ ਫੈਸਲਾ ਲਿਆ ਜਾਣਾ, ਲਾਹੌਰ ਚ ਸਮਾਗਮ ਹੋਣਾ, ਇਹ, ਇਸ ਵਿੱਚ ਆਪਣੀ ਸਾਰਿਆਂ ਦੀ ਬਹੁਤ ਵੱਡੀ ਪ੍ਰਾਪਤੀ ਹੈ।

ਭਾ ਜੀ! ਅਸੀਂ ਤੁਹਾਡੇ  ਤੁਸੀਂ ਸਾਡੇ 'ਚ ਵੱਸਦੇ ਹੋ ਅਸੀਂ ਤੁਹਾਡੇ 'ਚ ਵੱਸਦੇ ਆਂ।

ਭਾ ਜੀ! ਬਹੁਤ ਬਹੁਤ ਚੰਗਾ ਲੱਗਿਆ!

ਭੈਣ ਜੀ ਹੋਰਾਂ ਨੂੰ ਵੀ ਪੈਰੀ ਪੈਣਾ ਕਿਹੋ ਤੇ ਮੁਬਾਰਕਾਂ ਦਿਓ ਮੇਰੇ ਵੱਲੋਂ!

ਕਿੱਥੇ ਐ ਸੁਖਜੀਤ?

ਸੁਖਜੀਤ ਕਹਿੰਦਾ ਸੀ, ਮੈਂ ਤੁਹਾਡੀ ਪੈੜ'ਚ ਪੈਰ ਤਾਂ ਰੱਖਦਾ ਆਂ ਭਾਜੀ!

ਮੇਰੇ ਪਿੱਛੇ ਉਹਦੇ ਕਦਮਾਂ ਦੀ ਆਵਾਜ਼ ਸੁਣਾਈ ਨਹੀਂ ਦਿੰਦੀ।

ਮੈਂ ਤ੍ਰਭਕ ਕੇ ਆਪਣੀ ਪੈੜ ਵੱਲ ਵੇਖਦਾ ਹਾਂ।

ਸੁਖਜੀਤ ਕਿੱਥੇ ਐ? ਕਿਧਰ ਚਲਾ ਗਿਆ?

ਮੈਂ ਧੌਣ ਮੋੜ ਕੇ ਸਾਹਮਣੇ ਵੇਖਦਾ ਹਾਂ।ਸੁਖਜੀਤ ਤਾਂ ਔਹ ਦੂਰ, ਕਿਧਰੇ ਬਹੁਤ ਦੂਅਅਅਰ ਮੇਰੇ ਵੱਲ ਪਿੱਠ ਕੀਤੀ ਤੁਰਿਆ ਜਾਂਦਾ ਹੈ। ਤੁਰਦਾ ਤੁਰਦਾ ਬਿੰਦੂ ਵਿਚ ਸਿਮਟ ਜਾਂਦਾ ਹੈ। ਬਿੰਦੂ ਧੂੰਏਂ ਦਾ ਬੱਦਲ ਬਣ ਕੇ ਅਸਮਾਨ ਵੱਲ ਉੱਡਣ ਲੱਗਦਾ ਹੈ। ਮੈਂ ਸੋਚਦਾ ਹਾਂ, ਉਹ 'ਪੰਜਾਬੀ ਕਹਾਣੀ ਦਾ ਧਰੂ ਤਾਰਾ' ਬਣ ਕੇ ਚਮਕਣ ਜਾ ਰਿਹਾ ਹੈ।

ਬੱਦਲਾਂ ਵਿਚ ਜਾ ਕੇ ਸੁਖਜੀਤ ਹੁਣ ਜਾਣੀ ਜਾਣ ਹੋ ਗਿਆ ਹੈ। ਮੇਰੇ ਅੰਦਰ ਦੀ ਸੁਣ ਕੇ ਕਹਿੰਦਾ ਹੈ, "ਓ ਛੱਡੋ ਭਾ ਜੀ, ਤੁਸੀਂ ਧਰੂ ਤਾਰਿਆਂ ਬਾਰੇ ਮੇਰੀ ਗੱਲ ਨਹੀਂ ਸੀ ਸੁਣੀ? ਮੈਂ ਤਾਂ ਕਈ ਚਿਰ ਪਹਿਲਾਂ ਕਹਿ ਦਿੱਤੀ ਸੀ। ਨਹੀਂ ਸੁਣੀ ਤਾਂ ਲਓ ਸੁਣੋ ਪਹਿਲਾਂ:-

ਆਪਣੇ ਕਹਾਣੀਕਾਰਾਂ ਨੂੰ ਪਤਾ ਨਹੀਂ ਕੌਣ ਬਣਾਉਂਦਾ, ਬਈ ਜਤਿੰਦਰ ਹਾਂਸ 'ਪੰਜਾਬੀ ਕਹਾਣੀ ਦਾ ਰਾਜਕੁਮਾਰ' ਹੈ। ਬਣਾ ਦਿਓ, ਪਰ ਹੁਣ ਹਿਸਾਬ ਲਾਓ, ਸੋਚੋ, ਰਾਜਕੁਮਾਰ ਲੋਕਾਂ ਦਾ ਨਹੀਂ ਹੁੰਦਾ। ਸਾਡਾ ਨਹੀਂ ਹੋਊਗਾ। ਜਸਬੀਰ ਰਾਣਾ ਨੂੰ 'ਕਹਾਣੀ ਜਗਤ ਦਾ ਧਰੂ ਤਾਰਾ ਬਣਾ'"ਤਾ। ਹੁਣ ਧਰੂ ਤਾਰੇ ਨੇ ਨਾ ਧਰਤੀ ਤੇ ਕਦੇ ਆਉਣਾ, ਨਾ ਆਪਦੇ ਲੋਕਾਂ 'ਚ ਰਹਿਣਾ। ਨਾ ਆਪਦਾ ਕਦੇ ਲਿਖਣਾ! ਇਹ ਕੌਣ ਕਰ ਰਿਹਾ ਇਹ ਸਭ ਕੁਝ। ਸੋਚਣ ਵਾਲਾ। ਪੰਜਾਬੀ 'ਚ ਨੋਬਲ ਪੁਰਸਕਾਰ ਕਿਹਨੂੰ ਮਿਲੂ, ਇਹ ਚਰਚਾ ਹੋ ਰਹੀ ਹੈ! ਥੋੜਾ ਜਿਹਾ ਧਿਆਨ ਦਓ ਬਈ ਇਹ ਕੌਣ ਕਰਾ ਰਿਹਾ, ਕੌਣ ਨੇ ਉਹ ਬੰਦੇ?

ਇਹ ਰੂਬਰੂ ਕਰਾਉਣ ਦੇ ਵੀ ਜਿਹੜੇ ਪ੍ਰੋਗਰਾਮ ਨੇ ਇਹ ਸਟੇਟ ਦੀ ਸੂਖਮ ਸਾਜਿਸ਼ ਦਾ ਹਿੱਸਾ ਨੇ। ਲੇਖਕ ਦਾ ਕਥਾਰਸਿਸ ਕਰਨਾ ਰੂਬਰੂ ਨਾਲ। ਤੁਸੀਂ ਕਿਵੇਂ ਲਿਖਦੇ ਹੋ, ਕੀ ਕਰਦੇ ਹੋ, ਤੁਹਾਡੀ ਫਲਾਣੀ ਕਹਾਣੀ ਜਿਹੜੀ ਵਗ਼ੈਰਾ ਵਗ਼ੈਰਾ। ਜਾ ਕੇ ਕਈ ਦਿਨ ਤਾਂ ਤੁਸੀਂ ਆਪਣੇ ਆਪ ਚ ਹੀ ਨਹੀਂ ਆਉਂਦੇ ਤੇ ਜਿੰਨਾ ਚਿਰ ਆਪਣੇ ਆਪ ਚ ਨਹੀਂ ਆਉਂਦੇ, ਆਪਣੇ ਕੋਲੇ ਨਹੀਂ ਆਉਂਦੇ, ਉਨਾ ਚਿਰ ਤੁਸੀਂ ਲਿਖ ਨਹੀਂ ਸਕਦੇ, ਜੋ ਮਰਜ਼ੀ ਜ਼ੋਰ ਲਾ ਲਓ। ਇਹ ਜਿੰਨੇ ਪ੍ਰੋਗਰਾਮ ਹੁੰਦੇ ਨੇ, ਰੂਬਰੂ ਹੋਣੇ ਤੁਹਾਡੇ, ਤੁਹਾਨੂੰ ਇਨਾਮ ਮਿਲਣੇ, ਇਹ ਅੰਦਰ ਵੱਲ ਨੂੰ ਨਹੀਂ ਮੋੜਦੇ, ਇਹ ਬਾਹਰ ਵੱਲ ਨੂੰ ਲੈਜਾਂਦੇ ਨੇ।

ਇਹ ਬਹੁਤ ਬਰੀਕ ਗੱਲਾਂ ਨੇ। ਬਹੁਤ ਸੂਖਮ!

ਉਹ ਹੱਸਦਾ ਹੈ, "ਮੈਂ ਤਾਂ ਮੋਟੀ ਬੁੱਧੀ ਵਾਲਾ, ਤੁਹਾਨੂੰ ਪਤਾ ਜੱਟ-ਬੂਟ ਬੰਦਾਂ! ਇਹ ਗੱਲਾਂ ਮੇਰੇ ਸਮਝ 'ਚ ਨਹੀਂ ਆਉਂਦੀਆਂ ਤੁਹਾਡੇ ਸਮਝਣ ਵਾਲੀਆਂ ਨੇ। ਤੁਸੀਂ ਜਿਹੜੇ ਲੋਕ ਪੀਐਚਡੀ ਕਰਦੇ ਹੋ, ਡਾਕਟਰ ਬਣਦੇ ਹੋ, ਤੁਹਾਡੇ ਸਮਝਣ ਵਾਲੀਆਂ ਤੇ ਤੁਹਾਡੇ ਅੱਗੇ ਸਮਝਾਉਣ ਵਾਲੀਆਂ ਨੇ!

-ਮੈਂ ਹੁਣ ਗੱਲ ਤੁਹਾਡੇ 'ਤੇ ਛੱਡਦਾ ਹਾਂ।

ਮੈਨੂੰ ਤਾਂ ਏਨਾ ਕੁ ਹੀ ਲੱਭਿਆ ਹੈ ਸੁਖਜੀਤ!

ਪੂਰਾ ਸੁਖਜੀਤ ਮੇਰੇ ਹੱਥ ਨਹੀਂ ਆਇਆ। ਬੜਾ ਫੜਨ ਦੀ ਕੋਸ਼ਿਸ਼ ਕੀਤੀ। ਮੇਰੇ ਹੱਥੋਂ ਤਿਲਕ ਜਾਂਦਾ ਰਿਹਾ।

ਜੇ ਤੁਸੀਂ ਫੜ ਲਿਆ ਹੋਵੇ ਜਾਂ ਤੁਹਾਨੂੰ ਲੱਭ ਗਿਆ ਹੋਵੇ ਤਾਂ ਮੈਨੂੰ ਵੀ ਦੱਸਣਾ!

ਰੂਸੀ ਕਹਾਣੀ ਵਿਕਤਰ ਅਸਤਾਫਿਏਵ

# ਰਖਵਾਲਾ ਦੂਤ

**ਅਨੁਵਾਦ: ਡਾ. ਕਸ਼ਮੀਰ ਸਿੰਘ**

ਸੰਨ ਉੱਨੀ ਸੌ ਤੇਤੀ ਵਿਚ ਭਿਅੰਕਰ ਅਕਾਲ ਦੇ ਕਹਿਰ ਨੇ ਸਾਡੇ ਪਿੰਡ ਨੂੰ ਆਣ ਦੱਬਿਆ। ਗੀਤ-ਗਾਣਿਆਂ, ਵਿਆਹ-ਸ਼ਾਦੀਆਂ ਦੀਆਂ ਰੌਣਕਾਂ ਖੰਭ ਲਾ ਕੇ ਉੱਡ ਗਈਆਂ, ਕੁੱਤੇ ਭੌਂਕਣਾ ਭੁਲ ਗਏ, ਕਬੂਤਰ ਅਲੋਪ ਹੋ ਗਏ। ਬਰਫਾਨੀ ਢਲਾਨਾਂ ਤੋਂ ਸਲੈਜਾਂ ਉੱਤੇ ਤਿਲਕਦੇ ਮੁੰਡਿਆਂ-ਕੁੜੀਆਂ ਦਾ ਖ਼ਰੂਦੀ ਸ਼ੋਰ ਬੰਦ ਹੋ ਗਿਆ, ਵਿਹੜਿਆਂ ਵਿੱਚ ਛੁਰੀਆਂ, ਕੁਹਾੜੀਆਂ ਦੀ ਮਾਰ ਝਲਦੇ ਢੋਰ-ਡੰਗਰਾਂ ਦਾ ਚੀਕ-ਚਿਹਾੜਾ ਸੁਣਾਈ ਦੇਣ ਲੱਗਾ, ਪਿੰਡ ਦੀਆਂ ਗਲੀਆਂ ਵਿਚ ਭੁੱਖ ਨਾਲ ਨਿਢਾਲ ਘੋੜੇ ਚੌੜ਼ਾਲ ਡਿੱਗਣ ਲੱਗੇ, ਘਰਾਂ ਦਾ ਮੂੰਹ-ਮੁਹਾਂਦਰਾ ਵਿਗੜ ਗਿਆ ਜਿਵੇਂ ਉਹ ਬਹੁਤ ਪੁਰਾਣੇ ਅਤੇ ਬੁੱਢੇ ਹੋ ਗਏ ਹੋਣ। ਉਨ੍ਹਾਂ ਦੀਆਂ ਨੁੱਕਰਾਂ ਭੁੱਖੇ ਲੋਕਾਂ ਦੇ ਜਬਾੜਿਆਂ ਵਾਂਗ ਸੁੱਕੀਆਂ ਅਤੇ ਹੱਡਲ ਦਿਸਦੀਆਂ ਸਨ।

ਉਸ ਦੌਰ ਵਿਚ ਹਰ ਕੋਈ ਕਿਸੇ ਨਾ ਕਿਸੇ ਤਰੀਕੇ ਨਾਲ ਭੋਜਨ ਪ੍ਰਾਪਤ ਕਰਨ ਲਈ ਹੱਥ-ਪੈਰ ਮਾਰਦਾ ਸੀ। ਸ਼ਿਕਾਰੀ ਲੋਕ ਜੰਗਲੀ ਬੱਕਰੀਆਂ, ਬਾਰਾਂਸਿੰਗਿਆਂ, ਹਿਰਨਾਂ ਅਤੇ ਰਿੱਛਾਂ ਦੇ ਘੋਰਨਿਆਂ ਦੀ ਭਾਲ ਵਿਚ ਬਰਫਾਂ ਲਿਤਾੜਦੇ ਰਹਿੰਦੇ। ਉਸ ਸਾਲ ਸਰਦੀਆਂ ਵਿਚ ਬਹੁਤ ਜ਼ਿਆਦਾ ਬਰਫ਼ਬਾਰੀ ਹੋਣ ਕਾਰਨ ਬਰਫ਼ ਦੀਆਂ ਪਰਤਾਂ ਵੀ ਬਹੁਤ ਮੋਟੀਆਂ ਅਤੇ ਡੂੰਘੀਆਂ ਸਨ। ਇਸ ਤੋਂ ਇਲਾਵਾ, ਲੋਕਾਂ ਦੀ ਇਹ ਧਾਰਨਾ ਸੀ ਕਿ ਜਨੌਰ ਵੀ ਮਨੁੱਖਾਂ ਉੱਤੇ ਪੈਣ ਵਾਲੀ ਬਿਪਤਾ ਨੂੰ ਭਾਂਪ ਲੈਂਦੇ ਹਨ ਅਤੇ ਉਹ ਆਪਣੇ ਬਚਾਅ ਲਈ ਜੰਗਲ ਛੱਡ ਕੇ ਪਹਾੜਾਂ ਵਿਚ ਜਾ ਲੁਕਦੇ ਹਨ। ਕਹਾਵਤ ਹੈ ਕਿ ਭੁੱਖ ਬਘਿਆੜ ਨੂੰ ਵੀ ਆਪਣਾ ਘਰ-ਘੋਰਨਾ ਛੱਡਣ ਲਈ ਮਜਬੂਰ ਕਰ ਦਿੰਦੀ ਹੈ।

ਚੰਗੀ ਕਿਸਮਤ ਵਾਲੇ ਆਦਮੀ ਅਲੈਕਸਾਂਦਰ ਯਾਰੋਸਲਾਵਤਸੇਵ ਨੇ ਆਖ਼ਰਕਾਰ ਇਕ ਰਿੱਛ ਦਾ ਸ਼ਿਕਾਰ ਕਰ ਹੀ ਲਿਆ, ਬੇਤੇਖ਼ਤਿਨ ਭਰਾ ਅਤੇ ਬੁੱਢਾ ਸਲਾਮਾਤਿਨ ਜੰਗਲੀ ਬੱਕਰੀਆਂ ਮਾਰ ਲਿਆਏ। ਸ਼ਿਕਾਰੀਆਂ ਨੇ ਗੋਸ਼ਤ ਆਪਣੇ ਗੁਆਂਢੀਆਂ ਨੂੰ ਵੀ ਵੰਡ ਦਿੱਤਾ। ਪਰ ਹਰ ਕਿਸੇ ਦਾ ਆਪਣਾ ਆਪਣਾ ਪਰਿਵਾਰ ਸੀ, ਰਿਸ਼ਤੇਦਾਰ ਅਤੇ ਅਣਗਿਣਤ ਦੋਸਤ ਸਨ।

ਨੇੜਲਾ ਸ਼ਹਿਰ ਹਮੇਸ਼ਾ ਸਾਡੇ ਪਿੰਡ ਦਾ ਕੁਝ ਨਾ ਕੁਝ ਸਵਾਰਦਾ ਸੀ ਪਰ ਨਾਲ ਹੀ ਵਿਗਾੜਦਾ ਵੀ ਸੀ। ਉਹ ਪਿੰਡ ਵਿਚ ਪੈਦਾ ਕੀਤੀਆਂ ਜਾਂਦੀਆਂ ਜਿਣਸਾਂ: ਬਾਲਣ ਲਈ ਲੱਕੜੀਆਂ, ਦੁੱਧ, ਗੋਸ਼ਤ, ਮੱਛੀ-ਮੀਟ, ਸਬਜ਼ੀਆਂ, ਫਲਾਂ ਵਗੈਰਾ ਦੀ ਵਰਤੋਂ ਕਰਦਾ ਸੀ ਅਤੇ ਇਵਜ਼ ਵਿਚ ਪੇਂਡੂਆਂ ਲਈ ਕੱਪੜੇ-ਲੱਤੇ ਅਤੇ ਦਾਰੂ ਸਪਲਾਈ ਕਰਦਾ ਸੀ। ਸ਼ਹਿਰ ਉਦੋਂ ਤੱਕ ਤਾਂ ਪ੍ਰਾਹੁਣਚਾਰੀ ਵਿਖਾਉਂਦਾ, ਜਦੋਂ ਤੱਕ ਉਸਨੂੰ ਪਿੰਡ ਵਿਚੋਂ ਜੋ ਚਾਹੀਦਾ ਮਿਲਦਾ ਰਹਿੰਦਾ, ਪਰ ਜਿਓਂ ਹੀ ਕਿਸਾਨ ਖਾਲੀ ਹੱਥੀਂ ਆਪਣਾ ਗੱਡਾ ਲੈ ਸ਼ਹਿਰ ਪਹੁੰਚਦਾ, ਤਾਂ ਸ਼ਹਿਰ ਉਸਨੂੰ ਬੇਰੁਖੀ ਨਾਲ ਟੱਕਰਦਾ। ਖ਼ੁਦ ਵੀ ਭੁੱਖਮਰੀ ਦਾ ਸ਼ਿਕਾਰ ਸੀ, ਇਹ ਵੱਡਾ ਤੇ ਹੁਣ ਬੇਰੁਖਾ ਸ਼ਹਿਰ। ਉਸ ਸਾਲ, ਤੇ ਬੱਸ ਉਸੇ, ਘੋੜਿਆਂ-ਰਹਿਤ ਭੋਖੜੇ ਵਾਲੇ ਸਾਲ ਪਿੰਡ ਦੇ ਮਰਦ ਅਤੇ ਔਰਤਾਂ ਆਪਣੇ ਗਹਿਣਿਆਂ ਅਤੇ ਪੁਰਾਤਨ ਵਸਤਾਂ, ਜੋ ਕੁਝ ਵੀ ਉਨ੍ਹਾਂ ਕੋਲ ਸੀ, ਉਸੇ ਨੂੰ ਗਠੜੀਆਂ ਵਿਚ ਬੰਨ੍ਹ ਕੇ ਸੜਕ ਉੱਤੇ ਤੁਰ ਪੈਂਦੇ ਅਤੇ ਸ਼ਹਿਰ ਵਿਚ ਤੋਰਗਸਿਨ ਨਾਂ ਦੀ ਦੁਕਾਨ ਵਿਚ ਇਨ੍ਹਾਂ ਵਸਤਾਂ ਦੇ

ਵੱਟੇ ਖਾਣ-ਪੀਣ ਦੀਆਂ ਵਸਤਾਂ ਲੈ ਆਉਂਦੇ।

ਸਾਡੇ ਘਰ ਵਿਚ ਮੇਰੀ ਨਾਨੀ ਹੀ ਪ੍ਰਧਾਨ ਸੀ। ਉਹ ਬਹੁਤ ਉਦਮੀ ਅਤੇ ਚੁਸਤ ਸੀ। ਉਸਨੇ ਆਪਣੇ ਜੀਵਨ ਵਿਚ ਕਈ ਵਾਰ ਫਾਕੇ ਕੱਟੇ, ਗ਼ਰੀਬੀ ਦਾ ਕਹਿਰ ਝੱਲਿਆ, ਹੁਣ ਵੀ ਉਹ ਕਿਸੇ ਨਾ ਕਿਸੇ ਤਰ੍ਹਾਂ ਘਰ ਦਾ ਗੁਜ਼ਾਰਾ ਚਲਾ ਰਹੀ ਸੀ। ਪਰ ਉਹ ਏਨੀ ਕਮਜ਼ੋਰ ਹੋ ਗਈ ਸੀ ਕਿ ਉਸਦੀਆਂ ਹੱਡੀਆਂ-ਪਸਲੀਆਂ ਦਿਸਣ ਲੱਗ ਪਈਆਂ ਸਨ। ਚਹਿਕਣ-ਟਹਿਕਣ ਵਾਲੀ ਨਾਨੀ ਹੁਣ ਗੁੰਮ-ਸੁੰਮ ਰਹਿਣ ਲੱਗੀ ਸੀ। ਉਸਦਾ ਸਖ਼ਤ ਸੁਭਾਅ ਹੁਣ ਬੜਾ ਨਰਮ ਹੋ ਗਿਆ ਸੀ। ਘਰ ਦੇ ਮਰਦਾਂ ਦਾ ਹੌਂਸਲਾ ਵਧਾਉਂਦਿਆਂ ਉਹ ਆਖਦੀ:

"ਹੌਂਸਲਾ ਨਾ ਹਾਰੋ, ਮਰਦੋ। ਬਸੰਤ ਆਉਣ ਤਕ ਕਿਸੇ ਨਾ ਕਿਸੇ ਤਰ੍ਹਾਂ ਗੁਜ਼ਰ-ਗੁਜ਼ਾਰਾ ਕਰ ਹੀ ਲਵਾਂਗੇ।"

ਘਰ ਦੇ ਮਰਦ, ਯਾਨੀ ਮੇਰਾ ਨਾਨਾ, ਮਾਮਾ ਕੋਲਚਾ-ਛੋਟੂ ਅਤੇ ਮੈਂ, ਨਾਨੀ ਦੀ ਗੱਲ ਸੁਣ ਕੇ ਇਹ ਸਮਝ ਗਏ ਸਨ ਕਿ ਜੇ ਨਾਨੀ ਨੇ ਬਿਪਤਾ ਤੋਂ ਹਾਰ ਨਾ ਮੰਨੀ ਅਤੇ ਜੇ ਉਹ ਅਡੋਲ ਰਹੀ ਤਾਂ ਸਾਡਾ ਕੁਝ ਵੀ ਨਹੀਂ ਵਿਗੜੇਗਾ। ਇਕ ਹੋਰ ਮਰਦ ਸੀ – ਅਲਿਯੋਸ਼ਕਾ ਜਿਹੜਾ ਸਾਡੇ ਨਾਲ ਦੁਬਾਰਾ ਰਹਿਣ ਲਈ ਆ ਗਿਆ ਸੀ। ਉਹ ਮੇਰੀ ਮਾਸੀ ਅਗੁਸਤਾ ਦਾ ਪੁੱਤਰ ਸੀ ਜਿਹੜੀ ਜੰਗਲ ਵਿਚ ਲੱਕੜਾਂ ਵੱਢਣ ਦਾ ਕੰਮ ਛੱਡ ਕੇ ਉਸਤ- ਮਾਂਸਕੀ ਦੇ ਇਲਾਕੇ ਵਿਚ ਚਲੀ ਗਈ ਸੀ ਜਿੱਥੇ ਲੱਕੜਾਂ ਦਰਿਆ ਵਿਚ ਵਹਾਉਣ ਦਾ ਕੰਮ ਕੀਤਾ ਜਾਂਦਾ ਸੀ। ਉਸ ਇਲਾਕੇ ਵਿੱਚ ਜਿੱਥੇ ਪਹਿਲਾਂ ਖੇਤੀਬਾੜੀ ਦਾ ਕੰਮ ਹੁੰਦਾ ਸੀ ਹੁਣ ਅਜੀਬ ਤਰ੍ਹਾਂ ਦਾ ਧੰਦਾ ਸ਼ੁਰੂ ਹੋ ਗਿਆ ਸੀ। ਜਿਸ ਜ਼ਮੀਨ ਵਿਚ ਪਹਿਲਾਂ ਆਲੂ, ਜੌਂ ਅਤੇ ਕਣਕ ਦੀ ਫਸਲ ਬੀਜੀ ਜਾਂਦੀ ਸੀ ਹੁਣ ਉਸ ਜ਼ਮੀਨ ਉੱਤੇ ਲੱਕੜਾਂ ਰੇੜ੍ਹ-ਰੇੜ੍ਹ ਕੇ ਦਰਿਆ ਦੇ ਕੰਢੇ ਵੱਲ ਧੱਕੀਆਂ ਜਾਂਦੀਆਂ ਸਨ। ਵਾਹੀ-ਬਿਜਾਈ ਦਾ ਕੰਮ ਹੱਥੋਂ ਨਿਕਲਣ ਕਾਰਨ ਨਾਨਾ ਬੜਾ ਪਰੇਸ਼ਾਨ ਰਹਿੰਦਾ ਸੀ ਅਤੇ ਉਸਨੂੰ ਹੁਣ ਸੁਝਦਾ ਨਹੀਂ ਸੀ ਕਿ ਉਹ ਕਰੇ ਤਾਂ ਕੀ ਕਰੇ, ਅਨਾਜ-ਸਬਜ਼ੀਆਂ ਕਿੱਥੇ ਬੀਜੇ।

"ਇਹਦਾ ਕੀ ਕਰੀਏ, ਮਰਦੋ?" ਨਾਨੀ ਦੀ ਮੁਰਾਦ ਅਲਿਯੋਸ਼ਕਾ ਤੋਂ ਸੀ। "ਜੇ ਇਹਨੂੰ ਲੱਕੜਾਂ ਬੰਨ ਕੇ ਦਰਿਆ ਵਿਚ ਵਹਾਉਣ ਦਾ ਕੰਮ ਮਿਲ ਜਾਵੇ ਤਾਂ ਇਹਨੂੰ ਵੀ ਰਾਸ਼ਨ ਮਿਲ ਸਕਦਾ ਏ..."

ਨਾਨੀ ਅਲਿਯੋਸ਼ਕਾ ਦਾ ਬਚਾਅ ਕਰ ਰਹੀ ਸੀ। ਪਰ ਸਾਡੇ ਪਰਿਵਾਰ ਵਿਚ ਤਾਂ ਪਹਿਲਾਂ ਤੋਂ ਹੀ ਨਾਨੀ ਦੀ ਹਰ ਗੱਲ ਮੰਨੀ ਜਾਂਦੀ ਸੀ ਅਤੇ ਹੁਣ ਤਾਂ ਇਹ ਹਰ ਹਾਲਤ ਵਿਚ ਮੰਨੀ ਜਾਣੀ ਸੀ।

ਅਗੁਸਤਾ ਹਰ ਐਤਵਾਰ ਨੂੰ ਉਸਤ- ਮਾਂਸਕੀ ਤੋਂ ਆਟਾ ਅਤੇ ਅਨਾਜ ਲੈ ਕੇ ਆਇਆ ਕਰਦੀ ਸੀ। ਇਕ ਵਾਰ ਤਾਂ ਉਹ ਡੱਬੇਬੰਦ ਖਾਣਾ ਵੀ ਲਿਆਈ ਸੀ- 'ਸੂਰ ਦਾ ਜੈਲੀ ਵਾਲਾ ਮਾਸ'। ਡੱਬੇ ਵਿਚੋਂ ਜੈਲੀ ਤਾਂ ਮਿਲ ਗਈ ਸੀ ਪਰ ਸੂਰ ਦਾ ਮਾਸ ਬਿਲਕੁਲ ਨਹੀਂ ਲੱਭਿਆ ਸੀ। ਡੱਬੇ ਵਿਚ ਮਾਸ ਦੀ ਥਾਂ ਚਮੜੀ ਅਤੇ ਹੱਡੀ ਭਰ ਦਿਤੀ ਗਈ ਸੀ।

'ਸੂਰ ਦੇ ਜੈਲੀ ਵਾਲੇ ਮਾਸ' ਤੋਂ ਬਾਅਦ ਅਗੁਸਤਾ ਦੇ ਭੇਜੇ ਰਾਸ਼ਨ ਤੋਂ ਹੁਣ ਕੋਈ ਬਹੁਤੀ ਉਮੀਦ ਨਹੀਂ ਜਾਗਦੀ ਸੀ। ਇਸ ਲਈ ਨਾਨੀ ਨੇ ਕਿਸੇ ਦਿਨ- ਤਿਹਾਰ ਵੇਲੇ ਵਰਤਣ ਲਈ ਬੁਣੇ ਆਪਣੇ ਮੇਜ਼ਪੋਸ਼ ਝੋਲੇ ਵਿਚ ਪਾਏ ਅਤੇ ਉਨ੍ਹਾਂ ਨੂੰ ਵਟਾ ਕੇ ਸ਼ਹਿਰ ਵਿਚੋਂ ਡਬਲ-ਰੋਟੀ ਲੈ ਆਈ। ਉਸ ਤੋਂ ਬਾਅਦ ਉਸਨੇ ਨਾਨੇ ਦਾ ਭੇਡ ਦੀ ਖੱਲ ਵਾਲਾ ਨਵਾਂ ਕੋਟ ਵੇਚ ਦਿਤਾ ਅਤੇ,

ਪਿੰਡਾਂ ਦੀ ਪਰੰਪਰਾ ਦੇ ਅਨੁਸਾਰ, ਆਪਣੀ ਅਰਥੀ ਵੇਲੇ ਲਈ ਖਫ਼ਣ ਵਜੋਂ ਸੰਭਾਲ ਕੇ ਰੱਖੀਆਂ ਲੰਮੀਆਂ ਜੁਰਾਬਾਂ, ਕਮੀਜ਼, ਸਿਰ ਦਾ ਰੁਮਾਲ, ਘੱਗਰੀ ਅਤੇ ਪੇਟੀਕੋਟ ਵੀ ਸ਼ਹਿਰ ਲੈ ਗਈ ਅਤੇ ਪੇਟ ਨੂੰ ਝੁਲਕਾ ਦੇਣ ਲਈ ਵੱਟੇ ਵਿਚ ਡਬਲ-ਰੋਟੀਆਂ ਲੈ ਆਈ।

ਢਿੱਡ ਨੂੰ ਝੁਲਕਾ ਤਾਂ ਹਰ ਰੋਜ਼ ਦੇਣਾ ਪੈਂਦਾ ਸੀ। ਓਧਰ ਘਰ ਦੀਆਂ ਚੀਜ਼ਾਂ-ਵਸਤਾਂ ਦਾ ਮੁੱਲ ਬਾਜ਼ਾਰ ਵਿਚ ਘਟਦਾ ਗਿਆ। ਉਂਜ ਵੀ, ਓਦੋਂ ਕਿਸੇ ਗਰੀਬ ਕਿਸਾਨ ਦੇ ਘਰ ਬਾਜ਼ਾਰ ਵਿਚ ਵੇਚਣ ਲਈ ਕਿੰਨੀਆਂ-ਕੁ ਚੀਜ਼ਾਂ ਹੋ ਸਕਦੀਆਂ ਸਨ?

ਨਾਨੀ ਨੇ "ਸਿੰਗਰ" ਸਿਲਾਈ-ਮਸ਼ੀਨ ਉਤੋਂ ਪਲਾਈਵੁੱਡ ਦਾ ਢੱਕਣ ਕਈ ਵਾਰ ਲਾਹਿਆ ਸੀ ਅਤੇ ਬੇਹਦ ਖਸਤਾਹਾਲ ਮਸ਼ੀਨ ਨੂੰ ਹੱਥਾਂ ਨਾਲ ਇਸ ਤਰ੍ਹਾਂ ਸਹਿਲਾਇਆ ਸੀ ਜਿਵੇਂ ਇਸਦੇ ਅੰਦਰ ਕੋਈ ਨਿੱਘਾ ਦਿਲ ਧੜਕ ਰਿਹਾ ਹੋਵੇ। ਇਹ ਸਿਲਾਈ-ਮਸ਼ੀਨ ਏਨੀ ਪੁਰਾਣੀ ਸੀ ਕਿ ਇਸਨੂੰ ਖ਼ਰੀਦਣ ਲਈ ਸ਼ਾਇਦ ਹੀ ਕੋਈ ਫੁਟੀ ਕੌਡੀ ਦੇਣ ਲਈ ਤਿਆਰ ਹੁੰਦਾ। ਇਹ ਮਸ਼ੀਨ ਸਿਰਫ਼ ਇਸ ਲਈ ਚਲਦੀ ਸੀ ਕਿਉਂਕਿ ਨਾਨੀ ਨੂੰ ਇਸ ਦੇ ਅੰਦਰ-ਬਾਹਰ ਦਾ ਬਹੁਤ ਚੰਗਾ ਭੇਤ ਸੀ। ਅਕਸਰ ਇਸ ਤਰ੍ਹਾਂ ਹੁੰਦਾ ਕਿ ਇਸਦਾ ਧਾਗਾ ਟੁੱਟ ਜਾਂਦਾ ਜਾਂ ਫਿਰ ਇਹ ਚੱਲਣੋਂ ਬਿਲਕੁਲ ਹੀ ਇਨਕਾਰ ਕਰ ਦਿੰਦੀ। ਅਜਿਹੀ ਹਾਲਤ ਵਿਚ ਨਾਨੀ ਸਿਲਾਈ-ਮਸ਼ੀਨ ਖੋਲ੍ਹਦੀ ਅਤੇ ਇਸਦੇ ਗੁੰਝਲਦਾਰ ਅੰਦਰਲੇ ਪੁਰਜ਼ਿਆਂ ਨੂੰ ਧਿਆਨ ਨਾਲ ਵੇਖਦੀ। ਉਹ ਮਸ਼ੀਨ ਨਾਲ ਗੱਲ੍ਹਾਂ ਕਰਦੀ ਹੋਈ ਕਦੀ ਕਿਸੇ ਪੁਰਜ਼ੇ ਨੂੰ ਉਂਗਲ ਨਾਲ ਟੋਂਹਦੀ, ਕਦੀ ਇਸਨੂੰ ਤੇਲ ਅਤੇ ਕਦੀ ਗਰੀਸ ਲਾਉਂਦੀ। ਇਸ ਤੋ ਬਾਅਦ ਸਿਲਾਈ ਮਸ਼ੀਨ ਇੰਜ ਚੱਲਣ ਲਗਦੀ ਜਿਵੇਂ ਇਹ ਕੋਈ ਮਸ਼ੀਨ-ਗੰਨ ਚੱਲਦੀ ਹੋਵੇ। ਇਸ ਸਿਲਾਈ-ਮਸ਼ੀਨ ਦੀ ਮਾਲਕਣ ਭਾਵੇਂ ਮੇਰੀ ਨਾਨੀ ਹੀ ਸੀ ਪਰ ਜਾਪਦਾ ਇੰਜ ਸੀ ਕਿ ਲਗਭਗ ਅੱਧੇ ਪਿੰਡ ਦੇ ਨਿਵਾਸੀ ਇਸਨੂੰ ਆਪਣੀ ਹੀ ਮਸ਼ੀਨ ਸਮਝਦੇ ਸਨ। ਅਕਾਲ ਪੈਣ ਵਾਲੇ ਸਾਲ ਹਾਲਾਂਕਿ ਕਪੜੇ ਸੁਆਣ ਵਾਸਤੇ ਕੋਈ ਕੁਝ ਵੀ ਨਹੀਂ ਲਿਆਇਆ ਸੀ ਪਰ ਪਿੰਡ ਦੀਆਂ ਔਰਤਾਂ ਫਿਰ ਵੀ ਬੜੀ ਫਿਕਰਮੰਦੀ ਨਾਲ ਇਸ ਗੱਲ ਦਾ ਧਿਆਨ ਰਖਦੀਆਂ ਸਨ ਕਿ ਸਿਲਾਈ-ਮਸ਼ੀਨ ਸਾਡੇ ਘਰ ਵਿਚ ਮੌਜੂਦ ਸੀ ਜਾਂ ਨਹੀਂ।

ਸਾਰੇ ਪਿੰਡ-ਨਿਵਾਸੀਆਂ ਅਤੇ ਮੇਰੀ ਨਾਨੀ ਨੂੰ ਵੀ ਇੰਜ ਲਗਦਾ ਸੀ ਕਿ ਜਦੋਂ ਤਕ ਮਸ਼ੀਨ ਉਥੇ ਹੀ ਮੌਜੂਦ ਹੈ ਅਤੇ ਆਪਣੀ ਜਗ੍ਹਾ ਉੱਤੇ ਕਾਇਮ ਹੈ, ਓਦੋਂ ਤਕ ਸਾਡੀਆਂ ਇਹ ਆਸਾਂ-ਉਮੀਦਾਂ ਵੀ ਕਾਇਮ ਰਹਿਣਗੀਆਂ ਕਿ ਸਭ ਬਿਪਤਾਵਾਂ ਦੂਰ ਹੋ ਜਾਣਗੀਆਂ, ਸਿਲਾਈ-ਮਸ਼ੀਨ ਅਜੇ ਵੀ ਚਲਦੀ ਰਹੇਗੀ ਅਤੇ ਲੋਕ ਨਵੇਂ-ਨਵੇਂ ਕੱਪੜੇ ਸਿਉਂਣਗੇ। ਪਿੰਡ ਦੇ ਲੋਕ ਇਹ ਚਰਚਾ ਵੀ ਕਰਦੇ: ਨਾਨੀ ਨੂੰ ਇਸ ਗੱਲ ਉੱਤੇ ਕੋਈ ਇਤਰਾਜ਼ ਨਹੀਂ ਸੀ ਕਿ "ਮਸ਼ੀਨ ਨੂੰ ਉਸ ਦੇ ਦਿਲ ਨਾਲੋਂ ਵਿਛੋੜ ਦਿੱਤਾ ਜਾਵੇ , ਪਰ ਉਹ ਚਾਹੁੰਦੀ ਸੀ ਕਿ ਇਹ ਪਿੰਡ ਵਿਚ ਹੀ ਕਿਸੇ ਕੋਲ ਰਹੇ ਤਾਂ ਜੋ ਕਦੇ-ਕਦਾਈਂ ਇਸਦੀ ਝਲਕ ਪਾਈ ਜਾ ਸਕੇ ਅਤੇ ਕੱਪੜੇ ਵੀ ਸੀਤੇ ਜਾ ਸਕਣ। ਇਸ ਪ੍ਰਕਾਰ, ਸਿਲਾਈ-ਮਸ਼ੀਨ ਨਾਨੀ ਦੀ ਜ਼ਿੰਦਗੀ ਵਿਚੋਂ ਪੂਰੀ ਤਰ੍ਹਾਂ ਅਲੋਪ ਨਹੀਂ ਹੋਵੇਗੀ।"

ਲੇਕਿਨ ਕੋਈ ਵੀ ਮਸ਼ੀਨ ਦੇ ਬਦਲੇ ਫੁੱਟੀ ਕੌਡੀ ਦੇਣ ਨੂੰ ਤਿਆਰ ਨਹੀਂ ਸੀ ਅਤੇ ਜਦੋਂ ਸਾਡੇ ਪਿੰਡ ਵਿਚ ਫੇਰੀ ਪਾਉਣ ਵਾਲੇ ਗੱਡੀਵਾਨ ਨੇ ਵੀ ਇਹ ਕਹਿ ਕੇ ਮਸ਼ੀਨ ਲੈਣ ਤੋਂ ਇਨਕਾਰ ਕਰ ਦਿੱਤਾ ਕਿ ਇਹ ਤਾਂ ਰਾਹ ਜਾਂਦਿਆਂ ਹੀ ਪੁਰਜ਼ਾ-ਪੁਰਜ਼ਾ ਹੋ ਜਾਵੇਗੀ ਤਾਂ ਨਾਨੀ ਨੇ ਸੁਖ ਦਾ ਸਾਹ ਲੈਂਦਿਆਂ ਆਖਿਆ:

"ਮਸ਼ੀਨ ਕਿਸੇ ਨੂੰ ਦੇਣ ਨਾਲੋਂ ਤਾਂ ਚੰਗਾ ਹੋਊ ਕਿ ਮੈਂ 'ਕੱਲੇ ਲੂਣ ਨਾਲ ਹੀ ਰੋਟੀ ਖਾ

ਲਊਂਗੀ...''

ਪਰ ਘਰ ਵਿਚ ਲੂਣ ਲਾ ਕੇ ਖਾਣ ਲਈ ਕੁਝ ਵੀ ਤਾਂ ਨਹੀਂ ਬਚਿਆ ਸੀ। ਅਸੀਂ ਆਲੂਆਂ ਦੀਆਂ ਛਿੱਲੜਾਂ, ਸਾਬਤ ਬਾਜਰੇ ਵਿਚ ਮੈਣਾ ਅਤੇ ਹੋਰ ਨਿਕ-ਸੁਕ ਮਿਲਾ ਕੇ ਆਪਣਾ ਢਿੱਡ ਭਰਨ ਲੱਗ ਪਏ ਸਾਂ।

ਸਾਡੇ ਪਰਿਵਾਰ ਵਿੱਚ ਸਦਾ ਹੀ ਮੇਰਾ ਖਾਸ ਖਿਆਲ ਰੱਖਿਆ ਜਾਂਦਾ ਸੀ। ਸਭ ਤੋਂ ਚੰਗੀ, ਸਭ ਤੋਂ ਮਿੱਠੀ ਚੀਜ਼ ਹਮੇਸ਼ਾ ਮੈਨੂੰ ਹੀ ਦਿੱਤੀ ਜਾਂਦੀ ਸੀ। ਅਤੇ ਇਸ ਗੱਲ ਉੱਤੇ ਕਿਸੇ ਨੂੰ ਵੀ ਕੋਈ ਇਤਰਾਜ਼ ਨਹੀਂ ਹੁੰਦਾ ਸੀ। ਆਮ ਘਰਾਂ ਵਿਚ ਇਸ ਤਰ੍ਹਾਂ ਹੀ ਹੁੰਦਾ ਹੈ ਅਤੇ ਇਸ ਤਰ੍ਹਾਂ ਹੀ ਹੋਣਾ ਚਾਹੀਦਾ ਹੈ। ਮੈਨੂੰ ਮਿਆਦੀ ਬੁਖਾਰ ਚੜ੍ਹਨ ਅਤੇ ਜੋੜਾਂ ਵਿਚ ਦਰਦ ਹੋਣ ਕਰਕੇ ਘਰ ਦੇ ਸਾਰੇ ਜੀਅ ਮੇਰਾ ਖਾਸ ਖਿਆਲ ਰੱਖਦੇ ਸਨ। ਉਹ ਚਾਹੁੰਦੇ ਸਨ ਕਿ ਮੈਂ ਭੁੱਖਾ ਨਾ ਰਹਾਂ, ਚੰਗੇ ਕੱਪੜੇ ਪਾਵਾਂ ਅਤੇ ਬੀਮਾਰ ਨਾ ਹੋਵਾਂ।

ਸਭ ਤੋਂ ਪਹਿਲਾਂ ਮੈਂ ਹੀ ਲਿੱਸਾ ਹੋਇਆ। ਮੇਰਾ ਸਰੀਰ ਸੁੱਜ ਗਿਆ। ਮੇਰੀਆਂ ਸੁੱਕੀਆਂ ਲੱਤਾਂ ਮੇਰੇ ਵੱਸੋਂ ਬਾਹਰੀਆਂ ਸਨ। ਮੈਂ ਲੜਖੜਾ ਕੇ ਤੁਰਦਾ ਹੁੰਦਾ ਸਾਂ ਅਤੇ ਮੈਨੂੰ ਘੇਰਨੀਆਂ ਆਉਣ ਲੱਗ ਪਈਆਂ ਸਨ।

ਸਾਡੇ ਘਰ ਦਾ ਮਹੌਲ ਬਹੁਤ ਦਰਦਨਾਕ ਅਤੇ ਗ਼ਮਗੀਨ ਹੋ ਗਿਆ ਸੀ।

ਅਡੋਲ ਰਹਿਣ ਵਾਲੀ ਨਾਨੀ ਭਾਵੇਂ ਸਾਨੂੰ ਹਦਾਇਤਾਂ ਦਿੰਦੀ ਹੋਈ ਕਹਿੰਦੀ ਸੀ ਕਿ ਇਹ ਕਰੋ, ਅਹੁ ਨਾ ਕਰੋ, ਹਿੰਮਤ ਨਾ ਹਾਰੋ, ਪਰ ਆਪ ਉਹ ਅਕਸਰ ਹੀ ਆਪਣੇ ਹੰਝੂ ਪੂੰਝਦੀ ਰਹਿੰਦੀ ਸੀ। ਲੰਮੀ ਬਿਪਤਾ ਕਾਰਨ ਉਸਦੀਆਂ ਫਿਕਰਮੰਦ ਨਜ਼ਰਾਂ ਬਹੁਤ ਦੇਰ ਤਕ ਮੇਰੇ ਉੱਤੇ ਟਿਕੀਆਂ ਰਹਿੰਦੀਆਂ ਸਨ।

ਅਸੀਂ ਸਾਰਿਆਂ ਨੇ ਇਕ ਦਿਨ ਬਰਫ਼ ਵਿਚ ਜੰਮ ਕੇ ਖ਼ਰਾਬ ਹੋਏ ਆਲੂ ਖਾ ਲਏ। ਆਲੂ ਅਸੀਂ ਦੁੱਧ ਅਤੇ ਲੂਣ ਦੇ ਨਾਲ ਖਾਧੇ। ਹਰ ਕੋਈ ਖੁਸ਼ ਨਜ਼ਰ ਆ ਰਿਹਾ ਸੀ। ਪਰ ਮੈਨੂੰ ਮਤਲੀ ਹੋਣ ਲੱਗੀ ਅਤੇ ਫਿਰ ਏਨੀਆਂ ਉਲਟੀਆਂ ਆਈਆਂ ਕਿ ਨਾਨੀ ਮੇਰੇ ਨਾਲ ਵਾਰ-ਵਾਰ ਬਾਹਰ ਜਾਂਦਿਆਂ ਬਹੁਤ ਥੱਕ ਗਈ ਸੀ।

"ਮਰਦੋ! ਸਾਨੂੰ ਕੋਈ ਹੀਲਾ-ਵਸੀਲਾ ਕਰਨਾ ਪਊਗਾ, ਮਰਦੋ ...,'' ਉਹ ਰੋਣਹਾਕੀ ਹੋ ਕੇ ਬੋਲੀ "ਕਾਕੇ ਨੂੰ ਕੁਝ ਹੋ ਨਾ ਜਾਵੇ। ਜੇ ਇਹਨੂੰ ਕੁਝ ਹੋ ਗਿਆ ਤਾਂ ਮੈਂ ਵੀ ਇਸ ਦੁਨੀਆ ਵਿਚ ਜੀਂਦੀ ਨਹੀਂ ਬਚਾਂਗੀ... ਮੈਂ ਇਕ ਦਿਨ ਵੀ ਜੀਂਦੀ ਨਹੀਂ ਰਹਾਂਗੀ...''

ਨਾਨੀ ਦੀ ਗੱਲ ਸੁਣਕੇ ਸਾਰੇ ਜਣੇ ਬਹੁਤ ਉਦਾਸ ਹੋ ਗਏ ਅਤੇ ਸੋਚੀਂ ਪੈ ਗਏ। ਨਾਨਾ ਤਾਂ ਸਦਾ ਤੋਂ ਹੀ ਸਿਰਫ਼ ਓਦੋਂ ਹੀ ਮੂੰਹ ਖੋਲ੍ਹਦਾ ਹੁੰਦਾ ਸੀ ਜਦੋਂ ਅਜਿਹਾ ਕਰਨ ਦੀ ਲੋੜ ਪੈਂਦੀ ਸੀ। ਪਰ ਹੁਣ ਤਾਂ ਉਹ ਬਿਲਕੁਲ ਚੁੱਪ-ਗੜੁੱਪ ਰਹਿਣ ਲੱਗ ਪਿਆ ਸੀ। ਨਾਨੀ ਕਹਿੰਦੀ ਸੀ ਕਿ ਜਦੋਂ ਦੀ ਜ਼ਮੀਨ ਖੁੱਸ ਗਈ ਏ, ਇਹਦੇ ਮੂੰਹ ਵਿਚ ਤਾਂ ਜੀਭਾ ਹੀ ਨਹੀਂ ਰਹੀ ਅਤੇ ਹੁਣ ਉਹ ਏਨੇ ਲੰਮੇ-ਲੰਮੇ ਹਉਕੇ ਭਰਦਾ ਏ ਕਿ ਪੂਰਾ ਜੰਗਲ ਹੀ ਕੰਬਣ ਲੱਗ ਪੈਂਦਾ ਹੈ।

ਨਾਨੀ ਨੇ ਕੋਲਚਾ-ਛੋਟੂ ਵੱਲ ਵੇਖਿਆ ਜਿਸਦਾ ਚਿਹਰਾ ਪੂਰੀ ਤਰ੍ਹਾਂ ਉਤਰਿਆ ਹੋਇਆ ਸੀ। ਪਹਿਲਾਂ ਤਾਂ ਉਸਦਾ ਚਿਹਰਾ ਸਦਾ ਹੀ ਖਿੜਿਆ ਰਹਿੰਦਾ ਸੀ, ਉਹ ਬੜਾ ਹੱਸਮੁੱਖ ਅਤੇ ਚੁਸਤ-ਚਲਾਕ ਦਿਸਦਾ ਹੁੰਦਾ ਸੀ।

ਮੈਨੂੰ ਜਾਪਿਆ ਮੇਰੀ ਨਾਨੀ ਨੇ ਕੋਲਚਾ-ਛੋਟੂ ਵੱਲ ਕਿਸੇ ਖਾਸ ਰਮਜ਼ ਨਾਲ, ਲੁਕਵੇਂ

ਮਤਲਬ ਨਾਲ ਵੇਖਿਆ ਸੀ ਜਿਵੇਂ ਉਹ ਉਸ ਕੋਲੋਂ ਕਿਸੇ ਕਿਸਮ ਦਾ ਫੈਸਲਾ ਸੁਣਾਉਣ ਜਾਂ ਕੋਈ ਸਲਾਹ ਦੇਣ ਦੀ ਉਮੀਦ ਕਰ ਰਹੀ ਹੋਵੇ।

"ਠੀਕ ਏ, ਮਾਂ," ਕੋਲਚਾ-ਛੋਟੂ ਹੌਲੀ ਜਿਹੇ ਬੋਲਿਆ ਅਤੇ ਆਪਣੀ ਨਜ਼ਰ ਨੀਵੀਂ ਕਰ ਲਈ।

"ਹੁਣ ਬਹੁਤਾ ਸੋਚਣ ਦੀ ਲੋੜ ਨਹੀਂ...ਦੋਂਹ ਵਿਚੋਂ ਇਕ ਗੱਲ ਹੀ ਹੋ ਸਕਦੀ ਏ। ਜਾਂ ਤਾਂ ਅਸੀਂ ਕਾਕੇ ਨੂੰ ਗੁਆ ਲਾਂਗੇ ਜਾਂ..."

ਨਾਨੀ ਗੱਲ ਪੂਰੀ ਤਰ੍ਹਾਂ ਸੁਣੇ ਬਿਨਾਂ ਹੀ ਮੇਜ਼ ਉੱਤੇ ਆਪਣਾ ਸਿਰ ਸੁੱਟ ਕੇ ਫੁੱਟ-ਫੁੱਟ ਰੋਣ ਲੱਗ ਪਈ। ਉਸਦਾ ਰੋਣਾ ਆਮ ਵਰਗਾ ਨਹੀਂ ਸੀ, ਉਹ ਡੁਸਕ ਨਹੀਂ ਰਹੀ ਸੀ ਸਗੋਂ ਉੱਚੀ-ਉੱਚੀ ਰੋ ਰਹੀ ਸੀ। ਜਦੋਂ ਉਹ ਰੋ ਰਹੀ ਸੀ ਤਾਂ ਉਸਦੀ ਪਿੱਠ ਦੀਆਂ ਹੱਡੀਆਂ ਇੰਜ ਹਿੱਲ ਰਹੀਆਂ ਸਨ ਜਿਵੇਂ ਉਹ ਇਕ-ਦੂਜੀ ਦੇ ਅੱਗੇ-ਪਿੱਛੇ ਦੌੜ ਰਹੀਆਂ ਹੋਣ ਜਦਕਿ ਮੇਜ਼ ਉੱਤੇ ਟਿਕੀਆਂ ਉਸਦੀਆਂ ਬਾਹਾਂ ਬੇਜਾਨ ਅਹਿਲ ਪਈਆਂ ਸਨ। ਨਾਨੀ ਦੇ ਕਾਮਿਆਂ ਵਰਗੇ ਵੱਡੇ-ਵੱਡੇ ਹੱਥ ਉਸਦੇ ਸਰੀਰ ਨਾਲੋਂ ਜਿਵੇਂ ਅਲੱਗ ਹੋ ਗਏ ਹੋਣ, ਜਿਨ੍ਹਾਂ ਉੱਤੇ ਤਿਲ੍ਹਾਂ ਦੇ ਨਿਸ਼ਾਨ, ਘਸੇ ਅਤੇ ਟੁੱਟੇ ਹੋਏ ਨਹੁੰ ਦਿਸਦੇ ਪਏ ਸਨ।

ਕੋਲਚਾ-ਛੋਟੂ ਨੇ ਤਮਾਕੂ ਵਾਲੀ ਗੁਥਲੀ ਕੱਢੀ ਅਤੇ ਸਿਗਰਟ ਬਣਾਉਣ ਲੱਗ ਪਿਆ। ਉਸਦਾ ਦਮ ਘੁਟਦਾ ਜਾਪਦਾ ਸੀ ਅਤੇ ਉਸਨੂੰ ਖੰਘ ਛਿੜ ਪਈ ਸੀ। ਉਹ ਅਧੂਰੀ ਸਿਗਰਟ ਅਤੇ ਆਪਣੀ ਗੁਥਲੀ ਲੈ ਕੇ ਖੰਘਦਾ-ਖੰਘਦਾ ਲੱਕੜ ਦੇ ਫਰਸ਼ ਉੱਤੇ ਠੱਕ-ਠੱਕ ਕਰਦਾ ਵਿਹੜੇ ਵਿਚ ਚਲਿਆ ਗਿਆ। ਨਾਨਾ ਵੀ ਲੰਮੇ-ਲੰਮੇ ਸਾਹ ਖਿੱਚਦਾ ਕੋਲਚਾ-ਛੋਟੂ ਦੇ ਪਿੱਛੇ ਹੀ ਬਾਹਰ ਨਿਕਲ ਗਿਆ।

ਬਾਹਰ ਕੋਈ ਬੜੀ ਜ਼ਰੂਰੀ ਅਤੇ ਸਹਿਮ-ਪਰੁੱਚੀ ਗੱਲਬਾਤ ਹੋ ਰਹੀ ਸੀ। ਮੈਂ ਇਹ ਤਾਂ ਨਾ ਸਮਝ ਨਾ ਸਕਿਆ ਕਿ ਕਿਸ ਵਿਸ਼ੇ ਉੱਤੇ ਗੱਲਬਾਤ ਹੋਈ ਸੀ ਪਰ ਮੈਨੂੰ ਧੁੰਦਲਾ ਜਿਹਾ ਅਹਿਸਾਸ ਹੋ ਗਿਆ ਸੀ ਕਿ ਮੇਰੇ ਬਾਬਤ ਹੀ ਗੱਲ ਹੋ ਰਹੀ ਸੀ।

ਮੇਰੇ ਮਨ ਵਿਚ ਇਹ ਡਰ ਘਰ ਕਰ ਗਿਆ ਕਿ ਉਹ ਮੈਨੂੰ ਕਿਤੇ ਬਾਹਰ ਭੇਜਣਾ ਚਾਹੁੰਦੇ ਸਨ, ਸ਼ਾਇਦ ਭੂਆ ਮਾਰੀਆ ਅਤੇ ਉਸਦੇ ਪਤੀ, ਜ਼ਰੀਯਾਨੋਵ ਕੋਲ। ਜਦੋਂ ਮੇਰੀ ਮਾਂ ਅਕਾਲ ਚਲਾਣਾ ਕਰ ਗਈ ਸੀ ਤਾਂ ਉਸ ਸਾਲ ਮੈਂ ਉਨ੍ਹਾਂ ਕੋਲ ਹੀ ਰਿਹਾ ਸਾਂ ਪਰ ਬੇਔਲਾਦ ਅਤੇ ਕੰਜੂਸ ਲੋਕਾਂ ਕੋਲ ਮੇਰਾ ਜੀਅ ਨਹੀਂ ਲੱਗਾ ਸੀ ਅਤੇ ਮੈਂ ਨਾਨੀ ਦਾ ਤਰਲਾ ਕੀਤਾ ਸੀ ਕਿ ਉਹ ਮੈਨੂੰ ਓਥੋਂ ਵਾਪਸ ਲੈ ਜਾਵੇ। ਹੁਣ ਵੀ ਮੈਂ ਨਾਨੀ ਅੱਗੇ ਹੌਲੀ ਜਿਹੇ ਹਾੜਾ ਕੱਢਿਆ:

"ਨਾਨੀ-ਮਾਂ, ਮੈਨੂੰ ਜ਼ਰੀਯਾਨੋਵ ਕੋਲ ਨਾ ਭੇਜ, ਮੈਨੂੰ ਨਾ ਭੇਜ। ਤੂੰ ਜੋ ਕੁਝ ਵੀ ਦੇਵੇਂਗੀ ਮੈਂ ਖਾ ਲਵਾਂਗਾ। ਮੈਂ ਰੁੱਖੇ ਆਲੂ ਵੀ ਖਾ ਲਵਾਂਗਾ... ਸੇਨਕਾ ਕਹਿੰਦਾ ਏ ਕਿ ਪਹਿਲਾਂ-ਪਹਿਲਾਂ ਆਲੂ ਚੰਗੀ ਤਰ੍ਹਾਂ ਪਚਦੇ ਨਹੀਂ ਪਰ ਬਾਅਦ ਵਿਚ ਸਭ ਠੀਕ ਹੋ ਜਾਂਦਾ ਏ, ਕੁਝ ਵੀ ਨਹੀਂ ਹੁੰਦਾ..."

ਨਾਨੀ ਨੇ ਝਟਕਾ ਮਾਰਕੇ ਕੇ ਆਪਣਾ ਸਿਰ ਉੱਚਾ ਕੀਤਾ ਅਤੇ ਧੁੰਦਲੀਆਂ, ਡੂੰਘੀਆਂ ਅੱਖਾਂ ਨਾਲ ਮੇਰੇ ਵੱਲ ਵੇਖਦਿਆਂ ਆਖਿਆ:

"ਤੈਨੂੰ ਜ਼ਰੀਯਾਨੋਵਾਂ ਕੋਲ ਭੇਜਣ ਦੀ ਗੱਲ ਕੀਹਨੇ ਆਖੀ ਸੀ?

"ਕਿਸੇ ਨੇ ਵੀ ਨਹੀਂ। ਮੈਂ ਆਪ ਹੀ ਇਸ ਬਾਰੇ ਸੋਚਿਆ ਸੀ।

ਨਾਨੀ ਨੇ ਆਪਣੇ ਵਾਲ ਸਵਾਹਰੇ ਕੀਤੇ, ਰੁਮਾਲ ਦੀ ਕੰਨੀ ਨਾਲ ਆਪਣੀਆਂ ਅੱਖਾਂ ਪੂੰਝੀਆਂ ਅਤੇ ਮੈਨੂੰ ਘੁੱਟ ਕੇ ਹਿੱਕ ਨਾਲ ਲਾ ਲਿਆ।

"ਮੈਂ ਤੈਨੂੰ ਰੁੱਖੇ ਆਲੂ ਕਿਓਂ ਖਾਣ ਦਿਆਂਗੀ? ਪਾਗ਼ਲਾ, ਤੈਨੂੰ ਇਹ ਗੱਲ ਆਖਣ ਦੀ ਕਿਓਂ ਸੁੱਝੀ! ਮੂਰਖ ਨਾ ਹੋਵੇ ਤਾਂ!"

ਨਾਨੀ ਮੈਨੂੰ ਉੱਥੇ ਹੀ ਛੱਡ ਕੇ ਆਪ ਚੁਬਾਰੇ ਉੱਤੇ ਚੜ੍ਹ ਗਈ। ਉੱਥੋਂ ਇਕ ਪੁਰਾਣੇ ਸੰਦੂਕ ਦਾ ਤਾਲਾ ਖੁਲ੍ਹਣ ਦੀ ਆਵਾਜ਼ ਆਈ। ਮੈਂ ਟਨ-ਟਨ ਦੀ ਮਨਮੋਹਕ ਆਵਾਜ਼ ਸੁਣਕੇ ਉੱਪਰ ਜਾਣ ਦੀ ਕੋਈ ਕਾਹਲੀ ਨਹੀਂ ਕੀਤੀ ਸੀ ਕਿਉਂਕਿ ਮੈ ਜਾਣਦਾ ਸਾਂ ਕਿ ਸੰਦੂਕ ਤਾਂ ਪਹਿਲਾਂ ਹੀ ਬਿਲਕੁਲ ਖਾਲੀ ਹੋ ਚੁੱਕਾ ਸੀ। ਹੁਣ ਉਸ ਵਿਚ ਨਾ ਕੋਈ ਮਿੱਠੀ ਰੋਟੀ ਬਚੀ ਸੀ ਅਤੇ ਨਾ ਹੀ ਖਾਣ ਵਾਲੀ ਹੋਰ ਕੋਈ ਮਿੱਠੀ ਚੀਜ਼।

ਨਾਨੀ ਨੂੰ ਚੁਬਾਰੇ ਵਿਚ ਗਈ ਨੂੰ ਕਾਫੀ ਵਕਤ ਹੋ ਗਿਆ ਸੀ। ਮੈਂ ਚੁਬਾਰੇ ਵਿਚ ਝਾਤੀ ਮਾਰ ਕੇ ਵੇਖਿਆ ਕਿ ਨਾਨੀ ਸੰਦੂਕ ਖੋਲ੍ਹ ਕੇ ਉਸਦੇ ਸਾਹਮਣੇ ਗੋਡਿਆਂ ਭਾਰ ਖੜੀ ਸੀ। ਉਹ ਕੋਈ ਪ੍ਰਾਰਥਨਾ ਨਹੀਂ ਕਰ ਰਹੀ ਸੀ। ਉਹ ਤਾਂ ਏਦਾਂ ਅਡੋਲ ਖੜੀ ਸੀ ਜਿਵੇਂ ਆਪਣਾ ਆਲਾ-ਦੁਆਲਾ ਹੀ ਭੁੱਲ ਗਈ ਹੋਵੇ। ਉਸਨੇ ਆਪਣੇ ਹੱਥ ਵਿੱਚ ਕੋਈ ਚੀਜ਼ ਘੁੱਟ ਕੇ ਫੜੀ ਹੋਈ ਸੀ।

"ਲੈ, ਵੇਖ ਲੈ," ਨਾਨੀ ਨੇ ਝਟ-ਪਟ ਮੁੱਠ ਖੋਲ੍ਹਦਿਆਂ ਕਿਹਾ। "ਲੈ, ਵੇਖ ਲੈ," ਉਸਨੇ ਹੱਥ ਮੇਰੇ ਵੱਲ ਵਧਾਉਂਦਿਆਂ ਕਿਹਾ।

ਨਾਨੀ ਦੀ ਝੁਰੜੀਆਂ-ਭਰੀ ਹਥੇਲੀ ਦੀ ਡੂੰਘਾਈ ਵਿਚ ਅੱਖਾਂ ਚੁੰਧਿਆਉਂਦੀਆਂ ਸੋਨੇ ਦੀਆਂ ਵਾਲੀਆਂ ਚਮਕ ਰਹੀਆਂ ਸਨ।

"ਇਹ ਤੇਰੀ ਮੋਈ ਮਾਂ ਦੀਆਂ ਵਾਲੀਆਂ ਨੇ," ਨਾਨੀ ਦੇ ਸੁੱਕੇ ਬੁੱਲ੍ਹ ਹਿੱਲੇ। "ਬੱਸ ਇਹੀ ਬਚੀਆਂ ਰਹਿ ਗਈਆਂ ਨੇ। ਉਹਨੇ ਆਪ ਕਮਾਈ ਕਰਕੇ ਆਪਣੇ ਵਿਆਹ ਲਈ ਬਣਵਾਈਆਂ ਸਨ। ਉਹ ਇਹਨਾਂ ਨੂੰ ਕਿਸੇ ਦਿਨ-ਦਿਹਾਰ ਦੇ ਮੌਕੇ ਹੀ ਪਾਉਂਦੀ ਸੀ। ਉਹ ਬੜੀ ਨੇਕ ਸੀ ਤੇ ਖਾਊ-ਉਡਾਊ ਬਿਲਕੁਲ ਨਹੀਂ ਸੀ..."

ਨਾਨੀ ਚੁੱਪ ਹੋ ਗਈ, ਉਸਨੂੰ ਕੋਈ ਸੁਧ-ਬੁਧ ਨਾ ਰਹੀ, ਪਰ ਉਸਦਾ ਹੱਥ ਅਜੇ ਵੀ ਮੇਰੇ ਵੱਲ ਵਧਿਆ ਹੋਇਆ ਸੀ। ਝੁਰੜੀਆਂ ਅਤੇ ਤਰੇੜਾਂ ਨਾਲ ਭਰੀ ਉਸਦੀ ਹਥੇਲੀ ਉੱਤੇ ਗੋਲ ਵਾਲੀਆਂ ਅਜੇ ਵੀ ਲਿਸ਼ਕਾਰੇ ਮਾਰਦੀਆਂ ਪਈਆਂ ਸਨ। ਮੈਂ ਆਪਣੀ ਉਂਗਲ ਨਾਲ ਵਾਲੀਆਂ ਛੂਹੀਆਂ, ਉਨ੍ਹਾਂ ਦੀ ਬੇਮਾਲੂਮ ਜਿਹੀ ਟੁਣਕਾਰ ਸੁਣੀ ਜਾ ਸਕਦੀ ਸੀ। ਨਾਨੀ ਨੇ ਇਕਦਮ ਮੁੱਠ ਮੀਟ ਲਈ।

"ਮੈਂ ਇਹ ਤੇਰੇ ਲਈ ਸੰਭਾਲ ਕੇ ਰੱਖਣੀਆਂ ਚਾਹੁੰਦੀ ਸਾਂ। ਤੇਰੀ ਅੰਮੀ ਦੀ ਯਾਦ ਨੇ। ਪਰ ਹੁਣ ਬੁਰਾ ਵਕਤ ਆ ਗਿਐ..."

ਨਾਨੀ ਦੇ ਬੁੱਲ੍ਹ ਥੋੜ੍ਹਾ ਜਿਹਾ ਕੰਬੇ, ਪਰ ਉਹ ਇਕ ਵਾਰ ਫਿਰ ਆਪਣੀ ਕਮਜ਼ੋਰੀ ਜ਼ਾਹਿਰ ਨਹੀਂ ਹੋਣ ਦੇਣੀ ਚਾਹੁੰਦੀ ਸੀ। ਸੋ, ਉਹ ਰੋਈ ਬਿਲਕੁਲ ਨਹੀਂ। ਉਸਨੇ ਸੰਦੂਕ ਬੰਦ ਕੀਤਾ ਅਤੇ ਨੁੱਕਰ ਵਿਚ ਅੰਗੀਠੀ ਦੇ ਲਾਗੇ ਜਾ ਕੇ ਖਲੋਤੀ। ਉੱਥੇ ਨਾਨੀ ਨੇ ਵਾਲੀਆਂ ਨੂੰ ਸਾਫ਼ ਰੁਮਾਲ ਵਿਚ ਲਪੇਟਿਆ, ਇਸਦੀਆਂ ਕੰਨੀਆਂ ਦੰਦਾਂ ਨਾਲ ਕੱਸ ਕੇ ਬੰਨ੍ਹ ਦਿੱਤੀਆਂ ਅਤੇ ਕੋਲਚਾ-ਛੋਟੂ ਨੂੰ 'ਵਾਜ ਮਾਰੀ:

"ਸ਼ਹਿਰ ਜਾਣ ਲਈ ਤਿਆਰ ਹੋ ਜਾ," ਉਸਨੇ ਕਿਹਾ ਅਤੇ ਮੂੰਹ ਖਿੜਕੀ ਵੱਲ ਮੋੜ

ਲਿਆ। "ਮੈਥੋਂ ਇਹ ਸਭ ਵੇਖਿਆ ਨਹੀਂ ਜਾਂਦਾ..."

ਕੋਲਚਾ-ਛੋਟੂ ਨੇ ਭੇਡ ਦੀ ਖੱਲ ਦਾ ਪੁਰਾਣਾ ਕੋਟ ਪਾ ਲਿਆ, ਇਸ ਉੱਤੇ ਪੇਟੀ ਬੰਨ੍ਹੀ ਅਤੇ ਵਾਲੀਆਂ ਵਾਲੀ ਗੰਢ ਆਪਣੀ ਬੁੱਕਲ ਵਿਚ ਰੱਖ ਲਈ। ਇਹ ਸਾਰਾ ਕੰਮ ਉਸਨੇ ਅੱਖੀਆਂ ਨੀਵੀਆਂ ਪਾ ਕੇ ਹੌਲੀ-ਹੌਲੀ ਕੀਤਾ।... ਕੋਲਚਾ-ਛੋਟੂ ਨੂੰ ਉਹ ਵਕਤ ਯਾਦ ਆ ਗਿਆ ਜਦੋਂ ਉਹ ਮੇਰੀ ਮਾਂ ਨਾਲ ਇੱਕੋ ਬੇੜੀ ਵਿਚ ਸਵਾਰ ਸੀ। ਉਹ ਪਿਛਲੇ ਪਾਸੇ ਬੈਠਾ ਚੱਪੂ ਚਲਾ ਰਿਹਾ ਸੀ ਅਤੇ ਮੇਰੀ ਮਾਂ ਬੇੜੀ ਵਿਚ ਬੈਠੀ ਹੋਈ ਸੀ। ਉਸੇ ਬੇੜੀ ਵਿਚ ਮੇਰੀ ਮਾਸੀ ਅਪਰੋਨੀਆ ਅਤੇ ਉਨ੍ਹਾਂ ਨਾਲ ਹੋਰ ਸੱਤ-ਅੱਠ ਸਵਾਰੀਆਂ ਵੀ ਬੈਠੀਆਂ ਹੋਈਆਂ ਸਨ। ਓਦੋਂ ਹੀ ਮੇਰੀ ਮਾਂ ਡੁੱਬ ਕੇ ਮਰ ਗਈ ਸੀ। ਹੋਇਆ ਏਦਾਂ ਕਿ ਜਦੋਂ ਬੇੜੀ ਤਾਰ ਨਾਲ ਗੇਲੀਆਂ ਬੰਨ੍ਹ ਕੇ ਬਣਾਏ ਇਕ ਬੇੜੇ ਵਿਚ ਜਾ ਵੱਜੀ ਤਾਂ ਉਹ ਉਲਟ ਗਈ। ਮੇਰੀ ਮਾਂ ਪਾਣੀ ਦੇ ਵਹਾਅ ਨਾਲ ਬੇੜੇ ਦੇ ਹੇਠਾਂ ਆ ਗਈ ਅਤੇ ਉਸਦੇ ਲੀੜੇ ਗੇਲੀਆਂ ਵਿਚਾਲੇ ਫਸ ਗਏ। ਲੋਕ ਦਸ ਦਿਨਾਂ ਤੱਕ ਉਸਨੂੰ ਢੂੰਡਦੇ ਰਹੇ, ਪਰ ਕਿਸੇ ਨੂੰ ਵੀ ਏਨੀ ਨਾ ਸੁੱਝੀ ਕਿ ਉਹ ਬੇੜੇ ਦੇ ਹੇਠਾਂ ਫਸੀ ਹੋ ਸਕਦੀ ਸੀ। ਜਦੋਂ ਉਸਦੀ ਗੁੱਤ ਖੁਲ੍ਹ ਗਈ ਤਾਂ ਉਸਦੇ ਵਾਲ ਪਾਣੀ ਤੋਂ ਬਾਹਰ ਦਿਸਣ ਲੱਗੇ। ਮੇਰੀ ਜਵਾਨ ਮਾਂ ਦੀ ਲਾਸ਼ ਪਾਣੀ ਦੀਆਂ ਛੱਲਾਂ ਵਿਚ ਹਿਲੋਰੇ ਖਾ ਰਹੀ ਸੀ। ਫਿਰ ਪਾਣੀ ਦੇ ਤੇਜ਼ ਵਹਾਅ ਨਾਲ ਇਹ ਬੇੜਾ ਮੇਰੀ ਮਾਂ ਨੂੰ ਆਪਣੇ ਨਾਲ ਰੋੜ੍ਹਕੇ ਪਿੰਡ ਤੋਂ ਬਹੁਤ ਦੂਰ ਸ਼ਾਲੁਨਿਨ ਚੱਟਾਨ ਕੋਲ ਲੈ ਗਿਆ ਸੀ। ਉੱਥੇ ਕਿਸੇ ਮਲਾਹ ਨੇ ਕੁੰਡੀ ਅੜਾ ਕੇ ਲਾਸ਼ ਬਾਹਰ ਕੱਢ ਲਈ। ਜ਼ਾਹਰ ਹੈ ਕਿ ਉਸ ਅਵਾਰਾਗਰਦ ਮਲਾਹ ਦੀ ਆਤਮਾ ਪਵਿੱਤਰ ਨਹੀਂ ਸੀ- ਉਹ ਮੇਰੀ ਮਾਂ ਦੀ ਵਿਆਹ ਦੀ ਅੰਗੂਠੀ ਵਾਲੀ ਉਂਗਲ ਵੱਢ ਕੇ ਆਪਣੇ ਨਾਲ ਲੈ ਗਿਆ।

ਸਾਡੇ ਉੱਤੇ ਦੁੱਖਾਂ ਦਾ ਏਡਾ ਵੱਡਾ ਪਹਾੜ ਢਹਿ ਪਿਆ ਸੀ ਕਿ ਸਾਡੇ ਸਾਰਿਆਂ ਦੀ ਹਾਲਤ ਬੁਰੀ ਹੋ ਗਈ ਸੀ। ਨਾਨੀ ਅਤੇ ਸਾਡੇ ਸਾਰੇ ਰਿਸ਼ਤੇਦਾਰਾਂ ਨੇ ਮੁਜਰਮ ਦੇ ਖਿਲਾਫ਼ ਦਿਹਾਤੀ ਕੌਂਸਲ ਸਾਹਮਣੇ ਕੋਈ ਸ਼ਿਕਾਇਤ ਨਹੀਂ ਲਾਈ ਸੀ। ਦੁੱਖਾਂ ਦੀ ਮਾਰੀ ਮੇਰੀ ਨਾਨੀ ਨੇ ਸਿਰ ਹਿਲਾਉਂਦਿਆਂ ਬੱਸ ਏਨਾ ਹੀ ਕਿਹਾ: "ਉਹਨਾਂ ਨੇ ਵਿਚਾਰੀ ਮੋਈ ਨਾਲ ਏਨਾ ਭੱਦਾ ਮਜ਼ਾਕ ਕਿਉਂ ਕੀਤਾ? ਇਸ ਪਾਪ ਲਈ ਈਸ਼ਵਰ ਉਹਨਾਂ ਨੂੰ ਸਜ਼ਾ ਦੇਵੇਗਾ। ਅੰਗੂਠੀ ਤਾਂ ਮੈਂ ਓਦਾਂ ਵੀ ਦੇ ਦਿੰਦੀ, ਮੇਰੇ ਕੋਲ ਜੋ ਵੀ ਹੈ, ਮੈਂ ਸਭ ਕੁਝ ਦੇ ਦਿੰਦੀ..."

...ਮੇਰੀ ਮਾਂ ਮੋਈ ਨੂੰ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ ਅਤੇ ਕੋਲਚਾ-ਛੋਟੂ ਅੱਜ ਤੱਕ ਬੜਾ ਪਛਤਾਉਂਦਾ ਰਹਿੰਦਾ ਹੈ। ਉਹ ਅਜੇ ਵੀ ਖੁਦ ਨੂੰ ਮਾਫ਼ ਨਹੀਂ ਕਰ ਸਕਦਾ, ਉਹ ਹਰ ਹੀਲੇ ਸਾਡੀ ਮਦਦ ਕਰਦਾ ਹੈ, ਹਾਲਾਂਕਿ ਇਸ ਵਿਚ ਉਸਦਾ ਕੋਈ ਦੋਸ਼ ਨਹੀਂ, ਮੌਤ ਦਾ ਕੋਈ ਨਾ ਕੋਈ ਬਹਾਨਾ ਤਾਂ ਬਣਨਾ ਹੀ ਹੁੰਦਾ ਹੈ। ਉਹ ਸ਼ਹਿਰ ਜਾਕੇ ਤੋਰਗਸਿਨ ਦੁਕਾਨ ਵਿਚ ਮੇਰੀ ਮਾਂ ਦੇ ਕੰਨਾਂ ਦੀਆਂ ਵਾਲੀਆਂ ਕਿਵੇਂ ਵੇਚ ਸਕੇਗਾ?

"ਚੰਗਾ, ਤੂੰ ਜਾਹ, ਰੱਬ ਮੇਹਰ ਕਰੇ!" ਨਾਨੀ ਨੇ ਸਲੀਬ ਦਾ ਨਿਸ਼ਾਨ ਬਣਾਉਂਦਿਆਂ ਕੋਲਚਾ-ਛੋਟੂ ਨੂੰ ਆਖਿਆ, "ਰੁਮਾਲ ਦਾ ਚੰਗੀ ਤਰ੍ਹਾਂ ਧਿਆਨ ਰੱਖੀਂ। ਸ਼ਹਿਰ ਵਿਚ ਬੜੇ ਚੋਰ-ਉਚੱਕੇ ਹੁੰਦੇ ਨੇ।"

ਕੋਲਚਾ-ਛੋਟੂ ਨੇ ਕੋਈ ਜਵਾਬ ਨਹੀਂ ਦਿੱਤਾ। ਉਸਨੇ ਤੁਰਨ ਤੋਂ ਪਹਿਲਾਂ ਸਿਗਰਟ ਸੁਲਘਾਈ, ਭੇਡ-ਖੱਲ ਦੇ ਕੋਟ ਦਾ ਕਾਲਰ ਉੱਚਾ ਕੀਤਾ, ਕੁੱਤੇ ਦੀ ਜੱਤ ਵਾਲੀ ਟੋਪੀ ਸਿਰ ਉੱਤੇ ਟਿਕਾਈ ਅਤੇ ਦੰਦਾਂ ਵਿੱਚ ਸਿਗਰਟ ਫਸਾ ਕੇ ਘਰੋਂ ਤੁਰ ਪਿਆ।

"ਤੂੰ ਵੀ ਆਪਣੇ ਨਾਨੇ ਕੋਲ ਬਾਹਰ ਚਲਿਆ ਜਾਹ," ਨਾਨੀ ਨੇ ਮੇਰੇ ਵੱਲ ਮੁੜਦਿਆਂ ਕਿਹਾ। ਉਸਦੀ ਆਵਾਜ਼ ਏਨੀ ਖੋਖਲੀ ਸੀ ਜਿਵੇ ਉਹ ਆਵਾਜ਼ ਕਿਸੇ ਬੁੱਢੇ ਬਿਰਛ ਦੀ ਖੋੜ ਵਿਚੋਂ ਨਿਕਲੀ ਹੋਵੇ। ਮੈਂ ਆਪਣੇ ਨਾਨੇ ਕੋਲ ਚਲਾ ਗਿਆ। ਉਹ ਛੱਜੇ ਹੇਠਾਂ ਬੈਠਾ ਹਮੇਸ਼ਾ ਝਾੜੂ ਬਣਾਉਣ ਦੇ ਆਹਰੇ ਲੱਗਾ ਰਹਿੰਦਾ ਸੀ। ਉਸ ਵੇਲੇ ਉਹ ਹਥੇਲੀ ਉੱਤੇ ਤੰਬਾਕੂ ਰਗੜ ਰਿਹਾ ਸੀ ਜਿਸਨੂੰ ਚੱਬ ਕੇ ਉਹ ਆਪਣੀ ਭੁੱਖ ਦੀ ਸ਼ਿਦਤ ਘਟਾਉਣ ਦੀ ਕੋਸ਼ਿਸ਼ ਕਰ ਰਿਹਾ ਸੀ।

ਨਾਨੀ ਇਕਾਂਤ ਭਾਲ ਰਹੀ ਸੀ। ਆਮ ਤੌਰ ਉੱਤੇ ਉਹ ਲੋਕਾਂ ਨੂੰ ਮਿਲਦੀ-ਗਿਲਦੀ ਰਹਿੰਦੀ ਸੀ। ਉਸਨੂੰ ਪਿੰਡ ਵਿਚ ਹੋਣ ਵਾਲੀ ਹਰ ਘਟਨਾ ਦਾ ਪਤਾ ਹੁੰਦਾ ਸੀ, ਪੂਰੇ ਹਾਲਾਤ ਦੀ ਖ਼ਬਰ ਰਹਿੰਦੀ ਸੀ। ਪਰ ਅੱਜ ਉਹ ਇਕੱਲੀ ਰਹਿਣਾ ਚਾਹੁੰਦੀ ਸੀ।

ਅਸੀਂ ਨਾਨੀ ਨੂੰ ਪਰੇਸ਼ਾਨ ਨਹੀਂ ਕਰਨਾ ਚਾਹੁੰਦੇ ਸਾਂ। ਇਸ ਲਈ, ਮੈਂ ਅਤੇ ਨਾਨਾ ਚੋਰਾਂ ਵਾਂਗ ਪੋਲੇ ਪੈਰੀਂ ਘਰ ਦੇ ਅੰਦਰ ਚਲੇ ਗਏ। ਉੱਥੇ ਚੁੱਪ ਵਰਤੀ ਹੋਈ ਸੀ ਅਤੇ ਘੁਸਮੁਸਾ ਹੋ ਗਿਆ ਸੀ। ਉਸ ਸ਼ਾਮ ਅਸੀਂ ਦੀਵਾ ਨਹੀਂ ਜਗਾਇਆ ਸੀ। ਘਰ ਵਿਚ ਮਿੱਟੀ ਦਾ ਤੇਲ ਖ਼ਤਮ ਹੋ ਗਿਆ ਸੀ। ਅਸੀਂ ਤ੍ਰਕਾਲਾਂ ਵੇਲੇ ਦਾ ਖਾਣਾ ਵੀ ਨਾ ਮੰਗਿਆ। ਜੇ ਕੋਈ ਹੋਰ ਵਕਤ ਹੁੰਦਾ ਤਾਂ ਨਾਨੀ ਨੇ ਮਖੌਲ ਕਰਦਿਆਂ ਕਹਿ ਦੇਣਾ ਸੀ: "ਸਵੇਰ ਤੋਂ ਸ਼ਾਮਾਂ ਤਕ ਅਸੀਂ ਰਾਹ ਕੱਸਦੇ ਰਹੇ, ਪਰ ਤ੍ਰਕਾਲਾਂ ਵੇਲੇ ਦਾ ਪਰਸ਼ਾਦਾ ਨਸੀਬ ਨਹੀਂ ਹੋਇਆ।" ਪਰ ਅੱਜ ਉਹ ਕੁਝ ਵੀ ਨਾ ਬੋਲੀ, ਉਸਨੇ ਮੰਜੇ ਤੋਂ ਸਿਰ ਵੀ ਨਾ ਚੁੱਕਿਆ। ਉਹ ਮੰਜੇ ਉੱਤੇ ਨਿੱਸਲ ਪਈ ਹੋਈ ਸੀ। ਉਸਨੇ ਕੋਈ ਹਿਲ-ਜੁਲ ਨਾ ਕੀਤੀ, ਨਾ ਹੀ ਕੋਈ ਗਾਲ਼-ਮੰਦਾ ਕੀਤਾ। ਉਸਨੇ ਪੂਜਾ-ਪਾਠ ਵੀ ਨਾ ਕੀਤਾ। ਹਨੇਰੇ ਵਿਚ ਉਸਦੀਆਂ ਅੱਖਾਂ ਕਿਸੇ ਦੀਵੇ ਦੀ ਸਿੱਥਲ ਲੋਅ ਨਾਲ ਲਿਸ਼ਕ ਰਹੀਆਂ ਸਨ।

ਕੋਲਚਾ-ਛੋਟੂ ਸ਼ਹਿਰੋਂ ਢਾਈ ਮਣ ਆਟਾ, ਖ਼ਸਖ਼ਸ ਦੇ ਤੇਲ ਦੀ ਇਕ ਬੋਤਲ, ਮੇਰੇ ਅਤੇ ਅਲਿਯੋਸ਼ਕਾ ਲਈ ਤੋਹਫੇ ਵਜੋਂ ਖ਼ਸਖ਼ਸ ਦੀਆਂ ਲੱਪ-ਕੁ ਮਿੱਠੀਆਂ ਗੋਲੀਆਂ ਲੈ ਕੇ ਆਇਆ ਸੀ। ਨਾਲ ਹੀ ਉਹ ਕੁਝ ਪੈਸੇ ਵੀ ਬਚਾ ਕੇ ਲੈ ਆਇਆ ਸੀ। ਇਹ ਸਭ ਕੁਝ ਭੇਤ-ਭਰੇ ਨਾਂ ਵਾਲੀ ਦੁਕਾਨ 'ਤੋਰਗਸਿਨ' ਤੋਂ ਹੀ ਮਿਲਿਆ ਸੀ। ਪਿੰਡ ਵਿਚ ਇਹ ਨਾਂ ਬੜੇ ਸਤਿਕਾਰ ਅਤੇ ਥੋੜ੍ਹੀ ਜਿਹੀ ਘਬਰਾਹਟ ਨਾਲ ਉਚਾਰਿਆ ਜਾਂਦਾ ਸੀ।

ਨਾਨੀ ਨੇ ਪਰਾਤ ਵਿਚ ਆਟਾ ਪਾਇਆ, ਇਸ ਵਿਚ ਕੁਝ ਆਲੂ ਅਤੇ ਮੈਣਾ ਮਿਲਾ ਕੇ ਅਤੇ ਡਬਲ-ਰੋਟੀਆਂ ਪਕਾਉਣ ਲਈ ਆਟਾ ਗੁੰਨਿਆ। ਅੱਧ-ਸਿਕੀਆਂ ਰੋਟੀਆਂ ਨੂੰ ਨਾਨੀ ਨੇ ਇਕ ਬੋਰੇ ਵਿਚ ਪਾ ਕੇ ਉਨ੍ਹਾਂ ਉੱਤੇ ਲੂਣ ਅਤੇ ਪੀਸਿਆ ਹੋਇਆ ਪਿਆਜ ਛਿੜਕ ਦਿੱਤਾ। ਇਸ ਤੋਂ ਬਾਅਦ ਕੋਲਚਾ-ਛੋਟੂ ਘਰੋਂ ਨਿਕਲ ਗਿਆ। ਉਹ ਯੇਨੀਸੇਈ ਦਰਿਆ ਦੇ ਉਪਰਲੇ ਇਲਾਕਿਆਂ ਵਿਚ ਵੱਸੇ ਖਾਂਦੇ-ਪੀਂਦੇ ਪਿੰਡਾਂ ਵਿਚ ਕੰਮ ਭਾਲਣ ਚਲਾ ਗਿਆ। ਉਥੋਂ ਦੇ ਲੋਕ ਆਪਣੇ ਪਿੰਡਾਂ ਨੂੰ "ਉੱਚੇ ਪਿੰਡ" ਕਹਿੰਦੇ ਸਨ ਅਤੇ ਉੱਥੋਂ ਆਉਣ ਵਾਲੇ ਕਾਫ਼ਲਿਆਂ ਅਤੇ ਹਰ ਸ਼ੈ ਨੂੰ "ਉੱਚੇ ਪਿੰਡਾਂ ਦੀਆਂ ਸੌਗਾਤਾਂ" ਆਖਿਆ ਜਾਂਦਾ ਸੀ।

ਕੋਲਚਾ-ਛੋਟੂ ਅਨਾਜ ਕੱਢਣ ਵਾਲਾ ਥਰੈਸ਼ਰ ਚਲਾਉਣ ਦੇ ਕੰਮ ਉੱਤੇ ਲੱਗ ਗਿਆ। ਉਹ ਥਰੈਸ਼ਰ ਚਲਾਉਣ ਦਾ ਕੰਮ ਬਹੁਤ ਚੰਗੀ ਤਰ੍ਹਾਂ ਜਾਣਦਾ ਸੀ। ਮੇਰੀ ਨਾਨੀ ਨੇ ਤਾਂ ਇਹ ਦਾਅਵਾ ਵੀ ਕੀਤਾ ਸੀ ਕਿ ਕੋਲਚਾ-ਛੋਟੂ ਲਈ ਥਰੈਸ਼ਰ ਦਾ ਢੋਲ ਚਲਾਉਣਾ ਉਸਦੇ ਲਈ ਖੱਬੇ ਹੱਥ ਦੀ ਖੇਡ ਸੀ। ਓਦੋਂ ਮੈਨੂੰ ਥਰੈਸ਼ਰ-ਢੋਲ ਦਾ ਤਾਂ ਕੋਈ ਇਲਮ ਨਹੀਂ ਸੀ। ਮੈਨੂੰ ਤਾਂ ਸਿਰਫ਼ ਉਸ ਢੋਲ ਦਾ ਪਤਾ ਸੀ ਜਿਸਨੂੰ ਡੱਗੇ ਨਾਲ ਵਜਾਇਆ ਜਾਂਦਾ ਹੈ। ਪਰ ਕੋਲਚਾ-ਛੋਟੂ ਲਈ ਤਾਂ ਇਹ

ਢੋਲ (ਥਰੈਸ਼ਰ) ਰੋਟੀ ਕਮਾਉਣ ਦਾ ਸਾਧਨ ਸੀ। ਸੋ, ਅਸੀਂ ਉਸਦੇ ਆਉਣ ਦੀ ਸਦਾ ਹੀ ਉਡੀਕ ਕਰਦੇ ਰਹਿੰਦੇ।

ਮੇਰਾ ਨਾਨਾ ਦਿਹਾਤੀ ਕੌਂਸਲ ਲਈ ਲੱਕੜਾਂ ਪਾੜਨ ਦਾ ਕੰਮ ਕਰਨ ਲੱਗ ਪਿਆ ਸੀ। ਹੁਣ ਸਾਡੇ ਘਰ ਦੀ ਰੌਣਕ ਬਿਲਕੁਲ ਘਟ ਗਈ ਸੀ। ਚੁਬਾਰੇ ਦਾ ਬੂਹਾ ਇਸ ਉੱਤੇ ਕਿੱਲਾਂ ਨਾਲ ਫੱਟਾ ਠੋਕ ਕੇ ਬਿਲਕੁਲ ਹੀ ਬੰਦ ਕਰ ਦਿੱਤਾ ਗਿਆ ਸੀ ਤਾਂ ਜੋ ਇਸਨੂੰ ਨਿੱਘਾ ਰੱਖਣ ਲਈ ਫਾਲਤੂ ਲੱਕੜਾਂ ਨਾ ਬਾਲਣੀਆਂ ਪੈਣ।

ਭਾਵੇਂ ਮੇਰੀ ਨਾਨੀ ਨੇ ਬੜਾ ਸਰਫਾ ਕੀਤਾ ਸੀ ਫਿਰ ਵੀ ਤੋਰਗਸਿਨ ਤੋਂ ਲਿਆਂਦਾ ਆਟਾ ਓੜਕ ਨੂੰ ਮੁੱਕ ਹੀ ਗਿਆ। ਹੁਣ ਢਿੱਡ ਭਰਨ ਲਈ ਕੁਝ ਤਾਂ ਕਰਨਾ ਹੀ ਪੈਣਾ ਸੀ। ਸੋ, ਨਾਨੇ ਨੇ ਦਿਹਾਤੀ ਕੌਂਸਲ ਲਈ ਲੱਕੜਾਂ ਪਾੜ-ਪਾੜ ਬਾਲਣ ਦਾ ਢੇਰ ਲਾ ਦਿੱਤਾ ਅਤੇ ਕੁਝ ਪੈਸਾ ਕਮਾ ਲਿਆ। ਪੈਸਾ ਬਹੁਤ ਥੋੜ੍ਹਾ ਮਿਲਿਆ ਸੀ ਅਤੇ ਜਿਵੇਂ ਕਿ ਨਾਨੀ ਨੇ ਕਿਹਾ ਸੀ- ਮਹਿਜ਼ ਇਕ ਡੱਬਲਰੋਟੀ ਖ਼ਰੀਦਣ ਜੋਗਾ। ਭੁੱਖ ਨਾਲ ਲਿੱਸੇ ਹੋਏ ਨਾਨੇ ਦੇ ਕਮਾਏ ਇਹ ਪੈਸੇ ਲੈ ਕੇ ਨਾਨੀ ਸ਼ਹਿਰ ਚਲੀ ਗਈ।

ਸ਼ਾਮ ਨੂੰ ਨਾਨੀ ਵਾਪਸ ਆ ਆਈ। ਉਸਨੇ ਆਪਣੇ ਹੱਥ ਵਿਚ ਲੱਕੜ ਦੀ ਡੰਗੋਰੀ ਫੜੀ ਹੋਈ ਸੀ ਜਿਸਨੇ ਜੀਵਨ ਦੇ ਲੰਮੇ ਸਫ਼ਰ ਵਿਚ ਉਸਦਾ ਸਾਥ ਦਿੱਤਾ ਸੀ। ਨਾਨੀ ਆਪਣੇ ਬੋਰੇ ਵਿਚ ਬਾਲਟੇ ਜਿੱਡੀ ਭੂਰੀ ਡਬਲਰੋਟੀ ਲੈ ਕੇ ਆਈ ਸੀ।

"ਛੇਤੀ ਕਰ, ਕਾਕੇ ਨੂੰ ਰੋਟੀ ਦੀ ਬੁਰਕੀ ਦੇ ਦੇ," ਨਾਨੀ ਨੇ ਨਾਨੇ ਨੂੰ ਹੌਲੀ ਜਿਹੀ ਕਿਹਾ, "ਮੁੰਡਾ ਤਾਂ ਠੰਡ ਨਾਲ ਬੁਰੀ ਤਰ੍ਹਾਂ ਕੁੰਗੜ ਗਿਐ। ਤੂੰ ਆਪ ਵੀ ਮੂੰਹ 'ਚ ਬੁਰਕੀ ਪਾ ਲੈ।"

ਨਾਨੀ ਡੰਗੋਰੀ ਦਾ ਸਹਾਰਾ ਲੈ ਕੇ ਓਵਰਕੋਟ ਲਾਹੇ ਬਿਨਾਂ ਬੈਂਚ ਉੱਤੇ ਬਹਿ ਗਈ। ਉਸ ਵਿਚ ਅਚਾਨਕ ਆਈ ਇਕ ਤਬਦੀਲੀ ਨੇ ਮੇਰਾ ਧਿਆਨ ਖਿੱਚਿਆ। ਮੈਂ ਵੇਖਿਆ ਕਿ ਉਹ ਬਹੁਤ ਬੁੱਢੀ ਹੋ ਗਈ ਸੀ ਅਤੇ ਉਸਦਾ ਕੁੱਬ ਨਿਕਲ ਆਇਆ ਸੀ।

ਨਾਨੇ ਨੇ ਬੋਰੇ ਵਿਚੋਂ ਡੱਬਲਰੋਟੀ ਕੱਢੀ ਅਤੇ ਹੱਥ ਵਿਚ ਫੜ ਕੇ ਇਸਨੂੰ ਤੋਲਿਆ, ਪਰਖਿਆ। ਵਧੀ ਹੋਈ ਦਾੜ੍ਹੀ ਕਾਰਨ ਪਹਿਲਾਂ ਹੀ ਉਦਾਸ ਜਾਪਦਾ ਉਸਦਾ ਚਿਹਰਾ ਹੁਣ ਬਿਲਕੁਲ ਹੀ ਮੁਰਝਾ ਗਿਆ ਸੀ।

"ਤੂੰ ਆਪ ਕੁਝ ਖਾਧਾ ਕਿਉਂ ਨਹੀਂ? ਜੇ ਤੂੰ ਰਾਹ ਵਿਚ ਬੇਹੋਸ਼ ਹੋ ਕੇ ਡਿਗ ਪੈਂਦੀਓਂ ਤਾਂ ਫਿਰ ਚੰਗਾ ਹੁੰਦਾ?"

"ਮੈਂ ਵੀ ਇਕ ਬੁਰਕੀ ਤੋੜ ਕੇ ਖਾਧੀ ਸੀ ਤੇ ਰੱਬ ਦਾ ਸ਼ੁਕਰ ਏ ਕਿ ਮੈਂ ਘਰ ਪਹੁੰਚ ਗਈ ਆਂ। ਮੇਰਾ ਕੀ ਏ? ਮੈਂ ਤਾਂ ਭਾਰ ਢੋਹਣ ਵਾਲੀ ਖੱਚਰ ਆਂ। ਤੂੰ ਬੁਰਕੀ ਤੋੜ ਕੇ ਨਿਆਣੇ ਨੂੰ ਤਾਂ ਫੜਾ, ਉਹ ਵਿਚਾਰਾ ਕਦੋਂ ਦਾ ਉਡੀਕਦਾ ਪਿਐ। ਅਲਿਯੋਸ਼ਕਾ ਕਿੱਥੇ ਏ?"

ਮੈਂ ਦੱਸਿਆ ਕਿ ਅਲਿਯੋਸ਼ਕਾ ਆਪਣੀ ਮਾਂ ਕੋਲ ਉਸਤ-ਮਾਂਸਕ ਚਲਿਆ ਗਿਆ ਸੀ। ਉੱਥੇ ਹੁਣ ਕੰਟੀਨ ਖੁਲ੍ਹ ਗਈ ਹੈ ਜਿਸ ਵਿਚ ਮਲਾਹਾਂ ਨੂੰ ਸਰਕਾਰੀ ਖਾਣਾ ਮਿਲਦਾ ਹੈ। ਅਗੁਸਤਾ ਮਾਸੀ ਹੁਣ ਅਲਿਯੋਸ਼ਕਾ ਨੂੰ ਆਪਣੇ ਕੋਲ ਰੱਖ ਕੇ ਖਾਣਾ ਖੁਆਏਗੀ। ਹੁਣ ਉਨ੍ਹਾਂ ਦਾ ਚੰਗਾ ਗੁਜ਼ਾਰਾ ਹੋ ਜਾਏਗਾ।

"ਬਹੁਤ ਚੰਗੀ ਗੱਲ ਏ, ਬਹੁਤ ਚੰਗੀ! ਬੁੱਢਿਆ, ਤੈਨੂੰ ਕੀ ਹੋ ਗਿਐ ? ਕਿਤੇ ਮਰ ਤਾਂ ਨਹੀਂ ਚੱਲਿਆ? ਤੈਨੂੰ ਵੀ ਕੋਈ ਬਿਮਾਰੀ ਪੈ ਗਈ ਲਗਦੀ ਏ..."

ਨਾਨਾ ਕੱਟੀ ਹੋਈ ਡੱਬਲਰੋਟੀ ਸਾਹਮਣੇ ਚਾਕੂ ਲੈ ਕੇ ਖਲੋਤਾ ਸੀ। ਉਸਦੀ ਪਿੱਠ ਸਾਡੇ ਵੱਲ ਸੀ। ਉਸਦੀ ਪਿੱਠ, ਉਸਦੇ ਮੋਢੇ ਅਤੇ ਬਾਹਵਾਂ ਏਵੇਂ ਲਿਫ ਗਈਆਂ ਸਨ ਜਿਵੇਂ ਉਸਦਾ ਸਰੀਰ ਮਹਿਜ਼ ਚੀਥੜੇ ਬਣ ਗਿਆ ਹੋਵੇ ਅਤੇ ਉਸਦੇ ਅੰਦਰ ਦੀਆਂ ਸਾਰੀਆਂ ਹੱਡੀਆਂ ਚੂਰਾ ਬਣ ਗਈਆਂ ਹੋਣ। ਉਸਦਾ ਕੱਦ ਇਕਦਮ ਸੁੰਗੜ ਗਿਆ ਸੀ।

"ਤੈਨੂੰ ਕੀ ਹੋ ਗਿਐ?" ਨਾਨੀ ਹੁਣ ਬਹੁਤ ਫਿਕਰਮੰਦ ਹੋ ਗਈ ਸੀ।

"ਬਜ਼ਾਰ ਵਿਚ ਤੇਰੇ ਨਾਲ ਧੋਖਾ ਹੋ ਗਿਐ,"ਨਾਨਾ ਹੌਲੀ ਜਿਹੀ ਬੋਲਿਆ ਅਤੇ ਚਾਕੂ ਕੰਧ ਉੱਤੇ ਲੱਗੀ ਤਖ਼ਤੀ ਉੱਤੇ ਟੰਗ ਦਿੱਤਾ ਜਿੱਥੇ ਕਾਂਟੇ ਅਤੇ ਚਮਚੇ ਲਟਕੇ ਹੋਏ ਸਨ।

"ਧੋਖਾ ਕਿੱਦਾਂ ਹੋ ਗਿਐ?" ਨਾਨੀ ਦਾ ਮੂੰਹ ਅਚਾਨਕ ਬੇਆਵਾਜ਼ ਹਿੱਲਣ ਲੱਗਾ ਅਤੇ ਉਸਦੇ ਬੁੱਲ੍ਹ ਲਾਖੇ ਹੋ ਗਏ। ਮੇਰੀਆਂ ਡਾਡਾਂ ਨਿਕਲ ਗਈਆਂ ਅਤੇ ਮੈਂ ਦੋਹਾਂ ਹੱਥਾਂ ਨਾਲ ਆਪਣਾ ਮੂੰਹ ਢੱਕ ਲਿਆ।

ਨਾਨਾ ਮੈਨੂੰ ਚੁੱਕ ਕੇ ਗੁਸਲਖਾਨੇ ਕੋਲ ਲੈ ਗਿਆ।

"ਹੱਤ ਤੇਰੀ, ਏਹ ਵੀ ਕੀ ਜਿਊਣਾ ਹੋਇਆ! ਇਹ ਸਭ ਕੀ ਹੁੰਦਾ ਪਿਐ!" ਉਹ ਬੁੜਬੁੜਾਉਂਦਾ ਹੋਇਆ ਮੂੰਹ-ਹੱਥ ਧੋਣ ਲਈ ਕੋਇਲੇ ਦਾ ਟੁਕੜਾ ਲੱਭਣ ਲੱਗਾ ਜਿਹੜਾ ਸ਼ਾਇਦ ਕਿਧਰੇ ਗਾਇਬ ਹੋ ਗਿਆ ਸੀ। ਉਸਨੇ ਚੁਲੀ-ਕੁ ਪਾਣੀ ਆਪਣੀ ਹਥੇਲੀ ਵਿਚ ਭਰਿਆ ਅਤੇ ਮੇਰਾ ਦੁਖ-ਦਰਦ ਦੂਰ ਕਰਨ ਲਈ ਮੇਰੇ ਮੂੰਹ ਉੱਤੇ ਪਾਣੀ ਦੇ ਛਿੱਟੇ ਮਾਰੇ। ਨਾਨਾ ਕੰਬ ਰਿਹਾ ਸੀ ਅਤੇ ਲਗਾਤਾਰ ਬੋਲਦਾ ਜਾ ਰਿਹਾ ਸੀ ਜਦਕਿ ਆਮ ਕਰਕੇ ਉਹ ਦਿਨ ਵਿਚ ਸਿਰਫ਼ ਚਾਰ-ਪੰਜ ਲਫ਼ਜ਼ ਹੀ ਮੂੰਹੋਂ ਕੱਢਦਾ ਹੁੰਦਾ ਸੀ। ਮੈਂ ਬਹੁਤ ਡਰ ਗਿਆ ਸਾਂ। ਨਾਨੇ ਨੇ ਮੈਨੂੰ ਚੁੱਕ ਕੇ ਗੁਸਲਖਾਨੇ ਕੋਲ ਬਿਠਾ ਦਿੱਤਾ।

ਹੋਇਆ ਇਹ ਸੀ ਕਿ ਡੱਬਲਰੋਟੀ ਵਿੱਚੋਂ ਘਾਹ-ਫੂਸ ਭਰਿਆ ਨਿਕਲਿਆ ਸੀ। ਇਸਦੇ ਉੱਪਰ ਵਾਲਾ ਆਟਾ ਰੜ੍ਹਿ ਆ ਹੋਇਆ ਸੀ ਪਰ ਇਸਦੇ ਅੰਦਰ ਮੈਣਾ ਅਤੇ ਘਾਹ ਭਰਿਆ ਹੋਇਆ ਸੀ।

ਨਾਨੀ ਆਪਣੇ ਆਪ ਨੂੰ ਕੋਸ ਰਹੀ ਸੀ, ਅਖੇ: ਹਾਏ,ਮੇਰੇ ਦੀਦੇ ਸੜ ਗਏ ਸਨ?! ਏਹਦੇ ਨਾਲੋਂ ਤਾਂ ਮਰ ਜਾਣਾ ਈ ਚੰਗਾ ਸੀ! ਕਿੰਨਾ ਚੰਗਾ ਹੁੰਦਾ ਜੇ ਆਹ ਦਿਨ ਨਾ ਵੇਖਣੇ ਪੈਂਦੇ, ਏਨੀ ਬਦਮਾਸ਼ੀ ਤੇ ਹੇਰਾਫੇਰੀ ਹੁੰਦੀ ਤਾਂ ਨਾ ਵੇਖਣੀ ਪੈਂਦੀ।

ਨਾਨੀ ਬੜਾ ਚਿਰ ਰੋਂਦੀ-ਕੁਰਲਾਉਂਦੀ ਅਤੇ ਕੀਰਨੇ ਪਾਉਂਦੀ ਰਹੀ। ਰੋਂਦਿਆਂ-ਰੋਂਦਿਆਂ ਉਸਨੇ ਸਾਰੀ ਕਹਾਣੀ ਵੀ ਸੁਣਾ ਦਿੱਤੀ ਕਿ ਜਦੋਂ ਉਸਦੀ ਨਜ਼ਰ ਇਸ ਵੱਡੀ ਸਾਰੀ ਡਬਲਰੋਟੀ ਉੱਤੇ ਪਈ ਤਾਂ ਉਹ ਬਹੁਤ ਖੁਸ਼ ਹੋ ਗਈ ਸੀ। ਰੋਟੀ ਬਹੁਤੀ ਮਹਿੰਗੀ ਨਹੀਂ ਸੀ। ਉਸਨੂੰ ਇਹ ਚਿੰਤਾ ਸਤਾਉਣ ਲੱਗੀ ਕਿ ਕਿਤੇ ਕੋਈ ਹੋਰ ਗਾਹਕ ਇਹ ਰੋਟੀ ਖ਼ਰੀਦ ਕੇ ਨਾ ਲੈ ਜਾਵੇ। ਇਸ ਲਈ, ਉਸਨੇ ਵੇਖੇ-ਪਰਖੇ ਬਿਨਾਂ ਹੀ ਰੋਟੀ ਖ਼ਰੀਦ ਲਈ। ਰੋਟੀ ਵੇਚਣਵਾਲੇ ਵੇਖਣ ਨੂੰ ਬੜੇ ਭਲੇ ਲੋਕ ਲਗਦੇ ਸਨ ਅਤੇ ਉਨ੍ਹਾਂ ਨੇ ਸ਼ਹਿਰੀਆਂ ਵਰਗੇ ਸੁਹਣੇ ਕੱਪੜੇ ਪਾਏ ਹੋਏ ਸਨ। ਥੋੜ੍ਹਾ ਸੰਭਲ ਕੇ ਉਸਨੇ ਇਹ ਵੀ ਆਖਿਆ ਕਿ ਛੇਤੀ ਹੀ ਸਭ ਕੁਝ ਠੀਕ ਹੋ ਜਾਵੇਗਾ। ਸੁਣਨ ਵਿਚ ਆਇਆ ਸੀ ਕਿ ਸ਼ਹਿਰੀਆਂ ਨੂੰ ਹੁਣ ਰਾਸ਼ਣ-ਕਾਰਡ ਮਿਲਣ ਲੱਗ ਪਏ ਸਨ ਅਤੇ ਬਜ਼ਾਰ ਵਿਚ ਖਾਣ-ਪੀਣ ਦੀਆਂ ਚੀਜ਼ਾਂ ਦੀ ਖੋਹ-ਖਿੰਝ ਲਈ ਹੁੰਦੇ ਝਗੜੇ ਵੀ ਘੱਟਣ ਲੱਗ ਪਏ ਸਨ।

ਜਿਉਂ ਜਿਉਂ ਨਾਨੀ ਏਦਾਂ ਗੱਲਾਂ ਸੁਣਾਉਂਦੀ ਗਈ ਤਿਉਂ-ਤਿਉਂ ਮੇਰਾ ਮਨ ਵੀ ਹਲਕਾ

ਹੁੰਦਾ ਗਿਆ ਅਤੇ ਘਰ ਦਾ ਮਹੌਲ ਵੀ ਸੁਖਾਵਾਂ ਜਾਪਣ ਲੱਗਾ। ਪਰ ਜਦੋਂ ਨਾਨੀ ਦਾ ਮੂੰਹ ਬੇਆਵਾਜ਼ ਹਿੱਲ ਰਿਹਾ ਸੀ ਅਤੇ ਉਹ ਪੱਥਰ ਦਾ ਬੁੱਤ ਬਣੀ ਬੈਂਚ ਉੱਤੇ ਬੈਠੀ ਸੀ ਤਾਂ ਮੈਨੂੰ ਬੜਾ ਡਰ ਲੱਗ ਰਿਹਾ ਸੀ। ਪਰ ਹੁਣ ਸਭ ਠੀਕ ਸੀ, ਸਭ ਕੁਝ ਠੀਕ ਹੋ ਜਾਵੇਗਾ। ਹੁਣ ਨਾਨੀ ਦਾ ਦਿਲ ਹਲਕਾ ਹੋ ਰਿਹਾ ਸੀ ਅਤੇ ਛੇਤੀ ਹੀ ਸਾਡੀ ਬਿਪਤਾ ਦੂਰ ਕਰਨ ਲਈ ਉਹ ਕੋਈ ਰਾਹ ਲੱਭ ਲਏਗੀ।

ਅਤੇ ਛੇਤੀ ਹੀ ਮੇਰੀ ਨਾਨੀ ਮੈਨੂੰ ਅੰਗੀਠੀ ਸਾਹਮਣੇ ਬਣੀ ਰਸੋਈ ਵਿਚ ਲੈ ਗਈ।

"ਉੱਤੋਂ ਉੱਤੋਂ ਪੱਕਿਆ ਆਟਾ ਖਾ ਲਓ, ਇਹ ਰੋਟੀ ਹੀ ਏ, ਭਾਵੇਂ ਇਹ ਕਿੰਨੀ ਵੀ ਮਾੜੀ ਕਿਉਂ ਨਾ ਹੋਵੇ। ਇਹਦੇ ਵਿਚੋਂ ਘਾਹ-ਮੈਨਾ ਕੱਢ ਦੇਵੋ ਤੇ ਖਾਂਦੇ ਜਾਵੋ। ਅਜਕਲ ਤਾਂ ਲੋਕ ਰੋਟੀ 'ਚ ਤੂੜੀ ਵੀ ਮਿਲਾ ਦੇਂਦੇ ਨੇ। ਬਜ਼ੁਰਗਾ, ਤੂੰ ਵੀ ਕੁਛ ਖਾ ਲੈ। ਹੁਣ ਕੀ ਕੀਤਾ ਜਾ ਸਕਦੈ? ਉਹਨਾਂ ਸਾਨੂੰ ਰਵਾਇਐ, ਸਾਨੂੰ ਦੁੱਖ ਦਿੱਤੈ। ਗਰੀਬ ਦਾ ਦਿਲ ਦੁਖਾਉਣ ਵਾਲੇ ਦਾ ਵੀ ਕੱਖ ਨਾ ਰਹੂ। ਆਹ ਵੇਖੋ ਤਾਂ ਸਹੀ, ਮੈਂ ਕੀ ਲੈ ਕੇ ਆਈ ਆਂ!" ਹੁਣ ਨਾਨੀ ਦੀ ਆਵਾਜ਼ ਕਿਸੇ ਲੋਰੀ ਵਰਗੀ ਸੁਰੀਲੀ ਸੀ। ਉਸਨੇ ਆਪਣੀ ਬੁੱਕਲ ਵਿਚ ਹੱਥ ਪਾ ਕੇ ਇਕ ਕਾਲਾ ਜਿਹਾ ਲੋਥੜਾ ਕੱਢਿਆ। ਇਸ ਲੋਥੜੇ ਨੇ ਚਊਂ-ਚਊਂ ਕੀਤਾ ਅਤੇ ਉਹ ਆਪਣੇ ਨੱਕ ਨਾਲ ਨਾਨੀ ਦੀ ਹਥੇਲੀ ਸੁੰਘਣ ਲੱਗਾ। "ਏਨੂੰ ਵੀ ਭੁੱਖ ਸਤਾਉਂਦੀ ਪਈ ਏ!" ਨਾਨੀ ਮਸਾਂ ਹੀ ਮੁਸਕਰਾ ਸਕੀ ਸੀ। ਉਸਨੇ ਮੇਰੇ ਅਤੇ ਨਾਨੇ ਵੱਲ ਵੇਖਿਆ। ਉਸਦੀਆਂ ਅੱਖਾਂ ਵਿਚ ਬੱਚਿਆਂ ਵਰਗੀ ਅਜੀਬ ਜਿਹੀ ਬੇਵਸੀ ਝਲਕਦੀ ਪਈ ਸੀ। ਮਾਨੋ ਉਸਦੀਆਂ ਅੱਖੀਆਂ ਕਹਿ ਰਹੀਆਂ ਹੋਣ: "ਠੀਕ ਆ, ਮੈਂ ਤਾਂ ਮੂਰਖ ਆਂ, ਮੂਰਖ ਬੁੱਢੜੀ! ਤੁਸੀਂ ਮੈਨੂੰ ਬੁਰਾ-ਭਲਾ ਬੋਲ ਸਕਦੇ ਓ, ਮੈਨੂੰ ਫਾਹੇ ਵੀ ਲਾ ਸਕਦੇ ਓ, ਪਰ ਇਸ ਨਾਲ ਮੈਨੂੰ ਕੋਈ ਫਰਕ ਨਹੀਂ ਪੈਂਦਾ। ਮੈਂ ਆਪਣੇ ਵੱਲੋਂ ਤਾਂ ਕੁਛ ਚੰਗਾ ਕੰਮ ਹੀ ਕਰਨਾ ਚਾਹੁੰਦੀ ਸਾਂ..."

ਉਸਨੂੰ ਫਾਂਸੀ ਲਾਉਣਾ ਤਾਂ ਦੂਰ ਦੀ ਗੱਲ ਰਹੀ, ਕੋਈ ਬੁਰਾ-ਭਲਾ ਵੀ ਨਹੀਂ ਕਹਿ ਸਕਦਾ ਸੀ।

"ਇਹ ਅਜੂਬਾ ਤੈਨੂੰ ਰੱਬ ਨੇ ਕਿੱਥੇ ਬਖਸ਼ਿਆ ਸੀ?" ਨਾਨੇ ਨੇ ਬੜੇ ਠਰ੍ਹੰਮੇ ਨਾਲ ਪੁੱਛਿਆ। ਉਸਨੇ ਆਪਣੀਆਂ ਦੋਂਹ ਉਂਗਲਾਂ ਨਾਲ ਕਤੂਰੇ ਨੂੰ ਉਸਦੀ ਧੌਣੋਂ ਫੜ ਕੇ ਚੁੱਕ ਲਿਆ। ਕਤੂਰੇ ਨੇ ਉਸੇ ਵੇਲੇ ਚਊਂ-ਚਊਂ ਕਰਨਾ ਬੰਦ ਕਰ ਦਿੱਤਾ। ਉਸਦੀਆਂ ਸਿਰਫ ਪਿਛਲੀਆਂ ਲੜਖੜਾਉਂਦੀਆਂ ਲੱਤਾਂ ਕੋਈ ਸਹਾਰਾ ਲੱਭ ਰਹੀਆਂ ਸਨ।

"ਇਹ ਲੁੱਚਾ ਤਾਂ ਚੰਗੀ ਨਸਲ ਦਾ ਕੁੱਤਾ ਜਾਪਦੈ! ਇਹ ਬਹੁਤਾ ਭੌਂਕਦਾ ਵੀ ਨਹੀਂ," ਨਾਨੇ ਨੇ ਆਪਣਾ ਫੈਸਲਾ ਸੁਣਾਇਆ।

ਮੇਰਾ ਨਾਨਾ ਕਦੇ ਵੀ ਸ਼ਿਕਾਰੀ ਨਹੀਂ ਰਿਹਾ ਸੀ ਅਤੇ ਕੁੱਤਿਆਂ ਦੀਆਂ ਨਸਲਾਂ ਦਾ ਉਸਨੂੰ ਕੁਝ ਪਤਾ ਨਹੀਂ ਸੀ, ਪਰ ਫਿਰ ਵੀ ਅਸੀਂ ਉਸਦੀ ਗੱਲ ਨਾਲ ਸਹਿਮਤ ਹੋ ਗਏ- ਇਹ ਕਤੂਰਾ ਵਧੀਆ ਨਸਲ ਦਾ ਏ, ਇਹਦੀ ਜੱਤ ਵਧੀਆ ਏ ਅਤੇ ਕੰਨ ਇਹਦੇ ਲੰਮੇ ਨੇ।

"ਜਦੋਂ ਮੈਂ ਆਰਾਮ-ਘਰਾਂ ਦੇ ਸਾਹਮਣਿਓਂ ਲੰਘੀ," ਨਾਨੀ ਨੇ ਜਾਣੀ-ਪਛਾਣੀ ਸੁਰੀਲੀ ਆਵਾਜ਼ ਵਿਚ ਕਿਹਾ, "ਮੈਂ ਵੇਖਿਆ ਕਿ ਇਹ ਬਰਫ਼ ਵਿਚ ਕੰਬਦਾ ਪਿਆ ਸੀ, ਇਹਦੀ ਚਊਂ-ਚਊਂ ਮਸਾਂ ਹੀ ਮੇਰੇ ਕੰਨੀਂ ਪਈ। ਕਿਸੇ ਨੇ ਇਹਨੂੰ ਮਰਨ ਲਈ ਬਾਹਰ ਬਰਫ਼ ਵਿਚ ਸੁੱਟ ਦਿੱਤਾ ਸੀ। ਐਹੋ ਜਿਹੇ ਲੋਕਾਂ ਨੂੰ ਕੁੱਤਿਆਂ ਦੀ ਕੀ ਪਰਵਾਹ? ਮੈਂ ਓਥੇ ਖੜ੍ਹ ਗਈ, ਇਸ ਵਿਚਾਰੇ ਯਤੀਮ ਵੱਲ

ਤੱਕਿਆ ਤਾਂ ਮੇਰਾ ਰੋਣ ਨਿਕਲ ਗਿਆ, ਮੈਂ ਆਪਣੇ ਵੀਤਿਆ ਬਾਰੇ ਸੋਚਣ ਲੱਗ ਪਈ- ਜੇ ਅਸੀਂ ਨਾ ਹੁੰਦੇ ਤਾਂ ਬਗਾਨਿਆਂ ਨੇ ਇਹਨੂੰ ਵੀ ਮਰਨ ਲਈ ਬਾਹਰ ਸੁੱਟ ਦੇਣਾ ਸੀ...।"ਨਾਨੀ ਨੇ ਪਰਲ-ਪਰਲ ਵਹਿੰਦੇ ਹੰਝੂ ਰੁਮਾਲ ਨਾਲ ਪੂੰਝੇ ਅਤੇ ਆਪਣੇ ਬਾਹਰ-ਥਾਈਂ ਪਾਉਣ ਵਾਲੇ ਕੱਪੜੇ ਲਾਹੁਣੇ ਸ਼ੁਰੂ ਕਰ ਦਿੱਤੇ।

"ਜ਼ਰਾ-ਕੁ ਉਡੀਕੋ, ਮੈਂ ਦੋ-ਚਾਰ ਧਾਰਾਂ ਕੱਢ ਲਿਆਵਾਂ। ਓਦਾਂ ਆਖਾਂ ਤਾਂ ਹੁਣ ਗਾਂ ਨੂੰ ਚੋਣਾ ਨਹੀਂ ਚਾਹੀਦੇ, ਉਹਦੀ ਕੁਖ 'ਚ ਪਲਦਾ ਬਚੜਾ ਭੁੱਖਾ ਰਹਿ ਜਾਊ। ਚਲੋ, ਅੱਜ ਆਖਰੀ ਵਾਰ ਚੋ ਲੈਂਦੀ ਆਂ। ਤੁਸੀਂ ਰੋਟੀ ਖਾਓ। ਵੀਤਿਆ, ਤੂੰ ਕਤੂਰੇ ਦੇ ਮੂੰਹ 'ਚ ਉਂਗਲੀ ਪਾ ਕੇ ਇਹਨੂੰ ਵਰਚਾਅ ਲੈ। ਗੱਲ ਇਹ ਵੇ ਕਿ ਇਹਨੂੰ ਥੋੜਾ-ਬਹੁਤਾ ਧੋਖਾ ਤਾਂ ਦੇਣਾ ਹੀ ਪੈਣੇ, ਨਹੀਂ ਤਾਂ ਗੁਜ਼ਾਰਾ ਨਹੀਂ ਹੁੰਦਾ," ਨਾਨੀ ਨੇ ਆਪਣੀ ਗੱਲ ਸੁਣਾ ਦਿੱਤੀ ਅਤੇ ਕੱਟੀ ਹੋਈ ਡਬਲਰੋਟੀ ਵੱਲ ਹਕਾਰਤ-ਭਰੀ ਨਜ਼ਰ ਸੁੱਟੀ।

"ਮੈਂ ਛੇਤੀ ਹੀ ਆ ਜਾਵਾਂਗੀ।" ਉਸਨੇ ਆਲੇ ਵਿਚੋਂ ਬਾਲਟੀ ਚੁੱਕੀ ਅਤੇ ਕਾਹਲੀ-ਕਾਹਲੀ ਵਿਹੜੇ ਵਿਚ ਚਲੀ ਗਈ। ਮੈਂ ਅਤੇ ਮੇਰਾ ਨਾਨਾ ਰੋਟੀ ਵਿਚੋਂ ਮੈਣਾ ਕੱਢ-ਕੱਢ ਸੁਟਣ ਲੱਗ ਪਏ। ਅਸੀਂ ਕੱਛੂਕੁੰਮੇ ਦੀ ਖੋਪੜੀ ਜਿੱਡਾ ਰੋਟੀ ਦਾ ਇਕ ਵੱਡਾ ਸਾਰਾ ਟੁਕੜਾ ਨਾਨੀ ਵਾਸਤੇ ਵੱਖਰਾ ਰੱਖ ਦਿੱਤਾ ਸੀ।

ਕਤੂਰਾ ਮੇਰੀ ਉਂਗਲ ਆਪਣੇ ਸਖ਼ਤ ਤਾਲੂ ਵਿਚ ਦਬਾ ਕੇ ਚੂਸਣ ਲੱਗਾ। ਉਹ ਭੁੱਖ ਕਾਰਨ ਚਊਂ-ਚਊਂ ਕਰਦਾ ਪਿਆ ਸੀ ਅਤੇ ਉਸਦੀਆਂ ਲੱਤਾਂ ਕੰਬ ਰਹੀਆਂ ਸਨ।

ਨਾਨੀ ਬਾਲਟੀ ਲੈ ਕੇ ਵਾਪਸ ਆਈ। ਬਾਲਟੀ ਵਿਚ ਥੋੜ੍ਹਾ ਜਿਹਾ ਦੁੱਧ ਸੀ ਜਿਸ ਵਿਚੋਂ ਕੁਝ ਦੁੱਧ ਸਭ ਤੋਂ ਪਹਿਲਾਂ ਕਤੂਰੇ ਲਈ ਇਕ ਕੌਲੀ ਵਿਚ ਪਾਇਆ ਗਿਆ। ਫਿਰ ਉਸਨੇ ਅੰਗੀਠੀ ਉੱਤੋਂ ਪਤੀਲਾ ਲਾਹਿਆ ਅਤੇ ਸਾਰਿਆਂ ਦੀਆਂ ਕੌਲੀਆਂ ਵਿਚ ਉਬਲਦਾ ਪਾਣੀ ਪਾਕੇ ਅਤੇ ਇਸ ਵਿਚ ਦੁੱਧ ਦੀ ਇਕ-ਇਕ ਬੂੰਦ ਮਿਲਾ ਕੇ ਪਾਣੀ ਦਾ ਰੰਗ ਚਿੱਟਾ ਕੀਤਾ।

ਅਸੀਂ ਰੋਟੀ ਦੇ ਟੁਕੜੇ ਚਿੱਟੇ ਪਾਣੀ ਵਿਚ ਭਿਓਂ ਕੇ ਖਾਣ ਲੱਗ ਪਏ। ਨਾਨੇ ਨੇ ਰੋਟੀ ਖਾਧੀ, ਨਾਨੀ ਨੇ ਖਾਧੀ, ਮੈਂ ਖਾਧੀ ਅਤੇ ਜੱਤਲ ਕਤੂਰੇ ਨੇ ਵੀ ਖਾਧੀ। ਕਤੂਰੇ ਨੇ ਆਪਣੀ ਕੌਲੀ ਪੂਰੀ ਤਰ੍ਹਾਂ ਚੱਟ ਲਈ ਸੀ।

"ਵੇਖ, ਏਹ ਲੁੱਚਾ ਬਦਮਾਸ਼ ਦੁੱਧ ਕਿੱਦਾਂ ਚੱਟੀ ਜਾਂਦੈ! ਏਹ ਵੀ ਜੀਣਾ ਚਾਹੁੰਦੈ!" ਕਤੂਰੇ ਵੱਲ ਵੇਖਦਿਆਂ ਨਾਨੀ ਨੇ ਕਿਹਾ ਅਤੇ ਲੰਮਾ ਹਉਕਾ ਭਰਿਆ:- "ਪਰਮੇਸ਼ਰ ਦੇ ਹਰ ਜੀਵ ਨੂੰ ਜੀਉਣ ਦਾ ਹੱਕ ਏ। ਤੁਸੀਂ ਫਿਕਰ ਨਾ ਕਰੋ, ਮੁਸੀਬਤ ਦਾ ਪਹਾੜ ਬੜਾ ਉੱਚਾ ਏ ਪਰ ਅਸੀਂ ਏਹਨੂੰ ਸਰ ਕਰ ਲਵਾਂਗੇ, ਮੁਸੀਬਤ ਆਈ ਏ ਤਾਂ ਇਹ ਲੰਘ ਵੀ ਜਾਵੇਗੀ। ਰੱਬ ਕਰੇ, ਸਾਡੀ ਗਾਂ ਛੇਤੀ ਹੀ ਲਵੇਰੀ ਹੋ ਜਾਵੇ। ਕੋਲਚਾ ਬਹੁਤ ਸਾਰੀ ਰੋਟੀ ਕਮਾ ਲਵੇਗਾ। ਓਦੋਂ ਤੱਕ ਸਾਨੂੰ ਹਿੰਮਤ ਨਹੀਂ ਹਾਰਨੀ ਚਾਹੀਦੀ, ਬਸੰਤ ਦੇ ਆਉਣ ਨਾਲ ਫਸਲਾਂ ਦਾ ਮੌਸਮ ਵੀ ਆ ਜਾਵੇਗਾ...ਕਤੂਰੇ ਨੇ ਢਿੱਡ ਭਰ ਲਿਐ, ਹੁਣ ਅਰਾਮ ਕਰਨਾ ਚਾਹੁੰਦੈ।" ਕਤੂਰੇ ਨੇ ਆਪਣੀ ਜੀਭ ਨਾਲ ਦੁੱਧ ਦੀਆਂ ਆਖਰੀ ਬੂੰਦਾਂ ਵੀ ਚੱਟ ਲਈਆਂ ਅਤੇ ਡਗਮਗਾਉਂਦੀਆਂ ਲੱਤਾਂ ਨਾਲ ਤੁਰਦਾ ਰਸੋਈ ਵਿਚ ਚੱਕਰ ਲਾਉਣ ਲੱਗ ਪਿਆ। "ਤੂੰ ਏਹਨੂੰ ਲੈ ਕੇ ਅੰਗੀਠੀ ਵਾਲੇ ਥੜ੍ਹੇ 'ਤੇ ਚੜ੍ਹ ਜਾਹ। ਇਹ ਠਰ ਕੇ ਏਨਾ ਕੁੰਗੜ ਚੁੱਕੈ ਕਿ, ਲਗਦੈ, ਇਹਨੇ ਸਾਰੀ ਉਮਰ ਨਿੱਘਾ ਨਹੀਂ ਹੋ ਸਕਣਾ।

ਮੈਂ ਕਤੂਰਾ ਆਪਣੇ ਨਾਲ ਲੈ ਕੇ ਅੰਗੀਠੀ ਦੇ ਥੜ੍ਹੇ ਉੱਤੇ ਚੜ੍ਹ ਗਿਆ। ਉਹ ਰੀਂਗਦਾ

ਹੋਇਆ ਮੇਰੀ ਬਾਂਹ ਦੇ ਹੇਠਾਂ ਗੁੱਛਾ-ਮੁੱਛਾ ਹੋ ਗਿਆ ਅਤੇ ਛੇਤੀ ਹੀ ਸੌਂ ਗਿਆ। ਉਸਦੇ ਨਿੰਮ੍ਹੇ-ਨਿੰਮ੍ਹੇ ਕੋਸੇ-ਕੋਸੇ ਸਾਹ ਮੈਨੂੰ ਵੀ ਨਿੱਘ ਦੇ ਰਹੇ ਸਨ ਜਦਕਿ ਮੈਂ ਉਸਦੀ ਘੁੰਗਰਾਲੀ ਜੱਤ ਨੂੰ ਹੱਥਾਂ ਨਾਲ ਪਲੋਸਦਿਆਂ ਸੋਚ ਰਿਹਾ ਸਾਂ ਕਿ ਜਿਨ੍ਹਾਂ ਪਾਪੀਆਂ ਨੇ ਮੇਰੀ ਨਾਨੀ ਦਾ ਦਿਲ ਦੁਖਾਇਆ ਸੀ ਉਨ੍ਹਾਂ ਦਾ ਬੇੜਾ ਜ਼ਰੂਰ ਗ਼ਰਕ ਹੋਵੇਗਾ ਅਤੇ ਇਹ ਕਤੂਰਾ ਵੱਡਾ ਹੋ ਕੇ ਇਕ ਵਫਾਦਾਰ ਜਾਨਵਰ ਬਣ ਜਾਵੇਗਾ।

"ਨਾਨੀ-ਮਾਂ, ਨਾਨੀ-ਮਾਂ, ਅਸੀਂ ਇਹਦਾ ਨਾਂ ਕੀ ਰੱਖਾਂਗੇ?"

"ਇਸ ਕਤੂਰੇ ਦਾ? ਹਾਂ, ਇਹ ਗੇਂਦ ਵਰਗਾ ਗੋਲ-ਮਟੋਲ ਕਤੂਰਾ ਏ ਤੇ ਅਸੀਂ ਇਹਦਾ ਨਾਂ ਸ਼ਾਰਿਕ  ਹੀ ਰੱਖਾਂਗੇ। ਇਹਨੂੰ ਨੀਂਦ ਆ ਗਈ ਏ?

"ਹਾਂ, ਇਹ ਸੌਂ ਗਿਆ ਏ। ਮੇਰੀ ਕੱਛ ਹੇਠਾਂ ਵੜ ਕੇ ਸੁੱਤਾ ਪਿਆ ਏ ਤੇ ਮੈਨੂੰ ਕੁਤਕੁਤਾਰੀਆਂ ਨਿਕਲਦੀਆਂ ਪਈਆਂ ਨੇ।"

"ਚੱਲ, ਇਹਨੂੰ ਸੌਣ ਦੇਹ। ਸਾਨੂੰ ਮਨੁੱਖ ਤੇ ਜਨੌਰ, ਦੋਵਾਂ ਉੱਤੇ ਤਰਸ ਖਾਣਾ ਚਾਹੀਦੈ ਕਿਉਂ ਜੋ ਜਨੌਰਾਂ ਵਿਚ ਵੀ ਰੱਬੀ ਰੂਹ ਵੱਸਦੀ ਹੁੰਦੀ ਏ। ਇਹ ਨੇਕੀ ਨੂੰ ਭੁਲਾਉਂਦੇ ਨਹੀਂ। ਜਾਨਵਰਾਂ ਨੂੰ ਭਲੇ ਕੰਮ ਦਾ ਚੇਤਾ ਇਨਸਾਨਾਂ ਨਾਲੋਂ ਵੱਧ ਰਹਿੰਦੈ। ਅਸੀਂ ਸ਼ਾਰਿਕ ਨੂੰ ਨਿੱਘਾ ਕੀਤੈ ਤੇ ਦੁੱਧ ਵੀ ਦਿੱਤੈ। ਇਹ ਕਿਹੜਾ ਸਾਡੇ ਕੋਲੋਂ ਬਹੁਤਾ ਕੁਛ ਮੰਗਦੈ? ਇਹਦੇ ਆਉਣ ਨਾਲ ਹੀ ਸਾਡੇ ਘਰ 'ਚ ਬਰਕਤ ਆਈ ਏ। ਤੂੰ ਮੇਰੀ ਇਹ ਗੱਲ ਪੱਲੇ ਬੰਨ੍ਹ ਲੈ..." ਨਾਨੀ ਅਚਾਨਕ ਚੁੱਪ ਹੋ ਗਈ ਅਤੇ ਫਿਕਰਮੰਦ ਹੁੰਦਿਆਂ ਹਨੇਰੇ ਵਿਚ ਬਿੜਕਾਂ ਲੈਂਦੀ ਹੋਈ ਉਸੇ ਵੇਲੇ ਮੰਜੇ ਤੋਂ ਉੱਠ ਖਲੋਤੀ: "ਨੀ ਮੈਂ ਸਦਕੇ ਜਾਵਾਂ, ਸਾਡਾ ਕੋਲਚਾ ਆ ਗਿਐ! ਬੁੱਢਿਆ, ਤੂੰ ਕੁਝ ਸੁਣਿਆ ਨਹੀਂ?"

"ਸੁਣਿਆ ਤਾਂ ਹੈ, ਬਾਹਰਲਾ ਬੂਹਾ ਖੁਲ੍ਹਣ ਦੀ 'ਵਾਜ ਆਈ ਸੀ ਸ਼ਾਇਦ।"

"ਕੋਲਚਾ, ਕੋਲਚਾ ਆਇਐ!" ਨਾਨੀ ਨੇ ਪੂਰੇ ਵਿਸ਼ਵਾਸ ਨਾਲ ਇਸ ਗੱਲ ਦੀ ਪੁਸ਼ਟੀ ਕੀਤੀ ਅਤੇ ਆਪਣੀ ਘੱਗਰੀ ਨਾਲ ਸਰ-ਸਰ ਕਰਦਿਆਂ ਆਖਿਆ, "ਮੈਂ ਤਾਂ ਕੱਲ੍ਹ ਰਾਤੀਂ ਸਮਝ ਗਈ ਸਾਂ...ਇਹ ਸਭ ਸ਼ਾਰਿਕ ਦੀ ਮੇਹਰ ਏ! ਸਾਡੇ ਤਾਂ ਭਾਗ ਖੁਲ੍ਹ ਗਏ ਨੇ, ਸ਼ਾਰਿਕ ਸਾਡਾ ਰਖਵਾਲਾ ਦੂਤ ਸਾਡੇ ਘਰ 'ਚ ਪ੍ਰਗਟ ਹੋਇਆ ਏ...

ਜਦੋਂ ਮੈਂ ਅਤੇ ਨਾਨਾ ਬਾਹਰ ਨਿਕਲੇ ਤਾਂ ਵੇਖਿਆ ਕਿ ਨਾਨੀ ਕੋਲਚਾ-ਛੋਟੂ ਦਾ ਮੱਥਾ ਚੁੰਮ-ਚੁੰਮ ਉਸਨੂੰ ਆਪਣੇ ਗਲ ਨਾਲ ਲਾ ਰਹੀ ਸੀ, ਰੋਂਦੀ-ਕੁਰਲਾਉਂਦੀ ਉਸਨੂੰ ਕੁਝ ਸਮਝਾ ਰਹੀ ਸੀ ਅਤੇ ਮੋਢਿਆਂ ਤੋਂ ਬੋਰਾ ਲਾਹੁਣ ਵਿਚ ਉਸਦੀ ਮਦਦ ਕਰ ਰਹੀ ਸੀ।

"ਬੱਲੇ ਓਇ ਵੀਤੇਂਕਾ! ਜੀਊਂਦਾ ਰਹੇਂ!.." ਕੋਲਚਾ-ਛੋਟੂ ਮੇਰੇ ਵੱਲ ਵਧਿਆ, ਉਸਨੇ ਮੈਨੂੰ ਆਪਣੀਆਂ ਬਾਹਵਾਂ ਵਿਚ ਚੁੱਕ ਲਿਆ ਅਤੇ ਵਧੀ ਹੋਈ ਦਾੜ੍ਹੀ ਵਾਲੀ ਗੱਲ੍ਹ ਨਾਲ ਘੁੱਟ ਕੇ ਲਾ ਲਿਆ। "ਕੋਈ ਮਸਲਾ ਨਹੀਂ! ਕੋਈ ਮੁਸੀਬਤ ਨਹੀਂ! ਮੈਂ ਤੇਰੇ ਲਈ ਮਿੱਠੀ ਚੀਜੀ ਲਿਆਇਆਂ! .."

ਬੁਰਾ ਵਕਤ ਜ਼ਰੂਰ ਆਉਂਦਾ ਹੈ ਪਰ ਉਹ ਵੀ ਨਿਕਲ ਜਾਂਦਾ ਹੈ। ਅਸੀਂ ਬਸੰਤ ਅਤੇ ਫਸਲ ਦਾ ਮੌਸਮ ਆਉਣ ਤੱਕ ਔਖੇ-ਸੌਖੇ ਹੋ ਕੇ ਆਪਣਾ ਬੁਰਾ ਵਕਤ ਕੱਟ ਲਿਆ ਸੀ, ਪਰ ਸਾਨੂੰ ਆਪਣੀ ਸਿਲਾਈ-ਮਸ਼ੀਨ ਤੋਂ ਹੱਥ ਧੋਣੇ ਪੈ ਗਏ ਸਨ। ਮਸ਼ੀਨ ਦੇ ਵੱਟੇ ਸਾਨੂੰ ਆਲੂਆਂ ਦੀ ਇਕ ਬੋਰੀ ਮਿਲ ਗਈ ਸੀ। ਅਸੀਂ ਆਪਣੇ ਜੀਵਨ ਵਿਚ ਪਹਿਲੀ ਵਾਰ ਆਲੂਆਂ ਨੂੰ ਚੀਰ ਕੇ ਇਨ੍ਹਾਂ ਦੇ  ਦੋ-ਦੋ, ਚਾਰ-ਚਾਰ ਟੁਕੜੇ ਕਰਕੇ ਖੇਤ ਵਿਚ ਬੀਜ ਦਿੱਤੇ। ਸਾਡੇ ਪਿੰਡ ਵਾਲਿਆਂ ਨੂੰ

ਆਲੂ ਦੀ ਚੰਗੀ ਫਸਲ ਹੋਣ ਦੀ ਕੋਈ ਖਾਸ ਉਮੀਦ ਨਹੀਂ ਸੀ। ਉਸ ਸਾਲ ਬਹੁਤ ਸਾਰੀਆਂ ਘਟਨਾਵਾਂ ਪਹਿਲੀ ਵਾਰ ਹੋਈਆਂ ਸਨ। ਜਦੋਂ ਸਾਡੇ ਘਰੋਂ ਸਿਲਾਈ-ਮਸ਼ੀਨ ਨਿਕਲੀ ਤਾਂ ਨਾਨੀ ਵੀ ਬਾਹਰ ਨਿਕਲ ਗਈ ਅਤੇ ਦੁਹੱਥੜਾਂ ਮਾਰਦੀ ਏਦਾਂ ਕੀਰਨੇ ਪਾਉਣ ਲੱਗੀ ਜਿਵੇਂ ਉਸਦਾ ਕੋਈ ਸਕਾ-ਸੋਦਰਾ ਮਰ ਗਿਆ ਹੋਵੇ।

ਨਵੀਂ ਫਸਲ, ਨਵੀਂ ਕਣਕ ਅਤੇ ਸਬਜ਼ੀਆਂ ਦਾ ਮੌਸਮ ਅਜੇ ਬਹੁਤ ਦੂਰ ਸੀ। ਇਹ ਦੂਰੀ ਓਦੋਂ ਖਾਸ ਕਰਕੇ ਬਹੁਤ ਲੰਮੀ ਮਹਿਸੂਸ ਹੁੰਦੀ ਹੈ ਜਦੋਂ ਭੁੱਖਮਰੀ ਦਾ ਇਕ ਮਹੀਨਾ, ਇਥੋਂ ਤੱਕ ਕਿ ਇਕ ਦਿਨ ਵੀ, ਕੱਟਣਾ ਬੜਾ ਔਖਾ ਹੁੰਦਾ ਹੈ। ਓਦੋਂ ਇਕ ਦਿਨ ਵੀ ਪਹਾੜ ਜਿੱਡਾ ਵੱਡਾ ਹੁੰਦਾ ਹੈ। ਫਿਰ ਵੀ ਜੀਣਾ ਪਹਿਲਾਂ ਨਾਲੋਂ ਕੁਝ ਸੌਖਾਲਾ ਹੋ ਗਿਆ ਸੀ।

ਕੋਲਚਾ-ਛੋਟੂ ਸਾਂਝੇ ਫਾਰਮ ਵਿਚ ਕੰਮ ਕਰਨ ਲੱਗ ਪਿਆ ਅਤੇ ਉਸਨੇ ਦੂਜਾ ਵਿਆਹ ਕਰ ਲਿਆ। ਉਸਦੀ ਉਜਲੇ ਵਾਲਾਂ ਵਾਲੀ ਨਵੀਂ ਵਹੁਟੀ ਨਿਊਰਾ ਬੜੀ ਫੁਰਤੀਲੀ ਅਤੇ ਹੱਸਮੁਖ ਸੀ। ਉਹ ਮੈਨੂੰ ਬੜੀ ਚੰਗੀ ਲਗਦੀ ਸੀ ਅਤੇ ਉਸ ਨਾਲ ਮੇਰੀ ਦੋਸਤੀ ਹੋ ਗਈ ਸੀ। ਪਰ ਨਾਨੀ ਦੀ ਉਸ ਨਾਲ ਨਹੀਂ ਬਣਦੀ ਸੀ। ਨਾਨੀ ਨੇ ਕੋਲਚੇ ਵਾਸਤੇ ਪਹਿਲਾਂ ਹੀ ਇਕ ਬੜੀ ਸੁਣੱਖੀ, ਸੁਡੌਲ ਅਤੇ ਨੇਕ ਸੁਭਾਅ ਵਾਲੀ ਕੁੜੀ ਵੇਖੀ ਹੋਈ ਸੀ।

ਮੈਂ ਬਾਅਦ ਵਿਚ ਕਈ ਵਾਰ ਵੇਖਿਆ ਕਿ ਦਬੰਗ ਲੋਕਾਂ ਨੂੰ ਨਰਮ ਸੁਭਾਅ ਵਾਲੇ ਲੋਕ ਪਸੰਦ ਨਹੀਂ ਹੁੰਦੇ। ਪਰ ਹੁਣ ਉਹ ਦੌਰ ਲੰਘ ਚੁੱਕਾ ਸੀ ਜਦੋਂ ਜਵਾਨ ਲੋਕ ਆਪਣੀ ਮਨ-ਮਰਜ਼ੀ ਨਾਲ ਵਿਆਹ ਨਹੀਂ ਕਰ ਸਕਦੇ ਸਨ ਅਤੇ ਉਨ੍ਹਾਂ ਦੇ ਵੱਡੇ- ਵੱਡੇਰੇ ਹੀ ਉਨ੍ਹਾਂ ਦਾ ਵਿਆਹ ਕਰਨ ਦਾ ਫੈਸਲਾ ਕਰਦੇ ਹੁੰਦੇ ਸਨ। ਨਾਨੀ ਨੂੰ ਇਸ ਗੱਲ ਦਾ ਬੜਾ ਦੁੱਖ ਸੀ। ਸ਼ਹਿਰ ਸਾਡੇ ਪਿੰਡ ਤੋਂ ਸਿਰਫ ਵੀਹ ਕੁ ਕਿਲੋਮੀਟਰ ਦੂਰ ਸੀ। ਭਾਵੇਂ ਸਾਡੇ ਪਿੰਡ ਅਤੇ ਸ਼ਹਿਰ ਦੇ ਦਰਮਿਆਨ ਉੱਚੇ ਪਹਾੜ, ਚੱਟਾਨਾਂ ਅਤੇ ਦੱਰੇ ਮੌਜੂਦ ਸਨ, ਫਿਰ ਵੀ ਸ਼ਹਿਰ ਵੱਲੋਂ ਆਉਂਦੀਆਂ ਰੱਬੋਂ-ਨਾਬਰ ਹਵਾਵਾਂ ਸਾਡੇ ਪਿੰਡ ਤਕ ਵੀ ਪਹੁੰਚ ਜਾਂਦੀਆਂ ਸਨ ਜਿਨ੍ਹਾਂ ਨੇ ਸਾਡੇ ਜੀਵਨ ਵਿਚ ਸਭ ਕੁਝ ਉਲਟਾ-ਪੁਲਟਾ ਕਰ ਛੱਡਿਆ ਸੀ।

ਨਾਨੀ ਇਨ੍ਹਾਂ ਹਵਾਵਾਂ ਨੂੰ ਸਰਾਪ ਦੇਂਦੀ ਅਤੇ ਲੋਕਾਂ ਮੂਹਰੇ ਭਵਿਖਬਾਣੀ ਕਰਦੀ ਕਿ ਪੂਰੀ ਧਰਤੀ ਉੱਤੇ ਅਕਾਲ ਪਵੇਗਾ, ਮਹਾਮਾਰੀ ਫੈਲ ਜਾਵੇਗੀ ਅਤੇ ਅਸਮਾਨ ਵਿਚ ਲੋਹ-ਪਰਿੰਦੇ ਤੇ ਅਗਨ-ਨਾਗ ਉੱਡਣਗੇ। ਸਾਰੀ ਧਰਤੀ ਉੱਤੇ ਸੀਤ ਲਹਿਰ ਚੱਲੇਗੀ ਅਤੇ ਹਰ ਥਾਂ ਬਰਫ਼ ਜੰਮ ਜਾਏਗੀ। ਆਪਣੀ ਭਵਿਖਬਾਣੀ ਲਈ ਉਹ ਕਿਸੇ ਲਿਖਤ ਦਾ ਹਵਾਲਾ ਦੇਂਦੀ ਪਰ ਨਾਨੀ ਨੇ ਇਹ ਲਿਖਤ ਕਦੀ ਵੀ ਪੜ੍ਹੀ ਨਹੀਂ ਸੀ ਕਿਉਂਕਿ ਉਹ ਤਾਂ ਕੋਰੀ ਅਨਪੜ੍ਹ ਸੀ।

ਅਕਾਲ ਪੈ ਗਿਆ ਸੀ। ਮਹਾਮਾਰੀ ਬੇਸ਼ੱਕ ਓਨੀ ਪ੍ਰਚੰਡ ਨਹੀਂ ਸੀ ਪਰ ਉਹ ਵੀ ਸ਼ੁਰੂ ਹੋ ਗਈ ਸੀ। ਲੋਹ-ਪਰਿੰਦੇ, ਯਾਨੀ ਹਵਾਈ ਜਹਾਜ਼ ਪਹਾੜਾਂ ਉੱਤੇ ਮੰਡਰਾਉਣ ਲੱਗ ਪਏ ਸਨ। ਇਹ ਸਾਰਾ ਕੁਝ ਉਸ ਲਿਖਤ ਦੇ ਅਨੁਸਾਰ ਹੀ ਹੋ ਰਿਹਾ ਸੀ ਜਿਸਦਾ ਜ਼ਿਕਰ ਨਾਨੀ ਕਰਦੀ ਹੁੰਦੀ ਸੀ। ਇਨ੍ਹਾਂ ਡਰਾਉਣੀਆਂ ਭਵਿਖਬਾਣੀਆਂ ਦੇ ਸਹਿਮ ਸਦਕਾ, ਜਦੋਂ ਵੀ ਮੈਂ ਕਿਸੇ ਹਵਾਈ ਜਹਾਜ਼ ਨੂੰ ਪਿੰਡ ਉਤੋਂ ਉਡਦੇ ਵੇਖਦਾ, ਦੌੜ ਕੇ ਜਾਂ ਤਾਂ ਕਿਸੇ ਛੱਜੇ ਹੇਠ ਜਾ ਛੁਪਦਾ, ਜਾਂ ਅੰਗੀਠੀ ਉੱਤੇ ਚੜ੍ਹ ਬਹਿੰਦਾ। ਲੋਹ-ਪਰਿੰਦਿਆਂ ਤੋਂ ਪਿੰਡ ਦੀਆਂ ਬਿਰਧ ਔਰਤਾਂ, ਮੈਂ ਅਤੇ ਮੇਰੇ ਵਰਗੇ ਦੂਸਰੇ ਡਰਪੋਕ ਬੱਚੇ ਵੀ ਬੜਾ ਘਬਰਾਉਂਦੇ ਸਨ। ਪਰ ਲੇਵੋਂਤੀ ਮਾਮੇ ਦੇ ਦਬੰਗ ਮੁੰਡੇ ਕਿਸੇ ਵੀ ਚੀਜ਼ ਤੋਂ ਨਹੀਂ ਡਰਦੇ ਸਨ। ਜਦੋਂ ਪਿੰਡ ਦੇ ਉੱਪਰ ਕੋਈ ਹਵਾਈ ਜਹਾਜ਼ ਉੱਡਦਾ ਸੀ ਤਾਂ ਉਹ

ਆਪਣੀਆਂ ਨੰਗ-ਧੜੰਗੀਆਂ ਢੂੰਗੀਆਂ ਭੁੜਕਾਉਂਦੇ ਗਲੀ ਵਿਚ ਆ ਕੇ ਰੌਲਾ ਪਾਉਣ ਲੱਗਦੇ ਸਨ:

ਹਵਾਈ ਜਹਾਜਾ ਹੇਠਾਂ ਆ!
ਸਾਨੂੰ ਆਪਣੀ ਝੋਲੀ ਪਾ!
ਝੋਲੀ ਤੇਰੀ ਖਾਲੀ ਆ
ਗੋਭੀ ਉੱਗਣ ਵਾਲੀ ਆ!

ਸਾਡੀ ਗਾਂ ਨੇ ਇੱਕ ਵੱਛੀ ਨੂੰ ਸੁੱਖੀਂ-ਸਾਂਦੀ ਜਨਮ ਦਿੱਤਾ ਸੀ। ਕੋਲਚਾ-ਛੋਟੂ ਅਤੇ ਨਿਊਰਾ ਖੇਤ ਵਿਚ ਬੀਜਾਈ ਦੇ ਕੰਮ ਉੱਤੇ ਲੱਗ ਗਏ ਜਿਸਦੇ ਵੱਟੇ ਉਨ੍ਹਾਂ ਨੂੰ ਥੋੜ੍ਹਾ ਜਿਹਾ ਅਨਾਜ ਮਿਲ ਜਾਂਦਾ ਸੀ। ਅਗੁਸਤਾ ਮਾਸੀ ਦਰਿਆ ਵਿਚ ਗੇਲੀਆਂ ਵਹਾਉਣ ਵਾਲੇ ਪੱਤਣ ਉੱਤੇ ਚਲੀ ਗਈ ਸੀ ਜਿੱਥੇ ਉਸਨੂੰ ਚੰਗਾ ਕੰਮ ਕਰਨ ਦੇ ਬਦਲੇ ਕੁਝ ਵਾਧੂ ਰਾਸ਼ਣ ਦੇ ਦਿੱਤਾ ਜਾਂਦਾ ਸੀ। ਉਹ ਥੋੜ੍ਹਾ-ਬਹੁਤਾ ਖਾਣਾ ਬਚਾ ਕੇ ਹਰ ਦੂਸਰੇ-ਤੀਸਰੇ ਦਿਨ ਕੰਟੀਨ ਵਿਚੋਂ ਕੁਝ ਦਲੀਆ ਸਾਡੇ ਘਰ ਵੀ ਭੇਜ ਦਿੰਦੀ ਸੀ।

ਵਾਨਿਆ ਮਾਸੜ ਅਗੁਸਤਾ ਨਾਲ ਮਿਲ ਕੇ ਗੇਲੀਆਂ ਦਰਿਆ ਵਿਚ ਰੇੜ੍ਹਨ ਦੇ ਕੰਮ ਉੱਤੇ ਲੱਗ ਗਿਆ ਸੀ। ਕੇਸ਼ਾ ਭੱਜਾ-ਭੱਜਾ ਉੱਥੇ ਜਾਂਦਾ ਅਤੇ ਕੁਝ ਭੋਜਨ ਲੈ ਆਉਂਦਾ। ਉਹ ਦੌੜ ਕੇ ਉਸ ਪਹਾੜ ਉੱਤੇ ਚੜ੍ਹ ਜਾਂਦਾ ਸੀ ਜਿਸ ਉੱਤੇ ਮੈਂ ਵੀ ਇਕ ਵਾਰੀ ਨਵੀਂ ਪੈਂਟ ਪਾ ਕੇ ਚੜ੍ਹਿਆ ਸਾਂ। ਰਾਹ ਵਿਚੋਂ ਲੰਘਦਿਆਂ ਉਹ ਸਾਨੂੰ ਵੀ ਦਲੀਆ ਫੜਾ ਜਾਂਦਾ ਸੀ।

ਏਸ ਇਲਾਕੇ ਵਿਚ ਦਰਿਆ ਦੇ ਨੇੜੇ ਰਹਿਣ ਵਾਲਾ ਹਰ ਅਣਖੀ ਮੂਲ ਨਿਵਾਸੀ, ਉਮਰ ਭਾਵੇਂ ਉਹਦੀ ਕੋਈ ਵੀ ਹੋਵੇ, ਰਾਹੇ ਰਾਹੇ ਤੁਰਨ ਦੀ ਬਜਾਏ ਦਰਿਆ 'ਚ ਰੁੜ੍ਹਦੀਆਂ ਗੇਲੀਆਂ ਉੱਤੇ ਚੜ੍ਹ ਕੇ ਜਾਵੇਗਾ, ਕਿਉਂਕਿ ਉਹਦੀ ਧਾਰਨਾ ਹੈ ਕਿ ਮੁਸੀਬਤ ਤੁਹਾਨੂੰ ਉੱਪਰ ਵੱਲ ਖੜਦੀ ਹੈ, ਤੇ ਪਾਣੀ ਹੇਠਾਂ ਵੱਲ। ਗਰਮੀਆਂ ਵਿਚ ਸਾਡੇ ਸਾਰੇ ਪਿੰਡ-ਨਿਵਾਸੀ ਕੁੰਡੀਆਂ ਜਾਂ ਤਾਰਾਂ ਨਾਲ ਦੋ-ਦੋ, ਤਿੰਨ-ਤਿੰਨ ਜਾਂ ਫਿਰ ਚਾਰ-ਚਾਰ ਗੇਲੀਆਂ ਜੋੜਕੇ ਬੇੜੇ ਬਣਾ ਲੈਂਦੇ ਸਨ ਅਤੇ ਇਨ੍ਹਾਂ ਉੱਤੇ ਚੜ੍ਹ ਕੇ ਦਰਿਆ ਵਿਚ ਠਿੱਲ ਪੈਂਦੇ ਸਨ। ਆਮ ਤੌਰ ਉੱਤੇ ਦੋ-ਦੋ ਗੇਲੀਆਂ ਦੇ ਬੇੜੇ ਹੀ ਬਣਾਏ ਜਾਂਦੇ ਸਨ। ਚਾਰ ਗੇਲੀਆਂ ਜੋੜਨਾ ਤਾਂ ਬੜੀ ਐਸ਼ ਵਾਲੀ ਗੱਲ ਸਮਝੀ ਜਾਂਦੀ ਸੀ। ਬਾਹਰੋਂ ਆਉਣ ਵਾਲੇ ਲੋਕ ਤਾਂ ਜਦੋਂ ਕਿਸੇ ਬੰਦੇ ਨੂੰ ਦੋਂਹ ਗੇਲੀਆਂ ਵਾਲੇ ਬੇੜੇ ਉੱਤੇ ਚੜ੍ਹ ਕੇ ਤੂਫਾਨੀ ਦਰਿਆ ਵਿਚ ਤਰਦਿਆਂ ਵੇਖਦੇ ਤਾਂ ਉਨ੍ਹਾਂ ਦੇ ਸੋਤਰ ਸੁੱਕ ਜਾਂਦੇ ਸਨ। ਇਸ ਤਰ੍ਹਾਂ ਵੀ ਹੁੰਦਾ ਸੀ ਕਿ ਜਦੋਂ ਕੁਝ ਲੋਕ ਅਜਿਹੇ ਬੰਦੇ ਨੂੰ ਬਚਾਉਣ ਲਈ ਦਰਿਆ ਵਿਚ ਕੁੱਦ ਪੈਂਦੇ ਤਾਂ ਕਦੀ ਕਦੀ ਉਹ ਬੌਂਦਲੇ ਹੋਏ ਖਾਲੀ ਹੱਥ ਹੀ ਵਾਪਸ ਮੁੜ ਆਉਂਦੇ ਸਨ।

ਕੇਸ਼ਾ ਪੱਤਣ ਤੋਂ ਆਪਣੇ ਬਾਪੂ ਅਤੇ ਅਗੁਸਤਾ ਦੇ ਹਿੱਸੇ ਦਾ ਰਾਸ਼ਣ ਲੈ ਕੇ ਦੋ ਗੇਲੀਆਂ ਬੰਨ੍ਹਦਾ ਅਤੇ ਆਪਣਾ ਬੇੜਾ ਬਣਾ ਕੇ ਇਸ ਉੱਤੇ ਪਤੀਲਾ ਟਿਕਾ ਲੈਂਦਾ ਸੀ ਜਿਸ ਵਿਚ ਮੱਛੀ ਦਾ ਸ਼ੋਰਬਾ ਹੁੰਦਾ ਸੀ। ਕੇਸ਼ਾ ਇਸ ਵਿਚ ਕੁਝ ਦਲੀਆ ਅਤੇ ਡਬਲਰੋਟੀ ਦਾ ਇਕ ਮੋਟਾ ਜਿਹਾ ਟੁਕੜਾ ਵੀ ਪਾ ਲੈਂਦਾ ਸੀ। ਫਿਰ ਉਹ ਇਕ ਹਲਕਾ ਜਿਹਾ ਫੱਟਾ ਲੈ ਕੇ ਅਤੇ ਉਸਦਾ ਚੱਪੂ ਬਣਾ ਲੈਂਦਾ ਅਤੇ ਆਪਣੇ ਪਿੰਡ ਦਾ ਰੁਖ਼ ਕਰਦਾ ਜਿੱਥੇ ਮੈਂ, ਮੇਰੀ ਨਾਨੀ ਅਤੇ ਸ਼ਾਰਿਕ ਉਸਦੀ ਉਡੀਕ ਕਰ ਰਹੇ ਹੁੰਦੇ ਸਾਂ। ਕੇਸ਼ਾ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਲੋਕ ਪੱਤਣ ਤੋਂ ਖਾਣਾ ਲੈਣ ਜਾਂਦੇ ਸਨ ਜਿਸ ਕਾਰਨ ਉੱਥੇ ਕੁੰਡੀਆਂ ਅਤੇ ਤਾਰਾਂ ਦੀ ਮਾਤਰਾ ਬਹੁਤ ਘਟ ਗਈ ਸੀ।

ਇਕ ਵਾਰੀ ਕੇਸ਼ਾ ਨੇ ਰੱਸੀ ਨਾਲ ਹੀ ਦੋ ਗੇਲੀਆਂ ਜੋੜ ਲਈਆਂ ਅਤੇ ਦਰਿਆ ਵਿਚ ਠਿੱਲ ਪਿਆ। ਸ਼ੁਰੂ ਵਿਚ ਤਾਂ ਉਸਦਾ ਬੇੜਾ ਠੀਕ-ਠਾਕ ਤਰਦਾ ਰਿਹਾ ਅਤੇ ਉਹ ਇਰਕੁਤਸਕ ਦੇਸ ਵਿਚ ਨਾਲੇਕੋ ਵਾਲਾ ਗੀਤ ਵੀ ਗਾ ਰਿਹਾ ਸੀ। ਦਰਿਆ ਵਿਚ ਪੈਂਦੀਆਂ ਛੱਲਾਂ ਅਤੇ ਤਰਦੀਆਂ ਲੱਕੜਾਂ ਨਾਲ ਟਕਰਾਉਂਦਾ ਹੋਇਆ ਉਹ ਅੱਗੇ ਵਧਦਾ ਜਾ ਰਿਹਾ ਸੀ। ਪਰ ਅੱਗੇ ਜਾ ਕੇ ਪਾਣੀ ਦਾ ਤੇਜ਼ ਵਹਾਅ ਉਸਨੂੰ ਮਾਂਸਕੀ ਚੱਟਾਨ ਵੱਲ ਖਿੱਚ ਕੇ ਲੈ ਗਿਆ। ਇਹ ਚੱਟਾਨ ਦਰਿਆ ਦੇ ਅੰਦਰ ਵੱਲ ਵਧੀ ਹੋਈ ਸੀ ਅਤੇ ਪਾਣੀ ਇਸਦੇ ਪਥਰੀਲੇ ਕੋਨੇ ਨਾਲ ਟਕਰਾ ਕੇ ਖੱਡ ਵਿਚ ਜਾ ਡਿਗਦਾ ਸੀ ਅਤੇ ਘੁੰਮਣਘੇਰੀਆਂ ਪਾਉਂਦਾ, ਝੱਗ ਉਡਾਉਂਦਾ ਭੂਰੀ ਚੱਟਾਨ ਦੇ ਹੇਠਾਂ ਦੌੜਦਾ ਹੋਇਆ ਉੱਛਲ ਕੇ ਬਾਹਰ ਨਿਕਲ ਆਉਂਦਾ ਸੀ।

ਕੇਸ਼ਾ ਪਹਿਲਾਂ ਵੀ ਕਈ ਵਾਰ ਤਰਦਾ ਹੋਇਆ ਮਾਂਸਕੀ ਚੱਟਾਨ ਦੇ ਹੇਠੋਂ ਲੰਘਿਆ ਸੀ, ਉਹ ਕਿਸੇ ਵੀ ਖ਼ਤਰੇ ਤੋਂ ਡਰਦਾ ਨਹੀਂ ਸੀ। ਜਦੋਂ ਉਹ ਚੱਟਾਨ ਦੇ ਹੇਠੋਂ ਦੀ ਲੰਘ ਰਿਹਾ ਹੁੰਦਾ, ਉਹ ਹੋਰ ਉੱਚੀ ਉੱਚੀ ਗੀਤ ਗਾਉਂਦਾ ਤਾਂ ਜੋ ਉਸਦੀ ਆਵਾਜ਼ ਪੂਰੇ ਜਲੌਂ ਨਾਲ ਗੂੰਜੇ। ਪਰ ਇਸ ਵਾਰੀ ਅਚਿੰਤੇ ਹੀ ਮੁਸੀਬਤ ਨੇ ਉਸਨੂੰ ਆਣ ਘੇਰਿਆ। ਉਸਦਾ ਫੱਟੇ-ਨੁਮਾ ਚੱਪੂ ਟੁੱਟ ਗਿਆ ਸੀ। ਚੱਪੂ ਦੇ ਇਕ ਟੁਕੜੇ ਨਾਲ ਉਹ ਆਪਣੇ ਬੇੜੇ ਉੱਤੇ ਕਾਬੂ ਨਾ ਰੱਖ ਸਕਿਆ ਅਤੇ ਖੱਡ ਵਿਚ ਵਹਿ ਗਿਆ। ਚੱਟਾਨ ਨਾਲ ਵੱਜ ਕੇ ਰੱਸੀ ਟੁੱਟ ਗਈ ਅਤੇ ਇੱਕ ਗੇਲੀ ਅਲੱਗ ਹੋ ਕੇ ਰੁੜ੍ਹ ਗਈ। ਹੁਣ ਕੇਸ਼ਾ ਇੱਕੋ ਗੇਲੀ ਉੱਤੇ ਬੈਠਾ ਸੀ। ਇਸ ਖ਼ਤਰਨਾਕ ਪਲ ਵੀ ਕੇਸ਼ਾ ਨੂੰ ਬੇੜੇ ਦੀ ਜਾਂ ਆਪਣੀ ਜਾਨ ਦੀ ਓਨੀ ਪਰਵਾਹ ਨਹੀਂ ਸੀ ਜਿੰਨੀ ਰਾਸ਼ਣ ਵਾਲੇ ਪਤੀਲੇ ਨੂੰ ਸੰਭਾਲ ਕੇ ਰੱਖਣ ਦੀ ਚਿੰਤਾ ਸੀ। ਦਰਿਆ ਵਿਚ ਡਿੱਗਣ ਤੋਂ ਬਚਣ ਅਤੇ ਗੇਲੀ ਨੂੰ ਕਾਬੂ ਵਿਚ ਰੱਖਣ ਲਈ ਕੇਸ਼ਾ ਨੇ ਆਪਣੀਆਂ ਲੱਤਾਂ ਇਸਦੇ ਦੁਪਾਸੀਂ ਪਾਣੀ ਵਿਚ ਡਬੋ ਦਿੱਤੀਆਂ ਜਿਵੇਂ ਕੋਈ ਘੋੜੇ ਉੱਤੇ ਚੜ੍ਹਿਆ ਹੋਵੇ। ਪਾਣੀ ਦਾ ਤੇਜ਼ ਵਹਾਅ ਉਸਨੂੰ ਖਿੱਚੀ ਜਾ ਰਿਹਾ ਸੀ ਅਤੇ ਉਸਦੀ ਗੇਲੀ ਨੂੰ ਭੁਆਂਟਣੀਆਂ ਦੇਈ ਜਾ ਰਿਹਾ ਸੀ। ਕੇਸ਼ਾ ਦਾ ਮੂੰਹ ਕਦੇ ਅੱਗੇ ਵੱਲ ਅਤੇ ਕਦੇ ਪਿੱਛੇ ਵੱਲ ਹੋ ਜਾਂਦਾ ਸੀ। ਹੁਣ ਉਸਨੇ ਆਪਣੇ ਹੱਥਾਂ ਵਿਚ ਪਤੀਲਾ ਘੁੱਟ ਕੇ ਫੜ੍ਹਿਆ ਹੋਇਆ ਸੀ ਅਤੇ ਗੇਲੀ ਨੂੰ ਸਿੱਧੀ ਰੱਖਣ ਲਈ ਇਸਨੂੰ ਆਪਣੀਆਂ ਲੱਤਾਂ ਵਿਚ ਜਕੜਿਆ ਹੋਇਆ ਸੀ।

ਮੈਂ, ਨਾਨੀ ਅਤੇ ਸ਼ਾਰਿਕ ਦਰਿਆ ਦੇ ਕੰਢੇ ਬੈਠੇ ਰਾਸ਼ਣ ਉਡੀਕ ਰਹੇ ਸਾਂ। ਮੈਂ ਪਾਣੀ ਵਿਚ ਗੀਟੇ ਸੁੱਟੀ ਜਾ ਰਿਹਾ ਸਾਂ ਅਤੇ ਨਾਨੀ ਪਤਾ ਨਹੀਂ ਕਿਹੜੀਆਂ ਸੋਚਾਂ ਵਿਚ ਡੁੱਬੀ ਹੋਈ ਸੀ। ਸ਼ਾਰਿਕ ਉਸਨੂੰ ਬੜੇ ਪਿਆਰ ਨਾਲ ਨਿਹਾਰ ਰਿਹਾ ਸੀ ਅਤੇ ਆਪਣੀ ਪੂਛਲ ਪਟਕ-ਪਟਕ ਕੇ ਗੀਟਿਆਂ ਨੂੰ ਤੰਗ ਕਰ ਰਿਹਾ ਸੀ।

ਸਾਨੂੰ ਦੂਰ ਦਰਿਆ ਵਿਚ ਵਹਿੰਦੇ ਇਕ ਬੇੜੇ ਉੱਤੇ ਕੋਈ ਆਦਮੀ ਦਿਸਿਆ। ਆਦਮੀ ਨੂੰ ਆਪਣੇ ਨਾਲ ਵਹਾ ਕੇ ਲਈ ਜਾਂਦਾ ਇਹ ਬੇੜਾ ਭੁਆਂਟਣੀਆਂ ਖਾਂਦਾ ਕਦੇ ਅੱਗੇ ਅਤੇ ਕਦੇ ਪਿੱਛੇ ਮੁੜਦਾ। ਆਦਮੀ ਦੇ ਹੱਥ ਵਿਚ ਕੋਈ ਚੱਪੂ ਨਹੀਂ ਸੀ ਅਤੇ ਉਸਦਾ ਸਰੀਰ ਬੇਜਾਨ ਜਿਹਾ ਲੱਗਦਾ ਸੀ। ਨਾਨੀ ਨੇ ਵੇਖਿਆ ਅਤੇ ਉਹ ਬੁਰਾ-ਭਲਾ ਕਹਿਣ ਲੱਗੀ:

"ਫੇਰ ਕੋਈ ਸਿਰਲੱਥਾ ਲੱਕੜੀ ਤੇ ਚੜ੍ਹ ਕੇ ਤਰਨ ਦਾ ਪੰਗਾ ਲੈਂਦਾ ਪਿਆ ਈ! ਨਿਖਸਮਾਂ ਸ਼ਰਾਰਤੀ! ਇਹੋ ਜਿਹੇ ਡੁੱਬ-ਮਰ ਜਾਂਦੇ ਨੇ, ਫਿਰ ਵੀ ਬਾਅਜ ਨਹੀਂ ਆਉਂਦੇ!..."

ਮੇਰੀ ਨਜ਼ਰ ਤੇਜ਼ ਸੀ। ਮੈਂ ਵੇਖਿਆ ਕਿ ਇਹ ਤਾਂ ਸਾਡਾ ਆਪਣਾ ਕੇਸ਼ਾ ਦੁਰਘਟਨਾ ਦਾ ਸ਼ਿਕਾਰ ਹੋ ਰਿਹਾ ਸੀ। ਪਰ ਮੈਨੂੰ ਅਹੁੜਦਾ ਨਹੀਂ ਸੀ ਕਿ ਮੈਂ ਆਪਣੀ ਨਾਨੀ ਨੂੰ ਇਹ ਗੱਲ ਕਿਵੇਂ

ਦੱਸਾਂ। ਉਹ ਐਵੇਂ ਚੰਗਾ-ਮੰਦਾ ਬੋਲੀ ਜਾ ਰਹੀ ਸੀ। ਉਹ ਖੁਦ ਵੀ ਤਾਂ ਬੇੜੇ ਦੀ ਸਵਾਰੀ ਕਰਦੀ ਹੁੰਦੀ ਸੀ। ਉਹ ਆਪਣਾ ਬੋਰਾ ਬੇੜੇ ਉੱਤੇ ਟਿਕਾਉਂਦੀ, ਚੂਨਾ ਬਣਾਉਣ ਵਾਲੇ ਕਾਰਖਾਨੇ ਵੱਲ ਮੂੰਹ ਕਰਕੇ ਸਲੀਬ ਦਾ ਨਿਸ਼ਾਨ ਬਣਾਉਂਦੀ ਜਿਸ ਪਾਸਿਓਂ ਸਵੇਰੇ ਸੂਰਜ ਚੜ੍ਹਦਾ ਸੀ, ਅਤੇ ਕਹਿੰਦੀ:

"ਸੁਹਣਿਆ, ਲਾ ਧੱਕਾ। ਰੱਬ ਮੇਹਰ ਕਰੇ!" ਮੈਂ ਬੇੜੇ ਨੂੰ ਧੱਕਾ ਲਾਉਂਦਾ ਅਤੇ ਨਾਨੀ ਸ਼ਹਿਰ ਵੱਲ ਠਿੱਲ੍ਹ ਪੈਂਦੀ। ਜਦੋਂ ਵੀ ਕੋਈ ਕਿਸ਼ਤੀ ਜਾਂ ਸਟੀਮਰ ਉਸਦੇ ਲਾਗੋਂ ਦੀ ਲੰਘਦਾ ਤਾਂ ਉਹ ਆਪਣਾ ਚੱਪੂ ਲਹਿਰਾਉਂਦੀ ਹੋਈ ਚੀਕ ਕੇ ਕਹਿੰਦੀ: "ਹੌਲੀ ਹੌਲ਼ੀ ਚਲਾਓ! ਹੌਲੀ ਹੌਲੀ!" ਉਸਨੂੰ ਇਹ ਡਰ ਰਹਿੰਦਾ ਸੀ ਕਿ ਛੱਲਾਂ ਦੇ ਥਪੇੜੇ ਵੱਜਣ ਨਾਲ ਉਹ ਬੇੜੇ ਤੋਂ ਕਿਤੇ ਲਹਿ ਨਾ ਜਾਵੇ।

ਨਾਨੀ ਨੇ ਪਹਿਲਾਂ ਨਾਲੋਂ ਵੀ ਵੱਧ ਕਠੋਰਤਾ ਨਾਲ ਦਰਿਆ ਵੱਲ ਵੇਖਿਆ। ਮੇਰਾ ਭਰਾ ਕੰਢੇ ਦੇ ਨੇੜੇ ਆਉਂਦਾ ਜਾ ਰਿਹਾ ਸੀ।

"ਦੁਖੀ ਕਰ ਛਡਿਆ ਸੂ!" ਨਾਨੀ ਨੇ ਲੰਮਾ ਸਾਹ ਖਿੱਚਿਆ ਅਤੇ ਉਸਦੀਆਂ ਲੱਤਾਂ ਲਿਫ ਗਈਆਂ। "ਹੈਂ, ਇਹ ਤਾਂ ਸਾਡਾ ਕੇਸ਼ਾ ਲੱਗਦਾ ਏ। ਇਹ ਰੁੜ੍ਹ-ਜਾਣਾ ਇੱਕੋ ਗੇਲੀ 'ਤੇ ਕਿਉਂ ਬੈਠਾ?...

ਓਧਰੋਂ ਕੇਸ਼ਾ ਕੂਕਿਆ: "ਮੇਰਾ ਚੱਪੂ ਤੇ ਰੱਸੀ ਟੁੱਟ ਗਏ-ਏ-ਏ!...ਬਚਾਓ, ਬਚਾਓ। ਨਹੀਂ ਤਾਂ ਰਾਸ਼ਣ ਰੁੜ੍ਹ ਜਾਊਗਾ..."

ਅਸੀਂ ਦਰਿਆ ਦੇ ਕੰਢੇ ਲਾਗੇ ਕਿਸੇ ਬੇੜੀ ਨੂੰ ਧੱਕਾ ਦੇ ਕੇ ਪਾਣੀ ਵਿਚ ਠੇਲ੍ਹ ਦਿੱਤਾ ਅਤੇ ਪਿੰਡ ਤਕ ਪਹੁੰਚਦਿਆਂ-ਪਹੁੰਚਦਿਆਂ ਕੇਸ਼ਾ ਨੂੰ ਬਚਾ ਲਿਆ। ਅਸੀਂ ਉਸਦੀਆਂ ਆਕੜੀਆਂ ਉਂਗਲਾਂ ਬੜੀ ਮੁਸ਼ਕਿਲ ਨਾਲ ਖੋਲ੍ਹੀਆਂ ਜਿਨ੍ਹਾਂ ਨਾਲ ਉਸਨੇ ਪਤੀਲੇ ਦੀਆਂ ਕੁੰਡੀਆਂ ਫੜੀਆਂ ਹੋਈਆਂ ਸਨ। ਨਾਨੀ ਹੱਸਦਿਆਂ-ਹੱਸਦਿਆਂ ਝਿੜਕਾਂ ਦਿੰਦੀ ਰਹੀ ਅਤੇ ਕੇਸ਼ਾ ਅੰਗੀਠੀ ਵਾਲੇ ਥੜ੍ਹੇ ਉੱਤੇ ਬੈਠਾ ਨੱਕ ਸੁੜਕਦਾ ਰਿਹਾ। ਨਾਨੀ ਨੇ ਕੇਸ਼ਾ ਦੀ ਚੰਗੀ ਸਾਂਭ-ਸੰਭਾਲ ਕੀਤੀ ਅਤੇ ਉਹ ਠੀਕ ਹੋ ਗਿਆ। ਹੁਣ ਜਦੋਂ ਨਾਨੀ ਨੇ ਕੇਸ਼ਾ ਨੂੰ ਸ਼ੈਤਾਨ, ਯਾਨੀ ਮਾਸੜ ਵਾਨਿਆ ਦੇ ਹਵਾਲੇ ਕੀਤਾ ਤਾਂ ਉਸਨੂੰ ਇਹ ਸਖ਼ਤ ਹਿਦਾਇਤ ਕੀਤੀ ਕਿ ਉਹ ਆਪ ਲੁਹਾਰਖਾਨੇ ਵਿਚ ਕੁੰਡੀਆਂ ਚੰਡੇ ਅਤੇ ਗੇਲੀਆਂ ਜੋੜ ਕੇ ਕੇਸ਼ਾ ਲਈ ਬੇੜਾ ਬਣਾਵੇ, ਨਹੀਂ ਤਾਂ ਇਹ ਫਿਰਤੂ ਮੁੰਡਾ ਰਾਸ਼ਨ ਵੀ ਡੋਬ ਦੇਵੇਗਾ ਅਤੇ ਆਪ ਵੀ ਡੁਬ ਮਰੇਗਾ।

ਯੇਨੀਸੇਈ ਦਰਿਆ ਦਾ ਪਾਣੀ ਉਤਰ ਗਿਆ ਸੀ। ਪੈਲੀਆਂ ਵਿਚ ਬਿੱਛੂ-ਬੂਟੀਆਂ, ਖੱਟੀ ਪਾਲਕ, ਜੰਗਲੀ ਮੂਲੀਆਂ, ਬਾਥੂ ਅਤੇ ਹੋਰ ਕਈ ਤਰ੍ਹਾਂ ਦੀਆਂ ਬੂਟੀਆਂ ਉੱਗ ਪਈਆਂ ਸਨ। ਗਿਰਜਾਘਰ ਨੂੰ ਬੇਕਰੀ ਵਿਚ ਬਦਲ ਕੇ ਉੱਥੇ ਇੱਟਾਂ ਦੀ ਸ਼ਕਲ ਦੀਆਂ ਡਬਲ-ਰੋਟੀਆਂ ਪਕਾਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਸੀ ਅਤੇ ਹੁਣ ਹਰ ਲੋੜਵੰਦ ਇਨਸਾਨ ਨੂੰ ਥੋੜ੍ਹੀ-ਬਹੁਤੀ ਰੋਟੀ ਮਿਲਣ ਲੱਗ ਪਈ ਸੀ। ਪਰ ਮੇਰੀ ਨਾਨੀ ਵਿਰਲਾਪ ਕਰਦੀ ਸਰਾਪ ਦਿੰਦੀ ਰਹਿੰਦੀ, ਅਖੇ: ਇਹਨਾਂ ਨੇ ਰੱਬ ਦੇ ਘਰ ਦੀ ਬੇਅਦਬੀ ਤਾਂ ਕੀਤੀ ਏ, ਪਰ ਨਾਲ ਹੀ ਜਨਾਨੀਆਂ ਵੀ ਹੁਣ ਚੁੱਲ੍ਹੇ ਉੱਤੇ ਰੋਟੀਆਂ ਨਹੀਂ ਪਕਾਉਂਦੀਆਂ। ਜਨਾਨੀਆਂ ਕੋਲੋਂ ਚੁਲ੍ਹਾ ਖੋਹ ਕੇ ਉਨ੍ਹਾਂ ਨੂੰ ਬੇਕਾਰ ਬਣਾ ਦਿੱਤਾ ਗਿਆ ਏ। ਕੀ ਉਨ੍ਹਾਂ ਦੀ ਹੁਣ ਕੋਈ ਲੋੜ ਨਹੀਂ ਰਹੀ? ਉਹ ਐਸੀ ਰੋਟੀ ਨੂੰ ਹੱਥ ਵੀ ਨਹੀਂ ਲਾਏਗੀ ਜਿਸਦੀ ਸ਼ਕਲ ਇੱਟ ਵਰਗੀ ਹੋਵੇ ਅਤੇ ਜਿਸ ਵਿਚੋਂ ਰੋਟੀ ਪਕਾਉਣ ਵਾਲੀ ਮਸ਼ੀਨ

ਦੀ ਬੋ ਆਉਂਦੀ ਹੋਵੇ, ਇਹ ਤਾਂ ਰੋਟੀ ਵਰਗੀ ਹੈ ਹੀ ਨਹੀਂ।

"ਤੂੰ ਬਹੁਤੀ ਸਨਕੀ ਨਾ ਬਣ, ਵਹਿਮਾਂ ਭਰਮਾਂ ਨੂੰ ਛੱਡ ਦੇ," ਨਾਨੇ ਨੇ ਨਾਨੀ ਨੂੰ ਸਮਝਾਇਆ, "ਪਤਾ ਈ, ਕਿੰਨਾ ਚਿਰ ਹੋ ਗਿਆ ਸਾਨੂੰ ਰੋਟੀ ਦਾ ਟੁਕੜਾ ਨਸੀਬ ਹੋਏ ਨੂੰ?"

ਨਾਨੀ ਨੇ ਵੀ ਉਸੇ ਵੇਲੇ ਨਾਨੇ ਨੂੰ ਕਰਾਰਾ ਜਵਾਬ ਦਿੱਤਾ ਅਤੇ ਉਸਨੂੰ ਰੱਬੋਂ-ਨਾਬਰ, ਜ਼ਹਿਰੀਲਾ ਉੱਡਣਾ ਸੱਪ ਅਤੇ 'ਕਮਿਊਨਿਸਟ' ਵਰਗੇ ਨਾਵਾਂ ਨਾਲ ਨਿਵਾਜਿਆ। ਉਸਨੇ ਇਹ ਮੇਹਣਾ ਵੀ ਮਾਰਿਆ ਕਿ ਉਹ ਰੋਟੀ ਖਾਣ ਤੋਂ ਪਹਿਲਾਂ ਜਦੋਂ ਸਲੀਬ ਦਾ ਨਿਸ਼ਾਨ ਬਣਾਉਂਦਾ ਸੀ ਤਾਂ ਇਹ ਉਸਦਾ ਨਿਰਾ ਪਖੰਡ ਸੀ। ਉਹ ਡਰਦਾ ਸੀ ਕਿ ਬੁਰਕੀ ਕਿਤੇ ਸੰਘ ਵਿਚ ਹੀ ਨਾ ਫਸ ਜਾਵੇ। ਉਹ ਓਦੋਂ ਵੀ ਪਖੰਡ ਹੀ ਕਰਦਾ ਸੀ ਜਦੋਂ ਫਸਲ ਬੀਜਣ ਅਤੇ ਫਸਲ ਵੱਢਣ ਤੋਂ ਪਹਿਲਾਂ ਉਹ ਸਲੀਬ ਦਾ ਨਿਸ਼ਾਨ ਬਣਾਉਂਦਾ ਸੀ ਤਾਂ ਜੋ ਰੱਬ ਭਰਵੀਂ ਦੇਵੇ। ਇਸ ਲਈ ਉਹ ਤਾਂ ਸਰਕਾਰੀ ਅੰਨ ਖਾ ਸਕਦਾ ਸੀ ਪਰ ਨਾਨੀ ਕਿਸੇ ਵੀ ਹਾਲਤ ਵਿਚ ਇਹ ਰੋਟੀ ਨਹੀਂ ਖਾਵੇਗੀ।

"ਠੀਕ ਏ, ਨਹੀਂ ਖਾਣੀ ਤਾਂ ਨਾ ਖਾਹ!" ਨਾਨਾ ਮੁਸਕੜੀਏਂ ਹੱਸਿਆ, "ਬੁੱਢੜੀ ਤਿੰਨ ਸਾਲ ਪੂਰੀ ਦੁਨੀਆ ਨਾਲ ਲੜਦੀ ਰਹੀ, ਪਰ ਦੁਨੀਆ ਨੂੰ ਇਹਦੀ ਕੋਈ ਖ਼ਬਰ ਨਹੀਂ ਸੀ।"

ਨਾਨੀ ਨੇ ਇਸ ਤਰ੍ਹਾਂ ਜ਼ਾਹਰ ਕੀਤਾ ਜਿਵੇਂ ਉਸਨੇ ਨਾਨੇ ਦੀਆਂ ਟਿੱਚਰਾਂ ਸੁਣੀਆਂ ਹੀ ਨਾ ਹੋਣ। ਪਰ ਬਹੁਤਾ ਚਿਰ ਨਹੀਂ ਲੱਗਾ ਕਿ ਜਦੋਂ ਹੌਲੀ-ਹੌਲੀ ਨਾਨੀ ਵੀ ਇੱਟ ਵਰਗੀ ਡਬਲਰੋਟੀ ਨਾਲੋਂ ਬੁਰਕੀਆਂ ਤੋੜ-ਤੋੜ ਕੇ ਚਬਾਉਣ ਲੱਗ ਪਈ ਸੀ ਅਤੇ ਫਿਰ ਕਿਸੇ ਨੂੰ ਵੀ ਪਤਾ ਨਾ ਲੱਗਾ ਕਿ ਕਦੋਂ ਉਹ ਇਸੇ ਤਰ੍ਹਾਂ ਦੀ ਰੋਟੀ ਖਾਣੀ ਗਿੱਝ ਗਈ ਸੀ। ਉਹ ਤਾਂ ਇਹ ਵੀ ਕਹਿਣ ਲੱਗ ਪਈ ਸੀ ਕਿ: "ਅੰਨ ਤਾਂ ਰੱਬ ਦਾ ਦਿੱਤਾ ਹੁੰਦੈ, ਤੇ ਇਹ ਰੋਟੀ ਵੀ ਤਾਂ ਪਵਿੱਤਰ ਥਾਂ 'ਤੇ ਪਕਾਈ ਗਈ ਏ, ਇਸ ਲਈ ਹਰ ਤਰ੍ਹਾਂ ਦਾ ਭੋਜ ਰੱਬ ਹੀ ਦੇਂਦੈ..."

ਸ਼ਾਰਿਕ, ਜਿਸਨੂੰ ਨਾਨੀ ਮਜ਼ਾਕ ਨਾਲ ਰਖਵਾਲਾ ਦੂਤ ਆਖਦੀ ਹੁੰਦੀ ਸੀ, ਉਸਦੀ ਹਰ ਗੱਲ ਬੜੇ ਧਿਆਨ ਨਾਲ ਸੁਣਦਾ ਅਤੇ ਅਪਣੀ ਸਹਿਮਤੀ ਜਤਾਉਣ ਲਈ ਜ਼ਮੀਨ ਉੱਤੇ ਆਪਣੀ ਪੂਛਲ ਪਟਕਦਾ, ਮਾਨੋ ਕਹਿ ਰਿਹਾ ਹੁੰਦਾ: "ਸੰਪੂਰਨ ਸੱਚ! ਸੰਪੂਰਨ ਤੋਂ ਵੀ ਸੰਪੂਰਨ ਸੱਚ!..." ਸ਼ਾਰਿਕ ਅਤੇ ਨਾਨੀ ਦੇ ਦਰਮਿਆਨ ਲੁਕਣਮੀਟੀ ਲਗਾਤਾਰ ਹੁੰਦੀ ਰਹਿੰਦੀ ਸੀ ਜਿਸ ਵਿਚ ਜਿੱਤ ਅਕਸਰ ਸ਼ਾਰਿਕ ਦੀ ਹੀ ਹੁੰਦੀ। ਸ਼ਾਰਿਕ ਦੀ ਜ਼ਿੰਦਗੀ ਦਾ ਮੁੱਖ ਟੀਚਾ ਘਰ ਦੇ ਅੰਦਰ ਵੜ ਕੇ ਬਿੱਲੀ ਵਾਸਤੇ ਕੌਲੀ ਵਿਚ ਪਾਇਆ ਦੁੱਧ ਪੀ ਜਾਣਾ ਅਤੇ ਗੁਸਲਖਾਨੇ ਲਾਗੇ ਰੱਖੇ ਝਾੜੂ ਉੱਤੇ ਪਿਸ਼ਾਬ ਕਰ ਦੇਣਾ ਹੁੰਦਾ ਸੀ।

ਸ਼ਾਰਿਕ ਜਦੋਂ ਵੱਡਾ ਹੋ ਰਿਹਾ ਸੀ ਤਾਂ ਹਰ ਕੋਈ ਉਸ ਨੂੰ ਪੁੱਠੇ-ਸਿੱਧੇ ਨਾਵਾਂ ਨਾਲ ਬੁਲਾਉਂਦਾ, ਜਦੋਂ ਦਿਲ ਕਰੇ ਉਸਨੂੰ ਦਬਾਉਂਦਾ ਅਤੇ ਉਸਦਾ ਢਿੱਡ ਸਹਿਲਾਉਂਦਾ। ਸ਼ਾਰਿਕ ਹਰ ਲੰਘਦੇ ਬੰਦੇ ਅੱਗੇ ਆਪਣੇ ਪੰਜੇ ਉੱਚੇ ਕਰਕੇ ਪਿੱਠ ਦੇ ਭਾਰ ਬੈਠ ਜਾਂਦਾ। ਕੋਈ ਵੀ ਐਸਾ ਬੰਦਾ ਨਹੀਂ ਸੀ ਜਿਹੜਾ ਸ਼ਾਰਿਕ ਵੱਲ ਤਵੱਜੋ ਨਾ ਦਿੰਦਾ ਅਤੇ ਉਸਦੇ ਰੱਜੇ ਅਤੇ ਮਿੱਟੀ ਨਾਲ ਲਿਬੜੇ ਢਿੱਡ ਉੱਤੇ ਹੱਥ ਨਾ ਫੇਰਦਾ।

"ਮਰ ਪਰ੍ਹਾਂ!" ਸਾਰੇ ਹੀ ਸ਼ਾਰਿਕ ਨੂੰ ਦਬਕੇ ਮਾਰਦੇ, "ਤੂੰ ਕਿੰਨਾ ਘਟੀਆ ਏਂ! ਕਿੰਨਾ ਵਿਗੜਿਆ ਹੋਇਆ ਜਨੌਰ ਏਂ!"

ਸ਼ਾਰਿਕ ਨੂੰ ਬੜਾ ਮਜ਼ਾ ਆਉਂਦਾ ਅਤੇ ਉਹ ਅੱਖਾਂ ਬੰਦ ਕਰਕੇ ਪੂਰੀ ਮੌਜ ਨਾਲ ਆਪਣੀ ਜੀਭ ਦੀ ਲਾਲ ਨੋਕ ਬੂਥੀਓਂ ਬਾਹਰ ਕਢਦਾ ਅਤੇ ਪਿਛਲੇ ਪੰਜੇ ਹਿਲਾਉਂਦਾ। ਮੈਨੂੰ ਨਹੀਂ

ਲੱਗਦਾ ਕਿ ਉਹ ਲੋਕਾਂ ਦੀਆਂ ਗੱਲਾਂ ਸਮਝਦਾ ਸੀ ਪਰ ਉਸਨੇ ਇਕ ਗੱਲ ਪੱਕੀ ਪੱਲੇ ਬੰਨ੍ਹ ਲਈ ਸੀ ਕਿ ਭੋਲੀਆਂ ਹਰਕਤਾਂ ਕਰਨ ਦਾ ਉਸਨੂੰ ਫਾਇਦਾ ਹੀ ਫਾਇਦਾ ਸੀ। ਇਸ ਤਰ੍ਹਾਂ ਕਰਨ ਨਾਲ ਇਸ ਦੁਨੀਆਂ ਵਿਚ ਜੀਊਣਾ ਸੌਖਾਲਾ ਹੋ ਸਕਦਾ ਹੈ।

ਪਰ ਸਾਡੇ ਵਰਗੇ ਪਿੰਡ ਵਿਚ ਸਿਰਫ਼ ਭੋਲੇ ਬਣਨ ਨਾਲ ਕੰਮ ਨਹੀਂ ਸਰ ਸਕਦਾ ਸੀ, ਸਾਵਧਾਨੀ ਵਰਤਣ ਦੀ ਵੀ ਲੋੜ ਹੁੰਦੀ ਸੀ। ਸ਼ਾਰਿਕ ਨੂੰ ਸਾਵਧਾਨੀ ਵਰਤਣ ਦਾ ਵੱਲ ਅਜੇ ਨਹੀਂ ਆਇਆ ਸੀ। ਸਾਡੇ ਪਿੰਡ ਵਿਚ ਜਿਸ ਆਦਮੀ ਦੇ ਕੋਲ ਕੁੱਤਿਆਂ ਦੀ ਹੇੜ ਨਾ ਹੁੰਦੀ ਉਸਨੂੰ ਸ਼ਿਕਾਰੀ ਜਾਂ ਘਰ ਦਾ ਮਾਲਕ ਨਹੀਂ ਸੀ ਮੰਨਿਆ ਜਾਂਦਾ। ਅਤੇ ਕੁੱਤੇ ਵੀ ਕਿਸ ਨਸਲ ਦੇ! ਜਦੋਂ ਅਕਾਲ ਪਿਆ ਸੀ ਤਾਂ ਸਾਡੇ ਪਿੰਡ ਵਿਚ ਕੁੱਤਿਆਂ ਦੀਆਂ ਹੇੜਾਂ ਘਟ ਗਈਆਂ ਸਨ, ਪਰ ਜਿਉਂ ਹੀ ਲੋਕਾਂ ਨੂੰ ਖਾਣ-ਪੀਣ ਦੀਆਂ ਚੀਜ਼ਾਂ ਮਿਲਣ ਲੱਗ ਪਈਆਂ ਤਾਂ ਵਿਹੜਿਆਂ ਵਿਚ ਕੁੱਤੇ ਮੁੜ ਭੌਂਕਣ ਲੱਗੇ ਅਤੇ ਉਹ ਪਿੰਡ ਦੀਆਂ ਗਲੀਆਂ ਵਿਚ ਅਵਾਰਾਗਰਦੀ ਕਰਨ ਲੱਗ ਪਏ ਸਨ। ਸਾਡੇ ਪਿੰਡ ਵਿਚ ਸਾਰਿਆਂ ਕੋਲ ਲਾਈਕਾ ਨਸਲ ਦੇ ਕੁੱਤੇ ਰੱਖੇ ਹੁੰਦੇ ਸਨ ਜਿਹੜੇ ਇਨਸਾਨਾਂ ਉੱਤੇ ਤਾਂ ਹਮਲਾ ਨਹੀਂ ਕਰਦੇ ਪਰ ਆਪਸ ਵਿਚ ਲਗਾਤਾਰ ਗੁਥਮ-ਗੁੱਥਾ ਹੁੰਦੇ ਰਹਿੰਦੇ ਹਨ।

ਪਿੰਡ ਦੇ ਕੁੱਤੇ ਸ਼ਾਰਿਕ ਨੂੰ ਇਕ ਅਲੌਕਾਰ ਜਾਨਵਰ ਸਮਝਦੇ ਸਨ ਅਤੇ ਉਹ ਸਾਡੇ ਬਾਹਰਲੇ ਬੂਹੇ ਅੱਗੇ ਬੈਠੇ ਇਸ ਜਾਨਵਰ ਉੱਤੇ ਲਗਾਤਾਰ ਆਪਣੀ ਨਜ਼ਰ ਰੱਖਦੇ ਸਨ ਤਾਂ ਜੋ ਮੌਕਾ ਮਿਲਦਿਆਂ ਹੀ ਇਸਦੀਆਂ ਬੋਟੀਆਂ-ਬੋਟੀਆਂ ਕਰ ਦਿੱਤੀਆਂ ਜਾਣ। ਤਿੰਨ-ਚਾਰ ਕੁੱਤਿਆਂ ਦੀਆਂ ਬੂਥਣੀਆਂ ਹਰ ਵੇਲੇ ਬੂਹੇ ਦੀ ਹੇਠਲੀ ਵਿੱਥ ਵਿਚ ਫਸੀਆਂ ਰਹਿੰਦੀਆਂ ਸਨ। ਕੁੱਤੇ ਹਵਾ ਨੂੰ ਸੁੰਘਦੇ, ਭੌਂਕਦੇ ਅਤੇ ਆਪਣੇ ਜਬਾੜੇ ਟੱਡ ਲੈਂਦੇ। ਇਕ ਦਿਨ ਸ਼ਾਰਿਕ ਬੜੀ ਮਸਤੀ ਵਿਚ ਆਇਆ ਹੋਇਆ ਆਪਣੀ ਪੂਛਲ ਹਿਲਾਉਂਦਾ ਢਿੱਡ ਦੇ ਭਾਰ ਰਿੜ੍ਹਦਾ ਬਾਹਰਲੇ ਬੂਹੇ ਵੱਲ ਵਧਣ ਲੱਗਾ ਤਾਂਜੋ ਕੁੱਤਿਆਂ ਦੀ ਬਰਾਦਰੀ ਨਾਲ ਜਾਣ-ਪਛਾਣ ਕੀਤੀ ਜਾ ਸਕੇ ਅਤੇ ਕਿਸੇ ਚੰਗੇ ਕੁੱਤੇ ਨਾਲ ਦੋਸਤੀ ਗੰਢੀ ਜਾ ਸਕੇ ਜਾਂ ਕਿਸੇ ਨੂੰ ਆਪਣਾ ਸਾਥੀ ਬਣਾਇਆ ਜਾ ਸਕੇ।

ਖੈਰ, ਸ਼ਾਰਿਕ ਦੀਆਂ ਇਨ੍ਹਾਂ ਕੋਸ਼ਿਸ਼ਾਂ ਦਾ ਅੰਜਾਮ ਬੁਰਾ ਹੋਇਆ। ਇਕ ਵਾਰ ਸਾਡੇ ਬੂਹੇ ਅੱਗੇ ਕੁੱਤਿਆਂ ਨੇ ਭਿਆਨਕ ਚੀਕ-ਚਿਹਾੜਾ ਪਾਇਆ ਹੋਇਆ ਸੀ।

"ਇਹਨਾਂ ਨੇ ਤਾਂ ਮੇਰੀ ਮੱਤ ਮਾਰ ਰੱਖੀ ਆ," ਨਾਨੀ ਚੀਕਦੀ ਹੋਈ ਘਰੋਂ ਬਾਹਰ ਭੱਜੀ, "ਸ਼ਾਰਿਕ ਉੱਤੇ ਕੁੱਤੇ ਆਣ ਟੁੱਟੇ ਨੇ। ਕੁੱਤੀੜ ਦਾ ਬੇੜਾ ਗ਼ਰਕ, ਰੱਬ ਦੀ ਮਾਰ ਪਏ ਤੁਹਾਨੂੰ, ਖੁਰਕ-ਖਾਧੇ ਬਘਿਆੜੋ!"

ਸ਼ਾਰਿਕ ਨੂੰ ਬੂਹੇ ਬਾਹਰੋਂ ਚੁੱਕ ਕੇ ਵਿਹੜੇ ਵਿਚ ਲਿਆਂਦਾ ਗਿਆ। ਸਾਹਸਤ-ਹੀਣ ਸ਼ਾਰਿਕ ਮਸਾਂ ਹੀ ਚੂੰਅ-ਚੂੰਅ ਕਰ ਰਿਹਾ ਸੀ। ਨਾਨੀ ਨੇ ਵਿਚਾਰੇ ਕਤੂਰੇ ਦੇ ਜ਼ਖਮਾਂ ਉੱਤੇ ਆਟੇ ਅਤੇ ਜੜੀ-ਬੂਟੀਆਂ ਦਾ ਲੇਪ ਕਰਕੇ ਉਸਨੂੰ ਪੁਰਾਣੇ ਉਵਰਕੋਟ ਨਾਲ ਢੱਕ ਦਿੱਤਾ। ਬੀਮਾਰ ਸ਼ਾਰਿਕ ਨੂੰ ਕੁਝ ਦਿਨ ਅੰਗੀਠੀ ਵਾਲੇ ਨਿੱਘੇ ਥੜ੍ਹੇ ਉੱਤੇ ਹੀ ਚੁੱਪ-ਚਪੀਤਿਆਂ ਕੱਟਣੇ ਪਏ।

"ਮੈਂ ਤੈਨੂੰ ਆਖਿਆ ਨਹੀਂ ਸੀ? ਮੈਂ ਤੈਨੂੰ ਸਮਝਾਇਆ ਨਹੀਂ ਸੀ?" ਨਾਨੀ ਨੇ ਸ਼ਾਰਿਕ ਨੂੰ ਝਿੜਕਿਆ।

"ਮੈਂ ਆਂਹਦੀ ਰਹੀ, ਫਾਟਕ ਵੱਲ ਨਾ ਜਾਹ, ਨਾ ਜਾਹ! ਤੂੰ ਮੇਰੀ ਇਕ ਵੀ ਸੁਣੀ? ਤੂੰ ਮੇਰੀ ਇਕ ਵੀ ਮੰਨੀ?"

ਸ਼ਾਰਿਕ ਨੇ ਆਪਣੀ ਪੂਛਲ ਮਾੜੀ ਜਿਹੀ ਹਿਲਾਈ ਜਿਵੇਂ ਕਹਿ ਰਿਹਾ ਹੋਵੇ: 'ਗ਼ਲਤੀ ਹੋ ਗਈ। ਮੈਂ ਤਾਂ ਉਨ੍ਹਾਂ ਨਾਲ ਸਾਂਝ ਪਾਉਣੀ ਚਾਹੁੰਦਾ ਸਾਂ। ਵੇਖੋ ਨਾ, ਲੋਕ ਵੀ ਤਾਂ ਸਾਂਝੇ ਫਾਰਮ ਵਿਚ ਭਿਆਲੀ ਪਾ ਰਹੇ ਨੇ...'

ਜਦੋਂ ਸ਼ਾਰਿਕ ਬੀਮਾਰ ਸੀ, ਓਦੋਂ ਹੀ ਉਸਨੂੰ ਚੋਰੀ-ਛਿਪੇ ਬਿੱਲੀ ਦਾ ਦੁੱਧ ਪੀਣ ਅਤੇ ਝਾੜੂ ਕੋਲ ਪਿਸ਼ਾਬ ਕਰਨ ਦੀ ਆਦਤ ਪੈ ਗਈ ਸੀ। ਨਾਨੀ ਦੇ ਚੌਕਸ ਰਹਿਣ ਅਤੇ ਕਰੜੀ ਨਜ਼ਰ ਰੱਖਣ ਦੇ ਬਾਵਜੂਦ ਸ਼ਾਰਿਕ ਮੌਕਾ ਤਾੜ ਕੇ ਆਪਣਾ ਕੰਮ ਸਾਰ ਹੀ ਲੈਂਦਾ ਸੀ।

"ਮੈਨੂੰ ਤੇਰੇ 'ਤੇ ਨਜ਼ਰ ਰੱਖਣੀ ਪਊ! ਮੈਂ ਤੇਰੀਆਂ ਸਾਰੀਆਂ ਕਰਤੂਤਾਂ ਦੀ ਖ਼ਬਰ ਲਊਂ!" ਨਾਨੀ ਨੇ ਧਮਕੀ ਦਿੱਤੀ। ਕਹਿਣਾ ਚਾਹੀਦਾ ਹੈ ਕਿ ਲਗਾਤਾਰ ਕੋਸ਼ਿਸ਼ਾਂ ਦੀ ਬਦੌਲਤ ਉਹ ਆਪਣਾ ਮਕਸਦ ਹਾਸਲ ਕਰਨ ਵਿਚ ਕਾਮਯਾਬ ਰਹੀ ਸੀ।

ਸ਼ਾਰਿਕ ਰਸੋਈ ਦੇ ਮੇਜ਼ ਦੇ ਹੇਠੋਂ ਨਿਕਲਦਾ ਹੈ, ਅੰਗੜਾਈ ਲੈਂਦਾ ਹੈ। ਨਾਨੀ ਸ਼ੋਰਬੇ ਵਿਚ ਪਾਉਣ ਲਈ ਪਿਆਜ਼ ਕੱਟ ਰਹੀ ਹੈ ਅਤੇ ਕੁੱਤੇ ਵੱਲ ਉਸਦਾ ਕੋਈ ਧਿਆਨ ਨਹੀਂ ਹੈ। ਸ਼ਾਰਿਕ ਬਿੱਲੀ ਦੀ ਕੌਲੀ ਵੱਲ ਜਾਂਦਾ ਹੈ ਅਤੇ ਉਸ ਵਿਚ ਭਰਿਆ ਸਾਰਾ ਦੁੱਧ ਚੱਟਮ ਕਰ ਜਾਂਦਾ ਹੈ। ਸ਼ਾਰਿਕ ਮਰਤਬਾਨ ਨਾਲ ਖਹਿਸਰ ਕੇ ਗੁਸਲਖਾਨੇ ਵੱਲ ਅੱਗੇ ਵੱਧਦਾ ਹੈ। ਨਾਨੀ ਪਿਆਜ਼ ਕੱਟ ਰਹੀ ਹੈ ਪਰ ਉਹ ਪੂਰੀ ਤਰ੍ਹਾਂ ਚੌਕਸ ਹੈ। ਸ਼ਾਰਿਕ ਝਾੜੂ ਨੂੰ ਸੁੰਘ ਕੇ ਗੁਸਲਖਾਨੇ ਤੋਂ ਦੂਰ ਚਲਿਆ ਜਾਂਦਾ ਹੈ, ਫਿਰ ਕੁਝ ਸੋਚ ਕੇ ਰਸੋਈ ਵਿਚ ਆ ਜਾਂਦਾ ਹੈ ਅਤੇ ਢਿੱਡ ਦੇ ਭਾਰ ਨਿੱਸਲ ਹੋ ਜਾਂਦਾ ਹੈ। ਥੋੜ੍ਹਾ ਚਿਰ ਲੇਟਣ ਮਗਰੋਂ ਉਹ ਉੱਠ ਪੈਂਦਾ ਹੈ ਅਤੇ ਝਾੜੂ ਦਾ ਰੁਖ਼ ਕਰਦਾ ਹੈ। ਨਾਨੀ ਇਕਦਮ ਪਿੱਛੇ ਮੁੜਦੀ ਹੈ। ਉਸ ਦੇ ਚਿਹਰੇ ਉੱਤੇ ਗੁੱਸੇ ਅਤੇ ਜਿੱਤ ਦੀ ਖੁਸ਼ੀ ਦਾ ਪਰਛਾਵਾਂ ਦਿਸਦਾ ਹੈ। ਸ਼ਾਰਿਕ ਮਾਸੂਮ ਜਿਹੀ ਬੂਥੀ ਬਣਾ ਕੇ ਝਾੜੂ ਨੂੰ ਸੁੰਘਦਾ ਹੈ। ਫਿਰ ਉਹ ਨਾਨੀ ਵੱਲ ਮੁੜ ਆਉਂਦਾ ਹੈ ਅਤੇ ਆਪਣੀ ਪੂਛਲ ਹਿਲਾ ਕੇ ਕਹਿਣਾ ਚਾਹੁੰਦਾ ਹੈ: 'ਇਹ ਵੀ ਕੋਈ ਗੱਲ ਹੋਈ? ਲਓ ਜੀ, ਹੁਣ ਝਾੜੂ ਵੀ ਨਾ ਸੁੰਘੋ!'

"ਹੈ ਨਾ ਸ਼ੈਤਾਨ ਦੀ ਟੂਟੀ? ਹੈ ਨਾ ਪੂਰਾ ਲੁੱਚਾ ਬਦਮਾਸ਼?!" ਨਾਨੀ ਬੇਵਸ ਹੋ ਕੇ ਬੈਂਚ ਉੱਤੇ ਧੜੱਮ ਡਿੱਗ ਪਈ।

ਸ਼ਾਰਿਕ ਨੇ ਪੂਰੇ ਜੋਸ਼ ਨਾਲ ਆਪਣਾ ਪੰਜਾ ਨਾਨੀ ਵੱਲ ਵਧਾਇਆ।

"ਤੈਨੂੰ ਚੁੱਕੇ ਸ਼ੈਤਾਨ!" ਉਸਨੇ ਸ਼ਰਾਰਤੀ ਕਤੂਰੇ ਨੂੰ ਪਰ੍ਹਾਂ ਧੱਕ ਦਿੱਤਾ। "ਤੂੰ ਬੜਾ ਚਲਾਕ ਏਂ, ਬੜਾ ਹੀ ਚਲਾਕ! ਤੇ ਮੈਂ ਵੀ, ਭਲਿਆ ਲੋਕਾ, ਏਨੀ ਬੁੱਧੂ ਨਹੀਂ! ਮੈਨੂੰ ਤੇਰੀਆਂ ਸਾਰੀਆਂ ਕਰਤੂਤਾਂ ਦਾ ਪਤੈ। ਮੈਂ ਤੈਨੂੰ ਸੁੰਘਾਉਂਦੀ ਆਂ ਝਾੜੂ! ..."

ਸ਼ਾਰਿਕ ਇਹ ਸਭ ਕੁਝ ਬੜੇ ਧਿਆਨ ਨਾਲ ਸੁਣ ਰਿਹਾ ਸੀ। ਸੁਣਦਿਆਂ ਸੁਣਦਿਆਂ ਉਸਨੇ ਟੀਨ ਦੀ ਸੁਰਾਹੀ ਉੱਤੇ ਵੀ ਨਜ਼ਰ ਰੱਖੀ ਹੋਈ ਸੀ। ਉਹ ਸੋਚ ਰਿਹਾ ਸੀ: 'ਫਜ਼ੂਲ ਗੱਲਾਂ ਕਰਨ ਦੀ ਥਾਂ ਇਹ ਕੌਲੀ ਵਿਚ ਥੋੜ੍ਹਾ ਜਿਹਾ ਦੁੱਧ ਹੀ ਪਾ ਦਿੰਦੀ।'

"ਲੈ, ਚੱਟ ਲੈ ਦੁੱਧ!"

ਅਗਲੇ ਹੀ ਪਲ ਘਰ ਦਾ ਬੂਹਾ ਖੁੱਲ੍ਹ ਗਿਆ- ਸ਼ਾਰਿਕ ਦੌੜਿਆ, ਉਸਨੇ ਬੂਹੇ ਨੂੰ ਧੱਕਾ ਮਾਰਿਆ ਅਤੇ ਨੌਂ-ਦੋ-ਗਿਆਰਾਂ ਹੋ ਗਿਆ।

"ਤੂੰ ਫਿਰ ਕਰਤਾ ਕਾਰਾ! ਪਾ ਦਿੱਤੈ ਗੰਦ!" ਨਾਨੀ ਗੁਸਲਖਾਨੇ ਵੱਲ ਵੇਖਦਿਆਂ ਚੀਕੀ ਅਤੇ ਕੁੱਤੇ ਦੀ ਭਾਲ ਕਰਨ ਲੱਗੀ। ਉਸਨੇ ਛੱਜੇ ਹੇਠਾਂ ਵੇਖਿਆ, ਦਲਾਨ ਹੇਠਾਂ ਲੱਭਿਆ, ਪਰਦੇ

ਪਿੱਛੇ ਝਾਕਿਆ। ਉਸਦੇ ਹੱਥ ਵਿਚ ਸੋਟੀ ਸੀ। ਬੇਸ਼ੱਕ ਉਸਨੂੰ ਡਾਢਾ ਗੁੱਸਾ ਚੜ੍ਹਿਆ ਹੋਇਆ ਸੀ, ਪਰ ਉਸਨੇ ਆਪਣੀ ਆਵਾਜ਼ ਨਰਮ ਕੀਤੀ ਅਤੇ ਸ਼ਾਰਿਕ ਨੂੰ ਪੁਚਕਾਰਿਆ:

"ਸ਼ਾਰਿਕਾ, ਸ਼ਾਰਿਕਾ ! ਆ ਮੇਰੇ ਕੋਲ, ਮੈਂ ਤੈਨੂੰ ਦੁਧੁ ਦਵਾਂਗੀ, ਆ ਮੇਰਾ ਨਿੱਕਾ ਜਿਹਾ, ਭੋਲਾ ਜਿਹਾ !"

ਪਰ ਸ਼ਾਰਿਕ ਕੋਈ ਬਿੱਲਾ-ਬਲੂੰਗੜਾ ਥੋੜ੍ਹਾ ਸੀ, ਉਸਨੂੰ ਤਾਂ ਜਿਵੇਂ ਜ਼ਮੀਨ ਨਿਗਲ ਗਈ ਹੋਵੇ।

"ਥੂਹ !"ਨਾਨੀ ਨੇ ਥੁੱਕਿਆ ਅਤੇ ਸੋਟੀ ਪਰ੍ਹਾਂ ਵਗਾਹ ਮਾਰੀ, "ਹੁਣ ਤੂੰ ਘਰ ਨਾ ਹੀ ਵੜੇਂ ਤਾਂ ਚੰਗਾ, ਕਮੀਨਿਆ !"

ਸ਼ਾਰਿਕ ਘਰ ਓਦੋਂ ਵਾਪਸ ਆਇਆ ਜਦੋਂ ਨਾਨੀ ਦਾ ਗੁੱਸਾ ਠੰਡਾ ਹੋ ਚੁੱਕਾ ਸੀ। ਉਸਨੇ ਬੜਾ ਨਿਮੋਝੂਣਾ ਹੋ ਕੇ ਆਪਣੇ ਪੰਜੇ ਨਾਲ ਬੂਹਾ ਖੁਰਚਿਆ ਅਤੇ ਚਊਂ-ਚਊਂ ਕੀਤਾ।

"ਹੁਣ ਮੈਂ ਤੈਨੂੰ, ਮਰਜਾਣੇ ਨੂੰ, ਘਰ ਚ ਨਹੀਂ ਵੜਨ ਦਿਆਂਗੀ, ਤੂੰ ਹੁਣ ਅੰਦਰ ਆਉਣ ਦਾ ਹੀਆ ਕਰ ਕੇ ਵੇਖ ਸਹੀ !" ਸ਼ਾਰਿਕ ਚੁੱਪ ਕਰਕੇ ਬੈਠਾ ਰਿਹਾ। ਉਸ ਲਈ ਹੁਣ ਸਭ ਤੋਂ ਵੱਡੀ ਗੱਲ- ਨਾਨੀ ਦੀ ਆਵਾਜ਼ ਸੁਣ ਕੇ ਇਹ ਫੈਸਲਾ ਕਰਨਾ ਸੀ ਕਿ ਉਸਦਾ ਗੁੱਸਾ ਕਿੰਨਾ-ਕੁ ਠੰਡਾ ਹੋਇਆ ਸੀ।

ਨਾਨੀ ਨੇ ਘਰ ਦਾ ਕੰਮ-ਕਾਜ ਨਿਬੇੜ ਕੇ ਖੂੰਡੀ ਫੜੀ ਅਤੇ ਪਿੰਡ ਵਿਚ ਰਹਿੰਦੇ ਆਪਣੇ ਸਕੇ-ਸਬੰਧੀਆਂ ਦਾ ਹਾਲ-ਚਾਲ ਪੁੱਛਣ ਲਈ ਘਰੋਂ ਨਿਕਲ ਗਈ। ਉਹ ਕਿਸੇ ਨੂੰ ਸਮਝਾਉਣੀਆਂ ਦੇਣ, ਕਿਸੇ ਦੇ ਮਾਮਲਿਆਂ ਵਿਚ ਦਖ਼ਲ ਦੇਣ, ਕਿਸੇ ਨੂੰ ਸਲਾਹੁਣ ਤੇ ਕਿਸੇ ਨੂੰ ਕੋਸਣ ਵਾਸਤੇ ਇਸ ਤਰਾਂ ਹੀ ਪੂਰੇ ਪਿੰਡ ਦਾ ਚੱਕਰ ਲਾ ਕੇ ਆਉਂਦੀ ਹੁੰਦੀ ਸੀ। ਕਿਸੇ ਘਰ ਵਿਚ ਤਾਂ ਚੁੱਪ-ਚਾਪ ਉਸਦੀਆਂ ਸਮਝਾਉਣੀਆਂ ਸੁਣ ਲੈਂਦੇ, ਕਿਸੇ ਘਰ ਉਸਨੂੰ ਖ਼ੁਦ ਨੂੰ ਸਲਾਵਤਾਂ ਸੁਣਨੀਆਂ ਪੈਂਦੀਆਂ ਅਤੇ ਕਿਸੇ ਹੋਰ ਟੱਬਰ ਦੇ ਜੀਅ ਨਾਨੀ ਨੂੰ ਵਿਦਾ ਕਰਨ ਮਗਰੋਂ ਉਸਨੂੰ ਜਰਨੈਲ ਕਹਿ ਕੇ ਚੁਟਕੀਆਂ ਲੈਂਦੇ। ਜਦੋਂ ਉਹ ਘਰ ਵਾਪਸ ਆਉਂਦੀ ਤਾਂ ਉਨ੍ਹਾਂ ਲੋਕਾਂ ਨੂੰ, ਜਿਨ੍ਹਾਂ ਨੂੰ ਉਹ ਹੁਣੇ-ਹੁਣੇ ਮਿਲ ਕੇ ਆਈ ਸੀ, ਕੋਸਦੀ ਅਤੇ ਗਾਲ੍ਹਾਂ ਤੱਕ ਕੱਢਦੀ ਥੱਕਦੀ ਨਹੀਂ ਸੀ। ਉਹ ਕਹਿੰਦੀ ਕਿ ਮੈਂ ਹੁਣ ਫਲਾਣੇ-ਫਲਾਣੇ ਦੇ ਘਰ ਰਹਿੰਦੀ ਦੁਨੀਆ ਤੱਕ ਪੈਰ ਵੀ ਨਹੀਂ ਰੱਖਾਂਗੀ, ਫਲਾਣੀ ਧੀ, ਫਲਾਣੇ ਜਵਾਈ ਨੂੰ ਫਿਰ ਕਦੀ ਨਹੀਂ ਮਿਲਾਂਗੀ।

"ਮੁੜ ਆਈ ਏ ਵਾਂਢਿਓਂ !" ਨਾਨੀ ਦੀਆਂ ਐਸੀਆਂ ਗੱਲਾਂ ਸੁਣ ਕੇ ਨਾਨਾ ਬੁੜ-ਬੁੜ ਕਰਦਾ ਹੁੰਦਾ ਸੀ।

ਇਸ ਵਾਰ ਜਦੋਂ ਨਾਨੀ ਘਰੋਂ ਚੱਲੀ ਸੀ ਤਾਂ ਸ਼ਾਰਿਕ ਵੀ ਉਸਦੇ ਪਿੱਛੇ ਹੋ ਤੁਰਿਆ ਸੀ। ਪਿੰਡ ਦੇ ਕੁੱਤੇ ਸ਼ਾਰਿਕ ਨੂੰ ਡਰਾਉਣ-ਧਮਕਾਉਣ ਲਈ ਦੂਰੋਂ ਹੀ ਭੁੱਈਆਂ ਲੈ ਲੈ ਪੈਂਦੇ ਸਨ। ਪਰ ਨਾਨੀ ਨੇ ਆਪਣੇ ਰਖਵਾਲੇ ਦੂਤ ਦਾ ਵਾਲ ਵਿੰਗਾ ਨਹੀਂ ਹੋਣ ਦਿੱਤਾ ਸੀ। ਜੇ ਕੋਈ ਭੁੱਈਆਂ ਲੈਂਦਾ ਕੁੱਤਾ ਫਾਟਕ ਥਾਣੀਂ ਗਲੀ ਵਿਚ ਆ ਨਿਕਲਦਾ ਅਤੇ ਨਾਨੀ ਦੇ ਹੱਥ ਵਿਚ ਖੂੰਡੀ ਹੋਣ ਦੇ ਬਾਵਜੂਦ ਸ਼ਾਰਿਕ ਨੂੰ ਭੰਜੋੜਨ, ਲਿਤਾੜਨ ਦੀ ਕੋਸ਼ਿਸ਼ ਕਰਦਾ ਤਾਂ ਨਾਨੀ ਸ਼ਾਰਿਕ ਨੂੰ ਆਪਣੇ ਕੁੱਛੜ ਚੁੱਕ ਲੈਂਦੀ ਸੀ।

ਸ਼ਾਰਿਕ ਦੇ ਅੰਦਰ ਸ਼ਿਕਾਰ ਕਰਨ ਦਾ ਮੱਚ ਅਜੇ ਮਰਿਆ ਨਹੀਂ ਸੀ। ਉਹ ਕੁੱਕੜੀਆਂ ਦੇ ਨੇੜੇ ਜਾਣ ਦੀਆਂ ਕੋਸ਼ਿਸ਼ਾਂ ਲਗਾਤਾਰ ਕਰਦਾ ਰਹਿੰਦਾ। ਭਾਵੇਂ ਇਕ ਵੀ ਕੁੱਕੜੀ ਉਸਦੇ ਜਬਾੜੇ

ਵਿਚ ਨਹੀਂ ਫਸੀ ਸੀ ਫਿਰ ਵੀ ਉਹ ਕੁੱਕੜੀਆਂ ਨੂੰ ਤੰਗ ਕਰਨੋਂ ਹਟਦਾ ਨਹੀਂ ਸੀ। ਜਦੋਂ ਵਿਹੜੇ ਵਿਚ ਚੂਜ਼ੇ ਘੁੰਮਣ-ਫਿਰਨ ਲੱਗਦੇ ਤਾਂ ਨਾਨੀ ਨੂੰ ਉਨ੍ਹਾਂ ਦਾ ਵੀ ਧਿਆਨ ਰੱਖਣਾ ਪੈਂਦਾ ਸੀ।

ਗਰਮੀਆਂ ਦੇ ਲੰਮੇ ਦਿਨ ਦੀ ਸੰਝ ਪਈ ਸੀ ਅਤੇ ਘਰ ਦੇ ਬੂਹੇ-ਬਾਰੀਆਂ ਸਭ ਖੁਲ੍ਹੇ ਹੋਏ ਸਨ। ਨਾਨਾ ਹਮੇਸ਼ਾ ਵਾਂਗ ਛੱਜੇ ਹੇਠ ਬੈਠਾ ਕੁਝ ਬਣਾ ਰਿਹਾ ਸੀ। ਨਾਨੀ ਚੁਬਾਰੇ ਵਿਚ ਦੇਵ-ਮੂਰਤੀਆਂ ਦੇ ਸਾਹਮਣੇ ਗੋਡਿਆਂ-ਭਾਰ ਬੈਠੀ ਪੂਜਾ-ਪਾਠ ਕਰ ਰਹੀ ਸੀ। ਮੈਨੂੰ ਖਿੜਕੀ ਵਿਚੋਂ ਜੀਰੇਨੀਆ ਦੇ ਪੱਤਿਆਂ ਅਤੇ ਲਾਲ ਫੁੱਲਾਂ ਦੇ ਪਿੱਛੇ ਨਾਨੀ ਦਾ ਸਿਰ ਦਿਸਦਾ ਸੀ ਜਿਹੜਾ ਕਦੀ ਝੁਕਦਾ ਅਤੇ ਫਿਰ ਸਿੱਧਾ ਹੋ ਜਾਂਦਾ ਸੀ।

"ਹੇ, ਜਗਤ-ਮਾਤਾ, ਅੰਤਰਜਾਮੀ ਮਾਂ-ਮਰੀਅਮ, ਮੇਹਰਾਂ ਵਾਲੀ ਮਾਂ, ਮੈਂ ਤੇਰੇ ਸਾਹਮਣੇ ਖਲੋਤੀ ਪਾਪਣ ਹਾਂ, ਅਗਿਆਨੀ ਹਾਂ। ਮੇਰੇ ਮਨ ਦਾ ਹਨੇਰਾ ਦੂਰ ਕਰ, ਮਾਂ। ਸਾਡੇ ਸਿਰਾਂ 'ਤੇ ਮੇਹਰ-ਭਰਿਆ ਹੱਥ ਰੱਖੀਂ...," ਖਿੜਕੀ ਵਿਚੋਂ ਨਾਨੀ ਦਾ ਸਿਰ ਅਕਸਰ ਦਿਸ ਪੈਂਦਾ ਸੀ। ਮੈਂ ਫਰਸ਼ ਉੱਤੇ ਮੱਥਾ ਪਟਕਦੀ ਦੀ ਉਸਦੀ ਆਵਾਜ਼ ਸੁਣ ਸਕਦਾ ਸਾਂ ਜਿਸ ਵਿਚ ਹੰਝੂ ਛਲਕਦੇ ਜਾਪਦੇ ਸਨ। ਮੈਨੂੰ ਇੰਜ ਜਾਪਿਆ ਜਿਵੇਂ ਨਾਨੀ ਇਹ ਜਾਣਦੀ ਸੀ ਕਿ ਨਾਨਾ ਵੀ ਉਸਦੀਆਂ ਗੱਲਾਂ ਸੁਣ ਰਿਹਾ ਸੀ। ਸੋ, ਉਹ ਪ੍ਰਾਰਥਨਾ ਉੱਚੀ ਆਵਾਜ਼ ਵਿਚ ਕਰਨ ਲੱਗ ਪਈ। ਉਹ ਨਾਨੇ ਨੂੰ ਸੁਣਾ-ਸੁਣਾ ਕੇ ਚਿੜਾਉਣਾ ਅਤੇ ਇਹ ਵਿਖਾਉਣਾ ਚਾਹੁੰਦੀ ਸੀ ਕਿ ਉਹ ਰੱਬ ਦੀ ਕਿੱਡੀ ਵੱਡੀ ਭਗਤਣ ਸੀ ਅਤੇ ਉਹ ਕਿੱਡਾ ਵੱਡਾ ਪਾਪੀ ਅਤੇ ਰੱਬੋਂ-ਨਾਬਰ ਸੀ, ਪਰ ਫਿਰ ਵੀ ਉਹ ਏਨੀ ਦਿਆਲੂ ਸੀ ਕਿ ਨਾਨੇ ਦੇ ਪਾਪਾਂ ਦਾ ਵੀ ਪ੍ਰਾਸਚਿਤ ਕਰਦਿਆਂ ਉਹ ਈਸ਼ਵਰ ਅੱਗੇ ਪ੍ਰਾਰਥਨਾ ਕਰ ਰਹੀ ਸੀ: "ਕਿਵਾੜ ਖੋਲ੍ਹੋ ਪ੍ਰਭੂ ਦੀ ਮਾਤਾ, ਤੂੰ ਹੀ ਸਾਡੇ ਸਭਨਾਂ ਦਾ ਸਹਾਰਾ ਏਂ। ਸਾਡੀ ਰੱਖਿਆ ਕਰੀਂ, ਮੁਸੀਬਤਾਂ ਤੋਂ ਬਚਾਵੀਂ, ਜਗਤ-ਮਾਤਾ...। ਸ਼ਾ-ਰਿ-ਕ, ਤੂੰ ਬੜਾ ਕਮੀਨਾ ਏਂ, ਤੇਰੇ ਕਰਕੇ ਮੈਂ ਆਪਣੇ ਮੰਤਰ ਹੀ ਭੁਲ ਗਈ! ਮੈਂ ਲੈਂਦੀ ਆਂ ਤੇਰੀ ਖ਼ਬਰ!" ਨਾਨੀ ਫਿਰ ਦੇਵ-ਮੂਰਤੀ ਵੱਲ ਝੁਕੀ ਅਤੇ ਆਪਣੀ ਪ੍ਰਾਰਥਨਾ ਜਾਰੀ ਰਖਦਿਆਂ, ਕਾਹਲੀ-ਕਾਹਲੀ ਬੁੜ-ਬੁੜ, ਮਿਣ-ਮਿਣ ਕਰਦਿਆਂ ਉਹ ਅਕਸਰ ਮੰਤਰ ਭੁੱਲਣ ਲੱਗ ਜਾਂਦੀ ਅਤੇ ਜਿਹੜਾ ਵੀ ਮੰਤਰ ਉਸ ਵੇਲੇ ਚੇਤੇ ਆਉਂਦਾ ਉਹੀ ਬੋਲ ਦਿੰਦੀ। ਉਹ ਆਪਣੇ ਹੀ ਹਿਸਾਬ ਨਾਲ ਇਹਨਾਂ ਮੰਤਰਾਂ ਦੇ ਮਾਅਣੇ ਕੱਢਦਿਆਂ ਕਹਿੰਦੀ, "ਹੇ ਪਰਮ ਪਰਮੇਸ਼ਰ ਦੀ ਮਾਤਾ, ਤੂੰ ਉਹਨੂੰ ਕਹਿ : ਮੇਰੇ ਪੁੱਤਰ ਅਤੇ ਮੇਰੇ ਪਰਮੇਸ਼ੁਰ, ਤੂੰ ਉਸ ਬੰਦੇ ਨੂੰ ਜਿਹਦਾ ਦਿਲ ਅਜੇ ਵੀ ਪਾਕ-ਪਵਿੱਤਰ ਏ... ਦੋਜਖ਼ ਦੀ ਸਦੀਵੀ ਅੱਗ ਤੋਂ ਬਚਾ ਲਈਂ, ਉਹਨੂੰ ਦੁੱਖਾਂ-ਤਕਲੀਫਾਂ ਤੋਂ ਮੁਕਤ ਕਰ ਦਈਂ, ਉਹਨੂੰ ਨਰਕਾਂ ਤੋਂ, ਨਰਕਾਂ ਦੇ ਕੀੜੇ ਤੋਂ ਬਚਾਈਂ। ਖਾਸ ਕਰਕੇ ਐਸੇ ਬੰਦੇ ਨੂੰ ਜੋ ਘਰ ਦਾ ਧਿਆਨ ਰੱਖਦਾ ਹੋਵੇ, ਘਰ ਨੂੰ ਸਾਫ਼-ਸੁਥਰਾ ਰਖਦਾ ਹੋਵੇ। ਐਸੇ ਘਰ ਚ ਰਹਿੰਦੇ ਤੇਰੇ ਬੰਦੇ ਤੰਦਰੁਸਤ ਰਹਿਣ, ਐਸੇ ਘਰ 'ਚ ਮਾਲ-ਡੰਗਰ ਦਾ ਵਾਧਾ ਹੋਵੇ, ਨਾ ਇਹਨੂੰ ਅੱਗ ਲੱਗੇ ਤੇ ਨਾ ਹੀ ਕੋਈ ਚੋਰੀ-ਡਾਕਾ ਵੱਜੇ..."

ਨਾਨੀ ਲਗਾਤਾਰ ਵਧਦੀ ਹੋਈ ਸ਼ਰਧਾ-ਭਾਵਨਾ ਨਾਲ ਪ੍ਰਭੂ ਦਾ ਨਾਮ ਜਪਦੀ ਪ੍ਰਾਰਥਨਾ ਕਰ ਰਹੀ ਸੀ ਅਤੇ ਆਪੇ ਨੂੰ ਭੁੱਲ ਕੇ ਫਰਸ਼ ਨਾਲ ਮੱਥਾ ਟਕਰਾਈ ਜਾ ਰਹੀ ਸੀ। ਉਸਦੀ ਹੰਝੂਆਂ ਨਾਲ ਭਿੱਜੀ ਇਕ ਅੱਖ ਪਰਮ-ਪਰਮੇਸ਼ਰ ਦੀ ਮਾਤਾ ਵੱਲ ਵੇਖ ਰਹੀ ਸੀ ਜਦਕਿ ਉਸਦੀ ਦੂਸਰੀ ਅੱਖ ਸ਼ਾਰਿਕ ਉੱਤੇ ਕਰੜੀ ਨਜ਼ਰ ਰੱਖ ਰਹੀ ਸੀ ਜਿਹੜਾ ਉਸ ਵੇਲੇ ਗਲਿਆਰੇ ਵਿਚ ਆ ਵੜੇ ਚੂਜ਼ਿਆਂ ਵੱਲ ਰੀਂਗਦਾ ਹੋਇਆ ਅੱਗੇ ਵਧ ਰਿਹਾ ਸੀ। ਜਿਉਂ ਹੀ ਸ਼ਾਰਿਕ ਚੂਜ਼ਿਆਂ ਦੇ ਨੇੜੇ ਪਹੁੰਚਿਆ ਉਨ੍ਹਾਂ ਦੀ ਮਾਂ-ਮੁਰਗੀ ਨੇ ਆਪਣੇ ਖੰਭ ਫੈਲਾਏ, ਜ਼ੋਰ ਨਾਲ ਆਪਣੀ ਸਿਰੀ ਹਿਲਾਈ

ਅਤੇ ਫੁੱਲ ਕੇ ਲਗਭਗ ਟਰਕੀ ਜਿੱਡੀ ਦਿਓਕੱਦ ਹੋ ਗਈ। ਉਸਨੇ ਸ਼ਾਰਿਕ ਉੱਤੇ ਇੱਕ ਹੀ ਝਪਟਾ ਮਾਰਿਆ ਅਤੇ ਉਹ ਉਸੇ ਪਲ ਉੱਥੋਂ ਰਫੂ-ਚੱਕਰ ਹੋ ਗਿਆ।

ਸ਼ਾਰਿਕ ਬੜੀਆਂ ਖ਼ਰਮਸਤੀਆਂ ਕਰ ਰਿਹਾ ਸੀ- ਉਸਨੇ ਨਾਨੀ ਨੂੰ ਠੀਕ ਤਰ੍ਹਾਂ ਨਾਲ ਪ੍ਰਾਰਥਨਾ ਨਹੀਂ ਕਰਨ ਦਿੱਤੀ ਸੀ। ਨਾਨੀ ਬਿਨਾਂ ਉਸਦਾ ਜੀਅ ਨਹੀਂ ਲਗਦਾ ਸੀ ਅਤੇ ਉਹ ਚਾਹੁੰਦਾ ਸੀ ਕਿ ਨਾਨੀ ਛੇਤੀ ਤੋਂ ਛੇਤੀ ਬਾਹਰ ਵਿਹੜੇ ਵਿਚ ਆ ਜਾਵੇ। ਨਾਨੀ ਕੋਲੋਂ ਵੀ ਰਿਹਾ ਨਾ ਗਿਆ ਅਤੇ ਉਹ ਛੜੱਪਾ ਮਾਰ ਕੇ ਦਲਾਨ ਵਿਚ ਆ ਗਈ। ਉਸਨੇ ਆਪਣੀਆਂ ਬਾਹਵਾਂ ਅਸਮਾਨ ਵੱਲ ਲਹਿਰਾਈਆਂ ਅਤੇ ਬਦਮਾਸ਼ ਕੁੱਤੇ ਨੂੰ ਗਾਲ੍ਹਾਂ ਦਾ ਭਰਭੂਰ ਪ੍ਰਸ਼ਾਦ ਦਿੱਤਾ। ਗੁੱਸੇ ਵਿਚ ਆਈ ਨਾਨੀ ਨੇ ਆਪਣਾ ਇਕ ਪੈਰ ਪੂਰੇ ਜ਼ੋਰ ਨਾਲ ਜ਼ਮੀਨ ਉੱਤੇ ਪਟਕਿਆ ਅਤੇ ਥੁੱਕਿਆ। ਪਰ ਸ਼ਾਰਿਕ ਆਪਣੇ ਢਿੱਡ-ਭਾਰ ਲੇਟ ਗਿਆ ਅਤੇ ਪੂਛ ਹਿਲਾਉਂਦਾ ਹੋਇਆ ਨਾਨੀ ਵੱਲ ਰੇਂਗਣ ਲੱਗਾ, ਜਿਵੇ ਕਹਿ ਰਿਹਾ ਹੋਵੇ: 'ਮੈਂ ਕਸੂਰਵਾਨ ਹਾਂ, ਮੈਂ ਦੋਸ਼ੀ ਹਾਂ, ਪਰ ਮੈਂ ਕੀ ਕਰਾਂ, ਮੈਂ ਬੇਵਸ ਹਾਂ...'

ਜੇ ਇਸ ਕਹਾਣੀ ਦੀ ਸ਼ੁਰੂਆਤ ਕੁਸੈਲੀ ਅਤੇ ਗ਼ਮਗੀਨ ਸੀ ਪਰ ਇਸਦਾ ਅੰਤ ਵੱਖਰੇ ਤਰੀਕੇ ਨਾਲ ਹੋਇਆ ਹੈ ਤਾਂ ਸਾਰਾ ਕਸੂਰ ਇਸ ਚਲਾਕ ਬੁੱਧੂ ਅਤੇ ਵਫਾਦਾਰ ਕੁੱਤੇ ਸ਼ਾਰਿਕ ਦਾ ਹੀ ਹੈ।

## ਬਲਬੀਰ ਪਰਵਾਨਾ ਦਾ ਨਾਵਲੀ ਸੰਸਾਰ




ਬਲਬੀਰ ਪਰਵਾਨਾ ਪੰਜਾਬੀ ਨਾਵਲ ਸਿਰਜਣਕਾਰੀ ਦੇ ਖੇਤਰ ਵਿਚ ਇਕ ਅਜਿਹਾ ਨਾਵਲਕਾਰ ਹੈ ਜਿਹੜਾ ਵਿਧਾਗਤ ਪਰਿਵਰਤਨ ਦਾ ਵਾਹਕ ਰਿਹਾ ਹੈ। ਗਲਪਕਾਰੀ ਦੇ ਖੇਤਰ ਵਿਚ ਉਹ ਮਿੰਨੀ ਕਹਾਣੀ ਤੋਂ ਸ਼ੁਰੂ ਕਰਕੇ ਕਹਾਣੀ ਅਤੇ ਨਾਵਲਿਟ ਰਾਹੀਂ ਨਾਵਲ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ। ਉਹ ਪੰਜਾਬੀ ਸਮਾਜ ਦੀ ਹਰੇ ਇਨਕਲਾਬ ਤੋਂ ਬਾਅਦ ਦੀ ਵਾਸਤਵਿਕਤਾ ਨੂੰ ਨਾਵਲਕਾਰੀ ਦਾ ਅਧਾਰ ਬਣਾਉਂਦਾ ਹੈ। ਅਜਿਹਾ ਕਰਦੇ ਹੋਏ ਉਸ ਦੀ ਸਿਰਜਣਕਾਰੀ ਦਾ ਕੇਂਦਰ ਮਨੁੱਖੀ ਵਿਹਾਰ ਬਣਦਾ ਹੈ। ਇਸ ਵਿਹਾਰ ਵਿਚੋਂ ਅਜੋਕੇ ਸਮਾਜ ਦੀ ਜੀਵਨ-ਜਾਚ ਦਾ ਵਿਹਾਰਕ ਮਾਡਲ ਸਾਹਮਣੇ ਆਉਂਦਾ ਹੈ। ਇਸ ਮਾਡਲ ਵਿਚੋਂ ਜਿਹੜਾ ਪੰਜਾਬੀ ਮਨੁੱਖ ਸਾਹਮਣੇ ਆਉਂਦਾ ਹੈ ਉਹ ਰਿਸ਼ਤਿਆਂ ਵਿਚਲੇ ਹਰ ਆਦਰਸ਼ ਤੋਂ ਮੁਕਤ ਹੈ। ਉਹ ਜਿਸ ਇਲਾਕਾਈ ਪਰਿਵੇਸ਼ ਨੂੰ ਚੁਣਦਾ ਹੈ ਉਸ ਰਾਹੀਂ ਸਮੁੱਚੇ ਪੰਜਾਬੀ ਸਭਿਆਚਾਰਕ ਵਿਹਾਰ ਨੂੰ ਸੰਬੋਧਿਤ ਹੁੰਦਾ ਹੈ। ਉਸ ਦੇ ਸਿਰਜਣੀ ਵਰਤਾਰੇ ਨੂੰ 'ਬਹੁਤ ਸਾਰੇ ਚੁਰਸਤੇ' ਤੋਂ ਲੈ ਕੇ 'ਸ਼ੋਅ-ਰੂਮ' ਤਕ ਦੇ ਸਫ਼ਰ ਰਾਹੀਂ ਸਮਝਿਆ ਜਾ ਸਕਦਾ ਹੈ। -ਰਜਨੀਸ਼ ਬਹਾਦਰ ਸਿੰਘ

ਕਹਾਣੀ

# ਸੂਟਕੇਸ

**-ਅਵਤਾਰ ਸਿੰਘ ਓਠੀ**

ਪਿਆਰ ਕੌਰ ਉਰਫ ਸੂਬੇਦਾਰਨੀ ਪਿਆਰੋ ਨੂੰ ਹੋਰ ਕੁਝ ਯਾਦ ਰਹੇ ਨਾ ਰਹੇ, ਉਹ ਪੁੰਨਿਆ, ਮਹੀਨਾ, ਮੱਸਿਆ ਅਤੇ ਗੁਰੂਆਂ ਦੇ ਦਿਨ ਦਿਹਾੜੇ ਕਦੇ ਨਹੀਂ ਭੁੱਲਦੀ ਸੀ।

ਅੱਜ ਪਹਿਲੀ ਪਾਤਸ਼ਾਹੀ ਦਾ ਪ੍ਰਕਾਸ਼ ਦਿਹਾੜਾ ਅਤੇ ਕੱਤਕ ਦੀ ਪੂਰਨਮਾਸ਼ੀ ਹੋਣ ਕਰਕੇ ਸੂਬੇਦਾਰਨੀ ਪਿਆਰੋ ਸਵੇਰੇ ਪਹੁ ਫੁੱਟਣ ਤੋਂ ਪਹਿਲਾਂ ਗੁਰਦਵਾਰਾ ਸਾਹਿਬ ਪਹੁੰਚ ਗਈ ਸੀ।

ਉਸ ਦੇ ਨਾਲ ਆਇਆ ਕਾਲੂ ਗੁਰਦਵਾਰਾ ਸਾਹਿਬ ਦੇ ਬਾਹਰਵਾਰ ਗੁਰਦਵਾਰਾ ਸਾਹਿਬ ਵੱਲ ਮੂੰਹ ਕਰਕੇ ਬੈਠ ਗਿਆ।

ਗੁਰਦਵਾਰਾ ਸਾਹਿਬ 'ਚ ਅਖੰਡ ਪਾਠ ਸਾਹਿਬ ਦਾ ਪਾਠ ਚੱਲ ਰਿਹਾ ਸੀ।

ਸੂਬੇਦਾਰਨੀ ਪਿਆਰੋ ਗੁਰੂ ਮਹਾਰਾਜ ਦੇ ਸਨਮੁੱਖ ਨੱਤਮਸਤਕ ਹੋ ਕੇ ਗੁਰੂ ਮਹਾਰਾਜ ਦੀ ਪਰਕਰਮਾ ਕਰਕੇ ਗੁਰੂ ਮਹਾਰਾਜ ਦੇ ਸੱਜੇ ਪਾਸੇ ਕੰਧ ਨਾਲ ਢਾਰਸ ਲਾ ਕੇ ਬੈਠ ਗਈ। ਉਹ ਅੱਖਾਂ ਬੰਦ ਕਰਕੇ ਗੁਰੂ ਮਹਾਰਾਜ ਦੇ ਹੋ ਰਹੇ ਪਾਠ ਦੀ ਮਧੁਰ ਗੁਰਬਾਣੀ ਦਾ ਆਨੰਦ ਮਾਣਨ ਲਈ ਆਪਣੇ ਮਨ ਨੂੰ ਵਾਹਿਗੁਰੂ ਨਾਲ ਜੋੜਣ ਲੱਗੀ ਸੀ।

ਜਦੋਂ ਦਾ ਗੁਰਦਵਾਰਾ ਸਾਹਿਬ *ਚ ਨਵਾਂ ਭਾਈ ਸਾਹਿਬ ਆਇਆ ਏ, ਉਸ ਨੇ ਗੁਰਪੁਰਬਾਂ ਅਤੇ ਪ੍ਰਕਾਸ਼ ਪੁਰਬਾਂ ਦੇ ਅਖੰਡ ਪਾਠਾਂ ਦੇ ਭੋਗ ਸਵੇਰੇ ਸਾਢੇ ਨੌਂ ਵਜੇ ਪਾਉਣੇ ਸ਼ੁਰੂ ਕਰ ਦਿੱਤੇ ਸਨ।

"ਭਾਈ ਜੀ ਤੁਹਾਡਾ ਕੰਮ ਤੇ ਸਿਰਫ ਗੁਰੂ ਮਹਾਰਾਜ ਦੇ ਭੋਗ ਪਾਉਣ ਦਾ ਹੈ। ਤੁਸੀਂ ਵਿਹਲੇ ਏਸੇ ਕੰਮ ਤੇ ਹੋ, ਅਸੀਂ ਆਪਣੇ ਹੋਰ ਵੀ ਕੰਮ ਧੰਦੇ ਕਰਨੇ ਹੁੰਦੇ ਆ।"

ਪਿੰਡ ਦੇ ਕਈ ਸ਼ਰਾਰਤੀ ਬੰਦੇ ਭਾਈ ਜੀ ਨੂੰ ਛੇੜਦੇ ਸਨ।

"ਸਵੇਰ ਵੇਲੇ ਪੰਛੀ ਵੀ ਆਪਣੇ ਪ੍ਰਭੂ ਦਾ ਰਾਗ ਗਾਉਂਦੇ ਨੇ, ਇਸ ਲਈ ਸਾਨੂੰ ਵੀ ਸਵੇਰੇ ਸਵੇਰੇ ਹੀ ਅਖੰਡ ਪਾਠ ਦੇ ਭੋਗ ਸਮੇਂ ਗੁਰੂਬਾਣੀ ਗਾਉਣੀ ਚਾਹੀਦੀ ਆ।"

ਭਾਈ ਜੀ, ਗੁਰੂ ਗਿਆਨ ਨਾਲ ਆਪਣੀ ਗੱਲ ਰੱਖਦੇ।

ਏਸੇ ਕਰਕੇ ਪਿੰਡ ਦੀ ਬਹੁਤੀ ਸੰਗਤ ਦੇ ਕੰਨ ਅਖੰਡ ਪਾਠ ਦਾ ਭੋਗ ਪੈਣ ਤੋਂ ਪਹਿਲਾਂ ਗੁਰਦਵਾਰਾ ਸਾਹਿਬ ਵੱਲ ਲੱਗੇ ਹੋਏ ਆ। ਕਦੋਂ ਭਾਈ ਸਾਹਿਬ ਨੌਵੇਂ ਮੁਹੱਲੇ ਦੇ ਸਲੋਕ ਪੜਨੇ ਸ਼ੁਰੂ ਕਰਨ ਅਤੇ ਉਹ ਗੁਰਦਵਾਰਾ ਸਾਹਿਬ ਵੱਲ ਵਹੀਰਾਂ ਘੱਤਣ।

ਭਾਈ ਜੀ ਨੇ ਨੌਂ ਕੁ ਵਜੇ ਨੌਵੇਂ ਮੁਹੱਲੇ ਦੇ ਸਲੋਕ ਉਚਾਰਨੇ ਸ਼ੁਰੂ ਕੀਤੇ, ਸੰਗਤ ਦੀ ਗੁਰਦਵਾਰਾ ਸਾਹਿਬ 'ਚ ਹਾਜ਼ਰੀ ਵਧਣੀ ਸ਼ੁਰੂ ਹੋ ਗਈ। ਵੇਂਹਦੇ ਵੇਂਹਦੇ ਗੁਰਦਵਾਰਾ ਸਾਹਿਬ ਦਾ ਹਾਲ ਸੰਗਤ ਨਾਲ ਭਰ ਗਿਆ ਅਤੇ ਸਾਡੇ ਨੌਂ ਵਜੇ ਅਖੰਡ ਸਾਹਿਬ ਦਾ ਭੋਗ ਪੈ ਗਿਆ।

ਭਾਈ ਸਾਹਿਬ ਜੀ ਨੇ ਮਹਾਰਾਜ ਤੋਂ ਵਾਕ ਲੈ ਕੇ ਸਮਾਪਤੀ ਉਪਰੰਤ ਪਹਿਲਾਂ ਬੀਬੀਆਂ ਨੂੰ ਪ੍ਰਸ਼ਾਦ ਵਰਤਾਇਆ।

ਸੂਬੇਦਾਰਨੀ ਪਿਆਰੋ ਨੇ ਪ੍ਰਸ਼ਾਦ ਆਪਣੇ ਦੋਹਾਂ ਹੱਥਾਂ ਦੀ ਬੁੱਕ ਵਿਚ ਬੰਦ ਕਰ ਲਿਆ।

ਉਹਨੇ ਵਾਹਗੁਰ ਵਾਹਗੁਰ ਕਰਦੀ ਨੇ ਪਹਿਲਾਂ ਗੁਰੂ ਮਹਾਰਾਜ ਅੱਗੇ ਮੱਥਾ ਟੇਕਿਆ। ਫਿਰ ਗੁਰੂ ਮਹਾਰਾਜ ਦੀ ਪ੍ਰਕਰਮਾ ਕਰਕੇ ਹਾਲ ਤੋਂ ਬਾਹਰ ਨਿਕਲੀ ਅਤੇ ਨਿਸ਼ਾਨ ਸਾਹਿਬ ਦੀ ਪ੍ਰਕਰਮਾਂ ਕਰਕੇ ਸਿੱਧੀ ਆਪਣੇ ਘਰ ਵੱਲ ਚੱਲ ਪਈ।

ਕਾਲੂ ਉਸਦੇ ਪਿੱਛੇ ਪਿੱਛੇ ਹੋ ਤੁਰਿਆ ਸੀ।

"ਅੱਜ ਵਰ੍ਹੇ ਵਰ੍ਹੇ ਦਾ ਦਿਨ ਆ, ਸਾਹਬ ਨੂੰ ਘਰੋਂ ਨਿਕਲੇ ਸੱਤ ਦਿਨ ਘੱਟ ਇਕ ਵਰ੍ਹਾ ਹੋ ਗਿਆ ਏ। ਧੰਨ ਗੁਰ ਨਾਨਕ ਸੱਚੇ ਪਾਤਸ਼ਾਹ ਵਾਹਗੁਰੂ ਉਹਨੂੰ ਸਮੱਤ ਦੇ ਘਰ ਵਾਪਸ ਆਵੇ, ਢੂਹੇ ਚ ਲਈ ਫਿਰਦਾ ਪਰਧਾਨਗੀ, ਅਖੇ ਮੈਂ ਜਿੱਤ ਕੇ ਜਾਂ ਮਰਕੇ ਹੀ ਘਰ ਆਊਂਗਾ।"

"ਕੱਲਾ ਕੱਲਾ ਜਵਾਈ ਕਰੋਨੇ ਨਾਲ ਤੁਰ ਗਿਆਇਸ ਜਹਾਨ ਤੋਂ। ਮਲੂਕ ਜਹੀ ਮੇਰੀ ਧੀ ਭੋਲਾਂ ਤੇਈਵੇਂ ਸਾਲ ਚ ਸਿਰ ਤੋਂ ਨੰਗੀ ਹੋ ਗਈ ਆ। ਅਜੇ ਪੰਜ ਸਾਲ ਵੀ ਨਹੀ ਹੋਏ ਵਿਆਹ ਹੋਏ ਨੂੰ। ਨਿੱਕੇ ਨਿੱਕੇ ਦੋ ਜੁਆਕ ਆ ਅਜੇ ਪਹਾੜ ਜਿੱਡੀ ਜਿੰਦਗੀ ਪਈ ਆ, ਕਰਮਾਂ ਮਾਰੀ ਮੇਰੀ ਧੀ ਦੀ।"

"ਇਹ ਕਰੋਨਾ ਪਤਾ ਨਹੀਂ ਕਿਹੜੀ ਨਵੀਂ ਬਲਾ ਆ ਗਈ ਏ। ਇਹਨਾਂ ਜਲਾਦ ਡਾਕਟਰਾਂ ਤੋਂ ਰੱਬ ਬਚਾਵੇ। ਪੂਰਾ ਸੱਤ ਲੱਖ ਲਿਆ ਏਨਾਂ ਬੁਚੜਾਂ ਨੇ। ਕੁੜੀ ਦਾ ਘਰ ਖਾਲੀ ਹੋ ਗਿਆ ਤੇ ਬੰਦਾ ਵੀ ਨਹੀਂ ਬਚਿਆ। ਅਸੀਂ ਵੀ ਜਿਨੇ ਜੋਗੇ ਸੀ ਆਪਣੀ ਧੀ ਬਾਂਹ ਫੜੀ ਆ।"

ਸੂਬੇਦਾਰਨੀ ਪਿਆਰੋ ਆਪਣੀ ਧੀ ਭੋਲਾਂ ਦੀ ਪੀੜ ਦਾ ਦਰਦ ਮਹਿਸੂਸ ਕਰਦੀ ਸੂਬੇਦਾਰ ਸਾਹਬ ਅਤੇ ਰੱਬ ਨਾਲ ਨਹੋਰਾ ਕਰ ਰਹੀ ਸੀ।

ਹਰਜੀਤ ਨੂੰ ਦੋ ਦਿਨ ਬੁਖਾਰ ਰਿਹਾ ਫਿਰ ਉਸਨੂੰ ਸਾਹ ਲੈਣਾ ਔਖਾ ਹੋ ਗਿਆ ਸੀ। ਹਰਜੀਤ ਨੂੰ ਪਹਿਲਾ ਤਾਂ ਕੋਈ ਵੀ ਹਸਪਤਾਲ ਕਰੋਨਾ ਦਾ ਟੈਸਟ ਨਾ ਹੋਣ ਕਰਕੇ ਦਾਖਲ ਨਹੀਂ ਕਰ ਰਿਹਾ ਸੀ। ਬੜੀ ਭੱਜ ਨੱਠ ਕਰਨ ਤੇ ਇਕ ਪ੍ਰਾਈਵੇਟ ਹਸਪਤਾਲ ਦਾਖਲ ਕਰਨ ਲਈ ਮੰਨ ਗਿਆ। ਪਰੰਤੂ ਦਾਖਲ ਕਰਨ ਤੋਂ ਪਹਿਲਾਂ ਤਿੰਨ ਲੱਖ ਰੁਪੈ ਜਮ੍ਹਾਂ ਕਰਵਾਏ ਸੀ। ਹਸਪਤਾਲ ਨੇ ਹਰਜੀਤ ਦਾ ਕਰੋਨਾ ਦਾ ਟੈਸਟ ਕਰ ਕੇ ਉਸਨੂੰ ਕਰੋਨਾ ਦਾ ਮਰੀਜ਼ ਦੱਸ ਕੇ ਇਲਾਜ ਕਰਨਾ ਸ਼ੁਰੂ ਕਰ ਦਿੱਤਾ। ਹਰਜੀਤ ਲੱਗ ਭੱਗ ਵੀਹ ਦਿਨ ਹਸਪਤਾਲ ਵਿਚ ਰੁਲਦਾ ਰਿਹਾ। ਆਖਰ ਹੋਇਆ ਉਹ ਹੀ ਜਿਸ ਦਾ ਡਰ ਸੀ। ਉਹ ਮੌਤ ਤੋਂ ਬਚ ਨਾ ਸਕਿਆ। ਹਸਪਤਾਲ ਨੇ ਹਰਜੀਤ ਦੀ ਮੌਤ ਕਰੋਨਾ ਨਾਲ ਹੋਈ ਦੱਸ ਕੇ ਲਾਸ਼ ਦਾ ਸਸਕਾਰ ਗੁਰਦਵਾਰਾ ਸ਼ਹੀਦਾਂ ਦੇ ਸ਼ਮਸ਼ਾਨ ਘਰ 'ਚ ਕਰਵਾ ਦਿੱਤਾ ਸੀ।

ਸੂਬੇਦਾਰ ਰਣਯੋਧ ਸਿੰਹੁ ਨੂੰ ਵੀ ਕਰੋਨਾ ਹੋਇਆ ਸੀ। ਉਹ ਕਿਸਾਨ ਮੋਰਚੇ ਵੱਲੋਂ ਕਰੋਨਾ ਦੇ ਇਲਾਜ ਲਈ ਸਿੰਘੂ ਬਾਰਡਰ ਤੇ ਕਿਸਾਨਾਂ ਲਈ ਬਣਾਏ ਹਸਪਤਾਲ ਕੈਂਪ ਵਿਚ ਕਰੋਨਾ ਦੇ ਇਲਾਜ ਲਈ ਦਾਖਲ ਸੀ। ਕਰੋਨਾ ਦੀ ਲਪੇਟ 'ਚ ਆਉਣ ਕਰਕੇ ਉਹ ਆਪਣੇ ਜਵਾਈ ਦੀ ਮੌਤ ਤੇ ਧੀ ਦੇ ਪਿੰਡ ਨਹੀਂ ਆ ਸਕਿਆ ਅਤੇ ਆਪਣੇ ਜਵਾਈ ਦੀਆਂ ਆਖਰੀ ਰਸਮਾਂ ਵੀ ਪੂਰੀਆਂ ਨਹੀਂ ਕਰ ਸਕਿਆ ਸੀ। ਹਰਜੀਤ ਦੇ ਸਸਕਾਰ ਤੇ ਵੈਸੇ ਵੀ ਘਰ ਦੇ ਸਿਰਫ ਤਿੰਨ ਜੀਅ ਭੋਲਾਂ ਅਤੇ ਹਰਜੀਤ ਦਾ ਮਾਂ ਬਾਪ ਹੀ ਜਾਣ ਦਿੱਤੇ ਸਨ।

"ਆਪ ਤਾਂ ਗਿਆ ਹੀ ਸੀ ਟਰੈਕਟਰ ਟਰਾਲੀ ਵੀ ਨਾਲ ਲੈ ਗਿਆ। ਨਿਆਣੇ ਵਿਚਾਰੇ ਹੱਥਲ ਹੋਈ ਫਿਰਦੇ ਨੇ ਟਰੈਕਟਰ ਟਰਾਲੀ ਤੋਂ ਬਿਨਾਂ। ਕਣਕ ਦੀ ਬਿਜਾਈ ਕਰਨੀ ਆ ਵਿਚਾਰੇ

ਨਿਆਣੇ ਟਰੈਕਟਰ ਲਈ ਕਦੀ ਕਿਸੇ ਦਾ ਤਰਲਾ ਕਰਦੇ ਨੇ ਕਦੀ ਕਿਸੇ ਦਾ।"

"ਭਲਾ ਹੋਵੇ ਚਾਚੇ ਅਮਰੂ ਦਾ ਜਿਹੜਾ ਹਰ ਰੋਜ਼ ਪਸ਼ੂਆਂ ਲਈ ਪੱਠਾ ਦੱਥਾ ਕਰ ਜਾਂਦਾ ਆ ਜਦੋਂ ਦਾ ਸਾਹਬ ਮੋਰਚੇ 'ਚ ਗਿਆ ਏ। ਚਾਚੇ ਨੇ ਭਲੇ ਵੇਲੇ ਸਾਹਬ ਨਾਲ ਆਥੜੀ ਕੀਤੀ ਸੀ। ਉਦੋਂ ਤੋਂ ਹੁਣ ਤੱਕ ਦੋਹਾ ਦੀ ਸਾਂਝ ਤੁਰੀ ਆਉਂਦੀ ਆ। ਨਹੀਂ ਤਾਂ ਅੱਜ ਕੱਲ ਕੌਣ ਜਾਣਦਾ ਕਿਸੇ ਦੇ ਅਹਿਸਾਨ ਨੂੰ।"

ਸੂਬੇਦਾਰਨੀ ਪਿਆਰੋ ਤੁਰੀ ਜਾਂਦੀ ਸੂਬੇਦਾਰ ਰਣਯੋਧ ਸਿੰਹੁ ਪ੍ਰਤੀ ਆਪਣਾ ਗੁੱਸਾ ਜ਼ਾਹਰ ਕਰ ਰਹੀ ਸੀ।

ਸੂਬੇਦਾਰ ਰਣਯੋਧ ਸਿੰਹੁ ਪਿਛਲੇ ਸਾਲ ਦਾ ਸਿੰਘੂ ਬਾਡਰ ਤੇ ਕਿਸਾਨ ਅੰਦੋਲਨ ਵਿਚ ਪਹਿਲੇ ਦਿਨ ਤੋਂ ਬੈਠਾ ਆ।

ਦਿੱਲੀ ਨੂੰ ਤੁਰਨ ਤੋਂ ਇਕ ਦਿਨ ਪਹਿਲਾਂ ਸੂਬੇਦਾਰ ਰਣਯੋਧ ਸਿੰਹੁ ਨੇ ਆਪਣਾ ਫੌਜੀਆਂ ਵਾਲਾ ਟਰੰਕ ਆਪਣੇ ਕਮਰੇ ਚੋਂ ਬਾਹਰ ਕੱਢਿਆ। ਟਰੰਕ ਦਾ ਜਿੰਦਰਾ ਖੋਲ ਕੇ ਉਸ ਵਿਚੋਂ ਨਿੱਕਾ ਸੂਟਕੇਸ ਬਾਹਰ ਕੱਢਿਆ ਜਿਸ ਵਿਚ ਉਸਦੇ ਫੌਜ ਚੋਂ ਰਟਾਇਰ ਹੋਣ ਸਮੇਂ ਦੇ ਜਰੂਰੀ ਕਾਗਜ਼ ਸਨ। ਸੂਬੇਦਾਰ ਨੇ ਸੂਟਕੇਸ ਨੂੰ ਆਪਦੇ ਕਮਰੇ ਦੇ ਅੰਦਰ ਬਣੇ ਵਾਧੇ ਉੱਪਰ ਟਿੱਕਾ ਦਿੱਤਾ ਸੀ।

"ਸੂਬੇਦਾਰਨੀਏ ਇਸ ਵਿਚ ਮੇਰੇ ਜਰੂਰੀ ਕਾਗਜ਼ ਨੇ, ਆਹ ਇਸ ਦੀ ਚਾਬੀ ਸਾਂਭ ਕੇ ਰੱਖੀਂ ਅਤੇ ਪੈਸੇ ਧੇਲੇ ਦੀ ਜਰੂਰਤ ਹੋਈ ਤਾਂ ਇਹ ਮੇਰਾ ਏ.ਟੀ.ਐਮ. ਕਾਰਡ ਆ ਇਸ ਦਾ ਕੋਡ ਨੰਬਰ ਮੈਂਇਸ ਪਰਚੀ ਤੇ ਲਿਖਿਆ ਆ ਤੇ ਪਰਚੀ ਸਾਂਭ ਰੱਖੀਂ।"

ਸੂਟਕੇਸ ਦੀ ਚਾਬੀ ਅਤੇ ਆਪਣੀ ਪੈਨਸ਼ਨ ਦੇ ਅਕਾਉਂਟ ਦਾ ਏ.ਟੀ.ਐਮ. ਸੂਬੇਦਾਰਨੀ ਪਿਆਰੋ ਨੂੰ ਫੜਾਇਆ ਸੀ।

ਸੂਬੇਦਾਰ ਨੇ ਟਰੰਕ ਵਿਚ ਆਪਣਾ ਦਿੱਲੀ ਜਾਣ ਲਈ ਵਰਤੋਂ ਦਾ ਸਮਾਨ ਪਾ ਲਿਆ ਅਤੇ ਟਰੰਕ ਨੂੰ ਮੋਟਾ ਜਿਹਾ ਜਿੰਦਰਾ ਮਾਰ ਕੇ ਟਰਾਲੀ ਵਿਚ ਰੱਖ ਲਿਆ ਸੀ।

ਸੂਬੇਦਾਰਨੀ ਪਿਆਰੋ ਵੱਲੋਂ ਘਰ ਦੇ ਸਾਰੇ ਜੀਆਂ ਨੂੰ ਹਦਾਇਤ ਕਰ ਦਿੱਤੀ ਗਈ ਕਿ ਕੋਈ ਵੀ ਆਪਣੇ ਬਾਪੂ ਦੇ ਸੂਟਕੇਸ ਨੂੰ ਹੱਥ ਨਾ ਲਾਵੇ।

ਅਗਲੀ ਸਵੇਰੇ ਕਿਸਾਨਾਂ ਦੇ ਕਾਫਲੇ ਜੀ. ਟੀ. ਰੋਡ ਤੇ ਦਿੱਲੀ ਨੂੰ ਤੁਰ ਪਏ। ਰਾਜਪੁਰੇ ਤੋਂ ਅੱਗੇ ਸ਼ੰਭੂ ਬਾਰਡਰ ਤੇ ਹਰਿਆਣੇ ਦੀ ਪੁਲਸ ਨੇ ਕਿਸਾਨਾਂ ਦੀਆਂ ਟਰੈਕਟਰ ਟਰਾਲੀਆਂ ਦੇ ਕਾਫਲੇ ਰੋਕਣ ਲਈ ਜੀ. ਟੀ. ਰੋਡ ਤੇ ਸੜਕ ਦੇ ਵਿਚਕਾਰ ਕੰਕਰੀਟ ਤੇ ਸੀਮੈਂਟ ਦੀਆਂ ਬਣੀਆਂ ਵੱਡੀਆਂ ਵੱਡੀਆਂ ਰੋਕਾਂ ਖੜੀਆਂ ਕਰ ਦਿੱਤੀਆਂ ਅਤੇ ਕਈ ਥਾਵਾਂ ਤੇ ਜੀ. ਟੀ. ਰੋਡ ਵਿਚ ਬਹੁਤ ਡੂੰਘੇਟੋਏ ਪੁੱਟ ਦਿੱਤੇ ਸਨ।

ਹਰਿਆਣਾ ਪੁਲਸ ਕਿਸਾਨਾਂ ਨੂੰ ਦਿੱਲੀ ਵੱਲ ਜਾਣ ਤੋਂ ਰੋਕਣ ਲਈ ਕਦੀ ਅੱਥਰੂ ਗੈਸ ਦੇ ਗੋਲੇ ਸੁੱਟ ਰਹੀ ਸੀ, ਕਦੀ ਪਾਣੀ ਦੀਆਂ ਤੋਪਾਂ ਚਲਾ ਰਹੀ ਸੀ। ਪ੍ਰੰਤੂ ਕਿਸਾਨਾਂ ਦਾ ਇਹ ਸੈਲਾਬ ਕਿਥੇ ਰੁੱਕਣ ਵਾਲਾ ਸੀ। ਉਹ ਤਾਂ ਸਮੁੰਦਰ *ਚ ਆਈ ਸੁਨਾਮੀ ਦੀ ਤਰਾਂ ਅੱਗੇ ਵੱਧਦਾ ਜਾ ਰਿਹਾ ਸੀ।

ਇਕ ਦੋ ਟੀ. ਵੀ. ਚੈਨਲ ਨੂੰ ਛੱਡ ਕੇ ਬਾਕੀ ਸਾਰੇ ਟੀ. ਵੀ. ਚੈਨਲ ਕਿਸਾਨਾਂ ਨੂੰ ਖਾਲਸਤਾਨੀ ਤੇ ਪਾਕਿਸਤਾਨੀ ਅੱਤਵਾਦੀ ਕਹਿ ਰਹੇ ਸਨ।

ਪੰਜਾਬ ਦੇ ਸਭ ਮਾਈ ਭਾਈ ਕੀ ਬੁੱਢੇ ਕੀ ਜਵਾਨ ਸਭ ਦੀਆਂ ਅੱਖਾਂ ਅਤੇ ਕੰਨ ਕਿਸਾਨਾਂ ਦੀਆਂ ਸੋਸ਼ਲ ਮੀਡੀਏ ਤੇ ਆ ਰਹੀਆਂ ਖਬਰਾਂ ਤੇ ਟਿੱਕੇ ਹੋਏ ਸਨ। ਹਰ ਕੋਈ ਆਪਣਾ ਮੋਬਾਇਲ ਫੋਨ ਆਪਣੇ ਹੱਥ *ਚ ਫੜ ਕੇ ਕਿਸਾਨਾਂ ਦੇ ਕਾਫਲਿਆਂ ਨੂੰ ਵੇਖ ਰਿਹਾ ਸੀ।

ਟਰੈਕਟਰਾਂ ਤੇ ਲੱਗੇ ਡੈਕਾਂ ਤੇ ਪੂਰੀ ਉੱਚੀਆਂ ਅਵਾਜਾਂ ਨਾਲ ਕੰਵਰ ਗਰੇਵਾਲ ਤੇ ਹਰਬ ਚੀਮੇ ਦਾ ਗਾਇਆ ਗੀਤ 'ਪੇਚਾ ਪੈ ਗਿਆ ਸੈਂਟਰ ਦੇ ਨਾਲ' ਵੱਜ ਰਿਹਾ ਸੀ। ਇਹ ਗੀਤ ਹਰ ਸੁਣਨ ਵਾਲੇ ਦੇ ਮੰਨ ਨੂੰ ਟੁੰਬ ਰਿਹਾ ਸੀ।

ਸੂਬੇਦਾਰ ਰਣਜੋਧ ਸਿੰਹੁ ਹੋਰਾਂ ਦੇ ਜਥੇ ਉਪਰ ਪੁਲੀਸ ਰਾਹੀਂ ਕੀਤੀਆਂ ਸਾਰੀਆਂ ਕਾਰਵਾਈਆਂ ਫੇਸ ਬੁੱਕ ਤੇ ਸਿਧੀਆਂ ਆ ਰਹੀਆਂ ਸਨ ।

ਪੁਲੀਸ ਕਿਸਾਨਾਂ ਨੂੰ ਪਾਣੀ ਦੀਆਂ ਤੋਪਾਂ ਨਾਲ ਪਾਣੀ ਮਾਰ ਰਹੀ ਸੀ ।

ਸੂਬੇਦਾਰ ਰਣਯੋਧ ਸਿੰਹੁ ਸਾਰਿਆਂ ਦੇ ਅੱਗੇ ਪਾਣੀ ਨਾਲ ਗੜੁੱਚ ਹੋਇਆ ਲਲਕਾਰੇ ਮਾਰ ਰਿਹਾ ਸੀ।

ਸੂਬੇਦਾਰੇ ਲੱਕ ਨੂੰ ਕਮਰ ਕੱਸਾ ਬੰਨ ਕੇ ਸੀਮਿੰਟ ਦੀਆਂ ਵੱਡੀਆਂ ਵੱਡੀਆਂ ਰੋਕਾਂ ਨੂੰ ਨੌਜਵਾਨ ਕਿਸਾਨਾਂ ਦੇ ਜਥਿਆਂ ਨਾਲ ਰਸਤੇ ਚੋਂ ਪਾਸੇ ਕਰ ਰਿਹਾ ਸੀ।

"ਹਾਏ ਦੱਸ ਬੁੱਢੇ ਵਾਰੇ ਮੁੰਡਾ ਬਨਣ ਡਿਆ ਈ, ਕਿਤੇ ਸੱਟ ਫੇਟ ਲੱਗ ਗਈ ਤਾਂ ਜਾਹ ਜਾਂਦੀ ਰਹੂ ਦੱਸਬੁੱਢੇਵਾਰੇ ਏਨੂੰ ਕੀ ਲੋੜ੍ਹਾ ਆਇਆ ਈ ਕੌਣ ਸਾਂਭੂਗਾ ਹੱਡ ਤੁੜਵਾ ਕੇ ਮੰਜੀ ਤੇ ਪਵੇਗਾ।"

ਸੂਬੇਦਾਰਨੀ ਪਿਆਰੋ ਆਪਣੇ ਨਿੱਕੇ ਮੁੰਡੇ ਭਿੰਦੇ ਦੇ ਮੋਬਾਇਲ ਫੋਨ ਤੇ ਇਹ ਸਭ ਨਜ਼ਾਰਾਂ ਦੇਖ ਕੇ ਕਹਿ ਰਹੀ ਸੀ।

ਕਿਸਾਨ ਪੁਲਸ ਦੀ ਹਰ ਤਰਾਂ ਦੀਆਂ ਰੋਕਾਂ ਹਟਾਉਂਦੇ ਦਿੱਲੀ ਦੇ ਸ਼ੰਭੂ ਬਾਰਡਰ ਤੇ ਪਹੁੰਚ ਗਏ ਸਨ।

ਸੂਬੇਦਾਰ ਦੇ ਉਸ ਰਾਤ ਘਰੋਂ ਜਾਣ ਤੇ ਕਾਲੂ ਸਾਰੀ ਰਾਤ ਨਹੀਂ ਬੈਠਾ। ਕਦੀ ਇਸ ਪਾਸੇ ਦੀ ਕੰਧ ਤੇ ਜਾ ਚੜੇ ਕਦੀ ਉਸ ਪਾਸੇ ਦੀ ਕੰਧ ਤੇ। ਕਦੀਂ ਅਸਮਾਨ ਵੱਲ ਉੱਪਰ ਨੂੰ ਮੂੰਹ ਕਰਕੇ ਲੰਬੀਆਂ ਲੰਬੀਆਂ ਹੇਕਾਂ ਨਾਲ ਰੋਵੇ!

ਦਿਨ ਚੜੇ ਨਿੱਕੇ ਮੁੰਡੇ ਭਿੰਦੇ ਨੇ ਆਪਣੇ ਮੋਬਾਇਲ ਫੋਨ ਤੇ ਆਵਾਜ ਉੱਚੀ ਕਰਕੇ ਸੂਬੇਦਾਰ ਤੋਂ ਕਾਲੂ ਨੂੰ ਵਾਜ ਮਰਵਾਈ।

"ਮੇਰੇ ਕਾਲੂ ਪੁੱਤ ਨੇ ਰੋਟੀ ਖਾ ਲਈ ਆ।"

ਸੂਬੇਦਾਰ ਦੀ ਅਵਾਜ ਸੁਣਕੇ ਕਾਲੂ ਚਾਊਂ ਚਾਊਂ ਕਰਕੇ ਭਿੰਦੇ ਦੇ ਮੋਬਾਇਲ ਖੋਹਣ ਨੂੰ ਪਵੇ। ਸੂਬੇਦਾਰ ਦੀ ਅਵਾਜ ਸੁਣ ਕੇ ਕਾਲੂ ਨੂੰਕੁੱਝ ਧਰਵਾਸ ਜਹੀ ਬੱਝੀ ਤੇ ਉਸ ਕੱਲ੍ਹ ਦੇ ਭੁੱਖੇ ਨੇ ਰੋਟੀ ਦੇ ਟੁੱਕ ਨੂੰ ਮੂੰਹ ਲਾਇਆ।

ਕਾਲੂ ਮਹੀਨੇ ਕੁ ਦਾ ਹੋਣਾ ਜਦੋਂ ਸਾਲ ਪਹਿਲਾਂ ਇਕ ਰਾਤ ਸੂਬੇਦਾਰ ਨੂੰ ਆਪਣੀ ਪੈਲੀ ਦੇ ਸਾਹਮਣੇ ਸੜਕ ਤੇ ਜਖਮੀ ਹਾਲਤ ਵਿਚ ਮਿਲਿਆ ਸੀ। ਸੂਬੇਦਾਰ ਉਸਨੂੰ ਚੁੱਕ ਕੇ ਘਰ ਲੈ ਆਇਆ ਸੀ। ਸੂਬੇਦਾਰ ਨੇ ਟੈਂਚਰ ਨਾਲ ਉਸ ਦੇ ਜ਼ਖਮਾਂ ਨੂੰ ਸਾਫ ਕੀਤਾ ਤੇ ਜ਼ਖਮ ਤੇ ਪੱਟੀ ਬੰਨ ਦਿੱਤੀ। ਸੂਬੇਦਾਰਨੀ ਨੇ ਕੋਸਾ ਜਿਹਾ ਦੁੱਧ ਉਸ ਦੇ ਅੱਗੇ ਰੱਖ ਕੇ ਕਿਹਾ "ਲੈ ਪੀ ਲਾ ਮੇਰਾ ਕਾਲੂ

ਪੁੱਤ।"

ਉਸ ਦਿਨ ਤੋਂ ਉਸ ਦਾ ਨਾਂ ਕਾਲੂ ਪੈ ਗਿਆ ਅਤੇ ਕਾਲੂ ਸਭ ਦਾ ਪਿਆਰਾ ਹੋ ਗਿਆ ਸੀ।

ਸਿਆਲ ਦੇ ਦਿਨ ਹੋਣ ਕਰਕੇ ਰਾਤ ਨੂੰ ਸੌਣ ਵੇਲੇ ਸੂਬੇਦਾਰਨੀ ਆਪਣੇ ਬੈੱਡ ਲਾਗੇ ਹੀਟਰ ਲਾ ਲੈਂਦੀ ਕਾਲੂ ਹੀਟਰ ਦੇ ਸੇਕ ਮੂਹਰੇ ਆ ਬੈਠਦਾ। ਕਾਲੂ ਦਿਨਾਂ 'ਚ ਨੌ ਬਰ ਨੌ ਹੋ ਗਿਆ ਸੀ।

ਕਾਲੂ ਜਿਉਂ ਜਿਉਂ ਵੱਡਾ ਹੋਈ ਜਾ ਰਿਹਾ ਸੀ ਉਸ ਦਾ ਮੋਹ ਸੂਬੇਦਾਰ ਅਤੇ ਸੂਬੇਦਾਰਨੀ ਨਾਲ ਵੱਧਦਾ ਜਾ ਰਿਹਾ ਸੀ। ਦਿਨ ਵੇਲੇ ਸੂਬੇਦਾਰ ਦੇ ਮਗਰ ਮਗਰ ਤੇ ਰਾਤ ਵੇਲੇ ਨੂੰ ਸੂਬੇਦਾਰਨੀ ਦਾ ਪਿੱਛਾ ਨਾ ਛੱਡਦਾ। ਉਹ ਕਦੀ ਦੋਹਾਂ ਦੇ ਪੈਰ ਚੁੰਮਦਾ ਕਦੀ ਉਹਨਾਂ ਦੇ ਅੱਗੇ ਪੈ ਕੇ ਲੇਟਦਾ।

"ਮਾਹਲੇ ਨੂੰ ਨੱਕ—ਵੱਢਿਆਂ ਦਾ ਕਾਰਾ ਲੈ ਕੇ ਆਇਆ ਸੀ ਸਾਡੇ ਘਰ। ਸੂਬੇਦਾਰ ਸਾਹਬ ਨੂੰ ਮਿਲਾਉਣ ਲਈ। ਇਹ ਸਾਰਾ ਕਾਰੇ ਦਾ ਪਾਇਆ ਸਿਆਪਾ ਆ।"

"ਕਾਰਾ ਮਾਹਲੇ ਨੂੰ ਭਾਈਆ ਭਾਈਆ ਕਹੀ ਜਾਂਦਾ ਸੀ। ਪਤਾ ਨਹੀਂ ਕਿਹੜੇ ਸੱਜੇ ਪੱਟੋ ਨਿਕਲਿਆ ਈ ਉਹਦਾ ਇਹ ਭਾਈਆ।"

ਸੂਬੇਦਾਰਨੀ ਪਿਆਰੋ ਕਾਰੇ ਹੁਰਾਂ ਦੇ ਘਰ ਲਾਗੋ ਲੰਘਦੀ ਤੁਰੀ ਜਾਂਦੀ ਮੰਹੂ ਚ ਬੁੱੜ ਬੁੱੜ ਕਰੀ ਜਾ ਰਹੀ ਸੀ।

ਮਾਹਲਾ ਕਿਸਾਨ ਯੂਨੀਅਨ ਦਾ ਪੰਜਾਬ ਪੱਧਰ ਦਾ ਲੀਡਰ ਸੀ।ਉਸਨੇ ਇਕ ਦਿਨ ਪਿੰਡ ਦੇ ਗੁਰਦਵਾਰਾ ਸਾਹਿਬ 'ਚ ਲਾਗਲੇ ਪਿੰਡਾਂ ਦੇ ਕਿਸਾਨਾਂ ਦੀ ਮੀਟਿੰਗ ਕਰਕੇ ਸੂਬੇਦਾਰ ਰਣਯੋਧ ਸਿਹੁੰ ਨੂੰ ਕਿਸਾਨ ਯੂਨੀਅਨ ਦੀ ਇਲਾਕਾ ਕਮੇਟੀ ਦਾ ਪਰਧਾਨ ਬਣਾ ਦਿੱਤਾ ਸੀ।

"ਓਹ ਕਿਸਾਨ ਭਰਾਓ ਸਰਕਾਰ ਨੇ ਸਾਡੀਆਂ ਜ਼ਮੀਨਾਂ ਖੋਹ ਕੇ ਅੰਬਾਨੀ ਅਡਾਨੀ ਨੂੰ ਦੇ ਦੇਣੀਆਂ ਤੇ ਆਪਾਂ ਆਪਣੀਆਂ ਜ਼ਮੀਨਾਂ ਤੇ ਦਿਹਾੜੀਆਂ ਕਰਿਆ ਕਰਾਂਗੇ। ਸਾਡੀ ਲੜਾਈ ਦੁਨੀਆਂ ਭਰ ਦੇ ਕਾਰਪੋਰੇਟਾਂ ਨਾਲ ਆ ਮੱਤ ਸੋਚੋ ਕਿ ਇਹ ਤਿੰਨ ਕਾਲੇ ਕਨੂੰਨ ਸਰਕਾਰ ਲਿਆਈ ਆ।ਸਰਕਾਰ ਤਾਂ ਕਾਪੋਰੇਟਾਂ ਦੀ ਕੱਠ ਪੁੱਤਲੀ ਆ, ਸੰਸਾਰ ਭਰ ਦੇ ਕਾਰਪੋਰੇਟਾਂ ਦੀ।"

ਸੂਬੇਦਾਰ ਰਣਯੋਧ ਸਿੰਹੁ ਲਾਗਲੇ ਪਿੰਡਾਂ 'ਚ ਕਿਸਾਨਾਂ ਨੂੰ ਪਿੰਡ ਪਿੰਡ ਜਾ ਕੇ ਸੰਬੋਧਨ ਤੇ ਜਥੇਬੰਦ ਕਰਦਾ।

ਇਹ ਗੱਲਾਂ ਪੰਜਾਬ ਦੇ ਕਿਸਾਨਾਂ ਦੇ ਘਰ ਘਰ ਹੋਣ ਲੱਗੀਆਂ ਸਨ। ਖੇਤੀ ਦੇ ਜਿਹੜੇ ਤਿੰਨ ਕਾਲੇ ਕਾਨੂੰਨ ਸਰਕਾਰ ਲੈ ਕੇ ਆਈ ਇਨ੍ਹਾਂ ਕਾਨੂੰਨਾਂ ਨਾਲ ਕਿਸਾਨ ਅੰਬਾਨੀ ਅਡਾਨੀ ਦੇ ਗ਼ੁਲਾਮ ਹੋ ਜਾਣਗੇ।

"ਸਾਹਬ ਜਿਦਣ ਦਾ ਪਰਧਾਨ ਬਣਿਆ ਇਹਦੀ ਤੇ ਬੋਲੀ ਬਦਲ ਗਈ, ਪਤਾ ਨਹੀਂ ਕੀ ਕਾਰਪਟ ਕਾਰਪੂਟ ਬਾਨੀ ਡਾਨੀ ਜਿਹਾ ਬੋਲੀ ਜਾਣ ਲੱਗ ਪਿਆ ਆ। ਮੇਰੀ ਸਮਝੋਂ ਬਾਹਰ ਆ ਸਭ ਕੁੱਛ। ਹੂੰ ਮੈਂ ਬਥੇਰਾ ਸਮਝਾਇਆ ਇਸ ਬੰਦੇ ਨੂੰ ਪਰ ਏਹਦੀ ਖੋਪੜੀ ਪਤਾ ਨਹੀਂ ਕਾਹਦੀ ਬਣੀ ਆ ਕੁਛ ਸਮਝਣ ਲਈ ਤਿਆਰ ਹੀ ਨਹੀਂ ਆ। ਘਰ 'ਚ ਵੀ ਕਿਸਾਨ-ਮਜ਼ਦੂਰ ਏਕਤਾ, ਜ਼ਿੰਦਾਬਾਦ, ਮੋਦੀ ਸਰਕਾਰ, ਮੁ..ਰ...ਦ...ਾ...ਬ"

"ਉਹ ਮਾਹਲਾ ਜਿਹਾ ਪਤਾ ਨਹੀਂ ਕੀ ਧੂੜ ਗਿਆ ਇਹਦੇ ਸਿਰ ਚ। ਕਿਸੇ ਦੀ ਗੱਲ

ਸੁਣਨ ਲਈ ਤਿਆਰ ਨਹੀ। ਦੱਸ ਆਪਾਂ ਕੀ ਲੈਣਾ ਆ ਏਸ ਯੱਭਖਾਨੇ ਚੋ ਪਰਧਾਨ ਬਣਕੇ। ਜਿਥੇ ਕਾਰੂ ਦਾ ਚੌਣਾ ਓਥੇ ਯਾਰਾਂ ਦੀ ਵੱਛੀ ।"

"ਮੈਂ ਏਸ ਬੰਦੇ ਨੂੰ ਕਹਿਨੀ ਆ ਤੂੰ ਕੋਈ ਸਿੱਧਾ ਕੰਮ ਵੀ ਕਰ ਲਿਆ ਕਰ। ਸਾਰੀ ਉਮਰ ਪੁੱਠੇ ਕੰਮ ਕਰਨ ਦਾ ਠੇਕਾ ਤੂੰ ਹੀ ਲੈ ਰੱਖਣਾ। ਹੁਣ ਬੁੱਢੇਵਾਰੇ ਰੱਬ ਦਾ ਨਾਂ ਲੈਣ ਦਾ ਸਮਾਂ, ਤੂੰ ਕੇਹੜੇ ਚੱਕਰਾਂ ਪੈ ਗਿਆ ਏ।"

ਸੂਬੇਦਾਰਨੀ ਤੁਰੀ ਜਾਂਦੀ ਮਨ ਹੀ ਮਨ ਸੂਬੇਦਾਰ ਨੂੰ ਕੋਸ ਰਹੀ ਸੀ।

ਗਲੀ 'ਚ ਤੁਰੇ ਜਾਂਦੇ ਆਧੀਆਂ ਦੇ ਕੁੱਤੇ ਨੂੰ ਵੇਖ ਕੇ ਕਾਲੂ ਜ਼ੋਰ ਨਾਲ ਭੌਂਕਿਆ ਤਾਂ ਸੂਬੇਦਾਰਨੀ ਪਿਆਰੋ ਦਾ ਧਿਆਨ ਆਧੀਆਂ ਦੀ ਨਵੀਂ ਬਣੀ ਕੋਠੀ ਤੇ ਬਾਜ ਦੀ ਤਰਾਂ ਬਣੀ ਪਾਣੀ ਵਾਲੀ ਟੈਂਕੀ ਤੇ ਪਿਆ ਤਾਂ ਸੂਬੇਦਾਰਨੀ ਨੇ ਆਪਣੀ ਸੋਚ ਨੂੰ ਅੱਖ ਦੇ ਝਬੱਕੇ ਨਾਲ ਬਦਲਿਆ ।

"ਦੱਸ ਭਲੇ ਮਾਨਸਾਂ ਤੇਰੇ ਕਿਹੜੇ ਮੁਰੱਬੇ ਖੋ ਲੈਣੇ ਨੇ ਸਰਕਾਰ ਨੇ, ਝੁੰਗੇ 'ਚ ਛੇ ਖੇਤ ਆ।"

"ਜਮੀਨਾਂ ਖੁੱਸਣ ਦਾ ਡਰ ਤੇ ਆਧੀਆਂ ਨੂੰ ਹੋਣਾ ਚਾਹੀਦਾ ਆ।"

ਪਿੰਡ ਵਿਚ ਆਧੀਆਂ ਦੀ ਸਭ ਤੋਂ ਵੱਡੀ ਢੇਰੀ ਆ। ਆਧੀਆਂ ਦਾ ਟੱਬਰ ਲਾਗਲੇ ਪਿੰਡਾਂ ਤੋਂ ਜਮੀਨ ਠੇਕੇ ਤੇ ਲੈ ਕੇ ਵੱਡੀ ਪੱਧਰ ਦੀ ਆਲੂ ਦੀ ਫਸਲ ਦੀ ਖੇਤੀ ਕਰਦਾ ਆ ਅਤੇ ਸ਼ਹਿਰ 'ਚ ਆੜ੍ਹਤ ਵੀ ਏ। ਆੜ੍ਹਤ ਰਾਹੀਂ ਬਹੁਤ ਸਾਰੇ ਕਿਸਾਨਾਂ ਨੂੰ ਵਿਆਜੀ ਪੈਸਾ ਦਿੱਤਾ ਹੋਇਆ ਜਿਸ ਕਰਕੇ ਕਿਸਾਨ ਉਹਨਾਂ ਦੀ ਆੜ੍ਹਤ ਤੇ ਹੀ ਆਪਣੀ ਫਸਲ ਸੁਟਦੇ ਆ। ਹੁਣ ਨਵੇਂ ਆਏ ਕਾਨੂੰਨਾਂ ਨਾਲ ਮੰਡੀਆਂ ਬੰਦ ਹੋਣ ਦੇ ਡਰ ਕਰਕੇ ਆਧੀਆਂ ਨੂੰ ਆਪਣੇ ਕਰੋੜਾਂ ਰੁਪੈ ਕਿਸਾਨਾਂ ਕੋਲ ਮਰਦੇ ਨਜਰ ਆ ਰਹੇ ਸਨ।

ਆਧੀਆਂ ਕੋਲ ਕਈ ਟਰੈਕਟਰ ਅਤੇ ਵੱਡੀਆਂ ਵੱਡੀਆਂ ਮਸ਼ੀਨਾਂ ਨੇ ਪਰ ਕੀ ਮਜਾਲ ਕਿਸੇ ਨੂੰ ਕਿਤੇ ਆਪਣੀ ਕੋਈ ਚੀਜ ਮੰਗਵੀ ਦੇ ਦੇਣ। ਉਹਨਾਂ ਨੇ ਕਦੀ ਆਪਣੇ ਟਰੈਕਟਰ ਦਿੱਲੀ ਸ਼ੰਭੂ ਬਾਡਰ ਤੇ ਨਹੀਂ ਭੇਜੇ। ਨਾ ਹੀ ਕਿਸੇ ਮਾਤੜ ਕਿਸਾਨ ਨੂੰ ਜਮੀਨ ਵਾਹੁਣ ਲਈ ਦਿੱਤਾ ਜਿਹੜੇ ਸਿੰਘੂ ਬਾਡਰ ਤੇ ਬੈਠੇ ਆ।

ਆਧੀਆਂ ਦੇ ਮੁੰਡੇ ਆਪਣੀਆਂ ਥਾਰਾਂ ਅਤੇ ਫਾਰਚੂਨਰਾਂ 'ਚ ਦਿੱਲੀ ਸ਼ੰਭੂ ਬਾਡਰ ਤੇ ਗੇੜੀ ਤਾਂ ਮਾਰ ਆਉਂਦੇ ਪਰ ਕਦੀ ਟਰੈਕਟਰ ਓਥੇ ਨਹੀਂ ਖੜਿਆ। ਉਹ ਕਦੀ ਇਕ ਰਾਤ ਵੀ ਦਿੱਲੀ ਸਿੰਘੂ ਬਾਰਡਰ ਤੇ ਕਿਸਾਨ ਧਰਨੇ 'ਚ ਨਹੀਂ ਰੁਕੇ ਸਨ। ਉਹ ਕਹਿ ਦੇਂਦੇ ਏਥੇ ਮੱਛਰ ਬਹੁਤ ਲੜਦਾ ਆ।

ਉਂਜ ਆਧੀਆਂ ਨੇ ਕਿਸਾਨ ਮੋਰਚੇ ਦੀ ਪੈਸੇ ਪੱਖੋਂ ਖੁਲ੍ਹੀ ਮਦਦ ਕੀਤੀ ਸੀ। ਕਿਸਾਨਾਂ ਲਈ ਦਿੱਲੀ ਸਿੰਘੂ ਬਾਡਰ ਜਾਣ ਲਈ ਉਹ ਪੈਸੇ ਦੀ ਉਗਰਾਹੀ ਦੇਣੋ ਕਦੀ ਨਹੀਂ ਖੁੰਝਦੇ ਆ।

"ਏਹਨੂੰ ਸਾਹਬ ਨੂੰ ਕੋਈ ਪੁੱਛੇ ਇਹ ਆਧੀਏ ਤਾਂ ਪੈਸੇ ਬਿਨਾਂ ਕਿਸੇ ਦੀ ਵੱਢੀ ਉਂਗਲ ਤੇ ਨਹੀਂ ਮੂਤਦੇ ਆ ਤੂੰ ਏਨਾਂ ਦੀਆਂ ਜਮੀਨਾਂ ਬਚਾਉਣ ਲਈ ਲੜ ਰਿਹਾ ਏ।"

ਸੂਬੇਦਾਰਨੀ ਆਪਣੇ ਮਨ ਦੀ ਭੜਾਸ ਸੂਬੇਦਾਰ ਨਾਲ ਕੱਢ ਕੇ ਆਪਣੇ ਮਨ ਨੂੰ ਹੌਲਾ ਕਰ ਰਹੀ ਸੀ।

ਕਾਲੂ ਸੂਬੇਦਾਰਨੀ ਦੇ ਅੱਗੇ ਅੱਗੇ ਇਸਤਰਾਂ ਤੁਰਿਆ ਜਾ ਰਿਹਾ ਸੀ ਜਿਵੇਂ ਕਿਸੇ ਲੀਡਰ

ਦੇ ਅੱਗੇ ਉਸਦਾ ਗਾਰਡ ਰਸਤਾ ਬਣਾ ਰਿਹਾ ਹੋਵੇ।

'ਵਾਰੀ ਜਾਵਾਂ ਨੋਟ ਤੇਰੇ ਜੀਜੇ ਦਾ ਦਿਲ ਦਰਿਆ ਸਾਲੀਏ..........'

ਸੂਬੇਦਾਰਨੀ ਜਦੋਂ ਸੜਕ ਤੇ ਚੜੀ ਤਾਂ ਸਾਹਮਣੇ ਪਨਾਹੀਆਂ ਦੇ ਖੇਤਾਂ 'ਚ ਪੈਲੀ ਵਾਹ ਰਹੇ ਟਰੈਕਟਰ ਦੇ ਡੈਕ ਤੇ ਉੱਚੀ ਅਵਾਜ *ਚ ਲੱਗੇ ਗੀਤਦੇ ਬੋਲ ਉਸ ਦੇ ਕੰਨੀ ਪਏ।

ਸੂਬੇਦਾਰਨੀ ਦਾ ਝੱਟ ਧਿਆਨ ਕੱਲ ਰਾਤੀਂ ਜੀਤੇ ਨੱਕ—ਵੱਢਿਆਂ ਦੀ ਕੁੜੀ ਪਿੰਕੀ ਦੇ ਵਿਆਹ ਵਿਚ ਰਾਤ ਨੂੰਕੱਢੀ ਜਾਗੋ ਵੱਲ ਮੁੜਿਆ।

ਜਾਗੋ 'ਚ ਡੀ ਜੇ ਤੇ 'ਵਾਰੀ ਜਾਵਾਂ ਨੋਟ ਤੇਰੇ ਜੀਜੇ ਦਾ ਦਿਲ ਦਰਿਆ ਸਾਲੀਏ.........' ਵੱਜ ਰਹੇ ਗੀਤ ਤੇਜੀਤਾ ਆਪਣੀ ਸਾਲੀ ਨਾਲ ਨੱਚਦਾ ਉਸ ਤੋਂ ਰੁਪਈਏ ਵਾਰ ਵਾਰ ਸੁਟ ਰਿਹਾ ਸੀ।

"ਬੇਸ਼ਰਮ ਕਿਸੇ ਥਾਂ ਦਾ, ਅਜੇ ਤਿੰਨ ਦਿਨ ਹੋਏ ਨੇ ਡੂਢ ਕਿੱਲੇ ਦਾ ਗੂੰਠਾ ਲਾ ਕੇ ਆਏ ਨੂੰ। ਵੱਡਾ ਸ਼ਾਹ ਬਣਿਆ ਫਿਰਦਾ ਸੀ ਰਾਤੀ ਸ਼ਰਮ ਨਹੀਂ ਆਉਂਦੀ ਸਾਲੀ ਨਾਲ ਨੱਚਦੇ ਏਸ ਚੌਰੇ ਨੂੰ।"

ਪਿੰਡ 'ਚ ਗੱਲਾਂ ਹੁੰਦੀਆਂ ਨੇ, ਕਿ ਮੁੰਡੇ ਵਾਲੇ ਤਾਂ ਚੁੰਨੀ ਚੜਾਵਾ ਕਰਕੇ ਵਿਆਹ ਕਰਨ ਲਈ ਰਾਜੀ ਸਨ। ਪਿੰਕੀ ਨੇ ਘਰ 'ਚ ਬਹੁਕਰ ਖੜੀ ਕਰ ਰੱਖੀ ਸੀ ਕਿ ਮੈਂ ਵਿਆਹ ਮੈਰਜ ਪੈਲਸ 'ਚ ਹੀ ਕਰਵਾਉਣਾ ਜਿਥੇ ਲੱਖਾਂ ਦਾ ਖਰਚਾ ਹੋਣਾ ਸੀ।

"ਇਹਨਾਂ ਕੰਜਰਾਂ ਨੇ ਅੱਜ ਮੈਰਜ ਪੈਲਸ ਚ ਸ਼ਰਾਬ ਅਤੇ ਮੁਰਗਿਆਂ ਤੇ ਡੂਢ ਕਿੱਲਾ ਫੂਕ ਦੇਣਾ।"

"ਕਿਸੇ ਨੂੰ ਕੋਈ ਦੁੱਖ ਆ ਤੇਰੀ ਜਵਾਨ ਧੀ ਰੰਡੀ ਹੋਈ ਦਾ।"

"ਅਜੇ ਦੋ ਮਹੀਨੇ ਨਹੀਂ ਹੋਏ ਸਾਡੀ ਧੀ ਦਾ ਘਰ ਉਜੜੇ ਨੂੰ।"

"ਆ ਜੀਤੇ ਬੇਸ਼ਰਮ ਨੇ ਰਾਤੀਂ ਕਿੱਡੀ ਉੱਚੀ ਅਵਾਜ ਕਰਕੇ ਡੀ.ਜੇ. ਲਾਇਆ ਸੀ।"

"ਰਾਤ ਨੂੰ ਆਪਣੇ ਘਰ ਤੇ ਚੀਨੀ ਲਾਈਟਾਂ ਲਾ ਕੇ ਦਿਨ ਕਿਵੇਂ ਦਿਨ ਚੜਾਇਆ ਸੀ, ਜਿਵੇਂ ਦਿਵਾਲੀ ਮਨਾ ਰਿਹਾ ਹੋਵੇ।"

"ਭਲੇ ਸਮਿਆਂ*ਚ ਗੁਆਂਢੀ ਸਾਲ ਸਾਲ ਸੋਗ ਕਰਦੇ ਸਨ, ਜੇ ਕਿਸੇ ਦੀ ਧੀ ਰੰਡੀ ਹੋ ਜਾਦੀ ਸੀ।"

"ਹੋਰ ਤੇ ਹੋਰ ਕੋਈ ਅਫਸੋਸ ਕਰਨ ਲਈ ਵੀ ਨਹੀ ਆਇਆ ਸੀ ਤੇਰੇ ਜੁਆਈ ਮੋਏ ਦਾ। ਜਿਵੇ ਏਨਾਂ ਅਫਸੋਸ ਕਰਨ ਆਇਆਂ ਨੂੰ ਕਰੋਨਾ ਹੋ ਜਾਣਾ ਸੀ।"

"ਜਿਨ੍ਹਾਂ ਲਈ ਤੂੰ ਲੜਨ ਮਰਨ ਡਿੱਹਾ ਆਂ ਏਨਾਂ, ਕਿਸੇ ਨੂੰ ਤੇਰੀ ਕੋਈ ਸੰਗ ਸ਼ਰਮ ਹੈਗੀ ਆ।"

ਸੂਬੇਦਾਰਨੀ ਪਿਆਰੋ ਤੋਂ ਗੁੱਸਾ ਸਾਂਭ ਨਹੀਂ ਹੋ ਰਿਹਾ ਸੀ।

"ਸੂਬੇਦਾਰ ਪ੍ਰਧਾਨ ਨੂੰ ਜਾ ਕੇ ਘਰ ਲੈ ਆਓ ਨਹੀਂ ਤਾਂ ਕਿਤੇ ਕੁੱਜੇ ਪਾ ਕੇ ਨਾ ਲਿਆਉਣਾ ਪੈ ਜਾਵੇ।"

ਨੱਕ—ਵੱਢਿਆਂ ਦੇ ਕਾਰੇ ਨੇਸੂਬੇਦਾਰ ਨੂੰ ਕਰੋਨਾ ਹੋਣ ਤੋਂ ਪੰਦਰਾਂ ਕੁ ਦਿਨਾਂ ਬਾਅਦ ਉਸਦੇ ਘਰੇ ਆ ਕੇ ਉਸਦੇ ਜੁਆਕਾਂ ਨੂੰ ਕਿਹਾ ਸੀ।

ਕਰੋਨੇ ਤੋਂ ਪਹਿਲਾਂ ਵੀ ਉਂਝ ਹਰ ਰੋਜ਼ ਦੋ ਤਿੰਨ ਲਾਸ਼ਾਂ ਕਿਸਾਨ ਮੋਰਚੇ ਤੋਂ ਪੰਜਾਬ ਦੇ ਘਰਾਂ 'ਚ ਆ ਰਹੀਆਂ ਸਨ।

ਕਿਸਾਨਾਂ ਨੇ ਸਿੰਘੂ ਬਾਡਰ ਤੇ ਧਰਨੇ *ਚ ਜਾਣ ਲਈ ਵਾਰੀਆਂ ਬੰਨੀਆਂ ਸਨ। ਹਰ ਹਫਤੇ ਐਤਵਾਰ ਨੂੰ ਪਿੰਡ ਤੋਂ ਮਿੰਨੀ ਬੱਸ ਵੀਹ ਕਿਸਾਨਾਂ ਨੂੰ ਧਰਨੇ 'ਚ ਹਿੱਸਾ ਲੈਣ ਲਈ ਸਿੰਘੂ ਬਾਡਰ ਜਾਂਦੀ। ਪਿਛਲੇ ਹਫਤੇ ਦੇ ਧਰਨੇ ਤੇ ਬੈਠੇ ਵੀਹ ਕਿਸਾਨਾਂ ਨੂੰ ਵਾਪਸ ਲੈ ਆਉਂਦੀ ਸੀ।

ਕਿਸਾਨ ਯੂਨੀਅਨ ਵੱਲੋਂ ਘਰ ਪ੍ਰਤੀ ਉਗਰਾਹੀ ਅਤੇ ਇਕ ਜਾਣੇ ਦੀ ਧਰਨੇ ਤੇ ਜਾਣ ਲਈ ਡਿਊਟੀ ਲਾਈ ਗਈ ਸੀ।

ਸੂਬੇਦਾਰਨੀ ਪਿਆਰੋ ਜਿੱਦ ਕਰਕੇ ਮੁੰਡਿਆਂ ਦੇ ਨਾਲ ਸਾਹਬ ਨੂੰ ਦੇਖਣ ਲਈ ਐਤਵਾਰ ਧਰਨੇ ਤੇ ਜਾਣ ਮਿੰਨੀ ਬੱਸ ਵਿਚ ਬੈਠ ਗਈ। ਸਵੇਰੇ ਸੱਵਖਤੇ ਦੀ ਪਿੰਡ ਤੋਂ ਤੁਰੀ ਮਿੰਨੀ ਬੱਸ ਸ਼ਾਮੀ ਦਿਨ ਢਲੇ ਦਿੱਲੀ ਸੰਭੂ ਬਾਡਰ ਤੇ ਪਹੁੰਚੀ ਸੀ।

ਜਰਨੈਲੀ ਸੜਕ ਦੇ ਦੋਵੇ ਪਾਸੇ ਤੰਬੂ ਹੀ ਤੰਬੂ, ਕੀ ਨਿੱਕੇ ਕੀ ਵੱਡੇ। ਹੋਰ ਤੇ ਹੋਰ ਟਰਾਲੀਆਂ ਤੇ ਤੰਬੂ। ਏਹਨਾਂ ਦਾ ਕੋਈ ਅੰਤ ਨਹੀਂ ਸੀ। ਜਿਉਂ ਜਿਉਂ ਬੱਸ ਅੱਗੇ ਵੱਲ ਨੂੰ ਤੁਰੀ ਜਾਵੇ ਤਿਉਂ ਤਿਉਂ ਇਹ ਨਜ਼ਾਰਾ ਹੋਰ ਵੱਡਾ ਹੋਈ ਜਾਵੇ। ਲੰਗਰ ਚਾਹ ਪਕੌੜੇ, ਵੱਖ ਵੱਖ ਕਿਸਾਨ ਯੂਨੀਅਨਾਂ, ਵੱਖ ਵੱਖ ਬਾਬਿਆ ਦੇ ਲੰਗਰ। ਪਤਾ ਨਹੀਂ ਕਿੰਨੀਆਂ ਕਿਸਮਾਂ ਦੇ ਲੰਗਰ ਲੱਗੇ ਹੋਏ ਸਨ। ਆਪਣੇਆਪਣੇ ਤੰਬੂ ਦੇ ਸਾਹਮਣੇ ਮੰਜੇ ਕੁਰਸੀ ਡਾਹੀਂ ਕਿਸਾਨ ਬੈਠੇ ਸਨ।ਕਿਤੇ ਹਰਿਆਣੇ, ਯੂ ਪੀ ਦੇ ਕਿਸਾਨ ਆਪਣੇ ਹੁੱਕੇ ਪੀ ਰਹੇ ਸਨ। ਜਿਆਦਾ ਤਰ ਪੰਜਾਬੀ ਕਿਸਾਨਾਂ ਦੇ ਤੰਬੂਆਂ ਵਿਚ ਉੱਚੀ ਉੱਚੀ ਅਵਾਜ ਤੇ ਡੈਕਾਂ ਤੇ ਜੋਸ਼ ਭਰੇ ਗੀਤ ਵੱਜ ਰਹੇ ਸਨ। ਕਿੱਤੇ ਵਾਰਾਂ ਕਿੱਤੇ ਕੰਵਰ ਗਰੇਵਾਲ ਦਾ "ਹੁਣ ਫਸਲਾਂ ਦੇ ਫੈਸਲੇ ਕਿਸਾਨ ਕਰੂਗਾ.........।"

"ਵਾਹਗੁਰੂ ਸਾਰਾ ਮੁਲਕ ਏਥੇ ਆ ਗਿਆ ਲੱਗਦਾ, ਏਨਾਂ ਨੂੰ ਆਪਣੇ ਘਰਾਂ ਦਾ ਕੋਈ ਫਿਕਰ ਨਹੀ ਲੱਗਦਾ।"

ਸੂਬੇਦਾਰਨੀ ਕਿਸਾਨ ਧਰਨੇ ਦਾ ਨਜ਼ਾਰਾ ਦੇਖ ਕੇ ਹੈਰਾਨ ਹੋ ਰਹੀ ਸੀ ।

ਅੰਤ ਬੱਸ ਇਕ ਪਾਸੇ ਪਾਰਕ ਵਿਚ ਖੜੀ ਕਰਕੇ ਸਾਰੇ ਜਾਣੇ ਬੱਸ ਵਿਚੋਂ ਉੱਤਰ ਕੇ ਕਾਰੇ ਦੇ ਪਿੱਛੇ ਹੋ ਤੁਰੇ। ਕਾਰੇ ਨੇ ਕਿਸਾਨ ਯੂਨੀਅਨ ਦਾ ਝੰਡਾ ਆਪਣੇ ਖੱਬੇ ਮੋਢੇ ਨਾਲ ਲਾਇਆ ਹੋਇਆ ਸੀ। ਉਹ ਸੱਜੀ ਬਾਹ ਉੱਪਰ ਚੁੱਕ ਕੇ ਉੱਚੀ ਉੱਚੀ ਨਾਹਰੇ ਮਾਰ ਰਿਹਾ ਸੀ।

ਕਿਸਾਨ ਮਾਰੂ ਕਾਲੇ ਕਾਨੂੰਨ ਵਾਪਸ ਲਓ, ਕਿਸਾਨ ਮਜ਼ਦੂਰ ਏਕਤਾ ਜ਼ਿੰਦਾਬਾਦ, ਮੋਦੀ ਸਰਕਾਰ ਮੁਰ.....ਬਾਦ....।

ਪਿੰਡ ਦੇ ਕਿਸਾਨਾਂ ਦੇ ਜਥੇ ਨਾਲ ਸੂਬੇਦਾਰਨੀ ਵੀ ਨਾਹਰੇ ਮਾਰਦੀ ਹੋਈ ਆਪਣੇ ਪਿੰਡ ਦੇ ਤੰਬੂ ਕੋਲ ਪਹੰਚ ਗਈ। ਪਿੰਡ ਦਾ ਤੰਬੂ ਸੂਬੇਦਾਰ ਦੀ ਟਰਾਲੀ ਦੇ ਉੱਪਰ ਦੀ ਲੱਗਾ ਹੋਇਆ ਸੀ।

ਸੂਬੇਦਾਰ ਰਣਯੋਧ ਸਿੰਹੁ ਪਿਛਲੇ ਹਫ਼ਤੇ ਦਾ ਕਰੋਨਾ ਹਸਪਤਾਲ ਕੈਂਪ ਚੋਂ ਆਪਣੇ ਤੰਬੂ 'ਚ ਵਾਪਸ ਆ ਗਿਆ ਸੀ। ਉਸ ਦਾ ਮੰਜਾ ਥੋੜਾ ਵੱਖਰਾ ਕਰਕੇ ਡਾਹਿਆ ਹੋਇਆ ਸੀ ਅਤੇ ਤੰਬੂ ਦੇ ਇਕ ਹਿੱਸੇ ਨੂੰ ਵੱਖ ਕਰਨ ਲਈ ਇਕ ਪਲਾਸਟਿਕ ਦੀ ਤਰਪਾਲ ਤਣੀ ਹੋਈ ਸੀ। ਸੂਬੇਦਾਰ ਨੂੰ ਹਵਾ ਦੇਣ ਲਈ ਇਕ ਕੂਲਰ ਲਾਇਆ ਹੋਇਆ ਸੀ।

ਸੂਬੇਦਾਰ ਆਪਣੇ ਮੰਜੇ ਤੇ ਨਿਢਾਲ ਜਿਹਾ ਪਿਆ ਸੀ। ਡਾਕਟਰਾਂ ਦੇ ਕਹਿਣ ਅਨੁਸਾਰ

ਹੁਣ ਉਸ ਨੂੰ ਕਿਸੇ ਕਿਸਮ ਦਾ ਕੋਈ ਖਤਰਾ ਨਹੀਂ ਸੀ।

ਸੂਬੇਦਾਰ ਰਣਯੋਧ ਸਿੰਹੁ ਨੇ ਸੂਬੇਦਾਰਨੀ ਪਿਆਰੋ ਦੀ ਅਵਾਜ ਸੁਣ ਕੇ ਆਪਣਾ ਪਾਸਾ ਬਦਲਿਆ ਤਾਂ ਸੂਬੇਦਾਰ ਦੀ ਹੈਰਾਨੀ ਦੀ ਕੋਈ ਹੱਦ ਰਹੀ ਜਦੋਂ ਉਸ ਨੇ ਸੂਬੇਦਾਰਨੀ ਦੇ ਨਾਲ ਆਪਣੇ ਦੋਹਾਂ ਮੁੰਡਿਆਂ ਭਿੰਦੇ ਅਤੇ ਸ਼ਿੰਦੇ ਨੂੰ ਵੇਖਿਆ!

ਸੂਰਜ ਨੇ ਪੱਛਮ *ਚ ਡੁੱਬਣ ਲਈ ਕਮਰ ਕੱਸੇ ਕਰਨੇ ਸ਼ੁਰੂ ਕਰ ਦਿੱਤੇ ਸਨ। ਤੰਬੂ ਦੇ ਲਾਗੇ ਦੀ ਸੜਕ ਦਾ ਵਰਮ ਕੱਚਾ ਹੋਣ ਕਰਕੇ ਜਿਹੜੀ ਵੀ ਚਾਰ ਪਹੀਆ ਜਾਂ ਦੋ ਪਹੀਆ ਲੰਘਦਾ ਉਸ ਦਾ ਉੱਡਿਆ ਘੱਟਾ ਤੰਬੂ ਦੀਆਂ ਵਿਥਾਂ ਰਾਹੀ ਤੰਬੂ ਵਿਚ ਵੜ ਰਿਹਾ ਸੀ। ਤੰਬੂ ਅੰਦਰਲੀਆਂ ਸਾਰੀਆਂ ਚੀਜਾਂ ਘੱਟੇ ਨਾਲ ਭਰੀਆਂ ਪਈਆਂ ਸਨ।

ਕੱਚੇ ਵਰਮ ਦੇ ਨਾਲ ਬਣਿਆ ਪਾਣੀ ਦਾ ਨਾਲਾ ਗੰਦੇ ਪਾਣੀ ਨਾਲ ਭਰਿਆ ਪਿਆ ਸੀ। ਜਿਸ ਵਿਚੋਂ ਬੋ ਆ ਰਹੀ ਸੀ।

ਸੂਬੇਦਾਰ ਦਾ ਤੰਬੂ ਮੁੱਖ ਸਟੇਜ ਲਾਗੇ ਸੀ। ਜਿਸ ਕਰਕੇ ਸਟੇਜ ਤੇ ਚੱਲਦੀ ਸਾਰੀ ਕਰਵਾਈ ਸੁਣਾਈ ਦੇਂਦੀ ਸੀ। ਓਦਾਂ ਸਾਰੇ ਰਸਤੇ ’ਚ ਸਪੀਕਰਾਂ ਦਾ ਪ੍ਰਬੰਧ ਕੀਤਾ ਹੋਇਆ ਸੀ, ਜਿਥੇ ਤੱਕ ਸੜਕ ਤੇ ਤੰਬੂ ਲੱਗੇ ਹੋਏ ਸਨ।

ਸਟੇਜ ਤੇ ਰਹਿਰਾਸ ਦਾ ਪਾਠ ਕਰਕੇ ਭਾਈ ਸਾਹਿਬ ਨੇ ਅਰਦਾਸ ਕਰਨੀ ਸ਼ੁਰੂ ਕੀਤੀ ਤਾਂ ਸੂਬੇਦਾਰ ਰਣਯੋਧ ਸਿੰਹੁ ਆਪਣੀ ਮੰਜੀ ਤੋਂ ਭੁੰਜੇ ਉੱਤਰ ਕੇ ਗਲ ਵਿਚ ਪੱਲਾ ਪਾ ਕੇ ਅਰਦਾਸ ਕਰਨ ਲਈ ਖਲੋ ਗਿਆ।

ਅਰਦਾਸ ਖਤਮ ਹੋਈ ਭਾਈ ਜੀ ‘ਬੋਲੇ ਸੋ ਨਿਹਾਲ’ ਦਾ ਜੈਕਾਰਾ ਲਾਇਆ ਤਾਂ ਸਾਰਾ ਧਰਨਾ ਜੈਕਾਰਿਆਂ ਨਾਲ ਗੂੰਜ ਉੱਠਿਆ ਸੀ।

ਅਰਦਾਸ ਤੋਂ ਬਾਅਦ ਸੂਬੇਦਾਰ ਰਣਯੋਧ ਸਿੰਹੁ ਆਪਣੇ ਮੰਜੇ ਤੇ ਬੈਠ ਗਿਆ।

ਸੂਬੇਦਾਰਨੀ ਆਪਣੇ ਆਪ ਨੂੰ ਬਹੁਤ ਜ਼ਾਬਤੇ, ’ਚ ਰੱਖ ਰਹੀ ਸੀ ਪਰ ਉਹ ਰੋਕ ਨਾ ਸਕੀ। ਉਸ ਨੂੰ ਇਕ ਤਾਂ ਆਪਣੀ ਧੀ ਭੋਲਾਂ ਦੇ ਰੰਡੀ ਹੋਣ ਦਾ ਦਰਦ, ਦੂਜਾ ਸੂਬੇਦਾਰ ਦੀ ਕਰੋਨਾ ਨਾਲ ਵਿਗੜੀ ਸਿਹਤ, ਤੀਜਾ ਸੂਬੇਦਾਰ ਦਾ ਏਨੀਆਂ ਔਖੀਆਂ ਹਾਲਤਾਂ ’ਚ ਰਹਿਣ ਦਾ ਫ਼ਿਕਰ ਸਤਾਉਣ ਲੱਗਾ ਸੀ।

ਪਿਆਰੋ ਮੁੰਡਿਆਂ ਦੇ ਡੱਕਣ ਦੇ ਬਾਵਜੂਦ ਪਲਾਸਟਿਕ ਦੀ ਤਰਪਾਲ ਦਾ ਪਰਦਾ ਪਾਸੇ ਕਰਕੇ ਸੂਬੇਦਾਰ ਦੀ ਮੰਜੀ ਤੇ ਜਾ ਬੈਠੀ ਅਤੇ ਸੂਬੇਦਾਰ ਦੇ ਗਲ ਲੱਗ ਕੇ ਖੂਬ ਰੋਈ ਸੀ। ਸੂਬੇਦਾਰ ਵੀ ਆਪਣੇ ਆਪ ਨੂੰ ਰੋਕ ਨਾ ਸਕਿਆ ਉਸ ਦੀਆਂ ਵੀ ਧਾਹਾਂ ਨਿਕਲ ਗਈਆਂ ਸਨ। ਕਾਫੀ ਦੇਰ ਤੱਕ ਦੋਵੇਂ ਧੀ ਦੇ ਦਰਦ ’ਚ ਹੌਕੇ ਭਰਦੇ ਰਹੇ।

ਆਖਰ ਦੋਵੇਂ ਇਕ ਦੂਜੇ ਨੂੰ ਦਿਲਾਸੇ ਦੇਂਦੇ ਸ਼ਾਂਤ ਹੋ ਗਏ।

ਪਿਆਰੋ ਨੇ ਸੂਬੇਦਾਰ ਦੇ ਸਾਰੇ ਕਪੜੇ ਬਦਲਵਾਏ ਜਿਹੜੇ ਪਿੰਡ ਤੋਂ ਲੈ ਕੇ ਆਈ ਸੀ। ਉਸ ਨੇ ਸੂਬੇਦਾਰ ਦੀ ਮੰਜੀ ਦੀ ਚਾਦਰ ਅਤੇ ਸਿਰਹਾਣੇ ਦਾ ਕਵਰ ਵੀ ਬਦਲਿਆ।

ਪਿਆਰੋ ਨੇ ਸਾਰੀ ਰਾਤ ਬਹਿ ਕੇ ਕੱਟੀ, ਘੱਟੇ ਮਿੱਟੀ ਮੱਛਰ ਵਿਚ ਸੌਂ ਕਿਥੇ ਹੋਣਾ ਸੀ।

ਦਿਨ ਦਾ ਚੜਾਅ ਹੋਇਆ ਤਾਂ ਸੜਕ ਦੇ ਦੋਹੀਂ ਪਾਸੀ ਚਹਿਲ ਪਹਿਲ ਸ਼ੁਰੂ ਹੋ ਗਈ ਲੋਕ ਚਾਹ ਨਾਸ਼ਤੇ ਲੰਗਰਾਂ ਵੱਲ ਜਾਣੇ ਸ਼ੁਰੂ ਹੋ ਗਏ ਸਨ।

ਸੂਬੇਦਾਰ ਦੇ ਨਿੱਕੇ ਮੁੰਡੇ ਨੇ ਤੰਬੂ ਦੇ ਲਾਗਲੇ ਚਾਹ ਦੇ ਲੰਗਰ ਤੋਂ ਚਾਹ ਤੇ ਨਾਸ਼ਤਾ ਲਿਆਦਾਂ। ਦੋਹਾਂ ਨੂੰ ਚਾਹ ਨਾਲ ਇਕ ਇਕ ਦੇਸੀ ਘਿਓ ਦਾ ਪਰੌਂਠਾ ਖਾਣ ਲਈ ਦਿੱਤਾ।

"ਸਾਹਬ ਜੀ ਤੂੰ ਹਰਜੀਤਦੀ ਅਰਥੀ ਪਿੱਛੇ ਜਾ ਨਹੀਂ ਸਕਿਆ। ਹੁਣ ਉਸਦੀ ਮੋੜਵੀਂ ਮਕਾਣ ਸੱਦਣੀ ਆ, ਤੂੰ ਘਰੇ ਫੇਰਾ ਪਾ ਲਈਂ। ਜੱਗ ਰਖਾਈ ਹੋਜੂ ਨਾਲੇ ਭੋਲਾਂ ਦਾ ਮਨ ਹੌਲਾ ਹੋ ਜੂ ਗਾ।"

ਪਿਆਰੋ ਨੇ ਸੂਬੇਦਾਰ ਨਾਲ ਆਪਣੀ ਗੱਲ ਤੋਰਨ ਲਈ ਜਵਾਈ ਦੀ ਮੌਤ ਦਾ ਵਾਸਤਾ ਪਾਇਆ।

ਸੂਬੇਦਾਰ ਤੇ ਪਿਆਰੋ ਦੀਆਂ ਗੱਲਾਂ ਅਸਰ ਹੋ ਰਿਹਾ ਸੀ। ਸੂਬੇਦਾਰ ਦਾ ਦਿਲ ਜਵਾਈ ਦੀ ਮੌਤ ਅਤੇ ਜਵਾਨ ਧੀ ਦੇ ਰੰਡੀ ਹੋਣ ਨਾਲ ਪਹਿਲਾਂ ਹੀ ਵਲੂੰਧਰਿਆ ਪਿਆ ਸੀ। ਉਸ ਤੋਂ ਬੋਲ ਨਹੀਂ ਹੋ ਰਿਹਾ ਸੀ ।

"ਕਲਗੀਧਰ ਪਿਤਾ ਨੂੰ ਯਾਦ ਕਰ ਲਿਆ ਕਰ, ਸਾਰੇ ਦੁੱਖ ਆਪਣੇ ਭੁੱਲ ਜਾਣਗੇ।"

ਸੂਬੇਦਾਰ ਨੇ ਤੰਬੂ ਦੇ ਪਰਦੇ ਤੇ ਕਲਗੀਧਰ ਪਿਤਾ ਦੀ ਲਟਕ ਰਹੀ ਤਸਵੀਰ ਵੱਲ ਇਸ਼ਾਰਾ ਕਰਕੇ ਹੌਲੀ ਜਹੀ ਅਵਾਜ 'ਚ ਕਿਹਾ ਸੀ।

ਪਰੰਤੂ ਸੂਬੇਦਾਰ ਆਪਣੀ ਕੀਤੀ ਅਰਦਾਸ ਤੋਂ ਨਹੀਂ ਥਿੜਕਿਆ। ਉਹ ਪਿੰਡ ਆਉਣ ਨੂੰ ਨਹੀਂ ਮੰਨਿਆ ਸੀ।

ਸੂਬੇਦਾਰਨੀ ਤੇ ਮੁੰਡੇ ਹੌਕੇ ਭਰਦੇ ਅਗਲੇ ਦਿਨ ਬਸ ਵਿਚ ਵਾਪਸ ਪਿੰਡ ਆ ਗਏ।

"ਸਾਹਬ ਤੂੰ ਜਿਨ੍ਹਾਂ ਲਈ ਇਹ ਸਭ ਕਰਨ ਡਿਹਾ ਏਂ ਕਿਸੇ ਨੇ ਤੇਰਾ ਹਾਲ ਪੁੱਛਿਆ ਈ ਜਦੋਂ ਤੈਨੂੰ ਕਰੋਨਾ ਹੋਇਆ ਸੀ। ਹੋਰ ਤੇ ਹੋਰ ਤੇਰੇ ਜਵਾਈ ਦੀ ਮੌਤ ਦਾ ਹਿਰਖ ਕਰਨ ਵੀ ਕੋਈ ਨਹੀਂ ਆਇਆ ਸੀ। ਅਖੇ ਜੀ ਉਹ ਕਰੋਨੇ ਨਾਲ ਮਰਿਆ ਆ ਕਿਤੇ ਸਾਨੂੰ ਵੀ ਕਰੋਨਾ ਨਾ ਹੋ ਜਾਵੇ।"

"ਏਨਾਂ ਬੇ—ਕਦਰਾਂ ਨਾਲੋਂ ਤੇ ਇਹ ਬੇਜਾਨ ਕਾਲੂ ਚੰਗਾ ਏ। ਜਦੋਂ ਮੈਂ ਤੈਨੂੰ ਵੇਖਣ ਦਿੱਲੀ ਸ਼ੰਭੂ ਬਾਰਡਰ ਆਈ ਸੀ, ਵਿਚਾਰਾ ਛੇ ਪਹਿਰ ਭੁੱਖਾ ਰਿਹਾ। ਇਸ ਬੇਜਾਨ ਨੇ ਮੇਰੀ ਵਾਪਸ ਆਈ ਤੇ ਟੁੱਕ ਨੂੰ ਮੂੰਹ ਲਾਇਆ ਸੀ।"

"ਕਿਸ ਕੰਮ ਤੇਰੇ ਭਾਸ਼ਣ ਜਿਹੜੇ ਤੂੰ ਏਨਾਂ ਨੂੰ ਲੜਣ ਲਈ ਦੇਨਾ ਆ।"

ਪਿਆਰੋ ਆਪਣੇ ਆਪ ਨੂੰ ਸੂਬੇਦਾਰ ਰਣਯੋਧ ਸਿੰਹੁ ਨਾਲ ਹਿਰਖ 'ਚ ਡੋਬੀ ਜਾ ਰਹੀ ਸੀ।

ਸੂਬੇਦਾਰਨੀ ਪਿਆਰੋ ਅਜੇ ਕੰਨ ਕੁਤਰਿਆਂ ਦਾ ਮੋੜ ਮੁੜਕੇ ਆਪਣੇ ਘਰਦੇ ਦਰਵਾਜੇ ਸਾਹਮਣੇ ਪਹੁੰਚੀ ਸੀ ਕਿ "ਕਿਸਾਨ ਏਕਤਾ ਜ਼ਿੰਦਾਬਾਦ, ਮੋਦੀ ਸਰਕਾਰ ...ਮੁਰ......ਬਾਦ, ਜੋ ਬੋਲੇ ਸੋ ਨਿਹਾਲ ਸਤਿ ਸ਼੍ਰੀ ਆਕਾਲ' ਨਾਲ ਗੁਰਦਵਾਰਾ ਸਾਹਿਬ ਦੇ ਸਪੀਕਰ ਤੋਂ ਜ਼ੋਰ ਜ਼ੋਰ ਦੀ ਆ ਰਹੀਆਂ ਅਵਾਜਾਂ ਨਾਲ ਗੁਰਦਵਾਰਾ ਸਾਹਿਬ ਦਾ ਹਾਲ ਗੂੰਜ ਉਠਿਆ ਸੀ।

ਸੂਬੇਦਾਰਨੀ ਨੂੰ ਇਹ ਸਮਝ ਨਹੀਂ ਪੈ ਰਹੀ ਸੀ ਕਿ ਗੁਰਦਵਾਰੇ ਵਿਚ ਇਹ ਜੈਕਾਰੇ ਕਿਉਂ ਲੱਗ ਰਹੇ ਆ?

ਉਹ ਆਪਣੇ ਘਰ ਦੇ ਵੱਡੇ ਬੂਹੇ ਦੇ ਅੰਦਰ ਵੇਹੜੇ ਨੂੰ ਪਾਰ ਕਰਕੇ ਆਪਣੇ ਕਮਰੇ ਦਾ ਦਰਵਾਜਾ ਖੋਲ ਕੇ ਅੰਦਰ ਵੜਨ ਲੱਗੀ ਸੀ।

"ਮੋਦੀ ..ਹ..ਾ..ਰ ਗਿਆ ਤੇ ਸਾਡਾ ਤਾਇਆ ਜਿੱਤ ਗਿਆ।"

ਚੀਨਿਆਂ ਦੀ ਨਿੱਕੀ ਕੁੜੀ ਡਾਲੀ ਸੂਬੇਦਾਰਨੀ ਵੱਲ ਭੱਜੀ ਆਵੇ ਤੇ ਬੋਲੀ ਜਾਵੇ।

ਸੂਬੇਦਾਰਨੀ ਪਿਆਰੋ ਦੇ ਪਿੜ ਪੱਲੇ ਕੁਝ ਨਹੀਂ ਪਿਆ।

"ਹਾਏ ਨਖਾਫਣੀਏ ਤੈਨੂੰ ਕੀ ਹੋਇਆ? ਕੀ ਰੌਲਾ ਪਾਈ ਜਾਨੀ ਏ?"

ਕੋਲ ਆਈ ਡਾਲੀ ਨੂੰ ਉਸ ਨੇ ਬਾਹੋਂ ਫੜ ਕੇ ਰੋਕ ਲਿਆ।

"ਤਾਈ, ਸਾਡਾ ਤਾਇਆ ਜਿੱਤ ਗਿਆ, ਮੋਦੀ ਹਾ...ਗਿਆ।"

"ਕਿਹੜਾ ਤਾਇਆ?"

"ਸੂਬੇਦਾਰ ਤਾਇਆ।"

"ਤੈਨੂੰਕਿੰਨੇ ਕਿਹਾ?"

"ਭਾਪੇ ਨੇ।"

"ਭਾਪਾ ਟੀ ਵੀ ਵੇਖ ਰਿਹਾ ਆ। ਟੀ ਵੀ ਤੇ ਪ੍ਰਧਾਨ ਮੰਤਰੀ ਬੋਲ ਰਿਹਾ ਆ ਤੇ ਭਾਪਾ ਉੱਠ ਕੇ ਨੱਚਣ ਲੱਗ ਪਿਆ ਸੀ। ਕਿਸਾਨ ਜਿੱਤ ਗਏ ਤੇ .ਮੋ...ਦੀ..ਹਾ.. ਗਿਆ।"

ਏਨੇ ਨੂੰ ਕਾਲੂ ਸੂਬੇਦਾਰਨੀ ਦੇ ਕਮਰੇ ਅੰਦਰ ਵੜ ਗਿਆ ਅਤੇ ਉੱਚੀ ਉੱਚੀ ਭੌਂਕਣ ਲੱਗਾ। ਕਾਲੂ ਦੀ ਭੌਂਕਣ ਦੀ ਅਵਾਜ ਨੇ ਸੂਬੇਦਾਰਨੀ ਪਿਆਰੋ ਨੂੰ ਥੋੜਾ ਪਰੇਸ਼ਾਨ ਕਰ ਦਿੱਤਾ।

ਉਹ ਡਾਲੀ ਨੂੰ ਛੱਡ ਕੇ ਕਾਹਲੀ ਕਾਹਲੀ ਆਪਣੇ ਕਮਰੇ ਅੰਦਰ ਵੜੀ।

ਕਾਲੂ ਸੂਬੇਦਾਰ ਦੀ ਟੁੱਟੇ ਸ਼ੀਸ਼ੇ ਦੀ ਫਰੇਮ 'ਚ ਪਈ ਫੋਟੋ ਮੂੰਹ 'ਚ ਫੜੀ ਫਰਸ਼ ਤੇ ਸਿੱਧਾ ਬੈਠਾ ਅੱਖਾਂ ਚੋਂ ਅੱਥਰੂ ਕੇਰ ਰਿਹਾ ਸੀ।

"ਹਾਏ ਮੈਂ ਮਰਜਾਂ ਕਾਲੂ,ਇਹ ਕੀ ਹੋਇਆ ਏ?"

ਸੂਬੇਦਾਰ ਦਾ ਸੂਟਕੇਸ ਵਾਧੇ ਤੋਂ ਥੱਲੇ ਡਿੱਗ ਕੇ ਟੁੱਟਾ ਪਿਆ ਸੀ। ਜਿਸ ਵਿਚ ਸੂਬੇਦਾਰ ਦੀ ਰੱਖੀ ਫੋਟੋ ਦੇ ਫਰੇਮ ਦਾ ਸੀਸ਼ਾ ਟੁੱਟ ਕੇ ਬੁਰੀ ਤਰਾਂ ਚੂਰ ਚੂਰ ਹੋ ਗਿਆ ਸੀ।

ਉਸ ਵਿਚ ਪਏ ਤਿੰਨ ਚਿੱਟੇ ਲਿਫ਼ਾਫੇ ਸ਼ੀਸ਼ੇ ਦੀਆਂ ਕੰਕਰਾਂ 'ਚ ਖਿਲਰੇ ਪਏ ਸਨ।

ਇਨਾਂ ਵੱਖ ਵੱਖ ਲਿਫਾਫਿਆਂ ਤੇ ਲਿਖਿਆ ਸੀ ਗ੍ਰੰਥੀ ਸਿੰਘਾਂ ਦੀ ਭੇਟਾ, ਗੁਰੂ ਮਹਾਰਾਜ ਲਈ ਰੁਮਾਲਾ ਸਾਹਿਬ ਦੀ ਭੇਟਾ ਅਤੇ ਸੰਗਤ ਦੇ ਲੰਗਰ ਲਈ ਭੇਟਾ।

ਸੂਬੇਦਾਰਨੀ ਪਿਆਰੋ ਨੇ ਕਾਲੂ ਦੇ ਮੂੰਹ ਚੋਂ ਫੋਟੋ ਫੜੀ ਅਤੇ ਜ਼ਮੀਨ ਤੋਂ ਲਿਫਾਫੇ ਚੁੱਕ ਕੇ ਆਪਣੇ ਸੀਨੇ ਨਾਲ ਲਾ ਕੇ ਪੈਰਾਂ ਭਾਰ ਬੈਠ ਗਈ।

ਖੱਬੇ ਹੱਥ ਨਾਲਟੁੱਟ ਚੁੱਕੇ ਸੂਟਕੇਸ ਨੂੰ ਇੱਕਠਾ ਕਰਨ ਲੱਗੀ।

ਉਸਨੇ ਟੁੱਟਿਆ ਸੂਟਕੇਸ ਇਕੱਠਾ ਕਰਦੀ ਨੇ ਆਪਣੇ ਸੱਜੇ ਹੱਥ ਦੀ ਮੁੱਠ ਮੀਟ ਕੇ ਆਪਣੀ ਬਾਂਹ ਨੂੰ ਪੂਰੇ ਜ਼ੋਰ ਨਾਲ ਉੱਪਰ ਨੂੰ ਚੁਕਿਆ ਸੀ।

ਇੰਝ ਲੱਗ ਰਿਹਾ ਸੀ ਜਿਵੇਂ ਕਿਸਾਨਾਂ ਦੀ ਜਿੱਤ 'ਚ ਸ਼ਾਮਲ ਹੋ ਰਹੀ ਹੋਵੇ!

ਕਮਰੇ ਦੇ ਦਰਵਾਜੇ ਦੇ ਬਾਹਰ ਖੜਾ ਬਾਕੀ ਸਾਰਾ ਟੱਬਰ ਖੁਸ਼ੀ ਨਾਲ ਪਾਗਲ ਹੋ ਰਿਹਾ ਸੀ।

ਕਹਾਣੀ

# ਕੋਠਾ

-ਬਲਵੰਤ ਫ਼ਰਵਾਲ਼ੀ

ਭੋਲੇ ਦੀ ਅੱਜ ਸਵੱਖਤੇ ਹੀ ਅੱਖ ਖੁੱਲ੍ਹ ਗਈ ਸੀ।ਉਸਨੂੰ ਤਾਂ ਇੰਝ ਲੱਗ ਰਿਹਾ ਸੀ ਜਿਵੇਂ ਉਹ ਸੁੱਤਾ ਹੀ ਨਾ ਹੋਵੇ। ਪਰ ਨਾ ਸੌਣ ਕਰਕੇ ਵੀ ਉਸਦੀਆਂ ਅੱਖਾਂ ਵਿੱਚ ਭੋਰਾ ਰੜਕ ਨਹੀਂ ਸੀ। ਅੱਜ ਧਾਰਮਿਕ ਸਥਾਨਾਂ ਤੋਂ ਸੁਣਦਾ ਰੱਬ ਦਾ ਨਾਂ ਵੀ, ਉਸਨੂੰ ਆਪਣੇ ਵੱਲ਼ ਖਿੱਚ ਨਹੀਂ ਸੀ ਪਾ ਰਿਹਾ।ਉਸਨੂੰ ਤਾਂ ਬੱਸ ਸ਼ੋਰ ਹੀ ਸੁਣਾਈ ਦੇ ਰਿਹਾ ਸੀ। ਉਸਨੂੰ ਲੱਗਦਾ ਸੀ ਜਿਵੇਂ ਬਾਹਰਲੇ ਸ਼ੋਰ ਨਾਲ਼ੋਂ, ਉਸਦੇ ਅੰਦਰਲਾ ਸ਼ੋਰ ਜਿਆਦਾ ਉੱਚੀ ਹੋਵੇ।

ਰੱਬ ਸ਼ਬਦ ਵੀ ਉਸਨੂੰ ਓਪਰਾ ਜਿਹਾ ਲੱਗਿਆ। ਇੱਕ ਵਾਰ ਅਰਦਾਸ ਉਸਦੇ ਅੰਦਰੋਂ ਉਮੜ ਤਾਂ ਪਈ, ਪਰ ਮਨ ਇਕਾਗਰ ਨਾ ਹੋ ਸਕਿਆ। ਅਰਦਾਸ ਫ਼ਿਰ ਸੰਸਿਆਂ ਵਿੱਚ ਘਿਰ ਗਈ। ਉਸਨੂੰ ਲੱਗ ਰਿਹਾ ਸੀ ਜਿਵੇਂ ਉਸਦੇ ਅੰਦਰਲੇ ਹਿੱਸੇ ਦਾ ਤਾਂ, ਬੱਸ ਭੋਗ ਹੀ ਪੈ ਗਿਆ ਹੋਵੇ।

ਉਸਨੇ ਕੋਲ਼ ਪਈ ਆਪਣੀ ਘਰਵਾਲ਼ੀ ਬਲਜੀਤ ਵੱਲ ਨਿਗ੍ਹਾ ਮਾਰੀ। ਉਸਨੂੰ ਲੱਗਿਆ ਜਿਵੇਂ ਉਹ ਉਸਦੀ ਹਾਲਤ ਤੋਂ ਬਿਲਕੁਲ ਹੀ ਬੇਖ਼ਬਰ, ਘੋੜੇ ਵੇਚ ਕੇ ਸੁੱਤੀ ਪਈ ਹੋਵੇ। ਫ਼ਿਰ ਉਸਨੂੰ ਮਹਿਸੂਸ ਹੋਇਆ 'ਇਹ ਦਿਲੋਂ ਬੇਸ਼ੱਕ ਟੁੱਟ ਜਾਵੇ, ਪਰ ਢਿੱਡੋਂ ਨੀ ਫੁੱਟਦੀ। ਗੱਲ ਤਾਂ ਇੰਝ ਗੋਝੇ ਵਿੱਚ ਪਾ ਲੈਂਦੀ ਆ ਜਿਵੇਂ ਹੋਈ ਬੀਤੀ ਨ੍ਹੀਂ ਹੁੰਦੀ। ਕਈ ਦਿਨਾਂ ਤੋਂ ਮੇਰੇ ਦਿਲ ਨੂੰ ਟਟੋਲ਼ਦੀ ਫਿਰਦੀ ਆ, ਪਰ ਮੈਂ ਵੀ ਜਿੰਦਰਾ ਮਾਰ ਰੱਖਿਆ ਆਪਣੇ ਦਿਲ ਨੂੰ। ਚੰਦਰੀ! ਪਤਾ ਨੀ ਫ਼ਿਰ ਵੀ ਸਭ ਜਿੰਦਰੇ ਤੋੜ ਕੇ ਕਿਹੜੀਆਂ ਝੀਥਾਂ ਵਿੱਚ ਦੀ ਝਾਕ ਲੈਂਦੀ ਆ।'

ਬਲਜੀਤ ਨੇ ਪਾਸਾ ਲਿਆ ਤਾਂ ਭੋਲੇ ਦੀ ਸੁਰਤੀ ਟਿਕਾਣੇ ਸਿਰ ਮੁੜ ਆਈ।ਉਹ ਪੈਰਾਂ ਵਿੱਚ ਠਿੱਬੀ ਜੁੱਤੀ ਫਸਾਉਂਦਾ ਬਾਥਰੂਮ ਚਲਿਆ ਗਿਆ। ਬਾਂਸ ਦੇ ਉੱਤੇ ਟੰਗੇ ਸੁਨਹਿਰੀ ਜਿਹੇ ਬਲਬ ਨੇ ਤੰਗ ਜਿਹੀ ਗਲ਼ੀ ਵਿੱਚ ਚਾਨਣ ਬਿਖੇਰ ਰੱਖਿਆ ਸੀ। ਪਰ ਇਹ ਚਾਨਣ ਵੀ ਉਸਨੂੰ ਹਨ੍ਹੇਰ ਵਰਗਾ ਲੱਗਿਆ।

ਇੱਟਾਂ ਦਾ ਚੱਠਾ ਮੁੱਕਣ 'ਤੇ ਪਿਆ ਸੀ। ਸੀਮੈਂਟ ਦੀ ਅੱਧੀ ਕੁ ਬੋਰੀ ਖਾਲੀ ਬੋਰੀ ਨਾਲ਼ ਢਕ ਕੇ ਰੱਖੀ ਹੋਈ ਸੀ। ਅਵਾਰਾ ਕਾਲ਼ਾ ਕੁੱਤਾ ਝਲਾਨੀ ਵਿੱਚੋਂ ਕੁਛ ਖਾਣ ਨੂੰ ਨਾ ਮਿਲਣ 'ਤੇ ਭਮੱਤਰਿਆ ਜਿਹਾ ਫ਼ਿਰਦਾ ਸੀ। ਭੋਲਾ ਉਸਨੂੰ ਦੇਖ ਕੇ ਮੂੰਹ ਵਿੱਚ ਹੀ ਬੁੜਬੁੜਾਇਆ, "ਇਹ ਕਿਹੜਾ ਬਿਹਾਰੀ ਮੰਡਲ਼ ਦਾ ਢਾਬਾ, ਜੋ ਤੈਨੂੰ ਹੱਡ ਮਿਲ਼ ਜਾਣਗੇ, ਇੱਥੇ ਭੁੱਖ ਵੀ ਕਈ ਵਾਰੀ ਭੁੱਖੀ ਸੌਂ ਜਾਂਦੀ ਆ, ਜਾਹ ਸੁੰਘ ਲੈ ਅੰਦਰ ਜਾ ਕੇ ਬਾਕੀਆਂ ਨੂੰ ਵੀ, ਲੁਕੀ ਬੈਠੀ ਆ ਭੁੱਖ ਉਨ੍ਹਾਂ ਦੇ ਅੰਦਰ ਵੀ।"

ਉਹ ਬੁੜਬੁੜਾਉਂਦਾ ਹੋਇਆ ਇੱਟਾਂ ਦੇ ਅਧੂਰੇ ਚੱਠੇ 'ਤੇ ਹੀ ਬੈਠ ਗਿਆ। ਕੁੱਤਾ ਹੁਣ ਬੇਬਸੀ ਜਿਹੀ ਜਿਤਾਉਂਦਾ ਗਲ਼ੀ ਤੋਂ ਬਾਹਰ ਨਿੱਕਲ਼ ਕੇ ਕਨੇਡਾ ਵਾਲ਼ਿਆਂ ਦੀ ਕੋਠੀ ਵੱਲ ਨੂੰ ਮੁੜ ਗਿਆ ਸੀ। ਭੋਲਾ ਮਨੋ-ਮਨੀ ਹੱਸਿਆ, "ਲੈ ਜਿੱਥੇ ਚੱਲਿਆਂ, ਉੱਥੇ ਵੀ ਤੈਨੂੰ ਕਿਹੜਾ ਮਟਰ ਪਨੀਰ ਮਿਲ਼ ਜਾਣਾ ... ਉੱਥੇ ਵੀ ਪੱਥਰਾਂ ਵਿੱਚ ਭੁੱਖ ਹੀ ਤੜਫਦੀ ਹੋਣੀ ਆਂ।"

ਉਸਨੂੰ ਪਤਾ ਸੀ ਬਈ ਕੋਠੀ ਵਿੱਚ ਤਾਂ ਗਿੰਦੇ ਦਾ ਬੀਰਾ ਰਹਿੰਦਾ। ਕਿਉਂਕਿ ਕੋਠੀ ਵਾਲ਼ਾ

ਸਾਰਾ ਟੱਬਰ ਤਾਂ ਕਨੇਡਾ ਜਾ ਕੇ ਵਸ ਗਿਆ ਸੀ। ਗਿੰਦੇ ਕੋਲ਼ ਨਾ ਥਾਂ ਸੀ ਤੇ ਨਾ ਹੀ ਘਰ। ਉਹ ਤਾਂ ਬੱਸ ਹੁਣ ਉਨ੍ਹਾਂ ਦੀ ਕੋਠੀ ਸੰਭਾਲ਼ਦਾ ਸੀ।

ਭੋਲੇ ਨੂੰ ਉਸ ਬਾਰੇ ਸੋਚ ਕੇ, ਆਪਣੇ ਆਪ ਨੂੰ ਤਸੱਲੀ ਜਿਹੀ ਹੋਈ ਕਿ 'ਚਲੋ ਮੇਰੇ ਕੋਲ਼ ਥਾਂ ਤਾਂ ਹੈ ਘਰ ਤਾਂ ਬਣ ਰਿਹਾ ਮੇਰਾ।' ਪਰ ਲੈਂਟਰ ਦੇ ਨੇੜੇ ਆਈ ਕਮਰਿਆਂ ਦੀ ਚਿਣਾਈ ਨੂੰ ਦੇਖ ਕੇ, ਉਸਦੇ ਅੰਦਰੋਂ ਮਰੋੜ ਜਿਹਾ ਉੱਠਿਆ। ਉਹ ਪੀਪੀ ਚੁੱਕ ਕੇ ਬਾਹਰ ਨੂੰ ਹੋ ਤੁਰਿਆ।

ਅੱਜ ਉਹ ਬਾਹਰ ਵੱਲ ਵੀ ਦੂਰ ਹੀ ਨਿੱਕਲ਼ ਗਿਆ ਸੀ। ਉਸਦਾ ਮਰੋੜ ਕਈ ਵਾਰੀ ਵੱਟ ਵਿੱਚ ਬਦਲਿਆ, ਪਰ ਉਸਦਾ ਕਿਤੇ ਨੇੜੇ ਬੈਠਣ ਨੂੰ ਜੀਅ ਨਾ ਕੀਤਾ। ਕਿੰਨੇ ਹੀ ਸਮੇਂ ਮਗਰੋਂ ਉਹ ਪਹੁ–ਫੁਟਾਲ਼ੇ ਨਾਲ਼ ਘਰ ਪਰਤਿਆ। ਉਸਦੇ ਆਉਂਦਿਆ ਨੂੰ ਪਰਗਟ ਇੱਟਾਂ ਨੂੰ ਪਾਣੀ ਲਾਈ ਜਾ ਰਿਹਾ ਸੀ। ਵਿਹੜੇ ਵਿੱਚ ਚਿੱਕੜ ਹੀ ਚਿੱਕੜ ਹੋਇਆ ਪਿਆ ਸੀ। ਉਸਨੇ ਫ਼ਿਕਰ ਨਾਲ਼ ਸੀਮੈਂਟ ਦੀ ਬੋਰੀ ਵੱਲ ਨਿਗ੍ਹਾ ਮਾਰੀ। ਪਰਗਟ ਨੇ ਬੋਰੀ ਨੂੰ ਪੂਰੀ ਤਰ੍ਹਾਂ ਢੱਕ ਕੇ, ਉਸ ਉੱਤੇ ਬੱਠਲ਼ ਮੂਧਾ ਮਾਰਿਆ ਹੋਇਆ ਸੀ। ਉਹ ਇੱਕ ਵਾਰ ਪਰਗਟ ਵੱਲ ਦੇਖ ਕੇ ਮੁਸਕਰਾਇਆ। ਲੂੰਈ ਜਿਹੀ ਦਾਹੜੀ ਵਿੱਚ ਉਹ ਉਸਨੂੰ ਜਵਾਨ ਹੋਇਆ ਲੱਗਿਆ। ਉਸਦਾ ਕੱਦ ਵੀ ਭੋਲੇ ਦੇ ਕੱਦ ਤੋਂ ਉੱਪਰ ਦੀ ਹੋ ਗਿਆ ਸੀ।

ਪੁੱਤ ਨੂੰ ਜਵਾਨ ਹੋਇਆ ਦੇਖ ਕੇ ਉਸਨੂੰ ਲੱਗਿਆ ਜਿਵੇਂ ਉਸਦਾ ਘਰ ਕੋਠੀ ਵਿੱਚ ਤਬਦੀਲ ਹੋ ਗਿਆ ਹੋਵੇ।ਪਰ ਅਗਨੀਵੀਰ ਫੌਜ ਦੀ ਭਰਤੀ ਯਾਦ ਕਰਕੇ ਉਹ ਫ਼ਿਰ ਅੰਦਰੋਂ ਮਸੋਸਿਆ ਜਿਹਾ ਗਿਆ।ਉਸਦੇ ਅੰਦਰੋਂ ਇੱਕ ਵਾਰ ਫ਼ਿਰ ਮਰੋੜ ਜਿਹਾ ਉੱਠਿਆ। ਭਾਵੇਂ ਭੁੱਖੇ ਢਿੱਡ ਨੇ ਵੱਟ ਜਿਹਾ ਮਾਰ ਕੇ, ਆਪਣੇ ਆਪ ਨੂੰ ਸ਼ਾਂਤ ਕਰ ਲਿਆ ਸੀ। ਪਰ ਉਸਦੇ ਮਨ ਅੰਦਰ ਉੱਠਿਆ ਮਰੋੜ ਦਬਣ ਦਾ ਨਾਂ ਨਹੀਂ ਸੀ ਲੈ ਰਿਹਾ।ਉਹ ਖਿਝ ਕੇ ਆਪਣੇ ਅੰਦਰੋਂ ਹੀ ਬੋਲਿਆ, "ਜੇ ਸਰਕਾਰਾਂ ਦਾ ਵੱਸ ਚੱਲੇ, ਸਰਕਾਰਾਂ ਤਾਂ ਬੰਦੇ ਦਾ ਚੰਮ ਲਾਹ ਕੇ ਵੇਚ ਦੇਣ, ਗ਼ਰੀਬ ਬੰਦੇ ਨੂੰ ਫੌਜ ਦੀ ਭਰਤੀ ਹੀ ਤਾਂ ਦਿਖਦੀ ਹੁੰਦੀ ਸੀ, ਮਾਂ ਜਾਵ੍ਹੀ ਸਰਕਾਰ ਨੇ ਉਹ ਵੀ ਦਾਅ 'ਤੇ ਲਾਤੀ, ਜਦੋਂ ਬੰਦਿਆਂ ਦਾ ਵਪਾਰ ਹੋਣ ਲੱਗਜੇ, ਫੇਰ ਬੇੜਾ ਈ ਗਰਕ ਹੋਣਾ ਹੁੰਦਾ, ਚਹੁੰ ਸਾਲਾਂ ਲਈ ਬਿਨਾ ਪੈਨਸ਼ਨ ਭਰਤੀ ਕੀਤਾ ਬੰਦਾ, ਖੌਰ੍ਹੇ ਕੀ ਅੱਕ ਚੱਬਲੇ, ਸਾਲ਼ੇ ਦੇਸ਼ ਭਗਤੀ ਦੇ।" ਉਸਨੇ ਅੰਦਰੋਂ ਉਗਲ਼ੀ ਹੋਈ ਜ਼ਹਿਰ ਦਾ ਲੇਬਾ ਵਿਹੜੇ ਵੱਲ ਵਗਾਹ ਮਾਰਿਆ।

ਲਹਿਰੇ ਵਾਲ਼ੇ ਅਗਨੀਵੀਰ ਦੀ ਸ਼ਹੀਦੀ ਉਸਦੀਆਂ ਅੱਖਾਂ ਅੱਗੇ ਘੁੰਮ ਗਈ। ਇਸ ਫੌਜੀ ਨੂੰ ਸਰਕਾਰੀ ਸਨਮਾਨਾਂ ਤੋਂ ਵਾਂਝਾ ਰੱਖਿਆ ਗਿਆ ਸੀ। ਸ਼ਹੀਦ ਵੀ ਨਹੀਂ ਸੀ ਮੰਨਿਆ ਗਿਆ। ਉਸਦੇ ਬਾਰੇ ਸੋਚਦਾ ਹੋਇਆ ਉਹ ਪਰਗਟ ਵੱਲ ਦੇਖ ਕੇ ਬੁੜਬੁੜਾਇਆ, "ਭੈਣ ਮਰਾਗਿਆ ਅਗਨੀਵੀਰ, ਚਹੁੰ ਸਾਲਾਂ ਦੇ ਲਾਲਚ 'ਚ ਪੁੱਤ ਥੋੜ੍ਹੀ ਮਰਵਾਉਣਾ।" ਉਸਨੇ ਚੱਲਦੀ ਹੋਈ ਟੂਟੀ ਦਾ ਮੂੰਹ ਬੰਦ ਕਰ ਦਿੱਤਾ। ਜਿਸ ਟੂਟੀ ਉੱਪਰ ਪਰਗਟ ਨੇ ਪਾਣੀ ਲਾਉਣ ਲਈ ਪਾਇਪ ਚੜ੍ਹਾ ਰੱਖਿਆ ਸੀ।

ਪਰਗਟ ਨੇ ਪਾਇਪ ਵਿੱਚੋਂ ਪਾਣੀ ਰੁਕਿਆ ਦੇਖਿਆ। ਉਹ ਹੱਥ ਵਿੱਚ ਫੜੇ ਪਾਇਪ ਨੂੰ ਢਿੱਲਾ ਜਿਹਾ ਮਹਿਸੂਸ ਕਰਕੇ, ਭੋਲੇ ਵੱਲ ਦੇਖਦਾ ਹੋਇਆ ਬੋਲਿਆ, "ਫ਼ੇਰ ਟੂਟੀ ਨੇ ਬੰਦ ਹੋ ਜਾਣਾ, ਪਾਣੀ ਲਾ ਲੈਣ ਦੋ ਮੈਨੂੰ, ਨਹੀਂ ਪਤਾ ਈ ਆ, ਮਿਸਤਰੀ ਤਾਂ ਸੁੱਕੀਆਂ ਹੀ ਚਿਣੀ ਜਾਊ।"

ਭੋਲਾ ਉਸ ਵੱਲ ਦੇਖਦਾ ਹੋਇਆ ਕੋਠੇ ਅੰਦਰ ਨੂੰ ਹੋ ਗਿਆ। ਉਹ ਝੁਕ ਕੇ ਢੱਠੇ ਜਿਹੇ ਦਰਵਾਜ਼ੇ ਅੰਦਰ ਲੰਘਦਾ ਹੋਇਆ, ਉਦਾਸ ਜਿਹਾ ਬੋਲਿਆ, "ਆਉਣਾ ਨੀ ਅੱਜ ਮਿਸਤਰੀ ਨੇ ... ਕਾਹਨੂੰ ਪਾਣੀ ਖ਼ਰਾਬ ਕਰਦੈਂ ਪਰਗਟਾ।

ਉਸਦੀ ਬੇਦਿਲੀ ਨਾਲ਼ ਆਖੀ ਗੱਲ ਸੁਣ ਕੇ ਬਲਜੀਤ ਤ੍ਰਭਕ ਜਿਹੇ ਗਈ। ਉਹ ਉਸਦੇ ਮਗਰ ਹੀ ਅੰਦਰ ਚਲੀ ਗਈ।ਉਸਦੇ ਮੰਜੇ ਕੋਲ਼ ਖੜ੍ਹਕੇ ਬੋਲੀ, "ਐਂ ਕਿਵੇਂ ਨੀ ਆਉਣਾ, ਉਹ ਤਾਂ ਕਹਿੰਦਾ ਤੀ ਮੈਂ ਕਦੇ ਛੁੱਟੀ ਨ੍ਹੀਂ ਕਰੂੰਗਾ, ਜਾਹ ਮਾਰ ਹਾਕ ਉਹਨੂੰ, ਆਖ ਸਾਡਾ ਤਾਂ ਸਮਿਆਨ ਬਾਹਰ ਰੁਲ਼ਦਾ।

"ਤੇਰੇ ਸਮਿਆਨ ਨੂੰ ਕੀ ਗੋਲ਼ੀ ਵੱਜਦੀ ਆ? ਅਗਲੇ ਨੂੰ ਕੰਮ ਹੋਣਾ।" ਉਹ ਕਹਿੰਦਾ ਮੰਜੇ 'ਤੇ ਟੇਢਾ ਹੋ ਗਿਆ। ਬਲਜੀਤ ਬੁੜਬੁੜ ਕਰਦੀ ਵਾਪਸ ਝਲਾਨੀ ਵਿੱਚ ਕੰਮ ਕਰਨ ਜਾ ਲੱਗੀ। ਪਰਗਟ ਇੱਟਾਂ ਨੂੰ ਪਾਣੀ ਲਾਉਣਾ ਛੱਡ ਕੇ ਮੱਝ ਨੂੰ ਨਲ੍ਹਾਉਣ ਲੱਗ ਗਿਆ।

ਹੁਣ ਸੂਰਜ ਦੀ ਟਿੱਕੀ ਸਪਸ਼ਟ ਦਿਖਣ ਲੱਗ ਗਈ ਸੀ। ਉਸਨੇ ਵਿਹੜੇ ਵੱਲ ਨਿਗ੍ਹਾ ਮਾਰੀ। ਉਸਨੂੰ ਸਾਰਾ ਘਰ ਸ਼ਿਕਲੀਗਾਰਾਂ ਦਾ ਡੇਰਾ ਲੱਗਿਆ। ਸਮਾਨ ਥਾਂ-ਥਾਂ 'ਤੇ ਖਿੱਲਰਿਆ ਪਿਆ ਸੀ। ਇੱਕ ਨਿੱਕਾ ਜਿਹਾ ਕਮਰਾ ਕਿੰਨੇ ਕੁ ਸਮਾਨ ਨੂੰ ਸਾਂਭ ਸਕਦਾ ਸੀ। ਉਸਨੂੰ ਤਾਂ ਇਹ ਸੀ ਬਈ ਥੋੜ੍ਹੇ ਕੁ ਦਿਨਾਂ ਵਿੱਚ ਹੀ ਕਮਰਿਆਂ ਦਾ ਲੈਂਟਰ ਪੈਜੂ। ਫ਼ਿਰ ਸਾਰਾ ਸਮਾਨ ਠੀਕ-ਠਾਕ ਰੱਖਿਆ ਜਾਊ। ਬਰਸਾਤ ਦੇ ਦਿਨਾਂ ਵਿੱਚ, ਸਾਰਾ ਟੱਬਰ ਸੌਂ ਨਹੀਂ ਸੀ ਸਕਦਾ। ਉਨ੍ਹਾਂ ਨੂੰ ਹਰ ਵੇਲ਼ੇ ਫ਼ਿਕਰ ਲੱਗਿਆ ਰਹਿੰਦਾ ਸੀ, ਕਿਤੇ ਛੱਤ ਉੱਪਰ ਹੀ ਨਾ ਆ ਡਿੱਗੇ। ਇਸ ਲਈ ਹੁਣ ਉਨ੍ਹਾਂ ਨੂੰ ਕੋਠਾ ਛੱਤਣ ਦਾ ਅੱਕ ਚੱਬਣਾ ਪਿਆ ਸੀ।ਨਹੀਂ ਤਾਂ ਢਹੇ ਕੋਠਿਆਂ ਦੀ ਵਸੀਅਤ, ਉਨ੍ਹਾਂ ਦੇ ਨਾਂ ਪੀੜ੍ਹੀ ਦਰ ਪੀੜ੍ਹੀ ਚੱਲਦੀ ਆਈ ਸੀ।

ਪਿਛਲੇ ਮਹੀਨੇ ਅਚਾਨਕ ਹੀ ਬੇਮੌਸਮਾ ਬਹੁਤ ਭਾਰੀ ਮੀਂਹ ਪਿਆ। ਭਾਰੀ ਮੀਂਹ ਕਾਰਨ ਬਠਿੰਡੇ ਦੇ ਕਿਸੇ ਪਿੰਡ ਵਿੱਚ ਘਰ ਦੀ ਛੱਤ ਡਿੱਗ ਪਈ। ਛੱਤ ਹੇਠ ਆ ਕੇ ਪੂਰੇ ਦਾ ਪੂਰਾ ਟੱਬਰ ਹੀ ਮਾਰਿਆ ਗਿਆ ਸੀ। ਉਸ ਦਿਨ ਭੋਲਾ ਕਿਸੇ ਦੇ ਘਰ ਦਾ ਲੈਂਟਰ ਪਵਾ ਰਿਹਾ ਸੀ।ਘਟਨਾ ਸੁਣਦੇ ਸਾਰ ਹੀ ਉਸਦਾ ਤ੍ਰਾਹ ਨਿੱਕਲ਼ ਗਿਆ।

ਬਲਜੀਤ ਦੇ ਬੋਲ ਉਸਦੇ ਕੰਨਾਂ ਵਿੱਚ ਗੂੰਜਣ ਲੱਗੇ, "ਨਾ ਹੁਣ ਜਦੋਂ ਕੋਈ ਜਾਹ ਜਾਂਦੀ ਹੋ ਗਈ, ਓਦੋਂ ਹੀ ਛੱਤਣਾ? ... ਦੇਖ ਲਿਓ ! ਥੋਡਾ ਪਿਓ ਪੁੱਤ ਦਾ ਕੁਛ ਨੀਂ ਜਾਣਾ, ਜਿੱਦੇਂ ਆਈ ਵਾਰੀ ਤਾਂ ਮੇਰੀ ਆਉਣੀ ਆ, ਫ਼ੇਰ ਪਿੱਟੀ ਜਾਇਓ ਕਰਮਾਂ ਨੂੰ।

ਉਸ ਦਿਨ ਉਸਦਾ ਪੂਰਾ ਦਿਨ ਕੰਮ 'ਤੇ ਦਿਲ ਨਾ ਲੱਗਿਆ। ਉਸਨੂੰ ਚੋਂਦੀ ਹੋਈ ਛੱਤ ਦੇ ਤੁਪਕਿਆਂ ਦੀ ਅਵਾਜ਼ਾਂ ਆਪਣੇ ਕੰਨਾਂ ਵਿੱਚ ਸੁਣਾਈ ਦਿੰਦੀਆਂ ਰਹੀਆਂ। ਉਹ ਆਥਣੇ ਘਰ ਮੁੜਿਆ ਤਾਂ ਉਸਨੂੰ ਕੋਠਾ ਆਪਣੇ ਉੱਪਰ ਡਿੱਗਦਾ ਮਹਿਸੂਸ ਹੋਇਆ। ਉਹ ਸਾਰੀ ਰਾਤ ਨਾ ਸੁੱਤਾ। ਉਸਨੂੰ ਸੁਪਨੇ ਵਿੱਚ ਵੀ ਬਲਜੀਤ ਕੋਠਾ-ਕੋਠਾ ਕੁਰਲਾਉਂਦੀ ਸੁਣੀ ਗਈ।

ਸਵੇਰੇ ਹੀ ਉਹ ਬਲਜੀਤ ਕੋਲ਼ ਆ ਕੇ, ਝਲਾਨੀ ਵਿੱਚ ਚੁੱਲ੍ਹੇ ਕੋਲ਼ ਬੈਠ ਗਿਆ। ਉਹ ਗਲ਼ਾ ਜਿਹਾ ਖੰਘਾਰ ਕੇ ਮਸਾਂ ਹੀ ਬੋਲਿਆ, "ਮੈਂ ਸੋਚਦਾਂ ਆਪਾਂ ਇੱਕ ਕਮਰਾ ਪੱਕਾ ਕਰ ਲਈਏ, ਕੱਲ੍ਹ ਦੀ ਬਠਿੰਡੇ ਆਲ਼ੀ ਘਟਨਾ ਨੇ ਤਾਂ; ਮੇਰਾ ਅੰਦਰ ਈ ਚੀਰ ਕੇ ਰੱਖਤਾ।

"ਹਾਂ ... ਮੈਂ ਵੀ ਸੋਚਦੀ ਤੀ ਪਰ ਕਿੱਥੋਂ ਆਉਣਗੇ ਕੋਠੇ ਜਿੰਨੇ, ਅਜੇ ਤਾਂ ਬਾਪੂ ਦੇ ਭੋਗ

ਆਲ਼ਾ ਈ ਦੇਣਾ ਲੈਣਾ ਨੀ ਮੁੱਕਿਆ।" ਬਲਜੀਤ ਉਸਨੂੰ ਕੌਲੀ 'ਚ ਚਾਹ ਪਾ ਕੇ ਫੜਾਉਂਦੀ ਹੋਈ ਬੋਲੀ।

"ਕੋਲ਼ੇ ਤਾਂ ਕੁਛ ਨ੍ਹੀ, ਪਹਿਲਾਂ ਬਾਪੂ ਦੀ ਬਿਮਾਰੀ 'ਤੇ ਲੱਗ ਗੇ, ਰਹਿੰਦਾ ਖੂੰਹਦਾ ਭੋਗ ਨੇ ਭੰਨਤੇ, ਭੈਣਾਂ ਮੇਰੀਆਂ ਅਜੇ ਵੀ ਖ਼ੁਸ਼ ਨੀ, ਬਥੇਰਾ ਕਿਹਾ ਤੀ ਬਈ ਸਾਦਾ ਭੋਗ ਕਰਲੋ, ਪਰ ਸਾਰੇ ਨੱਕ ਰੱਖਦੇ-ਰੱਖਦੇ ਮੇਰੀ ਪਿੱਠ ਲਵਾਗੇ।" ਉਸਨੇ ਹਉਕਾ ਜਿਹਾ ਲੈਂਦੇ ਨੇ ਚਾਹ ਦਾ ਛੁੜ੍ਹਾਕਾ ਮਾਰਿਆ। ਉਸਨੂੰ ਹੁੱਥੂ ਆ ਗਿਆ। ਚਾਹ ਮੂੰਹ ਵਿੱਚ ਦੀ ਹੁੰਦੀ ਹੋਈ ਨੱਕ ਥਾਣੀ ਬਾਹਰ ਆ ਗਈ। ਉਸਦੀਆਂ ਅੱਖਾਂ ਵਿੱਚ ਪਾਣੀ ਆ ਗਿਆ। ਉਹ ਚਾਹ ਦੇ ਗਲਾਸ ਨੂੰ ਸਵਾਹ 'ਤੇ ਰੱਖ ਕੇ ਖੜ੍ਹਾ ਹੋ ਗਿਆ। ਬਲਜੀਤ ਨੇ ਉਸਨੂੰ ਗਲਾਸ ਫੜਾਉਣਾ ਚਾਹਿਆ।ਪਰ ਉਹ ਬੇਦਿਲਾ ਜਿਹਾ ਹੋ ਕੇ ਬਾਹਰ ਨੂੰ ਨਿੱਕਲ਼ ਗਿਆ।

ਉਸਦੇ ਅੰਦਰ ਹੁਣ ਕੋਠਾ ਧੜਕ ਰਿਹਾ ਸੀ। ਬਲਦੇਵ ਠੇਕੇਦਾਰ ਨੇ ਉਸਨੂੰ ਚਾਰ ਖਣ ਦੇ ਕਮਰੇ ਦਾ ਡੇਢ ਕੁ ਲੱਖ ਦਾ ਐਸਟੀਮੇਟ ਦੱਸਿਆ ਸੀ। ਡੇਢ ਲੱਖ ਦੇ ਅੰਕੜੇ ਨੇ ਉਸਦੀ ਜੀਭ ਹੀ ਠਾਕ ਦਿੱਤੀ ਸੀ। ਉਹ ਚੁੱਪ ਚਾਪ ਬੈਠਾ ਕੋਠੇ ਬਾਰੇ ਹੀ ਸੋਚਦਾ ਰਹਿੰਦਾ। ਬਲਜੀਤ ਦਾ ਵੀ ਜਦੋਂ ਕੰਮ ਮੁੱਕਦਾ। ਉਹ ਵੀ ਉਸਦੇ ਬਰਾਬਰ ਆ ਕੇ, ਡੇਢ ਲੱਖ ਦੇ ਫ਼ਿਕਰ ਵਿੱਚ ਸ਼ਰੀਕ ਹੋ ਜਾਂਦੀ।

ਪਰਗਟ ਕੋਲ਼ ਬੈਠਾ ਪੜ੍ਹਾਈ ਕਰਦਾ ਰਹਿੰਦਾ। ਪਰ ਉਸਦਾ ਧਿਆਨ ਉਨ੍ਹਾਂ ਦੀਆਂ ਗੱਲਾਂ ਨਾਲ਼ ਆ ਜੁੜਦਾ। ਜਿਸ ਗੁੰਝਲ਼ ਵਿੱਚ ਭੋਲਾ ਕਈ ਦਿਨ ਦਾ ਫਸਿਆ ਹੋਇਆ ਸੀ। ਪਰਗਟ ਨੇ ਉਸ ਚਿੰਤਾ ਨੂੰ ਹੋਰ ਵੀ ਗੁੰਝਲ਼ਦਾਰ ਬਣਾ ਦਿੱਤਾ ਸੀ। ਪਰਗਟ ਦਾ ਦਿਲ ਸੀ ਕਿ ਇੱਕ ਦੀ ਥਾਂ ਦੋ ਕਮਰੇ ਪਾਏ ਜਾਣ। ਉਸਨੇ ਦਿਲ ਨਾਲ਼ ਦਲੀਲ ਦਿੰਦੇ ਨੇ ਕਿਹਾ ਸੀ "ਉਸਦੇ ਕੋਲ਼ ਉਸਦੇ ਦੋਸਤਾਂ ਨੇ ਆਉਣਾ ਜਾਣਾ ਹੁੰਦਾ, ਨਾਲ਼ੇ ਦੋ ਕੰਧਾਂ ਤਾਂ ਹੋ ਹੀ ਜਾਣੀਆਂ, ਬਾਹਲ਼ਾ ਨ੍ਹੀਂ ਲੱਗਦਾ ਹੋਰ।"ਬਲਜੀਤ ਨੇ ਭੋਲੇ ਤੋਂ ਅੱਖਾਂ ਚੁਰਾਉਂਦੀ ਨੇ, ਝੱਟਪੱਟ ਪਰਗਟ ਦੀ ਗੱਲ ਨਾਲ਼ ਸਹਿਮਤੀ ਪ੍ਰਗਟਾ ਦਿੱਤੀ ਸੀ।

ਭੋਲੇ ਨੂੰ ਬਲਜੀਤ 'ਤੇ ਬੜਾ ਗੁੱਸਾ ਆਇਆ। ਉਹ ਉਸਨੂੰ ਝਈਆਂ ਲੈ ਕੇ ਪਿਆ। ਪਰ ਜਦੋਂ ਉਸਨੇ ਉਸਦੇ ਮੋਢੇ 'ਤੇ ਹੱਥ ਰੱਖਦੀ ਨੇ ਕਿਹਾ, "ਇੱਕ ਤਾਂ ਜਵਾਕ ਆ, ਲੋਕ ਕੀ-ਕੀ ਕਰਦੇ ਨੇ ਜਵਾਕਾਂ ਲਈ, ਆਪਾਂ ਐਨਾ ਵੀ ਨ੍ਹੀਂ ਕਰ ਸਕਦੇ?"ਭੋਲੇ ਦਾ ਵੀ ਦਿਲ ਪਸੀਜਿਆ ਗਿਆ। ਫ਼ਿਰ ਉਹ ਸਬਰ ਦਾ ਘੁੱਟ ਭਰ ਗਿਆ।

"ਬਲਜੀਤ ! ਦਿਲ ਤਾਂ ਕਰਦਾ ਪਰਗਟ ਲਈ ਮਹਿਲ ਉਸਾਰਦਾਂ ਪਰ।" ਉਸਦਾ ਕਹਿੰਦੇ ਦਾ ਹਉਕਾ ਨਿੱਕਲ਼ ਗਿਆ।

"ਕੋਈ ਨ੍ਹੀਂ ਜੀ ! ਮਹੀਨੇ ਨੂੰ ਆਪਣੀ ਮੱਝ ਸੂਅ ਪੈਣੀ ਆਂ, ਦੁੱਧ ਨਾਲ਼ ਹੀ ਲਹਿ ਜਾਣਾ ਦੇਣਾ ਲੈਣਾ, ਬਥੇਰਾ ਲਾਹਿਆ, ਪਹਿਲਾਂ ਸੂਆ ਵੀ ਪੀਤਾ ਇਹਦਾ ਆਪਾਂ, ਫੈਟ ਵੀ ਬਥੇਰੀ ਆ, ਤੂੰ ਫ਼ਿਕਰ ਨਾ ਕਰ, ਬੱਸ ਹੁਣ ਡੰਗ ਸਾਰ ਇੱਕ ਵਾਰ, ਕਿਸੇ ਤੋਂ ਫੜ-ਤੁੜ ਕੇ।"

ਜਦੋਂ ਬਲਜੀਤ ਨੇ ਹੌਸਲੇ ਨਾਲ਼ ਭੋਲੇ ਨੂੰ ਕਿਹਾ ਤਾਂ ਭੋਲਾ ਉੱਠ ਕੇ ਖੜ੍ਹਾ ਹੋ ਗਿਆ। ਬਲਜੀਤ ਦਸ ਵਜੇ ਵਾਲ਼ੀ ਬੱਸ ਆਪਣੇ ਪੇਕਿਆਂ ਨੂੰ ਚੜ੍ਹਗੀ। ਭੋਲਾ ਠੇਕੇਦਾਰ ਨਾਲ਼ ਐਡਵਾਂਸ ਅਤੇ ਕੁਛ ਵਿਆਜੂ ਲੈਣ ਦੀ ਗੱਲ ਕਰਨ ਚਲਿਆ ਗਿਆ। ਪਰ ਠੇਕੇਦਾਰ ਨੇ ਉਸਨੂੰ ਲੱਖ ਮਜਬੂਰੀਆਂ ਸੁਣਾਉਂਦੇ ਹੋਏ ਨੇ, ਥੋੜ੍ਹੇ ਜਿਹੇ ਰੁਪਈਆਂ ਦਾ ਵਾਅਦਾ ਕਰਕੇ ਵਾਪਸ ਮੋੜ ਦਿੱਤਾ।

ਉਸਨੂੰ ਠੇਕੇਦਾਰ 'ਤੇ ਬਹੁਤ ਹੇਰਵਾ ਹੋਇਆ। ਉਹ ਸੋਚ ਰਿਹਾ ਸੀ "ਮਨਾਂ! ਮੈਂ ਤਾਂ ਕਦੇ ਵਾਧੂ ਘਾਟੂ ਗੱਲ ਨ੍ਹੀਂ ਕੀਤੀ, ਕਦੇ ਨ੍ਹੇਰਾ ਸਵੇਰਾ ਨੀ ਦੇਖਿਆ, ਸਾਰੇ ਦਿਹਾੜੀਆਂ ਨੂੰ ਵੰਡ-ਵੰਡਾ ਕੇ ਟੁੱਟਮੇ ਪੈਸੇ ਹੀ ਲੈਂਦਾ ਰਿਹਾਂ ਮੈਂ ਤਾਂ ਹਮੇਸ਼ਾ ਉਸਦੀਆਂ ਮਜਬੂਰੀਆਂ ਜਾਣ ਕੇ ਆਪਣੇ ਪੈਸੇ ਖੋਰ ਲੈਂਦਾ ਸੀ, ਲੋਕਾਂ ਵਾਂਗੂੰ ਬਿਮਾਰੀਆਂ ਠਮਾਰੀਆਂ ਦੇ ਕਦੇ ਬਹਾਨੇ ਨ੍ਹੀਂ ਬਣਾਏ, ਕਦੇ ਪਊਆ ਨ੍ਹੀਂ ਮੰਗਿਆ, ਕਦੇ ਭਗਤਣੀ ਲਈ ਸੂਟਾਂ ਦਾ ਬਹਾਨਾ ਨ੍ਹੀਂ ਕੀਤਾ, ਚੋਹਲੀਆਂ ਪੋਹਲੀਆਂ ਕਦੇ ਕੀਤੀਆਂ ਹੀ ਨ੍ਹੀਂ, ਪਰ ਆਹ ਠੇਕੇਦਾਰ ਨੇ ਅੱਜ ਮੈਨੂੰ ਜਮ੍ਹਾ ਈ ਕੱਚੇ ਲਾਹਤਾ।

ਦਲਬਾਰੇ ਦੇ ਘਰ ਕੋਲ਼ ਦੀ ਲੰਘਦੇ ਦਾ ਇੱਕ ਵਾਰ ਤਾਂ ਉਸਦਾ ਦਿਮਾਗ ਘੁੰਮ ਗਿਆ। ਉਹ ਖਿਝ ਕੇ ਬੋਲਿਆ, "ਯਾਰ ਆਹ ਵੀ ਓਹੀ ਕੰਮ ਕਰਦੇ ਨੇ ਜੋ ਮੈਂ ਕਰਦਾ... ਇਨ੍ਹਾਂ ਦੇ ਮਹਿਲ ਬਣੇ ਖੜ੍ਹੇ ਨੇ।" ਬਿੰਦ ਵਿੱਚ ਹੀ ਦਲਬਾਰੇ ਦੀ ਘਰਵਾਲ਼ੀ ਦਾ ਸਜ਼-ਸੰਵਰ ਕੇ ਨਿੱਕਲਣਾ ਉਸਦੀਆਂ ਅੱਖਾਂ ਅੱਗੇ ਘੁੰਮ ਗਿਆ।ਓਹ ਸੋਚਣ ਲੱਗਿਆ 'ਅਜੇ ਦੋ ਵਰ੍ਹੇ ਪਹਿਲਾਂ ਹੀ ਇਹ ਮੇਰੇ ਕੋਲ਼ ਵਿਲਕਦਾ ਹੁੰਦਾ ਸੀ, ਬਈ ਆਹ ਜਨਮ 'ਚ ਤਾਂ ਨ੍ਹੀਂ ਬਣਦਾ ਸਾਡਾ ਘਰ, ਘਰਵਾਲ਼ੀ ਅੱਡ ਕੰਜਰ-ਕਲ਼ੇਸ਼ ਕਰਦੀ ਹੁੰਦੀ ਤੀ, ਹੁਣ ਪਤਾ ਨ੍ਹੀਂ ਕੀ ਮੋਰਨੀ ਸੂਅ ਪੀ, ਮੋਰਨੀ ਨੇ ਤਾਂ ਕੀ ਸੂਣਾ ਤੀ, ਇਹਦੀ ਘਰਵਾਲ਼ੀ ਹੀ ਮੋਰਨੀ ਬਣਗੀ, ਲਾਈ ਰੱਖਦੀ ਆ ਨਵੇਂ-ਨਵੇਂ ਮੋਰਾਂ ਨੂੰ ਪਿੱਛੇ, ਆਪ ਤਾਂ ਸਾਜਰੇ ਕੰਮ 'ਤੇ ਚਲਿਆ ਜਾਂਦਾ, ਪਿੱਛੋਂ ਸੁੰਨੀ ਗਲ਼ੀ ਵਿੱਚ ਪੈਂਦੀਆਂ ਨੇ ਬਾਘੀਆਂ, ਦੱਸਿਆ ਤਾਂ ਸੀ ਬਲਜੀਤ ਨੇ, ਬਈ ਉਸ ਦਿਨ ਮੁੰਡਾ ਉੱਪਰ ਦੀ ਆ ਗਿਆ ਤੀ, ਮਸਾਂ ਨਿੱਕਲ਼ੇ ਉਹ, ਮੁੰਡੇ ਨੂੰ ਵਰਾਉਣ ਲਈ ਫ਼ਿਰ ਆਹ ਮੋਟਰ ਸਾਇਕਲ ਲੈ ਕੇ ਦੇਣਾ ਪਿਆ ਤੀ, ਹੁਣ ਤਾਂ ਮੁੰਡਾ ਵੀ ਗੇੜੇ ਪੈ ਗਿਆ, ਜੇ ਕਿਤੇ ਇਹਦੀ ਥਾਵੇਂ ਸਾਡੇ ਆਲ਼ਾ ਹੁੰਦਾ, ਮਾਰ ਕੇ ਦੱਬ ਦਿੰਦਾ, ਪਰ ਬਲਜੀਤ ਹੈ ਨ੍ਹੀਂ ਇਹੋ ਜਿਹੀ ਨੀਤ ਦੀ, ਨਾਲ਼ੇ ਉਹਦੇ ਸਾਹਮਣੇ ਇਹ ਤਾਂ ਪਟੋਲਾ ਈ ਲੱਗਦੀ ਆ, ਹੈ ਵਿਚਾਰੀ ਸਿੱਧੀ ਸਾਦੀ ਤੇ ਭਗਤਣੀ, ਗ਼ਰੀਬੀ ਮਾਰ ਦਿੰਦੀ ਆ ਸੁਹੱਪਣ ਤੇ ਅਣਖ਼ ਨੂੰ, ਵਿੰਗ ਵਲ਼ ਕੱਢ ਦਿੰਦੀ ਆ ਬੰਦੇ ਦੇ।" ਉਸਨੇ ਸੁਭਾਇਕੇ ਹੀ ਬਲਜੀਤ ਨੂੰ ਯਾਦ ਕਰਕੇ, ਉਸਨੂੰ ਸਜਦਾ ਕੀਤਾ ਤੇ ਉੱਪਰ ਅਸਮਾਨ ਵੱਲ ਦੇਖ ਕੇ ਉਸਨੇ ਆਪਣੀ ਛਾਤੀ 'ਤੇ ਹੱਥ ਰੱਖ ਲਿਆ।

ਫ਼ਿਰ ਉਸਨੂੰ ਆਪਣੇ ਬਾਪੂ ਦੇ ਅਮਲ ਦੀ ਯਾਦ ਆ ਗਈ। ਕਿਵੇਂ ਉਸਨੇ ਸਾਰੀ ਉਮਰ ਨਸ਼ਿਆਂ ਵਿੱਚ ਹੀ ਕੱਢ ਦਿੱਤੀ ਸੀ। ਕਿਵੇਂ ਉਸਦੀ ਬੇਬੇ ਮਰਨ ਤੱਕ ਉਸਦੇ ਬਾਪੂ ਨੂੰ ਕਮਾ-ਕਮਾ ਕੇ ਖਵਾਉਂਦੀ ਰਹੀ ਸੀ। ਬਾਪੂ ਦੀਆਂ ਗੱਲਾਂ ਯਾਦ ਕਰਕੇ ਉਸਦਾ ਹੁਣ ਹੇਰਵਾ ਘਟਦਾ ਤੇ ਇਰਾਦਾ ਮਜ਼ਬੂਤ ਹੁੰਦਾ ਜਾ ਰਿਹਾ ਸੀ। ਉਹ ਸੋਚ ਰਿਹਾ ਸੀ 'ਮੈਂ ਆਪਣੀ ਬੇਬੇ ਤੋਂ ਵੀ ਮਾੜਾ ਤਾਂ ਨਹੀਂ ਹੋ ਸਕਦਾ।

ਉਸਦੇ ਮਜ਼ਬੂਤ ਇਰਾਦੇ ਨੇ ਹੁਣ ਉਸਦੀ ਅੱਡੀ ਨਾ ਲੱਗਣ ਦਿੱਤੀ। ਉਹ ਕਦੇ ਕਿਸੇ ਕੋਲ਼ ਜਾਂਦਾ ਤੇ ਕਦੇ ਕਿਸੇ ਕੋਲ਼। ਪੈਸਿਆਂ ਲਈ ਫ਼ਰਿਆਦ ਕਰਦਾ। ਪਰ ਵਰਤਮਾਨ ਵਿੱਚ ਵਿਸ਼ਵਾਸ ਦੀਆਂ ਪਤਲੀਆਂ ਪਈਆਂ ਪਰਤਾਂ ਨੇ, ਸਭ ਦੇ ਦਿਲ ਪਤਲੇ ਕਰ ਰੱਖੇ ਹਨ। ਇਸ ਲਈ ਹੁੰਦੇ ਸੁੰਦੇ ਵੀ ਕੋਈ ਹਾਮੀ ਨਹੀਂ ਸੀ ਓਟਦਾ।

ਉਹ ਡੇਅਰੀ ਵਾਲ਼ਿਆਂ ਦੇ ਘਰ ਗਿਆ। ਉਨ੍ਹਾਂ ਨੇ ਵੀ ਉਸਨੂੰ ਕੋਈ ਕੰਨ੍ਹਾ ਨਾ ਲਾਇਆ। ਕਿਉਂਕਿ ਉਨ੍ਹਾਂ ਨੂੰ ਵੀ ਲੋਕਾਂ ਨਾਲ਼ ਇਸ ਗੱਲ ਦਾ ਗਿਲਾ ਸੀ ਬਈ 'ਲੋਕ ਪੈਸੇ ਅਡਵਾਂਸ ਉਨ੍ਹਾਂ ਤੋਂ ਲੈ ਲੈਂਦੇ ਨੇ, ਬਾਅਦ ਵਿੱਚ ਦੁੱਧ ਕਿਸੇ ਹੋਰ ਨੂੰ ਪਾਉਣ ਲੱਗ ਜਾਂਦੇ ਨੇ।'

ਉਸਨੇ ਉਨ੍ਹਾਂ ਨੂੰ ਮੱਝ ਦੇ ਸੂਣ ਬਾਰੇ ਵੀ ਦੱਸਿਆ। ਪਰ ਉਨ੍ਹਾਂ ਨੇ ਭੋਲੇ ਨੂੰ ਅਣਸੁਣਿਆ ਕਰ ਦਿੱਤਾ। ਉਹ ਦਿਲ ਵਿੱਚ ਖੁੰਧਕ ਲੈ ਕੇ ਵਾਪਸ ਆ ਗਿਆ, "ਲੈ ਤੈਨੂੰ ਨਾ ਹੁਣ ਕਦੇ, ਦੁੱਧ ਪਾ ਗਿਆ ਮੈਂ।" ਪਰ ਉਸਨੂੰ ਪਤਾ ਸੀ ਕਿ ਗ਼ਰੀਬ ਦੀ ਖੁੰਧਕ ਨਹੀਂ ਹੁੰਦੀ। ਖੁੰਧਕ ਵਰਗਾ ਭੁਲੇਖਾ ਹੁੰਦਾ। ਇਹ ਭੁਲੇਖਾ ਵੀ ਹਵਾ 'ਚ ਉੱਡਦੇ ਭੱਬੂਆਂ ਵਰਗਾ ਹੀ ਹੁੰਦਾ। ਪਤਾ ਨੀ ਕਦੋਂ ਕਿਹੜਾ ਫੂਕ ਮਾਰ ਕੇ ਉਡਾ ਦੇਵੇ।

ਉਹ ਗੁੰਮ ਜਿਹਾ ਹੋਇਆ ਪਿਆ ਸੀ। ਉਹ ਕਦੇ ਵਕਤ ਤੋਂ ਅਗਾਂਹ ਲੰਘ ਤੁਰਦਾ ਤੇ ਕਦੇ ਪਿਛਾਂਹ। ਉਸਦੀ ਬੇਬੇ ਉਸਨੂੰ ਦੱਸਦੀ ਹੁੰਦੀ ਸੀ, "ਜਦੋਂ ਉਹ ਜੰਮਿਆ ਸੀ ਤਾਂ ਸਾਰੇ ਟੱਬਰ ਦਾ ਚਾਅ ਨੀ ਚੁੱਕਿਆ ਜਾਂਦਾ। ਉਹਦੇ ਬਾਪੂ ਦਾ ਸੁਪਨਾ ਸੀ ਕਿ ਉਹਦਾ ਪੁੱਤ ਕੋਈ ਅਪਸਰ ਬਣੇ, ਪਰ ਸੁਪਨੇ ਲੈਣ ਨਾਲ਼ ਕੀ ਹੋਣਾ ਸੀ... ਵਾਹਗੁਰੂ ਸਮੱਤ ਵੀ ਤਾਂ ਦਿੰਦਾ ਤੇਰੇ ਬਾਪੂ ਨੂੰ, ਉਹ ਤਾਂ ਜੋ ਕੰਮ ਕਰਦਾ ਖਾ ਜਾਂਦਾ, ਅਮਲਾਂ ਨੇ ਉਹਨੂੰ ਘਰ ਨਾਲ਼ੋਂ ਤਾਂ ਤੋੜ ਹੀ ਰੱਖਿਆ ਸੀ, ਪਰ ਭੋਲੇ ਪੁੱਤ! ਤੈਨੂੰ ਬਹੁਤ ਪਿਆਰ ਕਰਦਾ ਤੇਰਾ ਬਾਪੂ, ਕੇਰਾਂ ਉਹਦਾ ਸੁਪਨਾ ਪੂਰਾ ਕਰਦੇ, ਪੜ੍ਹ ਲੈ ਮੇਰਾ ਪੁੱਤ।

ਉਸਨੂੰ ਬੇਬੇ ਦੀਆਂ ਆਖੀਆਂ ਗੱਲਾਂ ਯਾਦ ਆ ਰਹੀਆਂ ਸੀ। ਉਹ ਯਾਦ ਕਰਕੇ ਹੁਣ ਪਛਤਾਵੇ ਦੀ ਜੁਆਲਾ ਵਿੱਚ ਜਲ਼ ਰਿਹਾ ਸੀ। ਉਹ ਜਮਾਤ ਦਾ ਮੋਨੀਟਰ ਹੁੰਦਾ ਸੀ। ਪਰ ਉਹ ਜਿਉਂ-ਜਿਉਂ ਵੱਡਾ ਹੁੰਦਾ ਗਿਆ। ਗ਼ਲਤ ਸੰਗਤ ਵਿੱਚ ਪੈ ਕੇ ਉਸਦੇ ਅੰਦਰੋਂ ਮੁੱਢ ਖੁਰਦਾ ਗਿਆ। ਜਦੋਂ ਮੁੱਢ ਖੁਰਨ ਲੱਗ ਜਾਵੇ ਤਾਂ ਟੀਸੀ ਦਾ ਸੁੱਕਣਾ ਅਟੱਲ ਹੁੰਦਾ। ਉਹ ਮੋਨੀਟਰੀ ਤੋਂ ਖਿਸਕਦਾ ਹੋਇਆ ਦਸਵੀਂ ਵੀ ਮਸਾਂ ਪਾਸ ਕਰ ਸਕਿਆ ਸੀ।

ਉਸਦੀ ਬੇਬੇ ਨੇ ਭੋਲੇ ਨੂੰ ਫੌਜ ਵਿੱਚ ਭਰਤੀ ਹੋਣ ਲਈ ਬਹੁਤ ਜ਼ੋਰ ਲਾਇਆ। ਉਸਨੇ ਵੀ ਮਿਹਨਤ ਤਾਂ ਕੀਤੀ ਪਰ ਰਾਸ ਨਾ ਆਈ। ਐਵੇਂ ਕਿਵੇਂ ਕਰਦੇ ਦੀ ਉਸਦੀ ਭਰਤੀ ਹੋਣ ਵਾਲ਼ੀ ਉਮਰ ਲੰਘ ਗਈ। ਉਹ ਕਿਸੇ ਪਾਸੇ ਦਾ ਨਾ ਰਿਹਾ। ਮਿਸਤਰੀ ਨਾਲ਼ ਦਿਹਾੜੀ ਜਾਣ ਲੱਗ ਗਿਆ। ਦਿਹਾੜੀ ਦਾ ਅਜਿਹਾ ਕੰਨ੍ਹਾ ਪਿਆ ਕਿ ਅੱਜ ਤੱਕ ਉਹ ਬੱਸ ਦਿਹਾੜੀਆ ਹੀ ਬਣਿਆ ਹੋਇਆ।

ਭੋਲਾ ਪੈਸਿਆਂ ਦੇ ਪ੍ਰਬੰਧ ਵਿੱਚ ਟੁੱਟਿਆ ਘਰ ਪਹੁੰਚਿਆ ਤਾਂ ਬਲਜੀਤ ਉਸਦੀ ਹੀ ਰਾਹ ਦੇਖ ਰਹੀ ਸੀ। ਬਲਜੀਤ ਨੂੰ ਦੇਖ ਕੇ ਉਸਨੂੰ ਆਪਣੇ ਪੈਰ ਐਨੇ ਭਾਰੇ ਹੋ ਗਏ ਲੱਗੇ, ਜਿਵੇਂ ਉਨ੍ਹਾਂ ਨਾਲ਼ ਪਹਾੜ ਬੰਨ੍ਹ ਦਿੱਤਾ ਹੋਵੇ। ਮੰਜੇ ਤੱਕ ਪਹੁੰਚਣਾ ਹੀ ਉਸਨੂੰ ਔਖਾ ਲੱਗਿਆ। ਬਲਜੀਤ ਉਸਦੀ ਤੋਰ ਤੋਂ ਹੀ ਸਮਝ ਗਈ ਸੀ ਕਿ ਉਸਦਾ ਦਿਲ ਲੋਕਾਂ ਦੀਆਂ ਟਕੋਰਾਂ ਦਾ ਝੰਬਿਆ ਪਿਆ। ਉਹ ਉਸ ਤੋਂ ਅੱਖਾਂ ਚੁਰਾਉਂਦਾ ਹੋਇਆ ਉਸ ਵੱਲ ਪਿੱਠ ਕਰਕੇ ਬੈਠ ਗਿਆ।ਬਲਜੀਤ ਉਸਨੂੰ ਪਾਣੀ ਦਾ ਗਲਾਸ ਫੜਾਉਂਦੀ ਬੋਲੀ, "ਬਣਿਆ ਨ੍ਹੀਂ ਕੁਛ ...?

ਉਹ ਪਾਣੀ ਦੀ ਘੁੱਟ ਭਰਦਾ ਨਾਂਹ ਵਿੱਚ ਹੀ ਸਿਰ ਮਾਰ ਗਿਆ। ਉਹ ਉਸਤੋਂ ਖਾਲੀ ਗਲਾਸ ਫੜਦੀ ਚਾਹ ਬਣਾਉਣ ਚਲੀ ਗਈ। ਪਰ ਉਸਨੇ ਹੁਣ ਇੰਝ ਸਿਰ ਸੁੱਟ ਰੱਖਿਆ ਸੀ ਜਿਵੇਂ ਉਸਤੋਂ ਕੋਈ ਗੁਨਾਹ ਹੋ ਗਿਆ ਹੋਵੇ। ਉਹ ਸੋਚ ਰਿਹਾ ਸੀ ਕਿ, "ਗ਼ਰੀਬ ਹੋਣਾ ਗ਼ੁਨਾਹ ਹੀ ਤਾਂ ਹੈ, ਗ਼ੁਨਾਹ ਨਹੀਂ ਜੁਰਮ, ਪਰ ਇਸ ਜੁਰਮ ਦੀ ਸਜ਼ਾ ਪੀੜ੍ਹੀਆਂ ਦਰ ਪੀੜ੍ਹੀਆਂ ਤਾਂ ਨ੍ਹੀਂ ਚੱਲਣੀ ਚਾਹੀਦੀ ਤੀ, ਹੋ ਸਕਦਾ ਤੀ ਮੁੱਕ ਜਾਂਦੀ ਸਜ਼ਾ, ਪਰ ਜਾਂਦਾ ਹੋਇਆ ਬਾਪੂ, ਕਾਲ਼ੇ ਪਾਣੀ

ਵਰਗੀ ਸਜ਼ਾ ਦੇ ਗਿਆ   ਲਵਾ ਗਿਆ ਬਚਿਆ ਖੁਚਿਆ ਆਪਣੀ ਬਿਮਾਰੀ ’ਤੇ, ਪਰ ਬਾਪੂ ਸੀ, ਪਿਓ ਕਿਹੋ ਜਿਹਾ ਵੀ ਹੋਵੇ ਪਿਓ ਤਾਂ ਪਿਓ ਹੁੰਦਾ, ਮੈਂ ਨ੍ਹੀਂ ਬਣਾਂਗਾ ਇਹੋ ਜਿਹਾ ਪਿਓ, ਕਿ ਪਰਗਟ ਨੂੰ ਹੀਣਾ ਹੋਣਾ ਪਵੇ, ਗੁਜ਼ਰਨਾ ਪਵੇ ਇਹੋ ਜਿਹੇ ਕੁੱਤ ਖਾਨੇ ’ਚੋਂ, ਪਰ ਮੈਨੂੰ ਲੱਗਦਾ ਇਹ ਕੁੱਤ ਖਾਨਾ ਮੁੱਕਦਾ ਤਾਂ ਨ੍ਹੀਂ ਹੋਣਾ, ਬਾਪੂ ਗਧੀ ਗੇੜ ਕਹਿੰਦਾ ਹੁੰਦਾ ਤੀ, ਮੈਨੂੰ ਹੁਣ ਪਤਾ ਲੱਗਦਾ ਗਧੀ ਗੇੜ ਦਾ, ਜਿੱਦਣ ਦਾ ਮੈਂ ਵੀ ਇਸ ਗੇੜ ’ਚ ਪਿਆਂ, ਸ਼ਾਲ੍ਹਾ ਗਧੀ ਬਣ ਕੇ ਰਹਿ ਗਿਆਂ ਮੈਂ ਤਾਂ, ਮਨਾਂ ਦੇ ਤਨਾਂ ਦੇ ਭਾਰ ਢੋਣ ਜੋਗਾ।

ਬਲਜੀਤ ਉਸਨੂੰ ਚਾਹ ਦਾ ਗਲਾਸ ਫੜਾਉਂਦੀ ਹੋਈ ਉਸਦੇ ਕੋਲ਼ ਹੀ ਬੈਠ ਗਈ। ਉਸਨੇ ਗਲਾਸ ਫੜਦੇ ਨੇ ਉਸ ਵੱਲ ਮੂੰਹ ਨਾ ਕੀਤਾ ੳਸਨੂੰ ਲੱਗਦਾ ਸੀ, ਜਿਵੇਂ ਉਹ ਉਸਦੇ ਸੁਪਨੇ ਨੂੰ ਤੋੜ ਆਇਆ ਹੋਵੇ ੳਸਦੀਆਂ ਸਧਰਾਂ ਨੂੰ ਮਧੋਲ਼ ਆਇਆ ਹੋਵੇ ੳਹ ਸੋਚ ਰਿਹਾ ਸੀ, “ਉਹਦਾ ਵੀ ਕਾਹਦਾ ਸੁਪਨਾ ਸਾਰਿਆਂ ਲਈ ਸੋਚਦੀ ਆ ਉਹ ਤਾਂ   ਉਹਦਾ ਕੱਲੀ ਦਾ ਸੁਪਨਾ ਹੁੰਦਾ ਤਾਂ ਉਹਨੇ ਕੰਨਾਂ ਲਈ ਕੋਕਲੂ ਮੰਗਣੇ ਸੀ, ਜਰੀ ਦਾ ਸੂਟ ਮੰਗਣਾ ਸੀ, ਕੱਢਵੀਂ ਜੁੱਤੀ ਮੰਗਣੀ ਸੀ ਪਰ ਉਹ ਤਾਂ ਕਦੇ ਭਲੀਮਾਣਸ ਨੇ ਮੰਗੀ ਹੀ ਨ੍ਹੀ, ਕੀ ਸੱਚੀਂ ਉਹਦਾ ਦਿਲ ਨ੍ਹੀਂ ਕਰਦਾ, ਕੀ ਉਹਦੇ ਸੁਪਨੇ ਬੇਰੰਗ ਜਿਹੇ ਹੀ ਨੇ ?... ਬੇਬੇ ਵਾਂਗ ਵਿਚਾਰੀ ਤਰਸਦੀ ਨਾ ਮਰ ਜਾਏ ਇਹ ਵੀ।

ਬਲਜੀਤ ਉਸਦੇ ਮੋਢੇ ’ਤੇ ਹੱਥ ਰੱਖਦੀ ਹੋਈ ਬੋਲੀ, “ਉਦਾਸ ਕਿਉਂ ਹੋਏ ਹੋ? ਸਭ ਹੋ ਜਾਣਾ, ਜਿਹੜੀ ਚੱਕੀ ਤੁਸੀਂ ਪਿਸ ਰਹੇ ਹੋ, ਏਸ ’ਚ  ਸਾਰੇ ਹੀ ਪਿਸਦੇ ਨੇ, ਮੈਂ ਆਪਣੇ ਬਾਪੂ ਨੂੰ ਵੀ ਪਿਸਦੇ ਦੇਖਿਆ ਸੀ, ਹੁਣ ਦੇਖਲਾ ਲਹਿਰਾਂ ਬਹਿਰਾਂ ਨੇ ਉਨ੍ਹਾਂ ਦੇ ਘਰ।

“ਚੱਕੀ ’ਚ ਪਿਸਣਾ ਓਨਾ ਔਖਾ ਨ੍ਹੀਂ ਹੁੰਦਾ ਜਿਨਾਂ ਚੱਕੀ ਦੇ ਪੁੜਾਂ ਤੱਕ ਪਹੁੰਚਣਾ, ਮੰਗਣੇ ਹੀ ਔਖੇ ਹੋਏ ਪਏ ਆ, ਮੋੜਨ ਆਲ਼ੇ ਫ਼ਿਕਰਾਂ ਦਾ ਤਾਂ ਬਾਦ ’ਚ ਪਤਾ ਲੱਗਣਾ।” ਉਸਨੇ ਚਾਹ ਨੂੰ ਛੁੜ੍ਹਾਕਾ ਮਾਰਦੇ ਨੇ ਕਿਹਾ ਤਾਂ ਬਲਜੀਤ ‘ਹੂੰ’ ਦਾ ਹੁੰਗਾਰਾ ਭਰਦੀ ਹੋਈ ਬੋਲੀ, “ਗੁਰਮੀਤ ਵੀਰਾ ਕਹਿੰਦਾ ਸੀ, ਪੈਸਿਆਂ ਦਾ ਤਾਂ ਕਾਲ ਪਿਆ-ਪਿਆ, ਕਹਿੰਦਾ ਤੀ ਤਾਰੀ ਦੀ ਕਨੇਡੇ ਦੀ ਫ਼ੀਸ ਭਰਨੀ ਆਂ, ਲੱਖਾਂ ’ਚ ਆ ...।

“ਆਪੋ-ਆਪਣੇ ਸਿਰ ਈ ਨ੍ਹੀਂ ਗੁੰਦੇ ਜਾਂਦੇ ਅੱਜ ਕੱਲ੍ਹ, ਲੋਕਾਂ ਨੇ ਝਾਟੇ ਵੀ ਬਾਹਲ਼ੇ ਖਿਲਾਰ ਰੱਖੇ ਆ, ਗੁਰਮੀਤ ਕੇ ਦੋਵੇਂ ਜੀਅ ਨੌਕਰੀ ਕਰਦੇ ਆ ਪਰ ਫ਼ੇਰ ਵੀ ਔਖੇ ਨੇ।” ਭੋਲੇ ਨੇ ਚਾਹ ਦੀ ਘੁੱਟ ਦਾ ਦੂਜਾ ਛੁੜ੍ਹਾਕਾ ਮਾਰਦੇ ਨੇ ਕਿਹਾ।

ਕੁਛ ਸਮਾਂ ਚੁੱਪ ਪਸਰੀ ਰਹੀ। ਬਲਜੀਤ ਫ਼ਿਰ ਹੌਲ਼ੀ ਜਿਹੇ ਬੋਲੀ, “ਵੀਰਾ ਕਹਿੰਦਾ ਸੀ... ਜੇ ਲੋਨ ਲੈਣਾ ਤਾਂ ਮੈਂ ਦਵਾ ਦਿਆਂਗਾ।

ਭੋਲਾ ਇੱਕ ਦਮ ਉਸ ਵੱਲ ਝਾਕਿਆ। ਉਸਦੀਆਂ ਅੱਖਾਂ ਵੱਡੀਆਂ ਹੋ ਗਈਆਂ। ਚਾਹ ਦੀ ਕੁਰਲੀ ਮੂੰਹ ਵਿੱਚ ਹੀ ਘੁੰਮਣ ਲੱਗੀ। ਉਹ ਤਾਂ ਕਈ ਦਿਨਾਂ ਤੋਂ ਪਿੰਡ ਦੀ ਕੋਆਪਰੇਟਿਵ ਬੈਂਕ ਵਿੱਚ ਵੀ ਗੇੜੇ ਮਾਰ ਚੁੱਕਿਆ ਸੀ। ਉਸਦੀਆਂ ਕਿਸ਼ਤਾਂ ਦੇ ਮੁੜਨ ਦਾ ਯਕੀਨ ਨਾ ਹੋਣ ਕਾਰਨ, ਬੈਂਕ ਵਾਲ਼ੇ ਵੀ ਹਾਮੀ ਨਹੀਂ ਸੀ ਭਰਦੇ। ਕੋਈ ਸਰਕਾਰੀ ਮੁਲਾਜ਼ਮ ਗਵਾਹ ਭਾਲ਼ਦੇ ਸੀ। ਥਾਂ ਵੀ ਉਸਦਾ ਥੋੜ੍ਹਾ ਜਿਹਾ ਸੀ। ਉਸਦੇ ਥਾਂ ਦੀ ਵੀ ਕੋਈ ਖਾਸ ਜ਼ਾਮਨੀ ਨਹੀਂ ਸੀ ਹੋ ਸਕਦੀ।  ਗਲ਼ੀ ਵਿੱਚ ਹੋਣ ਕਰਕੇ ਕੀਮਤ ਵੀ ਵਧੇਰੇ ਨਹੀਂ ਸੀ ਬਣਦੀ। ਹੁਣ ਲੋਨ ਦਾ ਕੰਮ ਬਣਦਾ ਸੁਣ ਕੇ, ਉਸਦੇ ਅੰਦਰ ਆਸ ਦੀ ਤਿੜ੍ਹ ਫੁੱਟ ਆਈ।

ਉਹ ਚਾਹ ਦਾ ਗਲਾਸ ਰੱਖ ਕੇ ਬਲਜੀਤ ਦੇ ਕੋਲ਼ ਨੂੰ ਹੋ ਗਿਆ। ਉਹ ਉਸਦੇ ਮੂੰਹ ਵੱਲ ਦੇਖਦੀ ਹੋਈ ਬੋਲੀ, "ਡੂਢ ਲੱਖ ਦੇ ਦੇਣਗੇ ਪਰ ਪਹਿਲਾਂ ਚਾਲੀ ਹਜ਼ਾਰ ਭਰਨੇ ਪੈਣਗੇ ...।"ਸੁਣ ਕੇ ਭੋਲੇ ਨੇ ਹਾਂ ਵਿੱਚ ਸਿਰ ਹਿਲਾ ਦਿੱਤਾ।

ਉਹ ਉੱਠਿਆ ਤੇ ਠੇਕੇਦਾਰ ਦੇ ਘਰ ਨੂੰ ਚਲਾ ਗਿਆ। ਕਿਉਂਕਿ ਉਸਨੇ ਉਸਨੂੰ ਵੀਹ ਹਜ਼ਾਰ ਦਾ ਵਾਅਦਾ ਤਾਂ ਪਹਿਲਾਂ ਹੀ ਕੀਤਾ ਹੋਇਆ ਸੀ। ਘਰ ਆਏ ਨੂੰ ਬਲਜੀਤ ਨੇ ਚੁੱਕੀ ਹੋਈ ਕਮੇਟੀ ਦੇ ਦਸ ਹਜ਼ਾਰ ਵੀ ਦੇ ਦਿੱਤੇ।

ਦਸ ਹਜ਼ਾਰ ਬਲਜੀਤ ਦੇ ਭਰਾ ਗੁਰਮੀਤ ਨੇ ਆਪਣੇ ਕੋਲ਼ੋਂ ਪਾ ਕੇ, ਸ਼ਹਿਰ ਦੀ ਬੈਂਕ ਤੋਂ ਲੋਨ ਪਾਸ ਕਰਵਾ ਦਿੱਤਾ ਸੀ। ਥਾਂ ਦੇ ਕਾਗਜ਼ ਬੈਂਕ ਨੂੰ ਦੇ ਦਿੱਤੇ ਸੀ। ਕਿਸ਼ਤ ਨੂੰ ਦੋ ਮਹੀਨਿਆਂ ਬਾਅਦ ਚਾਲੂ ਕਰਨਾ ਸੀ। ਹਲਫ਼ੀਆ ਬਿਆਨ ਬੈਂਕ ਵਾਲ਼ਿਆਂ ਨੇ ਪਹਿਲਾਂ ਹੀ ਲੈ ਲਿਆ ਸੀ। ਗਵਾਹੀ ਗੁਰਮੀਤ ਨੇ ਦੇ ਦਿੱਤੀ ਸੀ।

ਭੋਲਾ ਗੁਰਮੀਤ ਦੀ ਜਾਮਨੀ ਤੋਂ ਅੰਤਾਂ ਦਾ ਖ਼ੁਸ਼ ਸੀ। ਹੁਣ ਉਸਨੂੰ ਮਹਿਸੂਸ ਹੁੰਦਾ ਸੀ ਕਿ ਰਿਸ਼ਤਿਆਂ ਦੇ ਮਾਰੂਥਲ ਵਿੱਚ, ਆਸ ਦੀ ਕਰੂੰਬਲ਼ ਅਜੇ ਬਚੀ ਹੋਈ ਹੈ। ਉਸਨੂੰ ਆਪਣਿਆਂ ਦੀ ਗਲ਼ਵੱਕੜੀ ਸੰਘਣੀ ਹੋਈ ਮਹਿਸੂਸ ਹੋਈ।

ਘਰ ਵਿੱਚ ਹੁਣ ਖ਼ੁਸ਼ੀ ਚਾਂਗਰਾ ਮਾਰ ਰਹੀ ਸੀ। ਦੁੱਖ ਸੁੱਖ ਵਿੱਚ ਤਬਦੀਲ ਹੋ ਗਏ ਸਨ। ਮੱਝ ਵੀ ਸੂਣ ਨੂੰ ਥੋੜ੍ਹੇ ਦਿਨ ਹੀ ਲੈਂਦੀ ਸੀ। ਉਨ੍ਹਾਂ ਨੂੰ ਹੁਣ ਕਿਸਤ ਦਾ ਵੀ ਕੋਈ ਫ਼ਿਕਰ ਨਹੀਂ ਸੀ ਰਿਹਾ। ਇਹ ਮੱਝ ਦੇ ਦੁੱਧ ਨਾਲ਼ ਤੇ ਭੋਲੇ ਦੇ ਕੰਮ ਨਾਲ਼ ਅਸਾਨੀ ਨਾਲ਼ ਨਿੱਕਲ਼ ਜਾਣੀ ਸੀ।

ਦਿਨਾਂ ਵਿੱਚ ਹੀ ਪਿਓ ਪੁੱਤਾਂ ਨੇ, ਗਾਰੇ ਦੀ ਚਿਣਾਈ ਵਿੱਚ ਬਣਿਆ ਹੋਇਆ ਇੱਟ-ਬਾਲੇ ਦਾ ਕਮਰਾ, ਢਾਹ ਸੁੱਟਿਆ ਸੀ। ਸ਼ਤੀਰੀਆਂ ਤਾਂ ਗਲ਼ੀਆਂ ਹੀ ਪਈਆਂ ਸੀ। ਉਨ੍ਹਾਂ ਨੂੰ ਦੇਖ ਕੇ ਤਾਂ ਭੋਲਾ ਰੱਬ ਦਾ ਸ਼ੁਕਰ ਮਨਾ ਰਿਹਾ ਸੀ 'ਟਾਇਮ ਨਾਲ਼ ਹੀ ਲਾਹ ਲਈਆਂ, ਨਹੀਂ ਤਾਂ ਮੀਂਹ ਕਣੀ 'ਚ, ਕਿਸੇ ਨੂੰ ਨਾਲ਼ ਹੀ ਲੈ ਕੇ ਜਾਂਦੀਆਂ ਇਹ ਤਾਂ।'

ਇੱਟਾਂ ਤਾਂ ਕੱਢਦੇ ਕਢਾਉਂਦੇ ਰੋੜਿਆਂ ਵਿੱਚ ਹੀ ਬਦਲ ਗਈਆਂ ਸਨ। ਨਿੱਕਲ਼ੀਆਂ ਪੂਰੀਆਂ ਇੱਟਾਂ ਦਾ ਚੱਠਾ ਰੋੜਿਆਂ ਦੇ ਢੇਰ ਅੱਗੇ ਨਿੱਕਾ ਜਿਹਾ ਲੱਗ ਰਿਹਾ ਸੀ। ਪਰ ਫ਼ਿਰ ਵੀ ਉਨ੍ਹਾਂ ਨੂੰ ਇਸ ਗੱਲ ਦੀ ਖ਼ੁਸ਼ੀ ਸੀ ਕਿ ਉਨ੍ਹਾਂ ਦਾ ਘਰ ਬਣ ਰਿਹਾ।

ਦਿਨਾਂ ਵਿੱਚ ਹੀ ਭੋਲੇ ਨੇ ਇੱਟਾਂ, ਰੇਤਾ, ਸੀਮੈਂਟ ਲਿਆ ਸੁੱਟਿਆ ਸੀ। ਪਹਿਲਾਂ ਤਾਂ ਚਿਣਾਈ ਗਾਰੇ ਵਿੱਚ ਹੀ ਕਰਨੀ ਸੀ, ਪਰ ਪਰਗਟ ਦੀ ਜ਼ਿੱਦ ਨਾਲ਼ ਚਿਣਾਈ ਵੀ ਹੁਣ, ਰੇਤੇ ਸੀਮੈਂਟ ਵਿੱਚ ਹੀ ਕਰਨੀ ਪੈ ਰਹੀ ਸੀ। ਟੱਬਰ ਵਿੱਚ ਲੋੜ੍ਹੇ ਦਾ ਚਾਅ ਸੀ। ਲੋਨ ਦਾ ਤਾਂ ਨਾਂ ਹੀ ਵਿੱਸਰ ਗਿਆ ਸੀ। ਪਰ ਮੱਝ ਦੀ ਸੇਵਾ ਉਨ੍ਹਾਂ ਨੇ ਪਹਿਲਾਂ ਨਾਲ਼ੋਂ ਵੀ ਵਧਾ ਦਿੱਤੀ ਸੀ। ਕਿਉਂਕਿ ਲੋਨ ਤੇ ਦੁੱਧ ਹੁਣ ਇੱਕ ਦੂਜੇ ਦੇ ਪੂਰਕ ਬਣ ਕੇ ਖਲੋ ਗਏ ਸਨ।

ਭਾਵੇਂ ਕਿ ਬਲਜੀਤ ਨੇ ਪਰਗਟ ਨੂੰ ਕਿਹਾ ਹੋਇਆ ਸੀ ਕਿ 'ਮੱਝ ਦੇ ਸੂਣ ਤੋਂ ਬਾਅਦ ਉਸਦੇ ਪੀਣ ਲਈ ਦੁੱਧ ਦੀ ਕਮੀ ਨਹੀਂ ਰਹਿਣ ਦੇਵੇਗੀ', ਪਰ ਹੁਣ ਉਸਨੇ ਆਪਣੇ ਕਹੇ ਨੂੰ ਆਪਣੇ ਗੋਝੇ ਵਿੱਚ ਹੀ ਪਾ ਲਿਆ ਸੀ।

ਪਰਗਟ ਨੇ ਪੁੱਛਿਆ ਵੀ ਸੀ , "ਜੇ ਆਪਾਂ ਦੁੱਧ ਨਾਲ਼ ਕਿਸ਼ਤ ਹੀ ਭਰਨੀ ਆਂ, ਫ਼ੇਰ ਮੇਰਾ ਸ਼ਰੀਰ ਨ੍ਹੀਂ ਭਰਨਾ, ਮੈਂ ਭਰਤੀ ਕਿਵੇਂ ਹੋਊਂ।"ਬਲਜੀਤ ਸੁਣ ਕੇ ਮੱਝ ਦਾ ਗੋਹਾ ਹਟਾਉਂਦੀ ਚੁੱਪ

ਵੱਟ ਗਈ। ਭੋਲਾ ਅਗਨੀਵੀਰ ਦੀ ਭਰਤੀ ਨੂੰ ਯਾਦ ਕਰਕੇ ਅੰਦਰੋਂ ਮਸੋਸਿਆ ਜਿਹਾ ਗਿਆ ਸੀ।

ਹੁਣ ਘਰ ਬਣਾਉਣ ਦੀ ਸ਼ੁਰੂਆਤ ਬੜੇ ਚਾਵਾਂ ਨਾਲ਼ ਹੋ ਗਈ ਸੀ। ਭੋਲੇ ਨੇ ਅੱਜ ਮਿਸਤਰੀ ਦੇ ਕੋਲ਼ ਬੈਠ ਕੇ ਨੀਂਹ ਧਰਨ ਦਾ ਮੱਥਾ ਟੇਕਿਆ ਸੀ। ਨਹੀਂ ਤਾਂ ਉਹ ਲੋਕਾਂ ਦੇ ਘਰਾਂ ਦੇ ਮੱਥੇ ਟਿਕਾਉਂਦਾ ਹੋਇਆ, ਆਪਣਾ ਘਰ ਬਣਨ ਦੀ ਅਰਦਾਸ ਵਿੱਚ ਹੀ ਗੁੰਮ ਹੋ ਜਾਂਦਾ ਹੁੰਦਾ ਸੀ। ਉਸਨੇ ਮਿਸਤਰੀ ਨੂੰ ਸ਼ਰਟ ਦੇ ਕੱਪੜੇ 'ਤੇ ਸੌ ਦਾ ਨੋਟ ਰੱਖ ਕੇ ਸ਼ਗਨ ਦਿੱਤਾ।ਸਾਰੇ ਟੱਬਰ ਦਾ ਚਾਅ ਨਹੀਂ ਸੀ ਚੁੱਕਿਆ ਜਾ ਰਿਹਾ।

ਮਿਸਤਰੀ ਕੱਲਾ ਹੀ ਹੁੰਦਾ ਸੀ। ਦਿਹਾੜੀਆਂ ਦਾ ਸਾਰਾ ਕੰਮ ਬਲਜੀਤ, ਭੋਲਾ ਤੇ ਪਰਗਟ ਹੀ ਕਰਦੇ ਹੁੰਦੇ ਸੀ। ਮਿਸਤਰੀ ਦੇ ਆਉਂਦੇ ਨੂੰ ਉਹ ਮਸਾਲਾ ਬਗੈਰਾ ਬਣਾ ਕੇ ਰੱਖਦੇ। ਇੱਟਾਂ ਦੀ ਪੂਰੀ ਤਰਾਈ ਕਰਦੇ। ਜਦੋਂ ਤੱਕ ਟੂਟੀ ਚੱਲਦੀ ਰਹਿੰਦੀ। ਭੋਲਾ ਪਾਇਪ ਨੂੰ ਇੱਟਾਂ ਦੇ ਸਿਰ 'ਤੇ ਹੀ ਰੱਖੀ ਰੱਖਦਾ। ਫ਼ੇਰ ਸਾਰੀ ਦਿਹਾੜੀ ਇੱਟਾਂ ਪਾਣੀ ਨਾ ਮੰਗਦੀਆਂ।

ਜਿਉਂ-ਜਿਉਂ ਘਰ ਨੀਹਾਂ ਤੋਂ ਉਤਾਂਹ ਜਾ ਰਿਹਾ ਸੀ। ਤਿਉਂ-ਤਿਉਂ ਘਟਦੇ ਜਾਂਦੇ ਰੁਪਈਏ ਭੋਲੇ ਨੂੰ ਫ਼ਿਰ ਉਹੀ ਚੱਕੀ ਵੱਲ ਝੋਕਦੇ ਜਾ ਰਹੇ ਸਨ। ਸਾਰੇ ਥੱਕ ਹਾਰ ਕੇ ਸੌਂ ਜਾਂਦੇ। ਪਰ ਭੋਲਾ ਓਦਰਿਆ ਜਿਹਾ ਉਂਗਲ਼ਾਂ ਦੇ ਪੋਟਿਆ 'ਤੇ ਗਿਣਤੀਆਂ ਮਿਣਤੀਆਂ ਕਰਦਾ ਰਹਿੰਦਾ। ਉਸਨੂੰ ਠੇਕੇਦਾਰ 'ਤੇ ਚੀਹ ਜਿਹੀ ਚੜ੍ਹ ਜਾਂਦੀ।ਉਸਨੇ ਜਿਨਾਂ ਐਸਟੀਮੇਟ ਲਾਇਆ ਸੀ। ਖਰਚਾ ਉਸ ਤੋਂ ਕਿਤੇ ਅੱਗੇ ਚੱਲ ਰਿਹਾ ਸੀ। ਫ਼ਿਰ ਉਹ ਸੋਚਦਾ "ਠੇਕੇਦਾਰ ਦਾ ਕੀ ਕਸੂਰ, ਕਮਰੇ ਵੀ ਤਾਂ ਇੱਕ ਦੀ ਥਾਂ ਦੋ ਛੱਤਣ ਲੱਗ ਗਏ ਆਂ।"

ਮਿਸਤਰੀ ਛੇ ਇੱਕ ਦਾ ਮਸਾਲਾ ਰਲਾਉਣ ਨੂੰ ਕਹਿੰਦਾ ਤਾਂ ਉਹ ਚੁੱਪ-ਚਾਪ ਅੱਠ ਇੱਕ ਦਾ ਰਲ਼ਾ ਦਿੰਦਾ। ਉਸਨੇ ਭੋਲੇ ਨੂੰ ਕਿਸੇ ਹੋਰ ਦੇ ਕੰਮ 'ਤੇ, ਛੇ ਇੱਕ ਦੀ ਥਾਂ ਚਾਰ ਇੱਕ ਦਾ ਰਲਾਉਣ 'ਤੇ ਕਈ ਵਾਰ ਝਿੜਕਿਆ ਸੀ। ਭੋਲਾ ਵੀ ਅਗੋਂ ਹੱਸ ਕੇ ਆਖ ਛੱਡਦਾ ਸੀ, "ਘਰ ਮਜ਼ਬੂਤ ਹੋਜੂ ਸੇਮੇ ! ਘਰਦਿਆਂ ਨੂੰ ਨ੍ਹੀਂ ਪਤਾ ਹੁੰਦਾ।" ਪਰ ਇੱਥੇ ਹੁਣ ਉਸਤੋਂ ਉਲਟ ਹੋ ਰਿਹਾ ਸੀ। ਫ਼ਿਰ ਮਿਸਤਰੀ ਭੋਲੇ ਦਾ ਉੱਤਰਿਆ ਮੂੰਹ ਦੇਖ ਕੇ ਚੁੱਪ ਹੋ ਜਾਂਦਾ ਸੀ।

ਕੱਲ੍ਹ ਮਿਸਤਰੀ ਨੇ ਭੋਲੇ ਨੂੰ ਕੋਲ਼ ਬਿਠਾਉਂਦੇ ਨੇ ਕਿਹਾ ਸੀ, "ਭੋਲਿਆ ! ਇੱਟਾਂ, ਸੀਮੈਂਟ, ਰੇਤਾ ਸਭ ਕੁਛ ਨੇੜੇ ਲੱਗ ਗਿਆ, ਅਜੇ ਛੱਤ ਦਾ ਲੈਂਟਰ ਬਾਕੀ ਆ, ਇਓਂ ਕਿਵੇਂ ਸਰੂ?

ਭੋਲਾ ਤਾਂ ਪਹਿਲਾਂ ਹੀ ਇਨ੍ਹਾ ਸੋਚਾਂ ਵਿੱਚ ਪੰਘਰਿਆ ਪਿਆ ਸੀ। ਮਿਸਤਰੀ ਦੀਆ ਗੱਲਾਂ ਨੇ ਉਸਨੂੰ ਹੋਰ ਡੂੰਘੇ ਖੂਹ ਵਿੱਚ ਉਤਾਰ ਦਿੱਤਾ। ਉਹ ਕਈ ਦਿਨ ਤੋਂ ਵੱਡੇ ਭਣੋਈਏ ਨੂੰ ਵੀ ਫੋਨ ਕਰ ਰਿਹਾ ਸੀ। ਉਸਨੇ ਵੀ ਕੁਛ ਮੱਦਦ ਕਰਨ ਦਾ ਵਾਅਦਾ ਕੀਤਾ ਸੀ। ਭੋਲੇ ਨੂੰ ਵੀ ਲੱਗਦਾ ਸੀ ਕਿ ਜੇ ਉਹ ਇੱਕ ਮਹੀਨੇ ਦੀ ਪੈਨਸਨ ਵੀ ਦੇ ਦੇਵੇ ਤਾਂ ਉਹਦਾ ਨੇੜੇ ਲੱਗ ਜਾਣਾ। ਪਰ ਉਮੀਦ ਤੋਂ ਉਲਟ ਉਸਨੇ ਤਾਂ ਮੂੰਹ ਹੀ ਛੁਪਾ ਲਿਆ ਸੀ। ਉਹ ਬਜ਼ਾਰ ਦੇ ਬਹਾਨੇ ਚੀਮੇ ਦੋ ਵਾਰੀ ਜਾ ਵੀ ਆਇਆ ਸੀ। ਪਰ ਉਹ ਘਰੇ ਨਾ ਮਿਲ਼ਦਾ। ਉਸਦੀ ਭੈਣ ਆਪਣੀਆਂ ਹੀ ਗਾਹੁਣੀਆਂ ਜਿਹੀਆਂ ਪਾ ਕੇ ਉਸਨੂੰ ਮੋੜ ਦਿੰਦੀ।

ਰਿਸ਼ਤਿਆਂ ਦਾ ਜੰਗਲ਼ ਉਸਨੂੰ ਫਿਰ ਤੋਂ ਮੁਰਝਾਇਆ ਲੱਗਦਾ। ਉਹ ਆਪਣੇ ਆਪ ਨਾਲ਼ ਹੀ ਗੱਲਾਂ ਕਰਨ ਲੱਗਦਾ, "ਭੋਲਿਆ ! ਜਿਵੇਂ ਤੇਰੀਆ ਮਜਬੂਰੀਆਂ ਨੇ, ਓਵੇਂ ਅਗਲੇ ਦੀਆਂ ਵੀ ਹੁੰਦੀਆਂ ਨੇ, ਊਈਂ ਨਾ ਹਰੇ ਭਰੇ ਰਿਸ਼ਤਿਆਂ ਨੂੰ ਆਪਣੇ ਲਾਲਚ ਕਰਕੇ ਫੂਕ ਸੁੱਟਿਆ

ਕਰ ਓਏ!

ਬੀਰਾ ਦਲਾਲ ਵੀ ਕਈ ਦਿਨਾਂ ਤੋਂ ਉਨ੍ਹਾਂ ਦੇ ਘਰ ਆਨੀ ਬਹਾਨੀ ਗੇੜੇ ਜਿਹੇ ਮਾਰੀ ਜਾ ਰਿਹਾ ਸੀ। ਉਹ ਮੰਜੇ ਦੀ ਬਾਹੀ 'ਤੇ ਬੈਠਾ ਵੀ ਮੱਝ ਦੇ ਭਰੇ-ਭਰੇ ਥਣਾਂ ਵੱਲ ਝਾਤੀਆਂ ਮਾਰਦਾ ਰਹਿੰਦਾ ਸੀ। ਅੱਜ ਉਸਨੇ ਭਾਵੇਂ 'ਘਰ ਦੇਖਣ ਆਇਆ ਸੀ' ਆਖਿਆ।ਪਰ ਬਲਜੀਤ ਨੇ ਉਸਦੇ ਪੈਰਾਂ ਦੀ ਮਿੱਟੀ ਚੁੱਕ ਕੇ ਚੁੱਲ੍ਹੇ ਵਿੱਚ ਸੁੱਟ ਦਿੱਤੀ ਸੀ।

ਉਹ ਜਾਂਦਾ ਹੋਇਆ ਭੋਲੇ ਨੂੰ ਆਖ ਰਿਹਾ ਸੀ 'ਕੋਈ ਨ੍ਹੀਂ ਵੀਰ, ਜੇ ਕੋਈ ਮੇਰੇ ਲੈਕ ਸੇਵਾ ਹੋਈ ਤਾਂ ਦੱਸੀਂ।' ਭੋਲਾ ਉਸਨੂੰ ਬਾਹਰ ਤੱਕ ਛੱਡਣ ਲਈ ਗਲ਼ੀ ਵਿੱਚ ਗਿਆ। ਉਹ ਭੋਲੇ ਦੇ ਕੋਲ਼ ਹੁੰਦਾ ਬੋਲਿਆ, "ਭੋਲੇ! ਮੱਝ ਤੇਰੀ ਤੈਨੂੰ ਚਾਰ ਪੈਸੇ ਵਟਾ ਕੇ ਹੀ ਜਾਊ... ਸੋਚ ਲੀਂ, ਜੇ ਮਨ ਮੰਨੇ ਤਾਂ, ਪੰਜਾਹ ਹਜ਼ਾਰ ਦਵਾ ਦਿਆਂਗਾ।"

ਉਸਨੂੰ ਸੁਣ ਕੇ ਚੀਹ ਜਿਹੀ ਚੜ੍ਹ ਗਈ, "ਸਾਲ਼ਾ ਬਹਿੜਿਆਂ ਦਾ 'ਘਰ ਦੇਖਣ ਆਇਆ ਤੀ', ਦਲਾਲੀ ਕਾਹਨੂੰ ਬੰਦੇ ਨੂੰ ਬੰਦਾ ਰਹਿਣ ਦਿੰਦੀ ਆ।"

ਉਸਦੀਆਂ ਗਾਲ਼ਾਂ ਜਿਹੀਆਂ ਸੁਣ ਕੇ ਬਲਜੀਤ ਨੂੰ ਵੀ ਤੱਤ ਜਿਹਾ ਚੜ੍ਹ ਗਿਆ। ਉਹ ਵੀ ਬੀਰੇ ਦੇ ਜਾਣ ਪਿੱਛੋਂ ਕਿੰਨਾ ਟਾਇਮ ਮੂੰਹ ਵਿੱਚ ਹੀ ਗਾਲ਼ਾਂ ਦਿੰਦੀ ਰਹੀ। ਭੋਲਾ ਵੀ ਉੱਚੀ ਦੇਣੇ ਬੋਲਿਆ, "ਪੰਜਾਹ ਹਜ਼ਾਰ ਕੀ, ਮੈਂ ਤਾਂ ਲੱਖ 'ਚ ਵੀ ਨਾ ਵੇਚਾਂ।

ਪਰ ਅੱਜ ਭੋਲੇ ਨੂੰ ਪੈਸਿਆਂ ਦੇ ਚੱਕਰ ਵਿਊ ਨੇ ਜਕੜ ਰੱਖਿਆ ਸੀ। ਲੈਂਟਰ 'ਤੇ ਆ ਕੇ ਖੜ੍ਹੇ ਹੋਏ ਘਰ ਨੂੰ ਦੇਖ ਕੇ, ਉਸਨੂੰ ਹੌਲ ਜਿਹਾ ਪੈ ਰਿਹਾ ਸੀ। ਅੱਜ ਸਵੱਖਤੇ ਹੀ ਉਸਦੀ ਨੀਂਦ ਵਿੱਚ ਲੈਂਟਰ ਆ ਕੇ ਫਸ ਗਿਆ ਸੀ। ਮਿਸਤਰੀ ਭੋਲੇ ਨੂੰ ਆਖ ਕੇ ਚਲਿਆ ਗਿਆ ਸੀ। ਜਿਸ ਦਿਨ ਸਮਾਨ ਆ ਗਿਆ। ਬਚਦੇ ਚਾਰ ਰਦੇ ਲਾ ਕੇ ਉਹ ਕਾਲਬ ਕਰ ਦੇਵੇਗਾ। ਪੈਸਿਆਂ ਦੇ ਬੰਦੋਬਸਤ ਨੇ ਤਾਂ ਭੋਲੇ ਦੀਆਂ ਆਂਦਰਾਂ ਹੀ ਸੂਤ ਰੱਖੀਆਂ ਸੀ। ਉਸਨੂੰ ਵਾਰ-ਵਾਰ ਬਲਜੀਤ ਅਤੇ ਪਰਗਟ 'ਤੇ ਗੁੱਸਾ ਆ ਰਿਹਾ ਸੀ। ਉਹ ਸੋਚਦਾ "ਜੇ ਇੱਕ ਕਮਰੇ ਦਾ ਵਿੱਢ ਵਿੱਢਿਆ ਹੁੰਦਾ ਤਾਂ ਕਦੋਂ ਦੇ ਅੰਦਰ ਵੜਦੇ ਹੋ ਜਾਣਾ ਤੀ, ਖਿੜਕੀਆਂ ਦਰਵਾਜੇ ਵੀ ਲੱਗ ਜਾਣੇ ਤੀ, ਹੁਣ ਪਹਿਲਾਂ ਤਾਂ ਲੈਂਟਰ ਰੁਕ ਗਿਆ ਜੇ ਕੋਈ ਸੂਤ ਆ ਗਿਆ ਤਾਂ ਸਾਰਾ ਸਿਆਲ਼ ਪੱਲੀਆਂ ਲਾ ਕੇ ਹੀ ਕੱਢਣਾ ਪਊ।"

ਬਲਜੀਤ ਪੱਠਿਆਂ ਨੂੰ ਚਲੀ ਗਈ ਸੀ। ਉਹ ਚੌਲਾਂ 'ਚੋਂ ਮਧਾਣਾ ਕੱਢ ਕੇ ਲੈ ਆਉਂਦੀ ਸੀ। ਭਾਵੇਂ ਸੂਣ ਵਾਲ਼ੀ ਮੱਝ ਨੂੰ ਮੋਕ ਲੱਗੀ ਰਹਿੰਦੀ ਸੀ, ਪਰ ਬਲਜੀਤ ਉਸਦੀ ਖੁਰਲੀ ਭਰੀ ਰੱਖਦੀ ਸੀ। ਉਹ ਪੱਠੇ ਪਾਉਂਦੀ ਹੋਈ ਮੱਝ ਨੂੰ ਆਖਦੀ, "ਖਾ ਲਾ ਨੀ ਚੰਦਰੀਏ! ... ਇੱਥੇ ਕਿਹੜਾ ਤੈਨੂੰ ਤਾਰਾ ਫੀਡ ਪੈਣੀ ਆ, ਗ਼ਰੀਬਾਂ ਦੀ ਤਾਂ ਮੂੰਫਲ਼ੀ ਹੀ ਬਦਾਮ ਬਰੋਬਰ ਹੁੰਦੀ ਆ, ਮੋਕ ਤਾਂ ਚਹੁੰ ਦਿਨਾਂ ਨੂੰ ਹਟਜੂ, ਪਰ ਚਹੁੰ ਦਿਨਾਂ ਨੂੰ ਆਹ ਹਰੇ ਕਚੂਰ ਪੱਠੇ ਨੀ ਮਿਲਣੇ।

ਭੋਲਾ ਸੋਚਦਾ ਸੀ "ਬਲਜੀਤ ਕਿਵੇਂ ਨਿੱਕੀਆਂ-ਨਿੱਕੀਆਂ ਗੱਲਾਂ 'ਚ ਆਪਣਾ ਚਿੱਤ ਪਰਚਾ ਲੈਂਦੀ ਆ, ਬੜਾ ਸਬਰ ਆ ਇਹਦੇ 'ਚ, ਇਹਨੇ ਤਾਂ ਪਰਗਟ ਦੇ ਜੰਮਣ ਵੇਲ਼ੇ ਪੰਜੀਰੀ ਨਾ ਮਿਲ ਸਕਣ ਦਾ, ਕਦੇ ਅੱਜ ਤੱਕ ਵੀ ਹੇਰਵਾ ਨ੍ਹੀ ਕੀਤਾ, ਸਗੋਂ 'ਅੱਗੇ ਸਹੀ... ਅੱਗੇ ਸਹੀ' ਕਰਦੇ ਜ਼ਿੰਦਗੀ ਨਿੱਕਲ਼ ਗਈ, ਨਹੀਂ ਤਾਂ ਉਹਦੇ ਆਖਣ ਆਂਗੂੰ ਅਖੇ ਜਨਾਨੀਆਂ ਤਾਂ ਪੰਜੀਰੀ ਦੇ ਚਾਅ 'ਚ ਹੀ ਜੰਮ ਧਰਦੀਆਂ ਨੇ ਜਵਾਕ।

ਹੁਣ ਚਾਰ ਦਿਨ ਲੰਘ ਗਏ ਸੀ ਘਰ ਨੂੰ ਲੈਂਟਰ ’ਤੇ ਰੁਕੇ ਨੂੰ। ਹੁਣ ਤਾਂ ਆਂਢੀਆਂ-ਗਵਾਂਢੀਆਂ ਦੇ ਆਖੇ ਬੋਲ ਉਸਦੇ ਅੰਦਰ ਖੌਰੂ ਪਾਉਣ ਲੱਗ ਗਏ ਸਨ। ਚੰਦ ਕੁਰ ਬੇਬੇ ਦੇ ਬਲਜੀਤ ਨੂੰ ਕਹੇ ਬੋਲ ਉਸਨੂੰ ਯਾਦ ਆ ਗਏ “ਜੇ ਨਹੀਂ ਸੀ ਹਿੰਮਤ ... ਨਾ ਛੇੜਦੇ ਭਾਈ, ਕੋਠਾ ਛੱਤਣਾ, ਅੱਜਕੱਲ੍ਹ ਖੂਹ ਪੁੱਟ ਕੇ ਪਾਣੀ ਪੀਣ ਬਰੋਬਰ ਆ, ਹੁਣ ਨਾ ਖੂਹ ਪੱਟਿਆ ਜਾਵੇ ਨਾ ਪਾਣੀ ਪੀਤਾ ਜਾਵੇ, ਬੱਦਲ਼ ਵੀ ਜੈਖਣਿਆਂ ਦਾ ਚੜ੍ਹ-ਚੜ੍ਹ ਆਉਂਦਾ, ਕਿਤੇ ਭਾਈ, ਜੋ ਖੜ੍ਹਾ ਕੀਤਾ ਉਹ ਵੀ ਨਾ ਸਿੱਟ ਲਿਓ, ਰਵੇਲ ਕੇ ਇਓਂ ਹੀ ਹੋਇਆ ਸੀ।”

ਜਦੋਂ ਇਹ ਬੋਲ ਉਸਦੇ ਅੰਦਰ ਬੱਦਲ਼ ਵਾਂਗ ਚੜ੍ਹੇ ਤਾਂ ਉਸਨੂੰ ਸਾਹ ਜਿਹਾ ਚੜ੍ਹ ਗਿਆ। ਉਹ ਅੰਦਰੋਂ ਉੱਠ ਕੇ ਬਾਹਰ ਨਵੀਆਂ ਬਣੀਆਂ ਕੰਧਾਂ ਕੋਲ਼ ਆ ਖੜ੍ਹਿਆ। ਜਦੋਂ ਉਸਨੇ ਮੱਝ ਵੱਲ ਨਿਗਾਹ ਮਾਰੀ ਤਾਂ ਬੀਰਾ ਦਲਾਲ ਮੱਝ ਕੋਲ਼ ਕੋਡਾ ਹੋਇਆ ਖੜ੍ਹਾ ਸੀ। ਉਹ ਹੋਰ ਥੱਲੇ ਝੁਕ ਕੇ ਬੋਲਿਆ, “ਬਈ ਜਿਨਾ ਲੇਵਾ ਚਾਹੀਦਾ ਸੀ ਬਣਿਆ ਨ੍ਹੀਂ  ਹੁਣ ਤਾਂ ਨਾਲ਼ੇ ਦਿਨਾਂ ’ਤੇ ਈ ਆ।

“ਮੈਨੂੰ ਤਾਂ ਕੋਈ ਘਾਟ ਨ੍ਹੀਂ ਲੱਗਦੀ ਬੀਰਿਆ !... ਥੱਲਾ ਤਾਂ ਤਣਿਆਂ ਪਿਆ ਮੱਝ ਦਾ।” ਭੋਲੇ ਨੇ ਮੱਝ ਦੀ ਪਿੱਠ ’ਤੇ ਥਾਪੀ ਮਾਰਕੇ ਮੱਥੇ ਤਿਊੜੀ ਪਾਉਂਦੇ ਨੇ ਕਿਹਾ।

“ਨਹੀਂ ਭੋਲਿਆ ! ਸਾਡਾ ਰੋਜ਼ ਦਾ ਕੰਮ ਆ, ਐਤਕੀਂ ਇਹ ਦੁੱਧ ਵੀ ਨ੍ਹੀਂ ਦਿੰਦੀ ਪਿਛਲੇ ਸੂਏ ਜਿਨਾ ...।” ਜਦੋਂ ਬੀਰੇ ਨੇ ਕਿਹਾ ਤਾਂ ਭੋਲੇ ਦੇ ਮਨ ’ਚ ਗਰਮੀ ਜਿਹੀ ਚੜ੍ਹ ਗਈ।

“ਭੋਲਿਆ !  ਲੈਂਟਰ ਤਾਂ ਫ਼ਿਰ ਖੜ੍ਹ ਹੀ ਗਿਆ ...? ਡੰਗਰ ਤਾਂ ਫ਼ਿਰ ਵੀ ਬਣ ਜਾਂਦੇ ਹੁੰਦੇ ਆ, ਕੋਠਾ ਨ੍ਹੀਂ ਬਣਦਾ ਹੁੰਦਾ ਛੇਤੀਂ, ਜਦੋਂ ਨੂੰ ਕੋਠਾ ਬਣਦਾ ਉਦੋਂ ਨੂੰ ਬੰਦਾ ਨ੍ਹੀਂ ਰਹਿੰਦਾ, ਪੀੜ੍ਹੀਆਂ ਲੰਘ ਜਾਂਦੀਆਂ ਕੋਠੇ ਬਣਦੇ ਨੂੰ।” ਬੀਰਾ ਉਸਦੇ ਨੇੜੇ ਹੋ ਕੇ ਬੋਲਿਆ ਤਾਂ ਉਸਦੀਆਂ ਅੱਖਾਂ ਅੱਗੇ ਪਿਛਲੀਆਂ ਪੀੜ੍ਹੀਆਂ ਦੀ ਤਸਵੀਰ ਘੁੰਮ ਗਈ।

ਉਸਨੂੰ ਯਾਦ ਆ ਗਿਆ ਸੀ। ਜਿਸ ਦਿਨ ਉਸਦਾ ਬਾਪੂ ਮਰਿਆ ਸੀ। ਉਸ ਦਿਨ ਵੀ ਛੱਤ ’ਚੋਂ ਚੋਂਦੇ ਤੁਪਕੇ ਉਸਦੀ ਲਾਸ਼ ’ਤੇ ਟਪਕਦੇ ਰਹੇ ਸੀ। ਉਸਦੇ ਅੰਦਰ ਉਦਾਸੀ ਦਾ ਮਾਰੂਥਲ ਸੰਘਣਾ ਹੋ ਗਿਆ। ਬਿੰਦ ’ਚ ਹੀ ਉਸਨੂੰ ਘੁਮੇਰ ਚੜ੍ਹਨ ਲੱਗ ਗਈ। ਉਸਨੂੰ ਚੱਕਰ ਆਇਆ ਤਾਂ ਉਹ ਇੱਟਾਂ ਦੇ ਅਧੂਰੇ ਚੱਠੇ ’ਤੇ ਹੀ ਬੈਠ ਗਿਆ।

ਉਹ ਨੀਵੀਂ ਪਾ ਕੇ ਬੀਰੇ ਨੂੰ ਬੋਲਿਆ, “ਸੱਤਰ ਹਜ਼ਾਰ ਲਊਂਗਾ ਮੈਂਹ ਦੇ, ਬਾਕੀ ਤੇਰੀ ਮਰਜ਼ੀ ਆ ਬੀਰਿਆ... ਵਿਕਿਆਂ ਦੇ ...।”

ਸੁਣ ਕੇ ਬੀਰੇ ਦੇ ਬੁੱਲਾਂ ’ਤੇ ਮੁਸਕਰਾਹਟ ਫੈਲ ਗਈ। ਉਹ ਮੱਝ ਦੇ ਨੇੜੇ ਹੋ ਗਿਆ। ਉਸਨੇ ਮੱਝ ਦੇ ਉੱਪਰ ਦੀ ਗੇੜਾ ਦਿੱਤਾ। ਉਹ ਉੱਪਰ ਹੇਠਾਂ ਦੇਖ ਕੇ ਬੋਲਿਆ, “ਲਾਉਣੇ ਤਾਂ ਅਗਲੇ ਨੇ ਨੇ, ਮੈਂ ਪੂਰਾ ਜ਼ੋਰ ਲਾ ਦੂੰਗਾ, ਪਰ ਮੈਂਹ ਐਨੇ ਆਲ਼ੀ ਨ੍ਹੀਂ ਹੈਗੀ, ਪੂਛ ਨੂੰ ਬਾਹਮਣੀ ਲੱਗੀ ਪਈ ਆ, ਟੀਰ ਜਿਹਾ ਵੀ ਮਾਰਦੀ ਆ, ਇੱਕ ਥਣ ਵੀ ਮੈਨੂੰ ਕਮਜ਼ੋਰ ਜਿਹਾ ਲੱਗਦਾ, ਭੋਲਿਆ ! ਅਗਲਾ ਟੁਣਕਾ ਕੇ ਲੈਂਦਾ ਲਵੇਰੀ, ਸੂਆ ਵੀ ਪੈ ਗਿਆ, ਲਵੇਰੀਆਂ ਦਾ ਘਾਟਾ ਨ੍ਹੀਂ ਰਿਹਾ ਹੁਣ, ਮਸਾਂ, ਪੈਂਤੀ ਚਾਲੀ ਦੀ ਨਿੱਕਲੂ।

ਭੋਲੇ ਨੂੰ ਗਸ਼ੀ ਪੈ ਗਈ। ਉਸਦਾ ਦਿਲ ਕੀਤਾ ਫੌਹੜਾ ਚੁੱਕ ਕੇ ਉਸਦੇ ਮੌਰਾਂ ’ਚ ਮਾਰੇ। ਪਰ ਉਹ ਕਸੀਸੀ ਵੱਟਦਾ ਚੁੱਪ ਹੀ ਕਰ ਗਿਆ। ਉਸਦੇ ਮੱਥੇ ’ਤੇ ਤਰੇਲ਼ੀ ਆ ਗਈ। ਉਸਨੇ ਪਾਣੀ ਪੀਣ ਲਈ ਤੌੜੇ ਤੋਂ ਚੱਪਣ ਜਾ ਚੁੱਕਿਆ। ਉਹ ਬੀਰੇ ਵੱਲ ਪਿੱਠ ਕਰੀ ਖੜ੍ਹਾ, ਪਾਣੀ ਪੀਂਦਾ ਸੋਚ

ਰਿਹਾ ਸੀ 'ਜੇ ਬੀਰਾ ਤੁਰਜੇ ਤਾਂ ਚੰਗਾ, ਸਾਲ਼ਾ ਦਲਾਲੀ ਦਾ।' ਉਸਨੇ ਪਿਛਾਂਹ ਮੁੜ ਕੇ ਦੇਖਿਆ ਤਾਂ ਬੀਰਾ ਵੀ ਪੈਰ ਘਸਾਉਂਦਾ, ਗਲ਼ੀ ਵਿੱਚੋਂ ਬਾਹਰ ਨੂੰ ਚਲਿਆ ਗਿਆ ਸੀ।

ਬਲਜੀਤ ਜਦੋਂ ਪੱਠੇ ਲੈ ਕੇ ਆਈ, ਤਾਂ ਹਰੇ ਕਚੂਰ ਪੱਠਿਆਂ ਨੇ ਘਰ ਵਿੱਚ ਹਰਿਆਲੀ ਭਰ ਦਿੱਤੀ। ਮੱਝ ਭਾਵੇਂ ਮੋਕ ਨਾਲ਼ ਲਿੱਬੜੀ ਖੜ੍ਹੀ ਸੀ, ਪਰ ਫਿਰ ਵੀ ਉਸਨੇ ਪੱਠਿਆਂ ਨੂੰ ਦੇਖ ਕੇ ਗੇੜੇ 'ਤੇ ਗੇੜਾ ਬੰਨ੍ਹ ਲਿਆ।ਬਲਜੀਤ ਨੇ ਬਿੰਦ ਝੱਟ ਅਰਾਮ ਕੀਤਾ। ਫ਼ਿਰ ਉਸਨੇ ਟਾਂਡ ਤੋਂ ਕਾੜ੍ਹਨੀ ਲਾਹ ਲਈ। ਉਸਨੇ ਧੋ ਕੇ ਇੱਟਾਂ ਦੇ ਅਧੂਰੇ ਚੱਠੇ 'ਤੇ ਮੂਧੀ ਮਾਰ ਦਿੱਤੀ। ਉਸਨੂੰ ਕਾੜ੍ਹਨੀ ਧੋਂਦੀ ਦੇਖ ਕੇ ਭੋਲੇ ਦੇ ਦਿਲ ਨੂੰ ਡੋਬ ਜਿਹਾ ਪੈ ਗਿਆ। ਉਹ ਬੀਰੇ ਦੀ ਗੱਲ ਉਸਨੂੰ ਦੱਸਣ ਹੀ ਵਾਲ਼ਾ ਸੀ, ਪਰ ਕਾੜ੍ਹਨੀ ਨੇ ਉਸਦਾ ਅੰਦਰ ਕਾੜ੍ਹ ਕੇ ਰੱਖ ਦਿੱਤਾ।

ਉਹ ਸਾਰਾ ਦਿਨ ਮੰਜੇ ਵਿੱਚ ਪਿਆ ਰਿਹਾ। ਬਲਜੀਤ ਕੰਮ ਧੰਦਿਆਂ ਵਿੱਚ ਰੁਲ਼ੀ ਰਹੀ। ਦਿਨ ਢਲ਼ ਚੱਲਿਆ ਸੀ। ਉਹ ਚਾਹ ਦਾ ਗਲਾਸ ਲੈ ਕੇ ਭੋਲੇ ਦੇ ਮੰਜੇ 'ਤੇ ਆ ਬੈਠੀ। ਭੋਲਾ ਅਣਮੰਨੇ ਮਨ ਨਾਲ਼ ਉੱਠਿਆ। ਚਾਹ ਦੀ ਘੁੱਟ ਭਰਦਾ ਬੋਲਿਆ, "ਬੀਰਾ ਆਇਆ ਤੀ... ਪੈਂਤੀ ਚਾਲ਼ੀ ਕਹਿੰਦਾ ਤੀ ਮੈਂਹ ਦੇ।"

ਬਲਜੀਤ ਸੁਣ ਕੇ ਇੱਕਦਮ ਭਮੱਤਰ ਗਈ।ਉਹ ਚਾਹ ਦਾ ਅੱਧ-ਪੀਤਾ ਗਲਾਸ ਆਪਣੇ ਪੈਰਾਂ ਵਿੱਚ ਰੱਖਦੀ ਹੋਈ ਬੋਲੀ "ਕੀ ਗੱਲ, ਬਣਿਆਂ ਨੀ ਕੁਛ ਪੈਸਿਆਂ ਦਾ?

"ਕੀ ਬਣਨਾ, ਕੋਠਾ ਕਿਤੇ ਮੈਨੂੰ ਨਾ ਲੈ ਬੈਠੇ  ਬੀਤ !... ਸੱਚੀਂ ਦਿਲ ਕਰਦਾ ਕੁਛ ਖਾ ਕੇ ਮਰਜ਼ਾਂ, ਇਹੋ ਜਿਹੀ ਖਲ਼ਜਗਣ ਨਾਲ਼ੋਂ।" ਬਲਜੀਤ ਕੁਛ ਨਾ ਬੋਲੀ। ਉਸਨੂੰ ਸੁਣ ਕੇ ਧੱਕਾ ਜਿਹਾ ਲੱਗਿਆ। ਉਹ ਤੁਰੀ ਫ਼ਿਰਦੀ ਪਰਗਟ ਬਾਰੇ ਸੋਚਦੀ ਰਹੀ "ਉਸਦਾ ਦੁੱਧ ਦਾ ਚਾਅ ਤਾਂ, ਮਰ ਹੀ ਜਾਣਾ, ਕਿਸ਼ਤਾਂ ਵੀ, ਮਰ ਹੀ ਜਾਣੀਆਂ, ਭੋਲਾ ਵੀ ਤਾਂ।"

ਉਸਦਾ ਸੋਚਦੀ ਦਾ ਤ੍ਰਾਹ ਨਿੱਕਲ਼ ਗਿਆ। ਉਸਨੇ ਭੋਲੇ ਨੂੰ ਦੇਖਦੀ ਹੋਈ ਨੇ ਧੁੱਪੇ ਧਰੀ ਕਾੜ੍ਹਨੀ ਚੁੱਕ ਕੇ, ਥੱਲੇ ਖੜ੍ਹੀ ਨੇ ਹੀ ਟਾਂਡ 'ਤੇ ਵਗਾਹ ਮਾਰੀ। ਕਾੜ੍ਹਨੀ ਦੇ ਟੁੱਟਣ ਦਾ ਪਟਾਕਾ ਭੋਲੇ ਦੇ ਕੰਨਾਂ ਵਿੱਚ ਜਾ ਵੱਜਿਆ।

ਭੋਲਾ ਇਕ ਦਮ ਖੜ੍ਹਾ ਹੋ ਗਿਆ। ਉਹ ਬਲਜੀਤ ਵੱਲ ਦੇਖਣ ਲੱਗਿਆ। ਬਲਜੀਤ ਨੇ ਅੱਖਾਂ ਭਰਦੀ ਨੇ ਹਾਂ ਵਿੱਚ ਸਿਰ ਹਿਲਾ ਦਿੱਤਾ। ਉਹ ਪੈਰ 'ਚ ਠਿੱਬੀ ਜਿਹੀ ਜੁੱਤੀ ਫਸਾਉਂਦਾ ਬੀਰੇ ਦੇ ਘਰ ਵੱਲ ਨੂੰ ਚਲਿਆ ਗਿਆ। ਉਹ ਸੋਚਦਾ ਜਾ ਰਿਹਾ ਸੀ "ਇਸ ਪੀੜ੍ਹੀ ਵਿੱਚ, ਬੰਦਾ ਵੀ ਰਹੂ ਤੇ ਕੋਠਾ ਵੀ, ਜ਼ਿੰਦਗੀ ਆ ਤਾਂ ਕੋਠਾ, ਨਹੀਂ ਤਾਂ ਬੰਦਿਆਂ ਬਿਨਾ ਕੋਠੇ ਵੀ ਮੜ੍ਹੀਆਂ ਮਸਾਣਾਂ ਹੀ ਨੇ।

ਬਲਜੀਤ ਵਿਹੜੇ ਵਿੱਚ ਖੜ੍ਹੀ ਕੋਠੇ ਦੀ ਛੱਤ ਨੂੰ ਉਤਾਂਹ ਜਾਂਦੀ ਦੇਖ ਰਹੀ ਸੀ ਤੇ ਮੱਝ ਨੂੰ ਦਰਵਾਜਿਓਂ ਬਾਹਰ। ਉਹ ਬੁੱਲ੍ਹਾਂ ਨੂੰ ਘੁੱਟ ਕੇ ਅੱਖਾਂ ਦੇ ਸਮੁੰਦਰ ਨੂੰ ਡੱਕਦੀ ਹੋਈ, ਨੀਵੇਂ ਦਰਵਾਜ਼ੇ ਥਾਣੀਂ ਝੁਕ ਕੇ, ਕਮਰੇ ਅੰਦਰ ਚਲੀ ਗਈ। ਭਾਵੇਂ ਸੂਰਜ ਦੀ ਟਿੱਕੀ ਹੁਣ ਧਰਤੀ ਵਿੱਚ ਧਸ ਗਈ ਸੀ। ਪਰ ਦੀਵੇ ਤੇ ਆਸ ਦੀ ਬੱਤੀ ਨੇ, ਫ਼ੇਰ ਵੀ ਘਰ ਨੂੰ ਤੇ ਉਨ੍ਹਾਂ ਦੇ ਮਨ ਨੂੰ ਚਾਨਣ ਨਾਲ਼ ਭਰ ਦਿੱਤਾ ਸੀ।

ਕਹਾਣੀ

# ਬਿੱਛੂ ਬੂਟੀ

**-ਕੁਲਵਿੰਦਰ ਕੌਸ਼ਲ**

ਮੈਨੂੰ ਅਹਿਸਾਸ ਹੋਇਆ ਜਿਵੇਂ ਕਿਸੇ ਦਾ ਹੱਥ ਮੇਰੇ ਸਰੀਰ ਉੱਪਰ ਹਲਕਾ-ਹਲਕਾ ਫਿਰ ਰਿਹਾ ਹੋਵੇ।ਮੈਂ ਅੱਖਾਂ ਬੰਦ ਕਰਕੇ ਹੀ ਪਈ ਰਹੀ, ਅੱਜ ਜ਼ਰੂਰ ਇਸ ਨੂੰ ਫੜ੍ਹ ਲੈਣਾ, ਮੈਂ ਸੋਚਿਆ। ਕਿੰਨੀ ਵਾਰ ਹੋ ਗਿਆ,ਜਦੋਂ ਨੂੰ ਮੈਂ ਉੱਠਣ ਲਗਦੀ ਹਾਂ ਪਤਾ ਨਹੀਂ ਕਿੱਧਰ ਗਾਇਬ ਹੋ ਜਾਂਦਾ। ਘਰ ਦਾ ਕੋਈ ਜੀਅ ਮੇਰੀ ਗੱਲ ਮੰਨਣ ਨੂੰ ਤਿਆਰ ਨਹੀਂ ਕਿ ਰਾਤ ਨੂੰ ਕੋਈ ਮੇਰੇ ਕਮਰੇ ਵਿੱਚ ਆਉਂਦਾ ਹੈ। ਉਹ ਆਪਣੀ ਜਗ੍ਹਾ ਠੀਕ ਨੇ ਕਮਰਾ ਅੰਦਰੋਂ ਚੰਗੀ ਤਰ੍ਹਾਂ ਬੰਦ ਹੁੰਦਾ। ਮੈਂ ਹਰ ਰੋਜ਼ ਖੁਦ ਚੈੱਕ ਕਰਦੀ ਹਾਂ ਫਿਰ ਬਾਹਰੋਂ ਕੌਣ ਆ ਸਕਦਾ? ਪਰ ਮੈਨੂੰ ਪਤਾ ਆਉਂਦਾ ਤਾਂ ਕੋਈ ਹੈਗਾ। ਸਾਰੇ ਇਹੋ ਕਹਿੰਦੇ ਨੇ ਕਿ ਮੇਰਾ ਦਿਮਾਗ ਹਿੱਲ ਗਿਆ। ਡਾਕਟਰ ਦਾ ਕਹਿਣਾ ਕਿ ਦੌਰਾ ਪੈਂਦਾ ਹੈ, ਬਾਬੇ ਦਾ ਕਹਿਣਾ ਹੈ ਕਿ ਓਪਰੀ ਕਸਰ ਹੈ, ਸਾਰੇ ਰਲ ਕੇ ਮੈਨੂੰ ਪਾਗਲ ਬਣਾਉਣ 'ਤੇ ਲੱਗੇ ਹਨ ...ਅੱਜ ਮੈਂ ਇਸ ਨੂੰ ਫੜ੍ਹ ਕੇ ਸਾਰਿਆਂ ਨੂੰ ਝੂਠੇ ਪਾ ਦੇਣਾ। ਮੈਂ ਮੂੰਹ ਵਿੱਚ ਬੁੜਬੁੜਾਈ।

ਹਲਕੀਆਂ ਜਿਹੀਆਂ ਅੱਖਾਂ ਖੋਲ੍ਹ ਕੇ ਦੇਖਿਆ ਤਾਂ ਇੱਕ ਧੁੰਦਲਾ ਜਿਹਾ ਪਰਛਾਵਾਂ ਬੈੱਡ ਦੇ ਕੋਲ ਬੈਠਾ ਜਾਪਿਆ।ਹੱਥ ਮੈਨੂੰ ਬੇਚੈਨ ਕਰਨ ਲੱਗਾ, ਸੱਚ ਕਹਾਂ ਤਾਂ ਮਨ 'ਚ ਆਇਆ ਕਿ ਛੱਡ ਪਰਾਂ ਇਸ ਫੜ੍ਹਨ ਫੜਾਈ ਦੇ ਚੱਕਰ ਨੂੰ ਬਸ ਇਹ ਹੱਥ ਇਸ ਤਰ੍ਹਾਂ ਹੀ ਫਿਰਦਾ ਰਹੇ ਪਰ ਫਿਰਦਾ ਹੋਇਆ ਹੱਥ ਕੁੱਝ ਸਮੇਂ ਬਾਅਦ ਮੇਰੇ ਗਲੇ ਨੂੰ ਆ ਪੈਣਾ।

ਨਹੀਂ-ਨਹੀਂ ਖੁਦ ਨੂੰ ਸੰਭਾਲਦੀ ਹੋਈ ਮੈਂ ਇੱਕ ਝਟਕੇ ਨਾਲ ਬੈੱਡ ਦੇ ਨਾਲ ਲੱਗੀ ਬੱਲਬ ਦੀ ਸਵਿੱਚ ਨੂੰ ਦਬਾ ਦਿੱਤੀ ਤੇ ਇਕਦਮ ਸਾਰਾ ਕਮਰਾ ਤੇਜ਼ ਰੌਸ਼ਨੀ ਨਾਲ ਭਰ ਗਿਆ।ਮੇਰੀਆਂ ਅੱਖਾਂ ਮੂਹਰੇ ਕੁੱਝ ਪਲਾਂ ਲਈ ਹਨੇਰਾ ਛਾ ਗਿਆ ਤੇ ਇਹਨਾਂ ਪਲਾਂ ਵਿੱਚ ਹੀ ਉਹ ਫਿਰ ਗਾਇਬ ਹੋ ਗਿਆ।

ਖਾਲੀ ਕਮਰਾ ਭਾਂਅ ਭਾਂਅ ਕਰ ਰਿਹਾ ਸੀ। ਉੱਠ ਕੇ ਦੇਖਦੀ ਹਾਂ ਦਰਵਾਜ਼ੇ ਦੀ ਕੁੰਡੀ ਆਪਣੀ ਜਗ੍ਹਾ ਲੱਗੀ ਹੋਈ। ਖਿੜਕੀਆਂ ਵੀ ਬੰਦ ਹਨ, ਬੈੱਡਾਂ ਹੇਠਾਂ ਵੀ ਕੋਈ ਨਹੀਂ ਹੋਣਾ, ਮੇਰੇ ਅੰਦਰ ਡਰ ਦੀ ਲਹਿਰ ਜਿਹੀ ਫਿਰ ਗਈ ਤੇ ਮੈਂ ਚੀਖ ਮਾਰ ਕੇ ਉੱਥੇ ਹੀ ਡਿਗ ਪਈ।

ਇਸਦੇ ਨਾਲ ਹੀ ਮੇਰੀ ਅੱਖ ਖੁੱਲ ਗਈ, ਮੈਂ ਪਸੀਨੋ-ਪਸੀਨਾ ਹੋਈ ਪਈ ਸੀ ਤੇ ਪੱਪੂ ਮੇਰੇ ਉੱਪਰ ਲੱਤ ਧਰੀ ਆਰਾਮ ਨਾਲ ਸੁੱਤਾ ਪਿਆ। ਸਭ ਕੁੱਝ ਠੀਕ ਤਾਂ ਸੀ, ਕੀ ਸੱਚਮੁੱਚ ਸਭ ਠੀਕ ਹੈ? ਮੈਂ ਖੁਦ ਨੂੰ ਪੁੱਛਿਆ। ਜਦੋਂ ਦੀ ਮੇਰੀ ਸੱਸ ਨੇ ਮੇਰੇ ਕੋਲ ਆ ਕੇ ਉਹ ਗੱਲ ਕੀਤੀ ਹੈ। ਮੈਨੂੰ ਕੁੱਝ ਵੀ ਠੀਕ ਨਹੀਂ ਲੱਗ ਰਿਹਾ।ਚੰਗੀ ਭਲੀ ਮੈਂ ਠੀਕ-ਠਾਕ ਸੀ ਪਰ ਚੰਦਰੀ ਸੱਸ... ਮੇਰੀ ਸੋਚ ਪਹਿਲਾਂ ਵਰਗੀ ਕਿਉਂ ਹੁੰਦੀ ਜਾਂਦੀ ਹੈ ਮੇਰੀ ਸੱਸ ਨੂੰ ਤਾਂ ਮੈਂ ਮਾਂ ਜੀ ਮਾਂ ਕਹਿੰਦੀ ਨਹੀਂ ਥੱਕਦੀ ਫਿਰ ਪਹਿਲਾਂ ਵਾਲੀ ਬੋਲੀ ਕਿਉਂ? ਮੇਰੇ ਅੰਦਰ ਯੁੱਧ ਚੱਲ ਰਿਹਾ ਹੈ।ਮੈਂ ਫਿਰ ਬਿਮਾਰ ਨਹੀਂ ਹੋਣਾ ਚਾਹੇ ਕੁਝ ਵੀ ਹੋ ਜਾਵੇ ਬਸ ਹੁਣ ਨਹੀਂ...।

ਮੈਂ ਰਵਿੰਦਰ ਕੌਰ ਮਾਂ ਬਾਪ ਦੀ ਇੱਕੋ-ਇਕ ਇੱਛਾ ਦੇ ਨਤੀਜੇ ਕਾਰਣ ਉਪਰੋਥਲੀ ਹੋਈਆਂ ਚਾਰ ਕੁੜੀਆਂ ਵਿੱਚੋਂ ਪਲੇਠੀ ਧੀ ਸੀ ਪਰ ਉਹਨਾਂ ਦੇ ਚਾਵਾਂ ਨੂੰ ਫਿਰ ਵੀ ਬੂਰ ਨਾ

ਪਿਆ, ਹਾਂ ਕੋਠੇ ਜਿੱਡੀਆਂ ਹੁੰਦੀਆਂ ਚਾਰ ਧੀਆਂ ਨੂੰ ਦੇਖ-ਦੇਖ ਪਾਪਾ ਜ਼ਰੂਰ ਮੰਜੇ 'ਤੇ ਪੈ ਗਏ।ਅਜਿਹਾ ਪਏ ਕਿ ਰੱਬ ਨੂੰ ਪਿਆਰੇ ਹੋ ਗਏ, ਮਰਨ ਵੇਲੇ ਵੀ ਉਹਨਾਂ ਅੰਦਰ ਅਧੂਰੀ ਖਾਹਿਸ਼ ਦੀ ਪੀੜਾ ਸਾਫ ਝਲਕਦੀ ਸੀ ਕਿ ਉਹਨਾਂ ਮਗਰੋਂ ਉਹਨਾਂ ਦਾ ਨਾਮ ਜਿਉਂਦਾ ਰੱਖਣ ਲਈ ਉਹ ਕੋਈ ਵੀ ਘਰਦਾ ਚਿਰਾਗ ਪੈਦਾ ਨਹੀਂ ਕਰ ਸਕੇ। ਜਿਸਦਾ ਗੁੱਸਾ ਉਹਨਾਂ ਸਾਰੀ ਉਮਰ ਮਾਂ ਨੂੰ ਕੁੱਟ ਕੇ ਤੇ ਗਾਲ੍ਹਾਂ ਰਾਹੀਂ ਕੱਢਿਆ।

'ਤੇਰਾ ਜਨਮ ਮੇਰੇ ਵਿਆਹ ਤੋਂ ਪੰਜ ਸਾਲ ਬਾਅਦ ਹੋਇਆ'। ਮਾਂ ਅਕਸਰ ਦੱਸਦੀ ਕਿ ਉਹਨਾਂ ਕਿੱਥੇ-ਕਿੱਥੇ ਨਹੀਂ ਹੱਥ ਜੋੜੇ, ਮੱਥੇ ਰਗੜੇ। ਮਨ 'ਚ ਇਹੋ ਸੀ ਕਿ ਰੱਬ ਇੱਕ ਜੀਅ ਦਾ ਮੂੰਹ ਦਿਖਾ ਦੇਵੇ। ਮੇਰੇ ਜਨਮ ਉੱਪਰ ਉਹਨਾਂ ਦੇ ਚਾਅ ਨਹੀਂ ਚੱਕੇ ਗਏ ਫਿਰ ਮੈਥੋਂ ਛੋਟੀ ਹੋਈ।ਉਸਤੋਂ ਬਾਅਦ ਤਾਂ ਪਾਪਾ ਮੁੰਡਾ-ਮੁੰਡਾ ਦੀ ਰਟ ਲਗਾਉਣ ਲੱਗੇ ਪਰ ਇਸ ਚੱਕਰ ਵਿੱਚ ਦੋ ਹੋਰ ਆ ਗਈਆਂ।

ਪਾਪਾ ਨਿੱਤ ਸ਼ਰਾਬ ਪੀ ਕੇ ਆਉਂਦੇ ਸਾਡੇ ਨਾਲ ਰੁੱਖਾ-ਰੁੱਖਾ ਵਰਤਾਓ ਕਰਦੇ।ਅਸੀਂ ਡਰਦੀਆਂ ਮਾਰੀਆਂ ਘਰਦੇ ਇੱਕ ਕੋਨੇ ਵਿੱਚ ਦੜੀਆਂ ਬੈਠੀਆਂ ਰਹਿੰਦੀਆਂ ਜਿਵੇਂ ਘਰ ਵਿੱਚ ਹੋਈਏ ਈ ਨਾ। ਇੱਕ ਵਾਰ ਛੋਟੀ ਪਤਾ ਨਹੀ ਕਿਹੜੀ ਗੱਲੋਂ ਉੱਚੀ ਦੇਣੀ ਹੱਸ ਪਈ ਕਿ ਤਾੜ ਦੇਣੇ ਪਾਪਾ ਨੇ ਦੋ ਤਿੰਨ ਥੱਪੜ ਉਸਦੀ ਗੱਲ੍ਹ ਉੱਪਰ ਜੜ ਦਿੱਤੇ ਅਤੇ ਮਾਂ ਨੂੰ ਉਹ ਬੇਲਗਾਮ ਘੋੜੇ ਦੀ ਤਰ੍ਹਾਂ ਗਾਲਾਂ ਦੇਣ ਲੱਗੇ "ਸਮਝਾ ਕਿ ਰੱਖਿਆ ਕਰ ਇਹਨਾਂ ਨੂੰ ਕਿਵੇਂ ਖਿੜ-ਖਿੜ ਕਰਕੇ ਹੱਸਦੀਆਂ ਨੇ ।

"ਨਾ ਹੁਣ ਘਰ ਵਿੱਚ ਹੱਸਣ ਵੀ ਨਾ ਇਹ ।ਮਾਂ ਨੇ ਪਹਿਲੀ ਵਾਰ ਸਾਡੇ ਲਈ ਆਵਾਜ਼ ਉਠਾਈ ਸੀ।

"ਨਹੀਂ। ਸਾਹ ਵੀ ਨਾ ਕੱਢਣ ਜਦੋਂ ਚੰਦ ਚਾੜ੍ਹਿਆ ਕੋਈ ਫਿਰ ਪਤਾ ਲੱਗੂ।"

ਮਾਂ ਕੁੱਝ ਬੋਲਣ ਲੱਗੀ ਪਰ ਉਦੋਂ ਨੂੰ ਪਾਪਾ ਦਾ ਇੱਕ ਥੱਪੜ ਉਸਦੇ ਮੂੰਹ 'ਤੇ ਵੀ ਆ ਪਿਆ ਤੇ ਸਾਡੇ ਲਈ ਲੜ੍ਹਨ ਵਾਲਾ ਸੈਨਾਪਤੀ ਆਪਣੀ ਪਹਿਲੀ ਹੀ ਲੜਾਈ ਵਿੱਚ ਰੋਂਦਿਆਂ ਸਮਰਪਣ ਕਰ ਗਿਆ।

ਉਸ ਦਿਨ ਤੋਂ ਬਾਅਦ ਅਸੀਂ ਕਦੇ ਹੱਸ ਕਿ ਨਹੀਂ ਦੇਖਿਆ ਤੇ ਪਾਪਾ ਦੇ ਨੇੜੇ ਜਾ ਕੇ ਤਾਂ ਸਾਹ ਵੀ ਨਾ ਲੈਂਦੇ।

"ਮਾਂ ਪਾਪਾ ਸਾਨੂੰ ਐਨੀ ਨਫਰਤ ਕਿਉਂ ਕਰਦੇ ਨੇ?" ਮੈਂ ਅਕਸਰ ਪੁੱਛਦੀ।

"ਨਾ ਧੀਏ ਨਫਰਤ ਨਹੀਂ ਕਰਦਾ, ਉਹਦਾ ਸੁਭਾਓ ਈ ਇਹੋ ਜਿਹਾ।ਤੁਸੀਂ ਪੜ੍ਹਾਈ ਵੱਲ ਧਿਆਨ ਦਿਆ ਕਰੋ ।

ਮਾਂ ਇਸ ਗੱਲ ਵੱਲ ਬਹੁਤਾ ਸਾਨੂੰ ਨਾ ਆਉਣ ਦਿੰਦੀ ਬਸ ਸਾਨੂੰ ਪੜ੍ਹਨ ਲਈ ਹੀ ਜ਼ੋਰ ਦਿੰਦੀ ਰਹਿੰਦੀ।

"ਪੁੱਤ ਪੜ੍ਹਾਈ ਹੀ ਸਾਰੇ ਦੁੱਖਾਂ ਦੀ ਦਾਰੂ ਆ, ਤੁਸੀਂ ਪੜ੍ਹ ਲਿਖਜੋ ਇਸ ਨਰਕ ਵਿੱਚੋਂ ਛੁਟਕਾਰਾ ਮਿਲੇ ਉਸਦੀ ਇਹੋ ਸਮਝੌਤੀ ਹੁੰਦੀ ਸਾਨੂੰ ਸਾਰੀਆਂ ਨੂੰ।

ਅਸੀਂ ਭੈਣਾਂ ਵੀ ਪੜ੍ਹਨ ਵਿੱਚ ਬਹੁਤ ਹੁਸ਼ਿਆਰ ਸੀ। ਆਪਣੀਆਂ-2 ਜਮਾਤਾਂ 'ਚੋਂ ਸਭ ਤੋਂ ਮੂਹਰੇ ਤੇ ਅਕਸਰ ਵੱਡੇ ਹੋ ਕੇ ਕੀ-ਕੀ ਬਣਾਂਗੀਆਂ ਦੀ ਲੜਾਈ ਸਾਡੀ ਚੱਲਦੀ ਰਹਿੰਦੀ।

"ਮੈਂ ਤਾਂ ਵੱਡੀ ਹੋ ਕੇ ਸ਼ੀਲਾ ਭੈਣਜੀ ਬਣੂ।"

"ਮੈਂ ਵੀ।"

"ਨਾ ਭਾਈ ਮੈਥੋਂ ਨ੍ਹੀ ਜੁਆਕਾਂ ਨਾਲ ਮੱਥਾ ਵੱਜਣਾ, ਮੈਂ ਤਾਂ ਡਾਕਟਰਨੀ ਬਣੂ ।

"ਮੈਂ ਪੁਲਸ।" ਸਾਰਿਆਂ ਨਾਲੋਂ ਛੋਟੀ ਆਪਣੇ ਪਿਸਤੌਲ ਖਿਡਾਉਣੇ ਨੂੰ ਚੱਕ ਕੇ ਕਹਿੰਦੀ ਤੇ ਉਸਦੀ ਇਸ ਹਰਕਤ ਉੱਪਰ ਅਸੀਂ ਸਾਰੇ ਖੁੱਲ੍ਹ ਕੇ ਹੱਸਦੇ। ਮਾਂ ਸਾਡੀਆਂ ਗੱਲਾਂ ਸੁਣਦੀ-ਸੁਣਦੀ ਪਤਾ ਨਹੀਂ ਕਿਹੜੇ ਸੁਪਨਿਆਂ ਵਿੱਚ ਖੋਈ ਰਹਿੰਦੀ ਤੇ ਮਿੰਨਾ-ਮਿੰਨਾ ਮੁਸਕਰਾਉਂਦੀ ਰਹਿੰਦੀ। ਉਹਦੀ ਇਹ ਮੁਸਕਾਨ ਜਿਉਂ-ਜਿਉਂ ਪਾਪਾ ਦਾ ਘਰ ਆਉਣ ਦਾ ਵੇਲਾ ਨੇੜੇ ਆਈ ਜਾਂਦਾ ਗਾਇਬ ਹੁੰਦੀ ਜਾਂਦੀ ਤੇ ਅਸੀਂ ਵੀ ਘਰ ਵਿੱਚ ਸੁਸਰੀ ਵਾਂਗ ਖੱਲੀਂ-ਖੂੰਜੇ ਲੱਗ ਜਾਂਦੀਆਂ।

ਪਾਪਾ ਨੂੰ ਦੇਖ ਮੇਰੇ ਅੰਦਰ ਨਫਰਤ ਭਰ ਜਾਂਦੀ। ਮੈਂ ਹਰ ਰੋਜ਼ ਸੋਚਦੀ ਅੱਜ ਇਹ ਵਾਪਸ ਨਾ ਆਉਣ, ਰਾਹ ਵਿੱਚ ਐਕਸੀਡੈਂਟ ਹੋ ਜਾਵੇ ਪਰ ਉਹ ਤਾਂ ਮਰਦੇ ਹੋਏ ਵੀ ਮੇਰਾ ਜਿਉਣਾ ਦੁਭਰ ਕਰ ਗਏ। ਮੰਜੇ 'ਤੇ ਪਏ ਦੀ ਸਾਂਭ ਸੰਭਾਲ ਮੈਨੂੰ ਹੀ ਕਰਨੀ ਪੈਂਦੀ। ਮੈਂ ਹਰ ਰੋਜ਼ ਵਾਹਿਗੁਰੂ ਮੂਹਰੇ ਅਰਦਾਸ ਕਰਦੀ ਕਿ ਇਹਨੂੰ ਚੱਕ ਲੈ। ਪਾਪਾ ਦੀ ਮੌਤ ਬਾਰੇ ਹੀ ਸੋਚਦੀ ਰਹਿੰਦੀ। ਪਾਪਾ ਤੋਂ ਬਾਅਦ ਕਿਵੇਂ ਰਹਾਂਗੇ ਕੀ ਖਾਵਾਂਗੇ ਬਾਰੇ ਧਿਆਨ ਨਾ ਜਾਂਦਾ। ਮੈਂ ਘਰ ਵਿੱਚ ਮੁੰਡਿਆਂ ਵਾਲੇ ਸਾਰੇ ਕੰਮ ਕਰਦੀ। ਦੁਕਾਨ ਤੋਂ ਸਮਾਨ ਲਿਆਉਣਾ, ਆਟਾ ਪਿਹਾ ਕੇ ਲਿਆਉਣਾ ਹੋਰ ਘਰਦੇ ਸਾਰੇ ਕੰਮ ਅਕਸਰ ਜੋ ਕੁੜੀਆਂ ਨੂੰ ਨਾ ਦਿੱਤੇ ਜਾਂਦੇ। ਮੈਂ ਕੰਮ ਸਾਰੇ ਕਰਦੀ ਪਰ ਪਾਪਾ ਲਈ ਪੁੱਤ ਨਾ ਬਣੀ ਤੇ ਨਾ ਹੀ ਬਣ ਸਕਦੀ ਸੀ।

ਦੋ ਕੁ ਮਹੀਨਿਆਂ ਬਾਅਦ ਵਾਹਿਗੁਰੂ ਨੇ ਸੁਣ ਤਾਂ ਲਈ ਪਰ ਉਦੋਂ ਤੱਕ ਘਰਦੇ ਸਾਰੇ ਖੂੰਜੇ ਖੋਖਲੇ ਹੋ ਗਏ।

ਪਾਪਾ ਦੇ ਜਾਣ ਬਾਅਦ ਘਰ ਦੀ ਜ਼ਿੰਮੇਵਾਰੀ ਮਾਂ ਸਿਰ ਆ ਗਈ। ਪਾਪਾ ਇੱਕ ਬੂਟ ਬਣਾਉਣ ਵਾਲੀ ਪ੍ਰਾਈਵੇਟ ਕੰਪਨੀ 'ਚ ਨੌਕਰੀ ਕਰਦੇ ਸਨ,ਮਾਂ ਨੂੰ ਵੀ ਉਸੇ ਕੰਪਨੀ ਵਾਲਿਆਂ ਨੇ ਬੂਟ ਪੈਕ ਕਰਨ 'ਤੇ ਰੱਖ ਲਿਆ। ਮਾਂ ਦੀ ਤਨਖਾਹ ਚਾਹੇ ਐਨੀ ਨਹੀਂ ਸੀ ਕਿ ਚਾਰਾਂ ਕੁੜੀਆਂ ਨੂੰ ਪੜ੍ਹਾ ਲਿਖਾ ਸਕਦੇ ਤੇ ਉਹਨਾਂ ਨੂੰ ਚੰਗੇ ਘਰੀਂ ਵਿਆਹ ਸਕਦੇ ਪਰ ਮੈਂ ਉਸਨੂੰ ਹਰ ਵੇਲੇ ਊਰੀ ਵਾਂਗ ਘੁੰਮਦੀ ਨੂੰ ਦੇਖਦੀ ਰਹਿੰਦੀ ਉਹ ਕਦੇ ਟਿਕ ਕੇ ਨਾ ਬੈਠਦੀ। ਕੰਮ ਤੋਂ ਆ ਕੇ ਉਹ ਆਂਢੀਆਂ ਗੁਆਂਢੀਆਂ ਦੇ ਨਿੱਕੇ-ਨਿੱਕੇ ਕੰਮ ਫੜੀ ਰੱਖਦੀ। ਉਸਦੀ ਇਸ ਘਾਲਣਾ ਨੇ ਸਾਨੂੰ ਪੜ੍ਹਨ ਪ੍ਰਤੀ ਹੋਰ ਗੰਭੀਰ ਕਰ ਦਿੱਤਾ ਤੇ ਜਦੋਂ ਬਾਰਹਵੀਂ ਜਮਾਤ ਵਿੱਚੋਂ ਮੈਂ ਪਹਿਲੇ ਨੰਬਰ 'ਤੇ ਆਈ ਤਾਂ ਮਾਂ ਨੇ ਗੁਰੂਘਰ ਜਾ ਕੇ ਦੇਸੀ ਘਿਓ ਦੀ ਦੇਗ ਕਰਵਾਈ। ਮੈਂ ਅੱਗੇ ਪੜ੍ਹਨ ਦੀ ਸੋਚਦੀ ਸੀ ਮੇਰਾ ਮਕਸਦ ਬੀ.ਏ. ਬੀ.ਐੱਡ ਕਰਨ ਦਾ ਸੀ ਪਰ ਮੇਰੀ ਕਿਸਮਤ ਵਿੱਚ ਕੁੱਝ ਹੋਰ ਸੀ...। ਅਚਾਨਕ ਮੇਰਾ ਵਿਆਹ ਧਰ ਦਿੱਤਾ ਜਿਵੇਂ ਕਿਸੇ ਨੇ ਮੈਨੂੰ ਚੀਰ ਕੇ ਰੱਖ ਦਿੱਤਾ ਹੋਵੇ। ਮੇਰੀ ਆਤਮਾ ਤੇ ਸਰੀਰ ਅਲੱਗ-ਅਲੱਗ ਹੋ ਗਏ ਹੋਣ। ਮਾਂ ਨਾਲ ਲੜਨਾ ਚਾਹੁੰਦੀ ਸੀ ਪਰ ਉਸਦੀ ਮਜਬੂਰੀ ਵੀ ਧੁਰ ਅੰਦਰ ਤੱਕ ਸਮਝਦੀ ਸੀ ਇਸ ਲਈ ਇੱਕ ਸਾਊ ਗਊ ਦੀ ਤਰ੍ਹਾਂ ਮਾਂ ਨੇ ਜਿਸ ਹੱਥ ਰੱਸਾ ਫੜਾਇਆ ਤੁਰ ਪਈ।

ਘਰ ਤਾਂ ਚੰਗਾ ਰੱਜਦਾ-ਪੁੱਜਦਾ ਮਿਲ ਗਿਆ ਪਰ ਘਰਵਾਲਾ...। ਮਾਂ ਤਾਂ ਕਹਿੰਦੀ ਹੈ ਕਿ ਵਿਚੋਲੇ ਨੇ ਓਹਲਾ ਰੱਖਿਆ ਹੈ ਪਰ ਨਹੀਂ ਜਾਣਦੀ ਕਿ ਮੈਂ ਵੀ ਕੰਧ ਨਾਲ ਲੱਗ ਕੇ ਉਹਨਾਂ

ਦੀਆਂ ਗੱਲਾਂ ਸੁਣ ਲਈਆਂ ਸਨ ਕਿਵੇਂ ਵਿਚੋਲੇ ਨੇ ਮਾਂ ਨੂੰ ਗੱਲਾਂ ਵਿੱਚ ਭਰਮਾ ਲਿਆ ਸੀ।

'ਦੇਖੋ ਭੈਣਜੀ ਮੰਨਿਆ ਕਿ ਮੁੰਡਾ ਥੋੜ੍ਹਾ ਸਾਧਾਰਨ ਹੈ ਪਰ ਇਹ ਵੀ ਦੇਖੋ ਐਨੀ ਜਾਇਦਾਦ ਦਾ ਕੱਲਾ ਵਾਰਿਸ ਫਿਰ ਵਿਆਹ ਤੋਂ ਬਾਅਦ ਉਸਦੀ ਮਾਲਕਿਨ ਕੌਣ ਹੋਊ?" ਨਾਲੇ ਅਗਲੇ ਥੋਡੀ ਇੱਕ ਹੋਰ ਕੁੜੀ ਦੇ ਵਿਆਹ ਦਾ ਖਰਚਾ ਚੁੱਕਣ ਨੂੰ ਤਿਆਰ ਨੇ, ਬਹੁਤੀ ਸੋਚਣ ਵਾਲੀ ਗੱਲ ਹੈ ਨੀ ਕੋਈ'। ਕਹਿੰਦੇ ਹੋਏ ਉਹ ਮਾਂ ਦੇ ਅੰਦਰ ਤੱਕ ਝਾਕਣ ਤੱਕ ਗਿਆ।ਮਾਂ ਜਕੋਤਕੀ ਵਿੱਚ ਸੀ ,ਇਸ ਤੋਂ ਪਹਿਲਾਂ ਕਿ ਮਾਂ ਕੁੱਝ ਮੂੰਹੋ ਬੋਲਦੀ ਉਸਨੇ ਫਿਰ ਗੱਲ ਸਿੱਟੀ 'ਮੈਂ ਕਹਿਣਾ ਭੋਰਾ ਵੀ ਨਾ ਸੋਚੋ ਇਹ ਵੀ ਦੇਖੋ ਤੁਹਾਡੀ ਅੱਧੀ ਕਬੀਲਦਾਰੀ ਤਾਂ ਹੁਣੇ ਨਿਬੜਦੀ ਹੈ, ਰਹਿੰਦੀਆਂ ਦੋਵੇਂ ਛੋਟੀਆਂ ਜਦੋਂ ਤੱਕ ਵਿਆਹੁਣ ਜੋਗੀਆਂ ਹੋਣੀਆਂ ਆਪਣੀ ਰਵਿੰਦਰ ਨੇ ਉਦੋਂ ਤੱਕ ਸਾਰਾ ਘਰ ਆਪਣੇ ਹੱਥ ਕਰ ਲੈਣਾ ਫਿਰ ਜਿਵੇਂ ਮਰਜੀ ਵਿਆਹੇ ਆਪਣੀਆਂ ਭੈਣਾ ਨੂੰ'।

ਵਿਚੋਲਾ ਜਦੋਂ ਘਰੋਂ ਉੱਠਿਆ ਮਾਂ ਦੀ ਹਾਂ ਹੋ ਚੁੱਕੀ ਸੀ।

ਮੇਰਾ ਵਿਆਹ ਗਿਣਵੇਂ ਰਿਸ਼ਤੇਦਾਰਾਂ ਦੀ ਹਾਜ਼ਰੀ ਵਿੱਚ ਹੋਇਆ। ਮੈਂ ਖੁਸ਼ ਸੀ ਜਾਂ ਉਦਾਸ ਮੈਨੂੰ ਸਮਝ ਨਹੀਂ ਆ ਰਹੀ ਸੀ। ਇੱਕ ਪਾਸੇ ਤਾਂ ਮਾਂ-ਭੈਣਾਂ ਤੋਂ ਜੁਦਾ ਹੋਣ ਦਾ ਦੁਖ ਸੀ ਦੂਜੇ ਪਾਸੇ ਇਸ ਨਰਕ ਭਰੇ ਜੀਵਨ ਤੋਂ ਛੁਟਕਾਰਾ ਮਿਲਣ ਦੀ ਆਸ।

ਕੀ ਪਤਾ ਸੀ ਇੱਕ ਨਰਕ ਵਿੱਚੋਂ ਨਿਕਲਣ ਦੀ ਜੋ ਆਸ ਲਾਈ ਬੈਠੀ ਸੀ,ਉਹ ਇੱਕ ਦੂਜੇ ਰੂਪ ਵਿੱਚ ਮੇਰੀ ਉਡੀਕ ਕਰ ਰਿਹਾ ਹੈ ਤੇ ਜਿਸ ਦੀ ਝਲਕ ਮੈਨੂੰ ਸੁਹਾਗਰਾਤ ਵਾਲੇ ਦਿਨ ਹੀ ਦੇਖਣ ਨੂੰ ਮਿਲ ਗਈ ਸੀ।

ਸੁਹਾਗਰਾਤ ਵਾਲੇ ਦਿਨ ਮੇਰੇ ਘਰ ਵਾਲਾ ਸਿਧਰਾ ਜਿਹਾ ਬਣਿਆ ਬੈਠਾ ਆਪਣੇ ਵਾਲਾਂ ਵਿੱਚ ਹੀ ਹੱਥ ਮਾਰੀ ਜਾਵੇ। ਮੈਂ ਤਾਂ ਆਪਣੇ ਦਿਲ ਵਿੱਚ ਮਚਲਦੇ ਅਰਮਾਨ ਲੈ ਕੇ ਸੇਜ 'ਤੇ ਬੈਠੀ ਸੀ,ਦੂਸਰੀਆਂ ਵਿਆਹੀਆਂ ਕੁੜੀਆਂ ਤੋਂ ਸੁਣੀਆਂ ਗੱਲਾਂ ਨਾਲ ਕਈ ਤਰ੍ਹਾਂ ਦੇ ਖਿਆਲ ਮਨ ਵਿੱਚ ਜਾਗੋਮੀਟੀ ਕਰ ਰਹੇ ਸਨ। ਕੁੱਝ ਕੁ ਤਾਂ ਮੈਨੂੰ ਵਿਚੋਲੇ ਦੀਆਂ ਗੱਲਾਂ ਤੋਂ ਸਮਝ ਆ ਗਈ ਸੀ ਕਿ ਇਹ ਮੋਟੀ ਮੱਤ ਦਾ ਹੈ, ਚਲੋ ਮੋਟੀ ਮੱਤ ਹੈ ਪਰ ਐਨੀ ਕੁ ਮੱਤ ਤਾਂ ਹਰ ਮਰਦ ਮਾਂ ਦੇ ਪੇਟ 'ਚੋਂ ਲੈ ਕੇ ਆਉਂਦਾ ਹੈ, ਮੰਦਬੁੱਧੀ ਹੈ ਇਸ ਦਾ ਪਤਾ ਉਸ ਰਾਤ ਲੱਗਿਆ।

ਮੈਂ ਹੌਲੀ-ਹੌਲੀ ਉਸ ਨੂੰ ਆਪਣੇ ਭਰੋਸੇ ਵਿੱਚ ਲੈ ਕੇ ਆਪਣੇ ਕੱਪੜਿਆਂ ਨਾਲ ਉਹਦੇ ਵੀ ਕੱਪੜੇ ਉਤਾਰਨ ਲੱਗੀ, ਜਦੋਂ ਦੋਵੇਂ ਕੱਪੜੇ ਉਤਾਰ ਬੈਠੇ ਤਾਂ ਇਹ ਉੱਚੀ-ਉੱਚੀ ਰੌਲਾ ਪਾਉਣ ਲੱਗਿਆ।'ਆਪਾਂ ਦੰਦੇ-ਆਪਾਂ ਦੰਦੇ' ਕਰਦੇ ਨੇ ਸਾਰਾ ਘਰ ਚੱਕਣਾ ਕਰ ਲਿਆ।

ਮੈਂ ਇਕਦਮ ਸੁੰਗੜ ਗਈ। ਘਰ ਦੀਆਂ ਬੱਤੀਆਂ ਜਗ ਪਈਆਂ ਤੇ ਮੈਂ ਕਮਰੇ ਦੀ ਚਲਦੀ ਹਲਕੀ ਬੱਤੀ ਵੀ ਬੰਦ ਕਰ ਦਿੱਤੀ। ਜਿਸ ਨਾਲ ਇਹ ਹੋਰ ਵੀ ਕੂਕਾਂ-ਚੀਕਾਂ ਮਾਰਨ ਲੱਗਿਆ। ਮੈਂ ਬਥੇਰਾ ਰੋਕਣ ਦੀ,ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ ਪਰ ਇਹ ਸੀ ਕਿ ਕਾਬੂ ਨਹੀਂ ਆ ਰਿਹਾ ਸੀ।ਮੈਂ ਜਲਦੀ ਨਾਲ ਆਪਣੇ ਕੱਪੜੇ ਪਾਏ ਤੇ ਇਹ ਉੱਚੀ-ਉੱਚੀ ਕੂਕਾਂ ਰੌਲੀ ਪਾਉਂਦਾ ਰਿਹਾ।ਜਦੋਂ ਤੱਕ ਮੈਂ ਲਾਈਟ ਨਾ ਜਲਾ ਦਿੱਤੀ ਤਾਂ ਕਿਤੇ ਜਾ ਕੇ ਇਹ ਚੁੱਪ ਕਰਿਆ। ਮੇਰੀ ਸੱਸ ਕਮਰੇ ਦਾ ਦਰਵਾਜ਼ਾ ਖੜਕਾਉਣ ਲੱਗੀ। ਮੈਂ ਜਿਵੇਂ ਤਿਵੇਂ ਇਹਦੇ ਕੱਪੜੇ ਪਾ ਕੇ ਆਪ ਚਾਦਰ ਲੈ ਕੇ ਪੈ ਗਈ, ਸਾਰੀ ਰਾਤ ਮੇਰੀ ਹਟਕੋਰੇ ਭਰਦਿਆਂ ਦੀ ਲੰਘੀ।ਮੈਨੂੰ ਸਮਝ ਨਹੀਂ ਆ ਰਿਹਾ ਸੀ ਮੇਰੇ ਨਾਲ ਇਹ ਹੋ ਕੀ ਗਿਆ?

ਦੂਸਰੇ ਦਿਨ ਘਰ ਦੇ ਹਰ ਜੀਅ ਦੀ ਅੱਖ ਮੈਨੂੰ ਐਵੇਂ ਜਾਪੀ ਜਿਵੇਂ ਮੈਨੂੰ ਨੰਗੀ ਨੂੰ ਹੀ ਦੇਖ ਰਹੀ ਹੋਵੇ। ਮੈਂ ਕੁੱਝ ਕੁ ਪਲਾਂ ਲਈ ਕਮਰੇ 'ਚੋਂ ਬਾਹਰ ਨਿਕਲੀ ਪਰ ਕਿਸੇ ਦਾ ਵੀ ਸਾਹਮਣਾ ਨਾ ਕਰ ਸਕੀ, ਭੱਜ ਕੇ ਫਿਰ ਕਮਰੇ ਵਿੱਚ ਆ ਵੜੀ।

ਮੈਂ ਕਮਰੇ ਵਿੱਚੋਂ ਘੱਟ ਹੀ ਬਾਹਰ ਨਿਕਲਦੀ। ਘਰ ਦਾ ਥੋੜ੍ਹਾ ਬਹੁਤ ਕੰਮ ਕਰਵਾਕੇ ਫਿਰ ਕਮਰੇ ਦੇ ਖੂੰਜੇ ਲੱਗ ਬੈਠ ਜਾਂਦੀ।ਸੱਸ ਸਹੁਰਾ ਮੇਰੇ ਨਾਲ ਬਹੁਤ ਪਿਆਰ ਜਤਾਉਂਦੇ ਪਰ ਮੈਨੂੰ ਉਹਨਾਂ ਦਾ ਇਸ ਤਰ੍ਹਾਂ ਲੋੜੋਂ ਵੱਧ ਤਵੱਜੋ ਦੇਣਾ ਹੋਰ ਖਿਝ ਚੜਾਉਂਦਾ ਕਿ ਦੇਖ ਕਿਵੇਂ ਆਪਣੇ ਮੰਦਬੁੱਧੀ ਪੁੱਤ ਦਾ ਘਰ ਵਸਾਉਣ ਲਈ ਫਫੜੇ ਕਰਦੇ ਨੇ। ਘੱਟੋ-ਘੱਟ ਵਿਆਹੁਣ ਤੋਂ ਪਹਿਲਾਂ ਇਹ ਤਾਂ ਦੇਖ ਲੈਂਦੇ ਕਿ ਉਹ ਕਾਸੇ ਜੋਗਾ ਹੈ ਕਿ ਨਹੀਂ। ਬਹੁਤ ਵਾਰ ਰਾਤ ਨੂੰ ਮੈਂ ਬੈਚੇਨੀ ਮਹਿਸੂਸ ਕਰਦੀ ,ਅੰਗ-ਅੰਗ ਵਿੱਚੋਂ ਭਾਫਾਂ ਨਿਕਲਦੀਆਂ। ਉੱਠਦੀ ਬੈਠਦੀ ਹਾਰ ਕੇ ਆਪਣੇ ਘਰਵਾਲੇ ਨੂੰ ਘੁੱਟ ਕੇ ਜੱਫੀ ਪਾਈ ਰੱਖਦੀ ਪਰ ਇਸ ਤੋਂ ਅੱਗੇ ਵਧਣ ਦੀ ਹਿੰਮਤ ਕਦੇ ਨਾ ਕਰਦੀ।

ਘਰੇ ਆਉਂਦਾ ਹਰ ਮਰਦ ਮੈਨੂੰ ਇਸ ਤਰ੍ਹਾਂ ਦੇਖਦਾ ਜਿਵੇਂ ਮੈਂ ਕੋਈ ਸ਼ਾਮਲਾਟ ਦੀ ਜ਼ਮੀਨ ਹੋਵਾਂ ਤੇ ਉਸਦਾ ਮੇਰੇ ਉੱਪਰ ਕਬਜ਼ਾ ਕਰਨਾ ਜੱਦੀ ਹੱਕ ਹੋਵੇ। ਹਰ ਛੋਟੇ ਵੱਡੇ ਦੀ ਮੈਂ ਭਰਜਾਈ ਬਣ ਚੁੱਕੀ ਸੀ। ਮੈਂ ਲੱਗਦੀ ਵਾਹ ਕਿਸੇ ਨਾਲ ਅੱਖ ਨਾ ਮਿਲਾਉਂਦੀ ਪਰ ਹਰ ਇੱਕ ਮਰਦ ਦੀਆਂ ਅੱਖਾਂ ਨੂੰ ਮੇਰੇ ਵੱਖ-ਵੱਖ ਅੰਗ ਵਿੰਨ੍ਹਦਿਆਂ ਨੂੰ ਮਹਿਸੂਸ ਕਰਦੀ। ਮੇਰੇ ਅੰਦਰ ਵੀ ਕੁੱਝ ਹੋਰ ਹੀ ਹੋਣ ਲੱਗਦਾ ਤੇ ਮੈਂ ਸਿੱਧਾ ਬਾਥਰੂਮ ਵਿੱਚ ਨਹਾਉਣ ਜਾ ਵੜਦੀ।ਦਿਨ ਵਿੱਚ ਕਈ-ਕਈ ਵਾਰ ਨਹਾਉਂਦੀ।

ਇਹਨਾ ਦੀ ਰਿਸ਼ਤੇਦਾਰੀ ਵਿੱਚੋਂ ਇੱਕ ਆਦਮੀ ਵਾਹਵਾ ਗੇੜੇ ਮਾਰਨ ਲੱਗਿਆ।ਮੈਂ ਜਲਦ ਹੀ ਉਸਦੀ ਅੱਖ ਅੰਦਰ ਬੈਠਾ ਬਘਿਆੜ ਪਹਿਚਾਣ ਲਿਆ।ਓਹ ਸਾਡੇ ਕਮਰੇ ਵਿੱਚ ਆ ਕੇ ਇਹਨਾਂ ਕੋਲ ਬੈਠ ਜਾਂਦਾ। ਮੈਂ ਓਨਾ ਸਮਾਂ ਕਮਰੇ ਵਿੱਚ ਨਾ ਵੜਦੀ।ਇੱਕ ਦਿਨ ਕਮਰੇ ਵਿੱਚ ਘੇਰ ਕੇ ਖੜ ਗਿਆ। ਮੈਂ ਇਕਦਮ ਸੁੰਗੜ ਕੇ ਰਹਿ ਗਈ ਡਰ ਦੀ ਇੱਕ ਲਕੀਰ ਮੇਰੀ ਸਾਰੀ ਕਮਰੋੜ ਤੋਂ ਦੀ ਫਿਰ ਗਈ

"ਭਰਜਾਈ ਕਦੇ ਸਾਡੇ ਵੱਲ ਵੀ ਝਾਤੀ ਮਾਰ ਲਿਆ ਕਰੋ ।

"ਕੀ-ਕੀ ਮਤਲਬ।" ਮੈਂ ਬੋਲਦੀ ਤਿੜਕ ਗਈ ਸੀ।

"ਮਤਲਬ ਤਾਂ ਤੁਹਾਨੂੰ..." ਕਹਿੰਦੇ ਹੋਏ ਉਸਨੇ ਮੇਰਾ ਗੁੱਟ ਫੜ ਲਿਆ।

ਮੈਂ ਜੋਰ ਦੀ ਚੀਕ ਮਾਰੀ ਤੇ ਉਹ ਘਬਰਾ ਕੇ ਬਾਹਰ ਨੂੰ ਭੱਜ ਨਿਕਲਿਆ।ਉਸਦੀ ਇਸ ਹਰਕਤ ਨਾਲ ਮੈਂ ਹੋਰ ਡਰ ਗਈ। ਉਸਦੇ ਹੱਥ ਨਾਲ ਫੜਿਆ ਮੇਰਾ ਗੁੱਟ ਫਿਰ ਵੀ ਮੈਨੂੰ ਉਸਦੀ ਜਕੜ ਵਿੱਚ ਮਹਿਸੂਸ ਹੋਈ ਜਾਵੇ। ਮੈਂ ਜਲਦੀ ਨਾਲ ਬਾਥਰੂਮ ਵਿੱਚ ਵੜੀ ਤੇ ਕੱਪੜਿਆਂ ਸਮੇਤ ਪਾਣੀ ਦੇ ਕਈ ਮੱਗ ਆਪਣੇ ਉੱਪਰ ਸੁੱਟ ਲਏ।

ਉਹ ਮੁੜ ਕੇ ਕਦੇ ਨਹੀਂ ਆਇਆ ਪਰ ਕਿਤੇ ਨਾ ਕਿਤੇ ਮੇਰੇ ਅੰਦਰ ਉਸਦੀ ਉਡੀਕ ਰਹਿਣ ਲੱਗੀ।

ਮੈਨੂੰ ਤਰ੍ਹਾਂ-ਤਰ੍ਹਾਂ ਦੇ ਸੁਪਨੇ ਆਉਂਦੇ ਜਿਹਨਾਂ ਵਿੱਚ ਕੋਈ ਮੈਨੂੰ ਛੂਹ ਰਿਹਾ ਹੈ ਪਿਆਰ ਕਰ ਰਿਹਾ ਹੈ ਪਰ ਉਸਦਾ ਚਿਹਰਾ ਹਮੇਸ਼ਾ ਅਣਜਾਣ ਬਣਿਆ ਰਹਿੰਦਾ ਤੇ ਇੱਕ ਦਿਨ ਤਾਂ ਮੈਨੂੰ ਇਸ ਤਰ੍ਹਾਂ ਲੱਗਿਆ ਜਿਵੇਂ ਕੋਈ ਮੇਰੇ ਕੋਲ ਬੈੱਡ ਉੱਪਰ ਹੀ ਬੈਠਾ ਹੈ। ਮੈਂ ਇਕਦਮ ਅੱਖਾਂ

ਖੋਲ੍ਹੀਆਂ ਪਰ ਉੱਥੇ ਕੋਈ ਨਹੀਂ ਸੀ। ਭੁਲੇਖਾ ਹੈ ਸੋਚ ਕੇ ਮੈਂ ਪਾਸਾ ਲੈ ਕੇ ਪੈ ਗਈ ਫਿਰ ਤਾਂ ਅਕਸਰ ਇਸ ਤਰ੍ਹਾਂ ਦੇ ਭੁਲੇਖੇ ਪੈਣ ਲੱਗੇ ਤੇ ਇਕ ਦਿਨ ਤਾਂ ਐਵੇਂ ਲੱਗਿਆ ਜਿਵੇਂ ਕਿਸੇ ਦਾ ਹੱਥ ਮੇਰੇ ਜਿਸਮ ਉੱਤੇ ਰੇਂਗ ਰਿਹਾ ਹੋਵੇ। ਮੇਰੀਆਂ ਡਰਦੇ ਮਾਰੇ ਚੀਕਾਂ ਨਿਕਲ ਗਈਆਂ। ਪਲ ਵਿੱਚ ਘਰਦੀਆਂ ਸਾਰੀਆਂ ਲਾਈਟਾਂ ਜਗ ਉੱਠੀਆਂ। ਦਰਵਾਜ਼ਾ ਖੁੱਲ੍ਹਾ ਸੀ ਮੇਰੀ ਸੱਸ ਪਹਿਲਾਂ ਅੰਦਰ ਆਈ ਤੇ ਫਿਰ ਉਸਨੇ ਮੇਰੇ ਸਹੁਰੇ ਨੂੰ ਅੰਦਰ ਬੁਲਾਇਆ।

"ਕੋਈ ਹੈਗਾ ਕਮਰੇ 'ਚ।" ਮੈਂ ਉੱਚੀ-ਉੱਚੀ ਰੋਂਦੀ ਬੋਲਣ ਲੱਗੀ।

"ਨਾ ਪੁੱਤ ਕੋਈ ਨਹੀਂ, ਕਮਰੇ 'ਚ ਕੌਣ ਹੋਣਾ ਤੈਨੂੰ ਭਰਮ ਹੋਇਆ।" ਮੇਰੀ ਸੱਸ ਨੇ ਮੈਨੂੰ ਬੁੱਕਲ ਵਿੱਚ ਲੈਂਦਿਆਂ ਕਿਹਾ।

ਸਹੁਰਾ ਬੈੱਡ ਹੇਠ ਦੇਖਣ ਲੱਗਾ। ਕਮਰੇ ਦੇ ਅਟੈਚ ਬਾਥਰੂਮ ਵਿੱਚ ਵੀ ਜਾ ਆਇਆ ਪਰ ਕੋਈ ਵੀ ਨਹੀਂ ਸੀ ਉਹ ਮੇਰੇ ਕੋਲ ਕਾਫੀ ਸਮਾਂ ਬੈਠੇ ਰਹੇ ਫਿਰ ਅਕਸਰ ਇਸ ਤਰ੍ਹਾਂ ਹੋਣ ਲੱਗਾ।

ਘਰਦੇ ਆਉਣੋਂ ਵੀ ਹਟ ਗਏ। ਮੈਂ ਜਿੰਨੀਆਂ ਮਰਜ਼ੀ ਚੀਕਾਂ ਮਾਰਦੀ, ਬੇਹੋਸ਼ ਪਈ ਰਹਿੰਦੀ ਕਿਸੇ ਨੂੰ ਕੋਈ ਪ੍ਰਵਾਹ ਹੀ ਨਹੀਂ। ਪ੍ਰਵਾਹ ਹੋਵੇ ਵੀ ਕਿਉਂ ਮੈਂ ਇਹਨਾਂ ਦੀਆਂ ਸਾਰੀਆਂ ਚਾਲਾਂ ਪੁੱਠੀਆਂ ਪਾ ਦਿੱਤੀਆਂ ਨੇ, ਉਸ ਵੇਲੇ ਤਾਂ ਮੈਂ ਇਹੋ ਸੋਚਦੀ ਸੀ। ਮੈਨੂੰ ਲੱਗਦਾ ਜੋ ਇਹ ਮੈਨੂੰ ਜਾਣਬੁੱਝ ਕੇ ਕਮਲੀ ਬਣਾਉਣ ਨੂੰ ਫਿਰਦੇ ਸੀ ਮੈਂ ਸਾਰੇ ਝਾੜ ਕੇ ਰੱਖ ਦਿੱਤੇ ਨੇ। ਮੇਰਾ ਇਹ ਸਹੁਰਾ ਜੋ ਮੇਰੇ ਨਾਲ ਬਹੁਤਾ ਤਿਉ ਜਿਹਾ ਜਤਾਉਂਦਾ ਰਹਿੰਦਾ ਸੀ ਇਸ ਦੇ ਸਾਰੇ ਚਲਿੱਤਰ ਮੈਂ ਸਮਝ ਗਈ ਹੋਵਾਂ ਕਿ ਐਨਾ ਲੋੜੋਂ ਵੱਧ ਮੋਹ ਕਿਉਂ ਜਤਾਉਂਦਾ ਹੈ।ਤਰ੍ਹਾਂ-ਤਰ੍ਹਾਂ ਦੇ ਕੱਪੜੇ,ਗਹਿਣੇ ਮੈਨੂੰ ਰਿਝਾਉਣ ਲਈ ਕਿਉਂ ਲੈ ਕੇ ਆਉਂਦਾ। ਮੈਨੂੰ ਲੱਗਦਾ ਰਾਤ ਨੂੰ ਮੇਰੇ ਕਮਰੇ 'ਚ ਇਹੋ ਆਉਂਦਾ ਪਰ ਆਉਂਦਾ ਕਿੱਥੋਂ ਦੀ ਹੈ? ਮੈਨੂੰ ਇਹ ਨਹੀਂ ਪਤਾ ਚੱਲਦਾ ਸੀ ਬਥੇਰੀਆਂ ਮੈਂ ਕੰਧਾਂ-ਫਰਸ਼ ਠਕੋਰ ਕੇ ਦੇਖਦੀ ਪਰ ਕਿਤੇ ਵੀ ਗੁਪਤ ਦਰਵਾਜ਼ਾ ਨਾ ਲੱਭਦਾ।

ਜਦੋਂ ਡਾਕਟਰੀ ਇਲਾਜ ਕੰਮ ਨਾ ਆਏ ਤਾਂ ਇਹਨਾਂ ਨੇ ਓਪਰੀ ਕਸਰ ਦਾ ਰਾਮਬਾਣ ਕੱਢ ਲਿਆ ਤੇ ਲੱਗੇ ਮੇਰੇ 'ਤੇ ਬਾਬਿਆਂ ਤੋਂ ਤਸ਼ੱਦਦ ਢਹਾਉਣ।

ਮੈਂ ਵੀ ਮਨ 'ਚ ਨਿਸਚਾ ਕਰ ਲਿਆ ਕਿ ਕੁੱਝ ਹੋਈ ਜਾਵੇ।ਮੈਂ ਉਹ ਨਹੀਂ ਹੋਣ ਦੇਣਾ ਜੋ ਇਹ ਚਾਹੁੰਦੇ ਨੇ। ਮੈਂ ਸਾਰੀ-ਸਾਰੀ ਰਾਤ ਜਾਗਦੀ ਰਹਿੰਦੀ ਜੇਕਰ ਮੇਰੀ ਭੋਰਾ ਅੱਖ ਵੀ ਲੱਗਦੀ ਤਾਂ ਸੁਪਨੇ ਵਿੱਚ ਮੇਰਾ ਸਹੁਰਾ ਮੈਨੂੰ ਚੂੰਢਦਾ ਦਿਸਦਾ ਫਿਰ ਮੇਰੀ ਚੀਕ ਨਾਲ ਅੱਖ ਖੁੱਲ ਜਾਂਦੀ ਕਈ ਵਾਰ ਮੇਰੇ ਘਰ ਵਾਲਾ ਵੀ ਮੇਰੇ ਨਾਲ ਜਾਗਣ ਦੀ ਕੋਸ਼ਿਸ ਕਰਦਾ ਪਰ ਰਾਤ ਨੂੰ ਦਿੱਤੀਆਂ ਜਾਂਦੀਆਂ ਨੀਂਦ ਦੀਆਂ ਗੋਲੀਆਂ ਕਾਰਣ ਇਹਦਾ ਵੱਸ ਨਾ ਚੱਲਦਾ ਵਿਚਾਰਾ ਸੌਂ ਜਾਂਦਾ।ਮੈਨੂੰ ਇਹਦੇ 'ਤੇ ਤਰਸ ਆਉਂਦਾ ਸੱਚ ਕਹਾਂ ਪਹਿਲਾਂ ਜੋ ਮੈਨੂੰ ਇਸ ਨਾਲ ਨਫਰਤ ਸੀ ਉਹ ਤਰਸ ਵਿੱਚ ਬਦਲਣ ਲੱਗੀ ਕਿ ਇਸ ਵਿੱਚ ਇਸ ਵਿਚਾਰੇ ਦਾ ਕੀ ਦੋਸ਼।ਇਹਨੂੰ ਤਾਂ ਵਿਆਹ,ਪਰਿਵਾਰ ਇਸਤਰੀ ਮਰਦ ਸਬੰਧਾ ਦਾ ਭੋਰਾ ਵੀ ਪਤਾ ਨਹੀਂ ਹੋਣਾ...।

ਮਾਂ ਮਿਲਣ ਆਈ।ਨੌਕਰੀ ਅਤੇ ਘਰ ਵਿੱਚ ਜੁਆਨ ਧੀਆਂ ਨੂੰ ਛੱਡ ਕੇ ਆਉਣਾ ਕਿਹੜਾ ਉਸ ਲਈ ਸੌਖਾ ਸੀ ਪਰ ਮੇਰੀ ਤਕਲੀਫ ਨੇ ਧੁਰ ਤੱਕ ਉਸਨੂੰ ਧੁਣ ਦਿੱਤਾ ਸੀ।ਉਰੀ ਵਾਂਗ ਘੁੰਮਦੀ ਮਾਂ ਖੁਦ ਉਰੀ ਬਣ ਗਈ ਸੀ ਜਿਵੇਂ ਇਕਦਮ ਬੁੜੀ ਹੋ ਗਈ ਹੋਵੇ ਐਨਾ ਤਾਂ ਪਾਪਾ ਨੇ ਵੀ ਉਸਨੂੰ ਨਹੀਂ ਝੰਬਿਆ ਸੀ।ਮੈਨੂੰ ਸਚਮੁਚ ਝਟਕਾ ਲੱਗਿਆ, ਮੇਰੀ ਹਾਲਤ ਦੂਸਰੀਆਂ

ਭੈਣਾਂ ਦੇ ਵਿਆਹਾਂ ਲਈ ਅੜਚਨ ਬਣੀ ਹੋਈ ਸੀ।

ਮੇਰੇ ਸਹੁਰਿਆਂ ਸਾਹਮਣੇ ਇਸ ਤਰ੍ਹਾਂ ਬੇਚਾਰੀ ਬਣੀ ਬੈਠੀ ਸੀ ਜਿਵੇਂ ਕੋਈ ਅਪਰਾਧਣ ਹੋਵੇ।ਉਸ ਰਾਤ ਮਾਂ ਮੇਰੇ ਕੋਲ ਹੀ ਰਹੀ।ਮੇਰੇ ਨਾਲ ਨਿੱਕੀਆਂ-ਨਿੱਕੀਆਂ ਗੱਲਾਂ ਕਰਦੀ ਰਹੀ।ਮੈਥੋਂ ਛੋਟੀ ਬੀ.ਏ. ਕਰਨ ਲੱਗ ਗਈ ਸੀ ਮਾਂ ਨੇ ਦੱਸਿਆ।

"ਪੁੱਤ ਹਰ ਦੁੱਖ ਦਾ ਇਲਾਜ ਉਸ ਦੁੱਖ ਦੇ ਕੋਲ ਹੀ ਹੁੰਦਾ ਹੈ।" ਮਾਂ ਨੇ ਮੈਨੂੰ ਸਮਝਾਉਂਦਿਆਂ ਕਿਹਾ।

"ਜਿਵੇਂ ਬਿੱਛੂ ਬੂਟੀ ਦੇ ਕੰਡੇ ਦਾ ਇਲਾਜ ਉਸਦੀਆਂ ਜੜ੍ਹਾਂ ਨੇੜੇ ਹੀ ਹੁੰਦਾ ਹੈ, ਹਨਾਂ ਮਾਂ।" ਪਤਾ ਨਹੀਂ ਕਿੱਧਰੋਂ ਇੱਕ ਸਕਾਊਟ ਕੈਂਪ ਵਿੱਚ ਅਧਿਆਪਕ ਦੀ ਕਹੀ ਗੱਲ ਮੇਰੇ ਚੇਤੇ ਆ ਗਈ ਸੀ।

"ਹਾਂ, ਤੂੰ ਸੰਭਾਲ ਆਪਣੇ ਆਪ ਨੂੰ, ਆਪਣੇ ਵੱਲ ਦੇਖ...ਆਪਣੀਆਂ ਭੈਣਾਂ ਵੱਲ ਦੇਖ।" ਕਹਿੰਦੇ ਹੋਏ ਮਾਂ ਰੋ ਪਈ।

ਮੇਰੇ ਮਨ ਵਿੱਚ ਵੀ ਪਤਾ ਨਹੀਂ ਕੀ ਆਈ ਮੈਂ ਮਾਂ ਦੀ ਬੁੱਕਲ ਵਿੱਚ ਵੜ ਉੱਚੀ-ਉੱਚੀ ਰੋਣ ਲੱਗੀ।

ਮਾਂ ਅਗਲੇ ਦਿਨ ਚਲੀ ਗਈ। ਮੈਂ ਉਸ ਨੂੰ ਜਾਂਦੀ ਦੇਖਦੀ ਰਹੀ। ਸਾਰਾ ਦਿਨ ਸ਼ਾਂਤ ਤੇ ਉਦਾਸ ਰਹੀ। ਮੇਰਾ ਘਰਵਾਲਾ ਮੇਰੇ ਆਲੇ ਦੁਆਲੇ ਹੀ ਫਿਰਦਾ ਰਿਹਾ ਬਿਲਕੁੱਲ ਚੁੱਪ-ਚਾਪ ਜਿਵੇਂ ਮੇਰੇ ਅੰਦਰ ਦੀ ਹਾਲਤ ਸਮਝ ਰਿਹਾ ਹੋਵੇ ਪਤਾ ਨਹੀਂ ਇੱਕ ਦਿਨ 'ਚ ਉਸ ਨੂੰ ਸੋਝੀ ਆ ਗਈ ਸੀ ਜਾਂ ਮੈਂ ਹੀ ਉਸ ਵੱਲ ਉਸੇ ਦਿਨ ਧਿਆਨ ਦਿੱਤਾ ਸੀ।

ਮੈਂ ਉਦੋਂ ਹੀ ਮਨ 'ਚ ਧਾਰ ਲਿਆ ਕਿ ਆਪਣੀ ਸਾਰੀ ਜਿੰਦਗੀ ਇਸ ਵਿਚਾਰੇ ਦੀ ਦੇਖਭਾਲ ਵਿੱਚ ਹੀ ਲਗਾਵਾਂਗੀ ਸ਼ਾਇਦ ਪ੍ਰਮਾਤਮਾ ਨੂੰ ਇਹੋ ਮਨਜ਼ੂਰ ਹੋਵੇ। ਇਹਨਾਂ ਦਾ ਨਾਂ ਪੱਪੂ ਹੈ, ਮੈਂ ਪੱਪੂ ਨੂੰ ਖਾਣਾ ਖਵਾਉਂਦੀ ਉਸ ਨਾਲ ਛੋਟੀਆਂ-ਛੋਟੀਆਂ ਖੇਡਾਂ ਖੇਡਦੀ। ਪਹਿਲਾਂ-ਪਹਿਲ ਇਹ ਅਕਾਊ ਲੱਗਿਆ ਪਰ ਹੌਲੀ-ਹੌਲੀ ਆਦਤ ਜਿਹੀ ਪੈ ਗਈ। ਮੈਂ ਆਪਣੀ ਇਸ ਜ਼ਿੰਦਗੀ ਨੂੰ ਆਪਣੀ ਹੋਣੀ ਮੰਨ ਬੈਠੀ। ਜੋ ਸਮਾਂ ਮੈਨੂੰ ਪਹਿਲਾਂ ਪਹਾੜ ਜਿੱਡਾ ਲੱਗਦਾ ਹੁੰਦਾ ਸੀ ਹੁਣ ਖਿਸਕਣ ਲੱਗਾ ਸੀ ਪੱਪੂ ਦੇ ਕਾਰ ਵਿਹਾਰ 'ਚ ਦਿਨ ਚੜ੍ਹਦੇ ਲਹਿੰਦੇ ਦਾ ਪਤਾ ਨਹੀਂ ਚੱਲਦਾ ਸੀ। ਮੈਂ ਉਸਦੇ ਹਿਸਾਬ ਨਾਲ ਹੀ ਉਸ ਨਾਲ ਨਿੱਕੀਆਂ-ਨਿੱਕੀਆਂ ਗੱਲਾਂ ਕਰਦੀ।ਉਸਦੇ ਪਸੰਦ ਦੀਆਂ ਖੇਡਾਂ ਖੇਡਦੀ। ਉਹ ਜ਼ਿੱਦ ਕਰਦਾ ਤਾਂ ਉਸਦਾ ਧਿਆਨ ਹੋਰ ਪਾਸੇ ਲਾਉਣ ਲਈ ਕਿੰਨਾ ਕੁੱਝ ਝੂਠੀ-ਮੂਠੀ ਕਰਦੀ। ਮੈਨੂੰ ਲੱਗਦਾ ਜਿਵੇਂ ਮੈਂ ਆਪਣਾ ਬੱਚਾ ਪਾਲ ਰਹੀ ਹਾਂ।

ਪੱਪੂ ਨਾਲ ਮੈਂ ਵੀ ਠੀਕ ਹੋ ਰਹੀ ਰਹੀ ਸੀ। ਸਵੇਰੇ ਸ਼ਾਮ ਮੈਂ ਬਾਣੀ ਦਾ ਪਾਠ ਕਰਦੀ, ਮਨ ਟਿਕਾਣੇ ਸਿਰ ਆਉਣ ਲੱਗਾ।ਡਰ ਨਿਕਲਣ ਲੱਗਿਆ ਅਤੇ ਮੇਰੇ ਅੰਦਰ ਇੱਕ ਹੌਸਲਾ ਜਿਹਾ ਪੈਦਾ ਹੋਣ ਲੱਗਾ। ਪੱਪੂ ਦਾ ਵਿਵਹਾਰ ਵੀ ਮੇਰੇ ਪ੍ਰਤੀ ਜੋ ਪਹਿਲਾਂ ਅਜਨਬੀਅਤ ਵਾਲਾ ਹੁੰਦਾ ਸੀ ਹੁਣ ਪਹਿਚਾਣ ਪ੍ਰਾਪਤ ਕਰਨ ਲੱਗਾ ਸੀ। ਉਹ ਮੇਰੀ ਗੱਲ ਧਿਆਨ ਨਾਲ ਸੁਣਦਾ। ਮੈਥੋਂ ਹੀ ਰੋਟੀ ਖਾਂਦਾ ਕੱਪੜੇ ਪਵਾਉਂਦਾ।

ਸਾਰਾ ਕੁੱਝ ਠੀਕ ਚੱਲ ਪਿਆ ਸੀ, ਘਰ ਵਿੱਚ ਮੇਰੀ ਜ਼ਿੰਦਗੀ 'ਚ ਖੁਸ਼ੀ ਨੇ ਦਸਤਕ ਦੇਣੀ ਸ਼ੁਰੂ ਕਰ ਦਿੱਤੀ ਸੀ।ਮਾਂ ਵੱਲੋਂ ਵੀ ਸੁੱਖ ਦੇ ਬੁਲ੍ਹੇ ਆਉਣ ਲੱਗੇ। ਮੈਥੋਂ ਛੋਟੀ ਬੀ.ਐੱਡ. ਕਰਨ

ਲੱਗ ਪਈ ਸੀ।

ਮੇਰੇ ਸਹੁਰਿਆਂ ਨੇ ਆਪਣੀ ਜ਼ਬਾਨ ਪੁਗਾਈ ਅਤੇ ਮੇਰੀ ਛੋਟੀ ਭੈਣ ਦਾ ਰਿਸ਼ਤਾ ਇੱਕ ਚੰਗੇ ਘਰ ਕਰਵਾ ਦਿੱਤਾ। ਮਾਂ ਨੂੰ ਵੀ ਰਾਹਤ ਮਿਲੀ ਅਤੇ ਦੂਸਰੀਆਂ ਦੋ ਲਈ ਵੀ ਆਸ ਬੱਝੀ। ਡਾਕਟਰ ਦੀਆਂ ਦਵਾਈਆਂ ਅਤੇ ਸਲਾਹਾਂ ਨਾਲ ਮੈਂ ਠੀਕ ਹੋਣ ਲੱਗੀ। ਪੱਪੂ ਵੀ ਬਦਲ ਰਿਹਾ ਸੀ, ਮੇਰੇ ਵੱਲੋਂ ਸਾਰਾ ਦਿਨ ਦਿੱਤੇ ਜਾਂਦੇ ਧਿਆਨ ਅਤੇ ਅਪਣਤ ਦੇ ਰਵੱਈਏ ਕਾਰਣ ਉਸ ਵਿੱਚ ਵੀ ਸੁਧਾਰ ਹੋ ਰਿਹਾ ਸੀ।

ਇੱਕ ਰਾਤ ਅਚਾਨਕ ਪੱਪੂ ਨੇ ਸੁੱਤੇ ਪਏ ਨੇ ਮੈਨੂੰ ਜੱਫੀ ਪਾ ਲਈ। ਮੇਰੀ ਅੱਖ ਖੁੱਲ ਗਈ ਪਰ ਉਹ ਜੱਫੀ ਪਾਈ ਘੂਕ ਸੁੱਤਾ ਪਿਆ ਸੀ। ਮੇਰੇ ਅੰਦਰ ਸੇਕ ਉੱਠਣ ਲੱਗਾ ਜਿਵੇਂ ਸਾਰਾ ਸਰੀਰ ਮੱਚ ਰਿਹਾ ਹੋਵੇ। ਪਿਛਲੇ ਕੁੱਝ ਸਮੇਂ ਤੋਂ ਮੈਂ ਸੋਚ ਰਹੀ ਸੀ ਕਿ ਸ਼ਇਦ ਮੈਂ ਇਹਨਾਂ ਭਾਵਨਾਵਾਂ ਉੱਪਰ ਕਾਬੂ ਪਾ ਲਿਆ ਹੋਵੇ ਪਰ ਉਸ ਦਿਨ ਅਚਾਨਕ...ਮੈਂ ਵੀ ਪੱਪੂ ਨੂੰ ਘੁੱਟ ਕੇ ਜੱਫੀ ਪਾ ਲਈ ਤੇ ਮੇਰੇ ਹੱਥ ਆਪ-ਮੁਹਾਰੇ ਪੱਪੂ ਦੇ ਜਿਸਮ ਉੱਤੇ ਫਿਰਨ ਲੱਗੇ।

ਉਸ ਰਾਤ ਅਜਿਹਾ ਕੁੱਝ ਨਾ ਹੋਇਆ ਕਿ ਪੱਪੂ ਨੇ ਰੌਲਾ ਪਾਇਆ ਹੋਵੇ ਜਾਂ ਉਹ ਡਰ ਗਿਆ ਹੋਵੇ ਪਰ ਹੋਰ ਬਹੁਤ ਕੁੱਝ ਹੋ ਗਿਆ। ਮੈਂ ਹੌਲੀ ਫੁੱਲ ਹੋ ਗਈ ਸੀ ਸਰੀਰ ਟੁੱਟ ਕੇ ਰਹਿ ਗਿਆ ਸੀ। ਫਿਰ ਤਾਂ ਅਸੀ ਦੂਸਰੇ ਤੀਸਰੇ ਦਿਨ ਇਹ ਖੇਡ ਖੇਡਣ ਲੱਗੇ। ਪੱਪੂ ਨੂੰ ਵੀ ਇਹ ਖੇਡ ਖੇਡਣੀ ਚੰਗੀ ਲੱਗਣ ਲੱਗੀ। ਉਸਨੂੰ ਲੱਗਦਾ ਹੋਣਾ ਕਿ ਮੇਰੇ ਵੱਲੋਂ ਉਸਨਾਲ ਖੇਡੀਆਂ ਜਾਣ ਵਾਲੀਆਂ ਕਿੰਨੀਆਂ ਖੇਡਾਂ ਵਿੱਚੋਂ ਇਹ ਵੀ ਇੱਕ ਖੇਡ ਹੀ ਹੈ।

ਇਹ ਖੇਡ ਚੱਲਦੀ ਰਹੀ ਤੇ ਅਚਾਨਕ ਮੈਨੂੰ ਇੱਕ ਦਿਨ ਅਹਿਸਾਸ ਹੋਇਆ ਕਿ ਮੇਰੇ ਪੇਟ ਅੰਦਰ ਕੋਈ ਜੀਅ ਪਲ ਰਿਹਾ। ਮੈਨੂੰ ਜੋ ਖੁਸ਼ੀ ਦਾ ਅਹਿਸਾਸ ਹੋਇਆ ਮੈਂ ਬਿਆਨ ਨਹੀਂ ਕਰ ਸਕਦੀ। ਮੇਰੀ ਸੱਸ ਨੂੰ ਪਤਾ ਚੱਲਿਆ ਤਾਂ ਉਹ ਆਪ ਖੁਸ਼ੀ ਨਾਲ ਫੁੱਲੀ ਨਾ ਸਮਾਵੇ ।ਉਹਨੇ ਮੈਨੂੰ ਘਰ ਦੇ ਕੰਮਕਾਰ ਕਰਨ ਉੱਪਰ ਰੋਕ ਲਗਾ ਦਿੱਤੀ। ਘਰ ਵਿੱਚ ਤਰ੍ਹਾਂ-ਤਰ੍ਹਾਂ ਦੇ ਫਲ-ਫਰੂਟ ਆਉਣ ਲੱਗੇ। ਡਾਕਟਰ ਦੀਦੀ ਵੱਲੋਂ ਮਿਲੀ ਹਰੀ ਝੰਡੀ ਨੇ ਤਾਂ ਸਾਨੂੰ ਸਾਰਿਆਂ ਨੂੰ ਸੱਤਵੇਂ ਆਸਮਾਨ ਵਿੱਚ ਪਹੁੰਚਾ ਦਿੱਤਾ।

ਸਾਰਾ ਪਰਿਵਾਰ ਮੇਰੀ ਓਹੜ ਪੋਹੜ ਵਿੱਚ ਲੱਗਿਆ ਰਹਿੰਦਾ। ਮੈਨੂੰ ਕੋਈ ਕੰਮ ਨਾ ਕਰਨ ਦਿੱਤਾ ਜਾਂਦਾ ਬੈੱਡ ਤੋਂ ਉਤਰਣ ਤੱਕ ਦੀ ਮਨਾਹੀ ਸੀ। ਮੇਰੀ ਨਿੱਕੀ-ਨਿੱਕੀ ਗੱਲ ਧਿਆਨ ਰੱਖਿਆ ਜਾਣ ਲੱਗਾ।

ਆਖਿਰ ਮੇਰੀ ਕੁੱਖੋਂ ਏਕਨੂਰ ਮੇਰੀ ਧੀ ਨੇ ਜਨਮ ਲਿਆ। ਸਾਡੇ ਸਾਰਿਆਂ ਦੇ ਚਾਅ ਨਹੀਂ ਚੱਕੇ ਗਏ।

ਏਕਨੂਰ ਤੋਂ ਬਾਅਦ ਜਨਮ ਲਿਆ ਏਕਮਜੋਤ ਨੇ। ਮੈਂ ਆਪਣਾ ਸਾਰਾ ਜੀਵਨ ਆਪਣੀਆਂ ਧੀਆਂ ਅਤੇ ਪੱਪੂ ਲਈ ਸਮਰਪਿਤ ਕਰ ਦਿੱਤਾ। ਮੇਰੀਆਂ ਦੋਵਾਂ ਧੀਆਂ ਨੂੰ ਪੜ੍ਹਾ ਲਿਖਾ ਕੇ ਕਾਬਲ ਬਣਾਉਣ ਬਾਰੇ ਸੋਚਦੀ ਰਹਿੰਦੀ। ਨਿੱਕੇ-ਨਿੱਕੇ ਸੁਪਨੇ ਮੈਂ ਉਹਨਾਂ ਬਾਬਤ ਪਾਲੇ ਹੋਏ ਸਨ। ਸੋਚਦੀ ਸੀ ਕਿ ਇਹਨਾਂ ਦੇ ਰਾਹੀਂ ਹੀ ਆਪਣਾ ਬਚਪਨ ਤੇ ਜਵਾਨੀ ਮਾਣਾਂਗੀ। ਜਿਸ ਲਈ ਇਹ ਜ਼ਰੂਰੀ ਸੀ ਕਿ ਅਸੀਂ ਹੋਰ ਬੱਚਾ ਨਾ ਕਰੀਏ। ਮੈਂ ਇਸ ਗੱਲ ਦਾ ਧਿਆਨ ਰੱਖਣ ਲੱਗੀ। ਜ਼ਿੰਦਗੀ ਸੋਹਣੀ ਗੁਜ਼ਰ ਰਹੀ ਸੀ। ਮੈਂ ਵਾਹਿਗੁਰੂ ਦਾ ਸ਼ੁਕਰਾਨਾ ਕਰਦੀ। ਧੀਆਂ ਵੱਡੀਆਂ

ਹੋ ਰਹੀਆਂ ਸਨ,ਮੈਂ ਉਹਨਾਂ ਵਿੱਚ ਰੁੱਝੀ ਰਹਿੰਦੀ।ਏਕਨੂਰ ਤਾਂ ਸਕੂਲ ਵੀ ਜਾਣ ਲੱਗ ਪਈ ਸੀ। ਮੈਂ ਉਸਨੂੰ ਪੁੱਛਣਾ, "ਮੇਰੀ ਧੀ ਵੱਡੀ ਹੋ ਕੇ ਕੀ ਬਣੂ? ਉਸਨੂੰ ਹਾਲੇ ਕੀ ਸਮਝ ਸੀ ਵੱਡੇ ਹੋ ਕੇ ਕੁੱਝ ਬਣਨ ਦੀ ਪਰ ਸਕੂਲ ਵਿੱਚ ਮੈਮ ਮੈਮ ਕਰਦੀ ਰਹਿਣ ਕਰਕੇ ਅਕਸਰ ਕਹਿੰਦੀ "ਮੈਮ" ਮੈਂ ਉਹਨੂੰ ਘੁੱਟ ਕੇ ਗਲ ਨਾਲ ਲਾ ਲੈਂਦੀ ਤੇ ਮੇਰੀਆਂ ਅੱਖਾਂ ਦੇ ਕੋਇਆਂ ਵਿੱਚ ਪਾਣੀ ਸਿੰਮ ਆਉਂਦਾ ਤੇ ਪੱਪੂ ਆਪਣੀ ਦੁਨੀਆਂ ਵਿੱਚ ਮਸਤ ਸੀ ਪਰ ਪਹਿਲਾਂ ਨਾਲੋਂ ਬਹੁਤ ਕੁੱਝ ਸਮਝਣ-ਸਮਝਾਉਣ ਲੱਗ ਗਿਆ ਸੀ।ਸਭ ਕੁੱਝ ਵਧੀਆ ਲੰਘ ਰਿਹਾ ਸੀ ਕਿ...

ਮੇਰੀ ਸੱਸ ਮੇਰੇ ਕਮਰੇ 'ਚ ਆਈ।

"ਦੇਖ ਧੀਏ ਪੱਪੂ ਬਹੁਤ ਛੋਟਾ ਜਿਹਾ ਸੀ ਜਦੋਂ ਇਕ ਐਕਸੀਡੈਂਟ ਵਿੱਚ ਤੇਰੇ ਪਾਪਾ ਜੀ ਅਤੇ ਪੱਪੂ ਬੁਰੀ ਤਰ੍ਹਾਂ ਜਖਮੀ ਹੋ ਗਏ ਸਨ। ਮੇਰੇ ਕੋਲ ਬੈਠਦੀ ਉਹ ਬੋਲਣ ਲੱਗੀ।

ਮੈਂ ਹੈਰਾਨ ਸੀ ਕਿ ਅੱਜ ਇਹਨਾ ਨੂੰ ਕੀ ਹੋ ਗਿਆ ਹੈ ਜੋ ਪਿਛਲਾ ਇਤਿਹਾਸ ਫਰੋਲਣ ਲੱਗ ਪਏ ਨੇ। ਮੈਂ ਤਾਂ ਕਦੇ ਪੁੱਛਿਆ ਹੀ ਨਹੀਂ।ਚਲੋ ਸੁਣਦੀ ਹਾਂ ਸੋਚ ਕੇ ਮੈਂ ਫਿਰ ਉਹਦੇ ਵੱਲ ਧਿਆਨ ਕਰ ਲਿਆ।

"ਉਸ ਐਕਸੀਡੈਂਟ ਵਿੱਚ ਇਹ ਦੋਵੇਂ ਮਸਾਂ ਬਚੇ ਪਰ...।" ਕਹਿੰਦੀ ਹੋਈ ਉਹ ਫਿਰ ਰੋਣ ਲੱਗੀ।

ਮੈਨੂੰ ਉਸ ਉੱਪਰ ਤਰਸ ਆਇਆ ਤੇ ਮੈਂ ਉਸਦਾ ਹੱਥ ਫੜ੍ਹ ਲਿਆ।

"ਪਰ ਪੱਪੂ ਦੇ ਸਿਰ ਵਿੱਚ ਸੱਟ ਵੱਜੀ ਤੇ ਇਹ ਵੱਡਾ ਤਾਂ ਹੋ ਗਿਆ ਪਰ ਇਸ ਦੇ ਦਿਮਾਗ ਨੇ ਵਿਕਾਸ ਨਾ ਕੀਤਾ, ਬੱਚਿਆਂ ਵਰਗਾ ਹੀ ਰਿਹਾ। ਪੱਪੂ ਦੇ ਪਾਪਾ ਸਦਾ ਲਈ ਹੋਰ ਬੱਚੇ ਦੇ ਪਿਤਾ ਬਣਨੋਂ ਰਹਿ ਗਏ। ਦੇਖ ਧੀਏ ਸਾਨੂੰ ਵੀ ਇਹ ਹੈ ਕਿ ਘਰ ਦਾ ਕੋਈ ਚਿਰਾਗ ਪੈਦਾ ਹੋਵੇ ਤੇਰੇ ਪਾਪਾ ਜੀ ਤਾਂ ਦਿਨ ਰਾਤ ਇਹੋ ਚਿੰਤਾਂ ਵਿੱਚ ਘੁਲਦੇ ਰਹਿੰਦੇ ਸੀ। ਏਕਨੂਰ ਹੋਈ ਤਾਂ ਸਾਨੂੰ ਉਮੀਦ ਹੋਈ ਪਰ ਉਪਰੋਥਲੀ ਹੋਈਆਂ ਧੀਆਂ ਕਰਕੇ ਅਸੀਂ ਹੁਣ ਚਾਹੁੰਦੇ ਹਾਂ ਕਿ ਟੈਸਟ ....।"

ਮੇਰੀ ਸੱਸ ਬੋਲਦੀ ਜਾ ਰਹੀ ਸੀ ਮੈਨੂੰ ਸੁਣਨੋਂ ਹਟ ਗਿਆ ਸੀ ਤੇ ਮੇਰੇ ਪਾਪਾ ਦੀਆਂ ਅੱਖਾਂ ਦਿਖਾਈ ਦੇਣ ਲੱਗੀਆਂ ਜੋ ਮੇਰੀ ਮਾਂ ਨਾਲ ਗਿਲਾ ਕਰ ਰਹੀਆਂ ਸਨ ਕਿ ਉਹ ਘਰ ਦਾ ਚਿਰਾਗ ਨਾ ਦੇ ਸਕੀ। ਮੇਰੇ ਸਹੁਰੇ ਦੀਆਂ ਅੱਖਾਂ ਜੋ ਮੇਰੇ ਜਿਸਮ ਨੂੰ ਨਹੀਂ ਮੇਰੇ ਦਿਲ-ਦਿਮਾਗ ਨੂੰ ਚੀਰ ਰਹੀਆਂ ਸਨ। ਘਰ ਦਾ ਚਿਰਾਗ...ਚਿਰਾਗ ਮਤਲਬ ਮੁੰਡਾ ਮਤਲਬ ਫਿਰ ਓਹੀ ਸਭ ਕੁੱਝ, ਮਤਲਬ ਮੈਂ ਧੀਆਂ ਵਿੱਚ ਅਪਣਾ ਬਚਪਨ ਜਵਾਨੀ ਨਹੀਂ ਜੀਵਾਂਗੀ ਮਤਲਬ ਇਹ ਵੀ ਸਾਡੇ ਵਾਂਗ ਹੀ, ਮੇਰੀਆਂ ਉਂਗਲਾਂ ਆਕੜਣ ਲੱਗੀਆਂ ਸਿਰ ਨੂੰ ਘੁਮੇਰ ਆਉਣ ਲੱਗੀ। ਦੌਰਾ ਪੈਣ ਲੱਗਿਆ... ਨਹੀਂ ਦੌਰਾ ਨਹੀਂ ਪੈਣਾ ਚਾਹੀਦਾ। ਮੈਂ ਇਕਦਮ ਨਹੀਂਹੀਂਹੀਂ.. ਕਹਿ ਕੇ ਡਿੱਗਣ ਲੱਗੀ,

"ਬਿੱਛੂ ਬੂਟੀ ਦੇ ਕੱਟਣ ਦਾ ਇਲਾਜ ਵੀ ਉਸ ਦੇ ਨੇੜੇ ਹੀ ਹੁੰਦਾ ਹੈ..." ਜਿਵੇਂ ਮੇਰੇ ਕਹੇ ਬੋਲ ਹੀ ਮੈਨੂੰ ਕੋਈ ਯਾਦ ਕਰਵਾ ਰਿਹਾ ਹੋਵੇ ਤੇ ਮੈਨੂੰ ਮਹਿਸੂਸ ਹੋਇਆ ਜਿਵੇਂ ਮੇਰੀ ਮਾਂ ਦਾ ਹੱਥ ਮੇਰੀ ਪਿੱਠ 'ਤੇ ਆ ਗਿਆ ਹੋਵੇ।

ਮੈਨੂੰ ਪਸੀਨੋ-ਪਸੀਨਾ ਹੋਈ ਨੂੰ ਦੇਖ ਰਹੀ ਸੱਸ ਦੇ ਮੂੰਹ ਤੋਂ ਉੱਡ ਰਹੀਆਂ ਹਵਾਈਆਂ ਮੈਂ ਮਹਿਸੂਸ ਕਰ ਰਹੀ ਸੀ।

# ਪੰਜਾਬੀ ਨਾਵਲ ਵਿੱਚ ਇਤਿਹਾਸ ਚੇਤਨਾ : ਬਦਲਦੇ ਸੰਦਰਭ

-ਡਾ. ਪਰਮਜੀਤ ਕੌਰ ਸਿੱਧੂ

ਨਾਵਲ ਦੀਰਘਕਾਲੀਨ ਤੇ ਸਮਕਾਲੀਨ ਸਮੱਸਿਆਵਾਂ ਨੂੰ ਇਕੋ ਸਮੇਂ ਨਜਿੱਠਣ ਦੀ ਸਮਰੱਥਾ ਵਾਲੀ ਵਿਧਾ ਹੈ। ਇਹ ਸਮਕਾਲ ਨੂੰ ਸੰਬੋਧਿਤ ਹੁੰਦਾ ਹੈ ਅਤੇ ਦੀਰਘ ਕਾਲੀਨ ਸਮੱਸਿਆਵਾਂ ਨੂੰ ਦਰਸ਼ਨ ਦੀ ਪੱਧਰ 'ਤੇ ਨਜਿੱਠਦਾ ਹੈ। ਪੰਜਾਬੀ ਨਾਵਲ ਵਿਚ ਇਤਿਹਾਸਿਕ ਨਾਵਲਾਂ ਦੀ ਪਰੰਪਰਾ ਨਾਵਲ ਦੇ ਆਰੰਭ ਤੋਂ ਹੀ ਮੌਜੂਦ ਰਹੀ ਹੈ। ਇਤਿਹਾਸ ਨਾਲ ਜੁੜੇ ਮਸਲੇ ਜਦੋਂ ਵਰਤਮਾਨ ਵਿੱਚ ਆਪਣੀ ਹੋਂਦ ਗ੍ਰਹਿਣ ਕਰਦੇ ਹਨ ਤਾਂ ਉਹਨਾਂ ਦੀਆਂ ਅੰਤਰੀਵ ਪਰਤਾਂ ਵਿੱਚ ਵਰਤਮਾਨ ਸਮੱਸਿਆਵਾਂ ਮੌਜੂਦ ਹੁੰਦੀਆਂ ਹਨ। ਇਸਦੇ ਸਮਾਨਾਂਤਰ ਹੀ ਵਰਤਮਾਨ ਸੰਕਟਾਂ ਦੀ ਤਲਾਸ਼ ਵੀ ਭੂਤਕਾਲ ਵਿੱਚ ਕੀਤੀ ਜਾਂਦੀ ਹੈ। ਅਜਿਹਾ ਕਰਦਿਆਂ ਜੇ ਇਤਿਹਾਸ ਅੰਤਰਮੁਖਤਾ ਦਾ ਸ਼ਿਕਾਰ ਹੋ ਜਾਵੇ ਤਾਂ ਇਸਦੇ ਸਿੱਟੇ ਨਿਰਾਸ਼ਾਜਨਕ ਨਿਕਲਦੇ ਹਨ, ਪ੍ਰੰਤੂ ਜੇ ਇਤਿਹਾਸ ਪ੍ਰਤੀ ਹਾਂ-ਪੱਖੀ ਪਹੁੰਚ ਅਪਨਾਈ ਜਾਵੇ ਤਾਂ ਇਤਿਹਾਸ ਬਾਹਰਮੁਖੀ ਸਮੱਸਿਆ ਨੂੰ ਹੱਲ ਕਰਨ ਵਿੱਚ ਸਹਾਈ ਹੁੰਦਾ ਹੈ। ਪੰਜਾਬੀ ਨਾਵਲ ਪ੍ਰਮੁੱਖ ਰੂਪ ਵਿੱਚ ਬਾਹਰਮੁਖੀ ਸਥਿਤੀਆਂ ਵਿਚਲੇ ਸੰਕਟਾਂ ਦੇ ਹੱਲ ਦੀ ਤਲਾਸ਼ ਭੂਤ ਵਿੱਚੋਂ ਕਰਦਾ ਰਿਹਾ ਹੈ। ਈ. ਐਚ. ਕਾਰ ਦੀ ਇਤਿਹਾਸ ਬਾਬਤ ਦਿੱਤੀ ਪਰਿਭਾਸ਼ਾ ਵੀ ਇਤਿਹਾਸ ਦੇ ਵਰਤਮਾਨ ਤੇ ਭੂਤਕਾਲ ਵਿਚਲੇ ਸੰਬੰਧਾਂ ਨੂੰ ਸਪੱਸ਼ਟ ਕਰਦੀ ਹੈ। ਈ. ਐਚ. ਕਾਰ ਅਨੁਸਾਰ:

> ਇਤਿਹਾਸ ਵਰਤਮਾਨ ਅਤੇ ਭੂਤਕਾਲ ਦੇ ਦਰਮਿਆਨ ਇਕ ਨਾ ਖ਼ਤਮ ਹੋਣ ਵਾਲਾ ਵਰਤਾਰਾ ਹੈ।[1]

ਪੰਜਾਬੀ ਨਾਵਲ ਦਾ ਮੁੱਢ ਇਤਿਹਾਸਕ ਨਾਵਲ ਨਾਲ ਬੱਝਦਾ ਹੈ। ਪੰਜਾਬੀ ਨਾਵਲ ਉਸ ਸਮੇਂ ਹੋਂਦ ਵਿੱਚ ਆਇਆ ਜਦੋਂ ਪੰਜਾਬ ਅੰਗਰੇਜ਼ ਸਾਮਰਾਜ ਦੀ ਗ਼ੁਲਾਮੀ ਦਾ ਸ਼ਿਕਾਰ ਸੀ। ਅਜਿਹੇ ਸੰਕਟਮਈ ਸਮੇਂ ਵਿੱਚ ਸਾਡਾ ਸਾਹਿਤਕਾਰ ਮੁਕਤੀ ਦਾ ਮਾਡਲ ਇਤਿਹਾਸ ਵਿੱਚੋਂ ਤਲਾਸ਼ਦਾ ਹੈ। ਪੰਜਾਬੀ ਦੇ ਪ੍ਰਥਮ ਨਾਵਲਕਾਰ ਭਾਈ ਵੀਰ ਸਿੰਘ ਨੇ ਇਸ ਮੁਕਤੀ ਦੇ ਮਾਡਲ ਨੂੰ ਸਿੱਖ ਸੰਘਰਸ਼ ਵਿੱਚੋਂ ਤਲਾਸ਼ਿਆ। ਕਈ ਵਾਰ ਭਾਈ ਵੀਰ ਸਿੰਘ ਦੇ ਨਾਵਲਾਂ ਦੀ ਓਪਰੀ ਪਰਤ ਤੋਂ ਇਹ ਭੁਲੇਖਾ ਪੈਂਦਾ ਹੈ ਕਿ ਉਹ ਇਤਿਹਾਸ ਪ੍ਰਤੀ ਭਾਵੁਕ ਰੁਮਾਂਸਵਾਦ ਦਾ ਸ਼ਿਕਾਰ ਹੈ, ਪ੍ਰੰਤੂ ਉਸਦੇ ਨਾਵਲਾਂ ਦੀ ਤਹਿ ਵਿੱਚ ਹਰ ਪ੍ਰਕਾਰ ਦੀ ਗ਼ੁਲਾਮੀ ਤੋਂ ਮੁਕਤੀ ਮੌਜੂਦ ਸੀ। ਉਸਦੇ ਨਾਵਲਾਂ ਦਾ ਪਿਛੋਕੜ ਮੁਗਲ ਰਾਜ ਦੇ ਅੰਤਲੇ ਕਾਲ ਨਾਲ ਸੰਬੰਧਿਤ ਹੈ। ਇਹ ਉਹ ਵੇਲਾ ਸੀ ਜਦੋਂ ਸਮੁੱਚੀ ਸਿੱਖ ਕੌਮ ਇਕ ਸੁਤੰਤਰ ਇਕਾਈ ਵਜੋਂ ਸਥਾਪਿਤ ਹੋਣ ਲਈ ਸੰਘਰਸ਼ ਕਰ ਰਹੀ ਸੀ। ਇਸ ਸਮੇਂ ਹਿੰਦੁਸਤਾਨ ਦੀ ਅਵਾਮ ਉੱਤੇ ਬਾਹਰੀ ਹਕੂਮਤਾਂ ਵੱਲੋਂ ਜ਼ੁਲਮ ਢਾਹਿਆ ਜਾ ਰਿਹਾ ਸੀ। ਸਿੱਖਾਂ ਵਿੱਚ ਆਚਰਣ ਪੱਖੋਂ ਗਿਰਾਵਟ ਆ ਚੁੱਕੀ ਸੀ। ਇਸ ਵੇਲੇ ਸੁੰਦਰੀ ਵਰਗੀ ਰਚਨਾ ਦਾ ਪ੍ਰਯੋਜਨ ਕੇਵਲ ਪਾਠਕ ਵਰਗ ਦੀ ਸੁਹਜ ਤ੍ਰਿਪਤੀ ਕਰਨਾ ਨਹੀਂ ਸੀ ਤੇ ਨਾ ਹੀ ਇਤਿਹਾਸਕ ਵੇਰਵਿਆਂ ਨੂੰ ਬਿਆਨ ਕਰਨਾ ਸੀ। ਇਸ ਦਾ ਮਨੋਰਥ ਅਵੇਸਲੀ ਨੀਂਦ ਵਿਚ ਸੁੱਤੇ ਹੋਏ ਪੰਥ ਨੂੰ ਜਗਾਉਣਾ ਅਤੇ ਸਿੱਖੀ ਸਿਧਾਂਤ ਦੇ ਉੱਚੇ ਆਦਰਸ਼ਾਂ ਨੂੰ ਮੁੜ ਸੁਰਜੀਤ ਕਰਨਾ ਸੀ। ਇਸ ਦੇ ਨਾਲ ਹੀ ਭਾਈ ਵੀਰ ਸਿੰਘ ਨੇ ਸੁੰਦਰੀ ਨਾਂ ਦੀ ਔਰਤ ਨੂੰ ਨਾਇਕਾ ਵਜੋਂ ਸਥਾਪਿਤ ਕਰਕੇ ਪੁਰਾਤਨ ਸਿੰਘਣੀਆਂ ਦੇ ਸਿਦਕ ਦੀ ਗਾਥਾ ਨੂੰ ਮੁੜ ਦੁਹਰਾਇਆ ਹੈ। ਨਾਵਲ ਦੀ ਮੁੱਖ ਪਾਤਰ ਸੁੰਦਰੀ ਔਰਤ ਜਾਤ ਦੀ ਪ੍ਰਤਿਨਿਧਤਾ ਕਰਦੀ ਹੋਈ ਸਿੱਖ ਕੌਮ ਦੀ ਅਗਵਾਈ ਕਰਦੀ

ਨਜ਼ਰ ਆਉਂਦੀ ਹੈ। ਨਾਵਲ ਦੇ ਅੰਤਲੇ ਪੰਨਿਆ ’ਤੇ ਸੁੰਦਰੀ ਵੱਲੋਂ ਉਚਾਰੇ ਗਏ ਇਹ ਬੋਲ ਇਸ ਗੱਲ ਦੀ ਪ੍ਰੋੜਤਾ ਕਰਦੇ ਹਨ:

> ਸੁੰਦਰੀ-ਪਯਾਰੇ ਵੀਰੋ ! ਗੁਰੂ ਤੁਹਾਡਾ ਰਾਖਾ ਹੈ, ਤੁਹਾਨੂੰ ਕਈ ਭੀੜਾਂ ਪੈਣਗੀਆਂ, ਸੰਗ੍ਰਾਮ ਆਉਣਗੇ, ਪਰ ਤੁਸੀਂ ਸਭ ਤੋਂ ਪਾਰ ਹੋ ਕੇ ਰਾਜ ਭੋਗੋਗੇ। ਮੇਰੀ ਪ੍ਰਾਰਥਨਾ ਹੈ ਕਿ ਤੁਸੀਂ ਆਪਣੀਆਂ ਇਸਤਰੀਆਂ ਨੂੰ ਸਾਥੀ ਜਾਣਿਓ ਤੇ ਨੀਚ ਨਾ ਬਣਾਇਓ। ਜਦ ਉਹਨਾਂ ਨੂੰ ਨੀਚ ਜਾਣੋਗੇ, ਉਹਨਾਂ ਪਰ ਬੇਤਰਸ ਕਰੜਾਈ ਕਰੋਗੇ ਅਰ ਜਦ ਪਰ ਨਾਰੀਆਂ ਨੂੰ ਮੰਦੀ ਦ੍ਰਿਸ਼ਟੀ ਨਾਲ ਦੇਖੋਗੇ ਤਦ ਹੀ ਆਪਣੇ ਤੇਜ਼ ਪ੍ਰਤਾਪ ਦਾ ਗਿਰਾਉ ਜਾਣਓ।[8]

ਇਸੇ ਤਰ੍ਹਾਂ ਭਾਈ ਵੀਰ ਸਿੰਘ ਦੇ ਦੂਜੇ ਨਾਵਲ ਬਿਜੈ ਸਿੰਘ ਦਾ ਮਨੋਰਥ ਵੀ ਸਿੱਖੀ ਕਿਰਦਾਰ ਨੂੰ ਉਭਾਰਨਾ ਹੈ। ਬਿਜੈ ਸਿੰਘ ਦਾ ਸੰਬੰਧ ਇਕ ਹਿੰਦੂ ਘਰਾਣੇ ਨਾਲ ਹੁੰਦਾ ਹੈ ਪਰ ਉਸ ਦੀ ਸ਼ਾਦੀ ਇਕ ਸਹਿਜਧਾਰੀ ਇਸਤਰੀ ਨਾਲ ਹੋ ਜਾਂਦੀ ਹੈ। ਇਸ ਪਿੱਛੋਂ ਉਹ ਸਿੰਘ ਸਜ ਕੇ ਰਾਮ ਲਾਲ ਤੋਂ ਬਿਜੈ ਸਿੰਘ ਬਣ ਜਾਂਦਾ ਹੈ। ਨਾਵਲਕਾਰ ਹਿੰਦੂ ਲੋਕਾਂ ਨੂੰ ਗੁਰਬਾਣੀ ਦੇ ਅਭਿਆਸ ਰਾਹੀਂ ਗਿੱਦੜਾਂ ਤੋਂ ਸ਼ੇਰ ਬਣਦੇ ਹੋਏ ਦਿਖਾਉਂਦਾ ਹੈ। ਭਾਈ ਵੀਰ ਸਿੰਘ ਨੇ ਸੁੰਦਰੀ ਅਤੇ ਬਿਜੈ ਸਿੰਘ ਤੋਂ ਬਾਅਦ ਸਤਵੰਤ ਕੌਰ ਨਾਵਲ ਲਿਖਿਆ। ਇਹ ਉਸ ਦਾ ਪਹਿਲਾ ਕਾਲਪਨਿਕ ਨਾਵਲ ਹੈ, ਜਿੱਥੇ ਪਹਿਲੇ ਨਾਵਲ ਇਤਿਹਾਸਕ ਸਾਕਿਆਂ ਨਾਲ ਸੰਬੰਧਤ ਹਨ, ਓਥੇ ਇਹ ਨਾਵਲ ਪੂਰਨ ਤੌਰ ’ਤੇ ਮਨੋਕਲਪਿਤ ਘਟਨਾਵਾਂ ’ਤੇ ਆਧਾਰਿਤ ਹੈ। ਇਸ ਨਾਵਲ ਵਿਚ ਇਕ ਸਿੱਖ ਕੰਨਿਆ ਦੀ ਬਹਾਦਰੀ ਦੀ ਦਾਸਤਾਂ ਨੂੰ ਬਿਆਨ ਕੀਤਾ ਗਿਆ ਹੈ ਜੋ ਅਸਹਿ ਕਸ਼ਟ ਹੰਢਾਉਂਦੀ ਹੋਈ ਆਪਣੇ ਸਿੱਖੀ ਸਿਦਕ ’ਤੇ ਖ਼ਰੀ ਉਤਰਦੀ ਹੈ।

ਭਾਈ ਵੀਰ ਸਿੰਘ ਆਪਣੇ ਇਹਨਾਂ ਨਾਵਲਾਂ ਵਿਚ 18ਵੀਂ ਸਦੀ ਦੇ ਇਤਿਹਾਸਿਕ ਕਾਲ ਨੂੰ ਆਧਾਰ ਬਣਾ ਕੇ ਕਲਪਿਤ ਪਾਤਰਾਂ ਰਾਹੀਂ ਸਮਕਾਲੀ ਸਿੱਖ ਸਮਾਜ ਦੇ ਸੰਕਟ ਨੂੰ ਪੇਸ਼ ਕਰਨ ਦਾ ਯਤਨ ਕਰਦਾ ਹੈ। ਭਾਈ ਵੀਰ ਸਿੰਘ ਦਾ ਰਚਨਾ ਕਾਲ ਅਤੇ ਉਸਦੇ ਨਾਵਲਾਂ ਵਿੱਚ ਪੇਸ਼ ਸਮਾਂ-ਦੋਹਾਂ ਕਾਲ ਖੰਡਾਂ ਵਿਚ ਸਿਖਾਂ ਦੀ ਸਥਿਤੀ ਸੰਕਟਮਈ ਅਤੇ ਹਕੂਮਤ ਨਾਲ ਸੰਘਰਸ਼ ਤੇ ਟੱਕਰ ਵਾਲੀ ਹੋਣ ਕਰਕੇ ਹੋਂਦ ਦੇ ਬਚਾਓ ਲਈ ਚੁਣੌਤੀ ਵਾਲੀ ਹੈ। ਇਸ ਚੁਣੌਤੀ ਭਰਪੂਰ ਸਥਿਤੀ ਵਿੱਚ ਭਾਈ ਵੀਰ ਸਿੰਘ ਆਪਣੇ ਇਹਨਾਂ ਨਾਵਲਾਂ ਵਿਚ ਸਿੱਖ ਇਤਿਹਾਸ ਨੂੰ ਇਕ ਆਦਰਸ਼ ਵਜੋਂ ਪੇਸ਼ ਕਰਕੇ ਸਿੱਖ ਕੌਮ ਨੂੰ ਉਹਨਾਂ ਦੇ ਵਰਤਮਾਨ ਸੰਕਟ ਵਿਚੋਂ ਕੱਢਣ ਦਾ ਉਪਰਾਲਾ ਕਰਦਾ ਹੈ। ਭਾਈ ਵੀਰ ਸਿੰਘ ਦੇ ਨਾਵਲਾਂ ਦੀ ਇਤਿਹਾਸ ਚੇਤਨਾ ਦਾ ਆਧਾਰ ਗਵਾਚੀ ਸ਼ਾਨ ਦੇ ਨਾਲ-ਨਾਲ ਧਾਰਮਿਕ ਤੇ ਸੰਸਕ੍ਰਿਤਕ ਸੰਕਟ ਹੈ। ਉਹ ਵੱਖ ਵੱਖ ਧਰਮ ਦ੍ਰਿਸ਼ਟੀਆਂ ਦੀ ਟੱਕਰ ਵਿਚ ਸਿੱਖ ਇਤਿਹਾਸ ਨੂੰ ਇਕ ਪ੍ਰਤੀਮਾਨ ਵਜੋਂ ਪੇਸ਼ ਕਰਕੇ ਇਸ ਸੰਕਟ ਵਿਚ ਬਚਾਓ ਦਾ ਪੈਂਤੜਾ ਅਖਤਿਆਰ ਕਰਦਾ ਹੈ।

ਇਸ ਤਰ੍ਹਾਂ ਭਾਈ ਵੀਰ ਸਿੰਘ ਦੇ ਸਾਰੇ ਨਾਵਲ ਕਿਸੇ ਨੇ ਕਿਸੇ ਰੂਪ ਵਿਚ ਪਿਛਲੇ ਮੁਗ਼ਲ ਕਾਲ ਸਮੇਂ ਭਾਰਤੀ ਅਵਾਮ ਨੂੰ ਮੁਗਲਾਂ ਦੀ ਗੁਲਾਮੀ ਤੋਂ ਨਿਜਾਤ ਦਿਵਾਉਣ ਅਤੇ ਪੰਜਾਬੀ ਸੰਸਕ੍ਰਿਤੀ ਦੇ ਮੂਲ ਮੁੱਲਾਂ, ਜਿਸ ਵਿਚ ਅਣਖ ਤੇ ਬਹਾਦਰੀ ਦਾ ਕੇਂਦਰੀ ਸਥਾਨ ਹੈ, ਅਨੁਸਾਰ ਜੀਵਨ ਬਿਤਾਉਣ ਲਈ ਪ੍ਰੇਰਿਤ ਕਰਦੇ ਹਨ। ਇਹ ਪ੍ਰੇਰਣਾ ਭਾਈ ਵੀਰ ਸਿੰਘ ਸਿੱਖ ਇਤਿਹਾਸ ਦੇ ਇਕ ਖ਼ਾਸ ਪੜਾਅ ਵਿੱਚੋਂ ਤਲਾਸ਼ਦਾ ਹੈ। ਉਸਦੇ ਨਾਵਲਾਂ ਦਾ ਸੰਕਟ ਇਹ ਰਿਹਾ ਹੈ ਕਿ ਉਸਦੇ ਪਾਤਰਾਂ ਦਾ ਵਿਵਹਾਰ ਧਰਮ ਆਧਾਰਿਤ ਕੌਮੀਅਤ ਵਿੱਚ ਮੌਜੂਦ ਸੀ। ਇਸੇ ਇਤਿਹਾਸਕ ਪੈਂਤੜੇ

ਨੂੰ ਭਾਈ ਵੀਰ ਸਿੰਘ ਦੀ ਤਰਜ਼ 'ਤੇ ਇਸ ਦੌਰ ਦੇ ਦੂਜੇ ਇਤਿਹਾਸਕ ਨਾਵਲ ਲਿਖਣ ਵਾਲੇ ਨਾਵਲਕਾਰਾਂ ਨੇ ਵੀ ਅਪਨਾਇਆ।

ਇਤਿਹਾਸ ਪ੍ਰਤੀ ਬਦਲੀ ਹੋਈ ਚੇਤਨਾ ਦਾ ਸਰੂਪ ਨਾਨਕ ਸਿੰਘ ਤੇ ਕੇਸਰ ਸਿੰਘ ਦੇ ਨਾਵਲਾਂ ਵਿੱਚ ਉੱਭਰ ਕੇ ਸਾਹਮਣੇ ਆਉਂਦਾ ਹੈ। ਇਹਨਾਂ ਦੋਵਾਂ ਨਾਵਲਕਾਰਾਂ ਕੋਲ ਗ਼ੁਲਾਮੀ ਦੀ ਚੇਤਨਾ ਦਾ ਆਧਾਰ ਬਸਤੀਵਾਦ ਵਿੱਚ ਮੌਜੂਦ ਸੀ। ਇਸ ਕਰਕੇ ਇਹਨਾਂ ਦੋਹਾਂ ਨਾਵਲਕਾਰਾਂ ਨੇ ਆਜ਼ਾਦੀ ਦੇ ਸੰਘਰਸ਼ ਵਿਸ਼ੇਸ਼ ਤੌਰ 'ਤੇ ਗ਼ਦਰੀ ਲਹਿਰ ਨੂੰ ਆਪਣੀ ਚੇਤਨਾ ਦਾ ਆਧਾਰ ਬਣਾਇਆ। ਅਜਿਹਾ ਕਰਦੇ ਹੋਏ ਦੋਹਾਂ ਦਾ ਇਤਿਹਾਸਕ ਪੈਂਤੜਾ ਇੱਕ ਦੂਜੇ ਤੋਂ ਵੱਖਰੇ ਰੂਪ ਵਿੱਚ ਸਾਹਮਣੇ ਆਉਂਦਾ ਹੈ। ਨਾਨਕ ਸਿੰਘ ਆਪਣੇ ਨਾਵਲ ਇੱਕ ਮਿਆਨ ਦੋ ਤਲਵਾਰਾਂ ਵਿੱਚ ਕਰਤਾਰ ਸਿੰਘ ਸਰਾਭੇ ਦੇ ਜੀਵਨ ਨੂੰ ਕੇਂਦਰ ਵਿੱਚ ਰੱਖ ਕੇ ਹਿੰਸਾਤਮਕ ਪ੍ਰਵਿਰਤੀ ਦੇ ਵਿਰੋਧ ਵਿੱਚ ਪੈਂਤੜਾ ਅਪਣਾਉਂਦਾ ਹੈ। ਨਾਵਲ ਦੀ ਭੂਮਿਕਾ ਵਿੱਚ ਹੀ ਉਹ ਸਪੱਸ਼ਟ ਕਰਦਾ ਹੈ ਕਿ ਹਿੰਸਾ ਨਾਲ ਉਸਦਾ ਕੋਈ ਲੈਣ ਦੇਣ ਨਹੀਂ ਪ੍ਰੰਤੂ ਜਿਨ੍ਹਾਂ ਲੋਕਾਂ ਨੇ ਆਜ਼ਾਦੀ ਦੀ ਜੰਗ ਵਿੱਚ ਆਪਾ ਕੁਰਬਾਨ ਕਰ ਦਿੱਤਾ ਉਹਨਾਂ ਨੂੰ ਯਾਦ ਰੱਖਣਾ ਜਿਉਂਦੀਆਂ ਜਾਗਦੀਆਂ ਕੌਮਾਂ ਦਾ ਫਰਜ਼ ਹੈ। ਨਾਨਕ ਸਿੰਘ ਗ਼ੁਲਾਮੀ ਦੀਆਂ ਪਰਤਾਂ ਨੂੰ ਸਮਾਜਿਕ ਬੁਰਾਈਆਂ ਦਾ ਆਧਾਰ ਬਣਾ ਕੇ ਪੇਸ਼ ਕਰਦਾ ਹੈ। ਅਸਲ ਵਿੱਚ ਉਸਦਾ ਨਿਸ਼ਾਨਾ ਵਰਤਮਾਨ ਸਮੇਂ ਵਿੱਚ ਧਰਮ ਨਿਰਪੱਖ ਭਾਰਤ ਦੇ ਸਰੂਪ ਦੀ ਪੈਰਵੀ ਕਰਨਾ ਹੈ। ਅਜਿਹਾ ਕਰਦਿਆਂ ਨਾਨਕ ਸਿੰਘ ਨੇ ਆਪਣੇ ਨਾਵਲਾਂ ਵਿਚ ਇਤਿਹਾਸਕ ਨਾਵਲ ਦੀ ਪਰੰਪਰਾ ਨੂੰ ਵਿਸ਼ੇ ਪੱਖੋਂ ਵਿਸਤਾਰਨ ਦਾ ਯਤਨ ਕੀਤਾ ਹੈ। ਇਹਨਾਂ ਰਚਨਾਵਾਂ ਦੇ ਨਾਵਲੀ ਸਰੋਕਾਰ ਧਾਰਮਿਕ ਮਸਲਿਆਂ ਦੀ ਬਜਾਇ ਸਮਾਜਿਕ ਮੁੱਦਿਆਂ ਨੂੰ ਕੇਂਦਰ ਵਿਚ ਰੱਖਦੇ ਹਨ। ਨਾਨਕ ਸਿੰਘ ਦੇ ਇਸ ਨਾਵਲ ਵਿਚਲੀ ਇਤਿਹਾਸ ਚੇਤਨਾ ਬਾਰੇ ਡਾ. ਦਰਸ਼ਨ ਗਰੋਵਰ ਦਾ ਮਤ ਹੈ:

> ਨਾਨਕ ਸਿੰਘ ਨੇ ਇਸ ਨਾਵਲ ਵਿਚ ਬਿਦੇਸ਼ਾਂ ਵਿਚ ਵਸਦੇ ਹਿੰਦੀਆਂ ਦੀ ਦੇਸ਼ ਭਾਵਨਾ ਨੂੰ ਪ੍ਰਗਟ ਕੀਤਾ ਹੈ। ਇਹ ਰਚਨਾ ਬਿਦੇਸ਼ਾਂ ਤੋਂ ਆਏ ਉਹਨਾਂ ਹਿੰਦੀਆਂ ਸੰਬੰਧੀ ਹੈ ਜਿਹਨਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣਾ ਖ਼ੂਨ ਡੋਲ੍ਹਿਆ, ਕੁਰਬਾਨੀਆਂ ਦਿੱਤੀਆਂ ਤੇ ਉਹਨਾਂ ਦੀ ਇਸ ਜਦੋਜਹਿਦ ਨੂੰ ਲੋਕ ਭੁੱਲ ਚੁੱਕੇ ਸਨ। ਨਾਨਕ ਸਿੰਘ ਭਾਵੇਂ ਅਹਿੰਸਾਵਾਦੀ ਹੈ ਅਤੇ ਦਹਿਸ਼ਤ ਪਸੰਦਾਂ ਦੇ ਢੰਗਾਂ ਨਾਲ ਸਹਿਮਤ ਨਹੀਂ, ਫਿਰ ਵੀ ਉਸ ਨੇ ਕੁਰਬਾਨੀਆਂ ਦੇਣ ਵਾਲੇ ਇਹਨਾਂ ਦੇਸ਼ਵਾਸੀਆਂ ਦੀ ਕਹਾਣੀ ਆਪਣੇ ਪਾਠਕਾਂ ਤਕ ਪਹੁੰਚਾਈ ਹੈ।[3]

ਭਾਈ ਵੀਰ ਸਿੰਘ ਵੱਲੋਂ ਪਾਈ ਇਤਿਹਾਸਕ ਨਾਵਲਾਂ ਦੀ ਪਿਰਤ, ਜਿਸ ਤੋਂ ਨਾਨਕ ਸਿੰਘ ਥੋੜ੍ਹਾ ਪਾਸੇ ਰਿਹਾ ਸੀ, ਨੂੰ ਅੱਗੇ ਤੋਰਨ ਵਾਲਾ ਨਾਵਲਕਾਰ ਕਰਨਲ ਨਰਿੰਦਰਪਾਲ ਹੈ। ਕਰਨਲ ਨਰਿੰਦਰਪਾਲ ਸਿੰਘ ਦੇ ਨਾਵਲ 'ਵਾਲਹੁ ਨਿੱਕੀ', 'ਏਤਿ ਮਾਰਗ ਜਾਣਾ', 'ਇੱਕ ਸਰਕਾਰ ਬਾਝੋਂ' ਇਤਿਹਾਸਕ ਨਾਵਲਾਂ ਦੀ ਲੜੀ ਵਿੱਚ ਜਾ ਜੁੜਦੇ ਹਨ। ਇਹਨਾਂ ਨਾਵਲਾਂ ਵਿੱਚ ਗੁਰੂ ਗੋਬਿੰਦ ਸਿੰਘ ਦੀ ਸ਼ਹਾਦਤ ਤੋਂ ਲੈ ਕੇ ਅੰਗਰੇਜ਼ੀ ਸਾਮਰਾਜ ਦੇ ਪੰਜਾਬ ਉੱਪਰ ਕਬਜ਼ਾ ਕਰਨ ਤੱਕ ਦੇ ਸਮੇਂ ਨੂੰ ਰੂਪਮਾਨ ਕੀਤਾ। ਕਰਨਲ ਨਰਿੰਦਰਪਾਲ ਦੇ ਨਾਵਲਾਂ ਦਾ ਕਾਲ ਖੇਤਰ ਭਾਈ ਵੀਰ ਸਿੰਘ ਦੇ ਨਾਵਲਾਂ ਨਾਲੋਂ ਵਧੇਰੇ ਫੈਲਿਆ ਹੋਇਆ ਸੀ। ਇਹ ਨਾਵਲ ਸਿੱਖੀ ਦੇ ਸੰਕਲਪ ਨੂੰ ਭਲੀ ਪ੍ਰਕਾਰ ਉਘਾੜਦੇ ਨਜ਼ਰ ਆਉਂਦੇ ਹਨ। ਭਾਈ ਵੀਰ ਸਿੰਘ ਤੇ ਨਰਿੰਦਰਪਾਲ ਦੇ ਸਮੇਂ ਵਿੱਚ ਵਿੱਥ ਹੋਣ ਕਾਰਨ ਇਸ ਸਮੇਂ ਦੀਆਂ ਲੋੜਾਂ ਵੱਖਰੀਆਂ ਹਨ। ਇਸ ਸਮੇਂ ਸਿੱਖਾਂ ਵਿੱਚ ਆਪਣੀ

ਵੱਖਰੀ ਹਸਤੀ ਕਾਇਮ ਕਰਨ ਦਾ ਮਸਲਾ ਨਹੀਂ ਅਤੇ ਨਾ ਹੀ ਸਿੱਖ ਲਹਿਰ ਦੂਜੇ ਧਰਮਾਂ ਦੇ ਵਿਰੋਧ ਵਿੱਚ ਚਲਦੀ ਹੈ, ਜਿਸ ਤਰ੍ਹਾਂ ਭਾਈ ਵੀਰ ਸਿੰਘ ਦੇ ਕਾਲ ਵਿੱਚ ਸੀ। ਇਹਨਾਂ ਵੱਖਰਤਾਵਾਂ ਤੋਂ ਬਾਅਦ ਵੀ ਭਾਈ ਵੀਰ ਸਿੰਘ ਤੇ ਕਰਨਲ ਨਰਿੰਦਰਪਾਲ ਸਿੰਘ ਦੇ ਨਾਵਲਾਂ ਵਿੱਚ ਕੁਝ ਸਾਂਝੇ ਨੁਕਤੇ ਮਿਲ ਜਾਂਦੇ ਹਨ, ਪਰ ਪਰੰਪਰਾ ਨਾਲੋਂ ਟੁੱਟਣ ਦੇ ਯਤਨ ਉਸਦੇ ਨਾਵਲਾਂ ਵਿੱਚ ਝਲਕਦੇ ਹਨ।

ਨਾਵਲਕਾਰ ਨੇ ਆਪਣੇ ਪਲੇਠੇ ਨਾਵਲ 'ਖੰਨਿਉ ਤਿੱਖੀ' ਵਿੱਚ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਗੁਰੂ ਗੋਬਿੰਦ ਸਿੰਘ ਦਾ ਮਕਸਦ ਪੂਰਾ ਕਰਨ ਲਈ, ਪੰਜਾਬ ਪਰਤਣ ਦਾ ਬਿਰਤਾਂਤ ਬਿਆਨਿਆ ਗਿਆ ਹੈ। ਇਸ ਨਾਵਲ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਸਰਹਿੰਦ ਦੀ ਜਿੱਤ, ਲੋਹਗੜ੍ਹ ਦੇ ਕਿਲ੍ਹੇ ਨੂੰ ਫਤਿਹ ਕਰਨ ਦਾ ਇਰਾਦਾ ਅਤੇ ਲੋਹਗੜ੍ਹ ਵਿੱਚ ਸਿੱਖ ਰਾਜ ਸਥਾਪਤੀ ਦਾ ਸਿੱਕਾ ਕਾਇਮ ਕਰਨਾ ਆਦਿ ਯੋਜਨਾਵਾਂ ਨੂੰ ਪੇਸ਼ ਕੀਤਾ ਗਿਆ ਹੈ। ਇਸ ਨਾਵਲ ਵਿੱਚ ਸਰਹਿੰਦ ਦੀ ਜਿੱਤ (1710 ਈ.) ਤੋਂ ਲੈ ਕੇ 19 ਜੂਨ, 1716 ਤੱਕ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੱਕ ਦੇ ਸਮੇਂ ਦਾ ਵੇਰਵਾ ਦਿੱਤਾ ਗਿਆ ਹੈ। ਨਾਲ ਹੀ ਸਿੱਖ ਕੌਮ ਉੱਪਰ ਢਾਹੇ ਗਏ ਤਸ਼ੱਦਦ ਦੇ ਬਾਵਜੂਦ ਸਿੱਖਾਂ ਦੇ ਸਿੱਖੀ ਸਿਦਕ ਨੂੰ ਨਾ ਛੱਡਣ ਦਾ ਵੀ ਚਿੱਤਰ ਪੇਸ਼ ਕੀਤਾ ਮਿਲਦਾ ਹੈ।

ਸਿੱਖ ਇਤਹਾਸ ਦੀ ਲੜੀ ਦਾ ਅਗਲਾ ਨਾਵਲ 'ਵਾਲਹੁ ਤਿੱਖੀ' ਹੈ, ਜਿਸਦਾ ਸਮੁੱਚਾ ਬਿਰਤਾਂਤ ਬਾਬਾ ਬੰਦਾ ਸਿਘ ਬਹਾਦਰ ਦੀ ਸ਼ਹਾਦਤ ਤੋਂ ਪਿਛਲੇ ਸਮੇਂ ਨਾਲ ਜੁੜਿਆ ਹੋਇਆ ਹੈ। 1765 ਈ. ਵਿੱਚ ਫਿਰ ਤੋਂ ਸਿੱਖ ਰਾਜ ਨੇ ਆਪਣੀ ਸਥਾਪਤੀ ਕਾਇਮ ਕਰ ਲਈ ਅਤੇ ਇਸੇ ਸਮੇਂ ਸਿੱਖਾਂ ਵੱਲੋਂ ਅਹਿਮਦ ਸ਼ਾਹ ਅਬਦਾਲੀ ਨੂੰ ਰੋਪੜ ਵਿਖੇ ਹਰਾ ਕੇ ਲਾਹੌਰ ਦੀ ਜਿੱਤ ਹਾਸਿਲ ਕੀਤੀ। ਇਸ ਨਾਵਲ ਵਿੱਚ ਨਾਦਰਸ਼ਾਹ ਅਤੇ ਅਹਿਮਦ ਸ਼ਾਹ ਦੇ ਹਮਲਿਆਂ ਅਤੇ ਮੀਰ ਮਨੂੰ ਦੇ ਸਿੱਖਾਂ ਉੱਪਰ ਕੀਤੇ ਜ਼ੁਲਮਾਂ ਦਾ ਜ਼ਿਕਰ ਕੀਤਾ ਮਿਲਦਾ ਹੈ। 'ਏਤਿ ਮਾਰਗ ਜਾਣਾ' ਨਾਵਲ ਵਿੱਚ ਸਿੱਖ ਰਾਜ ਦੀ ਸਥਾਪਤੀ, ਸਿਖਰ ਅਤੇ ਸਿੱਖ ਰਾਜ ਦੇ ਢਹਿੰਦੇ ਪਾਸੇ ਵੱਲ ਜਾਣ ਵੇਰਵਾ ਹੈ। ਇਸ ਨਾਵਲ ਦਾ ਅੰਤ ਖੜਕ ਸਿੰਘ ਅਤੇ ਕੰਵਲ ਨੌਨਿਹਾਲ ਸਿੰਘ ਦੀ ਮੌਤ ਨਾਲ ਸਮਾਪਤ ਹੁੰਦਾ ਹੈ।

ਪੰਜਾਬੀ ਨਾਵਲ ਵਿੱਚ ਇਤਿਹਾਸ ਚੇਤਨਾ ਨੂੰ ਅਗਲੇ ਪੜਾਅ ਵਿੱਚ ਲੈ ਜਾਣ ਵਾਲਾ ਨਾਵਲਕਾਰ ਕੇਸਰ ਸਿੰਘ ਹੈ। ਕੇਸਰ ਸਿੰਘ ਨੇ ਆਪਣੇ ਨਾਵਲਾਂ ਵਿੱਚ ਦੂਜੀ ਸੰਸਾਰ ਜੰਗ ਸਮੇਂ ਬਰਤਾਨਵੀ ਸਾਮਰਾਜ ਦੇ ਸੰਕਟ ਨੂੰ ਡੂੰਘਾ ਕਰਦੇ ਹੋਏ ਜਾਪਾਨੀਆਂ ਦੀ ਸਹਾਇਤਾ ਨਾਲ ਦੇਸ਼ ਦੀ ਮੁਕਤੀ ਦੇ ਮਾਡਲ ਦੀ ਪੈਰਵੀ ਕੀਤੀ ਹੈ। ਉਸਦੇ ਨਾਵਲਾਂ ਦੇ ਕੇਂਦਰ ਵਿੱਚ ਵੀ ਗ਼ਦਰੀ ਸ਼ਹੀਦ ਹਨ। ਉਸਦੇ ਨਾਵਲ ਜੰਗੀ ਕੈਦੀ, ਲਹਿਰ ਵੱਧਦੀ ਗਈ ਦੇ ਕੇਂਦਰ ਵਿੱਚ ਇਤਿਹਾਸ ਨਾਲ ਜੁੜੇ ਉਹ ਮਸਲੇ ਮੌਜੂਦ ਸਨ ਜਿਹੜੇ ਮੌਜੂਦਾ ਸਮੇਂ ਵਿੱਚ ਭਾਰਤ ਦੇ ਸੰਕਟਾਂ ਵੱਲ ਇਸ਼ਾਰਾ ਕਰਦੇ ਸਨ। ਉਸਦੇ ਨਾਵਲ ਲਹਿਰ ਵੱਧਦੀ ਗਈ ਦੇ ਪ੍ਰਵੇਸ਼ ਨਾਲ ਇਤਿਹਾਸਕ ਪੰਜਾਬੀ ਨਾਵਲ ਦਾ ਘੇਰਾ ਵਿਸ਼ੇ-ਵਸਤੂ ਪੱਖੋਂ ਹੋਰ ਵੀ ਮੋਕਲਾ ਹੋ ਜਾਂਦਾ ਹੈ। ਇਹਨਾਂ ਰਚਨਾਵਾਂ ਵਿਚਲੇ ਮਸਲੇ ਭਾਰਤ ਦੇ ਨਾਲ-ਨਾਲ ਹੋਰ ਵਿਸ਼ਵ ਪੱਧਰ ਦੀਆਂ ਸਮੱਸਿਆਵਾਂ ਨਾਲ ਜੁੜੇ ਹੋਏ ਹਨ। ਲਹਿਰ ਵੱਧਦੀ ਗਈ ਨਾਵਲ ਵਿਚਲਾ ਸੰਘਰਸ਼ ਕੇਵਲ ਭਾਰਤ ਦੀ ਸੁਤੰਤਰਤਾ ਦੀ ਹੀ ਨਹੀਂ, ਸਗੋਂ ਹੋਰ ਗੁਲਾਮ ਮੁਲਕਾਂ ਦੀ ਸੁਤੰਤਰਤਾ ਲਈ ਕੀਤੀ ਜਦੋ-ਜਹਿਦ ਦੀ ਪੇਸ਼ਕਾਰੀ ਦਾ ਆਧਾਰ ਬਣਦਾ ਹੈ। ਡਾ. ਦਰਸ਼ਨ ਗਰੋਵਰ ਅਨੁਸਾਰ :

> ਇਸ ਰਚਨਾ ਵਿਚ ਇਤਿਹਾਸ-ਚੇਤਨਾ ਪ੍ਰਬਲ ਹੈ। ਇਹ ਕੇਵਲ ਭਾਰਤ ਦੀ ਆਜ਼ਾਦੀ

ਦੀ ਲਹਿਰ ਨੂੰ ਹੀ ਨਹੀਂ ਪੇਸ਼ ਕਰਦੀ ਸਗੋਂ ਸੰਸਾਰ ਸਥਿਤੀ ਨੂੰ ਧਿਆਨ ਵਿਚ ਰਖਦਿਆਂ ਏਸ਼ੀਆ ਦੇ ਸਾਰੇ ਗ਼ੁਲਾਮ ਦੇਸ਼ਾਂ ਦੇ ਅੰਗਰੇਜ਼-ਸਾਮਰਾਜ ਵਿਰੁੱਧ ਸੰਗਠਿਤ ਸੰਘਰਸ਼ ਨੂੰ ਪੇਸ਼ ਕਰਦੀ ਹੈ...'ਲਹਿਰ ਵੱਧਦੀ ਗਈ' ਨਾਵਲ ਦੀ ਕਰਮ ਭੂਮੀ ਭਾਰਤ ਦੀ ਥਾਂ, ਏਸ਼ੀਆ ਦੇ ਕਈ ਮੁਲਕ ਹਨ ਜਿਸ ਕਾਰਨ ਇਸ ਦਾ ਸਥਾਨਕ-ਖੇਤਰ ਚੌੜੇਰਾ ਹੋ ਗਿਆ ਹੈ। ਭਾਰਤੀ ਸਭਿਆਚਾਰ ਦੇ ਕਈ ਨਮੂਨਿਆਂ ਤੋਂ ਛੁਟ ਇਸ ਵਿਚ ਮਲਾਈ, ਚੀਨੀ, ਸਿਆਮੀ, ਬਰਮੀ ਸਭਿਆਚਾਰ ਦੇ ਵੀ ਚਿੱਤਰ ਮਿਲਦੇ ਹਨ।[4]

ਪੰਜਾਬੀ ਇਤਿਹਾਸਕ ਨਾਵਲੀ ਪ੍ਰੰਪਰਾ ਵਿੱਚ ਇਤਿਹਾਸ ਦੇ ਮੁੱਦੇ ਆਜ਼ਾਦੀ ਤੋਂ ਪਹਿਲਾਂ ਉਪਰੋਕਤ ਮਸਲਿਆਂ ਨਾਲ ਹੀ ਸਬੰਧਿਤ ਸਨ। ਪ੍ਰੰਤੂ ਆਜ਼ਾਦੀ ਤੋਂ ਬਾਅਦ ਵੱਖ-ਵੱਖ ਇਤਿਹਾਸਕ ਪੜ੍ਹਾਵਾਂ ਉੱਤੇ ਵਰਤਮਾਨ ਸੰਕਟਾਂ ਦੇ ਹੱਲ ਲਈ ਵੀ ਨਾਵਲਕਾਰਾਂ ਨੇ ਇਤਿਹਾਸ ਵਿੱਚੋਂ ਵਰਤਮਾਨ ਸੰਕਟਾਂ ਦੀਆਂ ਜੜ੍ਹਾਂ ਤੇ ਹੱਲ ਦੀ ਤਾਲਾਸ਼ ਜਾਰੀ ਰੱਖੀ।

ਆਜ਼ਾਦੀ ਤੋਂ ਬਾਅਦ ਭਾਰਤ ਦੇ ਅੰਤਰ-ਵਿਰੋਧਾਂ ਵਿੱਚੋਂ ਕਈ ਨਵੀਆਂ ਸਮੱਸਿਆਵਾਂ ਨੇ ਜਨਮ ਲਿਆ। ਇਸ ਵਿੱਚੋਂ ਇਕ ਸਮੱਸਿਆ ਕੌਮਾਂਤਰੀ ਪੱਧਰ ਉੱਤੇ ਚਲ ਰਹੀ ਠੰਡੀ ਜੰਗ ਦੇ ਸਿੱਟੇ ਵਜੋਂ ਸਾਹਮਣੇ ਆਈ ਜਿਸਦੇ ਫਲਸਰੂਪ ਦੇਸ਼ ਦੀ ਏਕਤਾ ਤੇ ਅਖੰਡਤਾ ਦਾ ਮਸਲਾ ਇਕ ਪਾਸੇ ਤੇ ਦੂਜੇ ਪਾਸੇ ਭਾਰਤ ਦੀ ਏਕਤਾ ਦਾ ਮਸਲਾ ਕੇਂਦਰ ਵਿਚ ਆ ਗਿਆ। ਪੰਜਾਬੀ ਨਾਵਲਕਾਰਾਂ ਨੇ ਏਸ ਸਮੱਸਿਆ ਨੂੰ ਇਕ ਪਾਸੇ ਵਰਤਮਾਨ ਸੰਕਟ ਨਾਲ ਜੋੜਿਆ ਤੇ ਦੂਜੇ ਪਾਸੇ ਇਸ ਸੰਕਟ ਦੀਆਂ ਜੜ੍ਹਾਂ ਨੂੰ ਦੀਰਘਕਾਲੀਨ ਪਰਿਪੇਖ ਵਿਚ ਰੱਖ ਕੇ ਵੇਖਣਾ ਸ਼ੁਰੂ ਕੀਤਾ ਜਿਸਦੇ ਫਲਸਰੂਪ ਨਾਵਲਕਾਰ ਇਤਿਹਾਸਕ ਚੇਤਨਾ ਵਾਲੇ ਪੱਖ ਵੱਲ ਨੂੰ ਵਾਪਿਸ ਮੁੜੇ। ਇਸ ਸਮੱਸਿਆ ਨੂੰ ਮਨਮੋਹਨ ਬਾਵਾ ਆਪਣੇ ਨਾਵਲਾਂ ਵਿਚ ਉਭਾਰਦਾ ਹੈ।

ਸਮਕਾਲੀ ਪੰਜਾਬੀ ਨਾਵਲਕਾਰੀ ਦੇ ਖੇਤਰ ਵਿਚ ਮਨਮੋਹਨ ਬਾਵਾ ਦਾ ਨਾਂ ਕਿਸੇ ਪਛਾਣ ਦਾ ਮੁਥਾਜ ਨਹੀਂ ਹੈ। ਇਤਿਹਾਸ ਦੀਆਂ ਅਣਗੌਲੀਆਂ ਪਰਤਾਂ ਨੂੰ ਵਿਗਿਆਨਿਕ ਦ੍ਰਿਸ਼ਟੀਕੋਣ ਤੋਂ ਪਰਖ ਕੇ ਗਲਪੀ ਬਿਰਤਾਂਤ ਦੀ ਉਸਾਰੀ ਬਾਵਾ ਦੇ ਇਤਿਹਾਸਕ ਨਾਵਲਾਂ ਦਾ ਮੁੱਖ ਰੁਝਾਣ ਰਿਹਾ ਹੈ। ਪੂੰਜੀਵਾਦੀ ਯੁਗ ਦਾ ਮਨੁਖ ਪੈਸੇ ਦੀ ਹੋੜ ਵਿਚ ਮਾਨਵੀ ਕਦਰਾਂ-ਕੀਮਤਾਂ ਨੂੰ ਤਜ ਰਿਹਾ ਹੈ। ਵਰਤਮਾਨ ਸਮੇਂ ਵਿਚਲਾ ਮਨੁੱਖ ਵਿਅਕਤੀਗਤ ਰੁਚੀਆਂ ਨੂੰ ਤਵੱਜੋਂ ਦੇਣ ਕਰਕੇ ਆਪਣੀ ਅਸਤਿਤਵੀ ਪਛਾਣ ਨੂੰ ਗੁਆ ਬੈਠਾ ਹੈ। ਲੋਕ-ਹਿਤੈਸ਼ੀ ਸਾਹਿਤਕਾਰਾਂ ਲਈ ਇਹ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਮਨਮੋਹਨ ਬਾਵਾ ਦੀ ਸਾਹਿਤਕ ਦ੍ਰਿਸ਼ਟੀ ਅਸਲੋਂ ਹੀ ਨਿਵੇਕਲੇ ਗੁਣਾਂ ਦੀ ਧਾਰਨੀ ਹੈ। ਬਾਵਾ ਸਮਾਜ ਵਿਚਲੀਆਂ ਊਣਤਾਈਆਂ ਦੇ ਰੂ ਬ ਰੂ ਦੂਜੇ ਨਾਵਲਕਾਰਾਂ ਦੇ ਮੁਕਾਬਲੇ ਵਧੇਰੇ ਸੂਖ਼ਮਤਾਈ ਨਾਲ ਹੁੰਦਾ ਹੈ। ਹਰ ਸਮਾਜ ਦੀ ਪਿੱਠਭੂਮੀ ਵਿਚ ਇਕ ਇਤਿਹਾਸ ਪਿਆ ਹੁੰਦਾ ਹੈ। ਉਸ ਇਤਿਹਾਸ ਨੂੰ ਵਰਤਮਾਨ ਦੇ ਸੰਦਰਭ ਵਿਚ ਪਰਖ ਕੇ ਭਵਿੱਖ ਨੂੰ ਸਹੀ ਦਿਸ਼ਾ ਦਿੱਤੀ ਜਾ ਸਕਦੀ ਹੈ

ਬਾਵਾ ਦੇ ਨਾਵਲ ਯੁਧ ਨਾਦ ਦਾ ਕਾਲ ਖੇਤਰ ਸਿਕੰਦਰ ਦੇ ਹਮਲੇ ਨਾਲ ਸਬੰਧਿਤ ਹੈ। ਬਾਵਾ ਇਸ ਨਾਵਲ ਵਿੱਚ ਇਤਿਹਾਸ ਵਿਚ ਪਈਆਂ ਕਈ ਮਿੱਥਾਂ ਨੂੰ ਤੋੜਦਾ ਹੈ। ਇਤਿਹਾਸਿਕ ਸਰੋਤਾਂ ਵਿਚ ਸਿਕੰਦਰ ਨੂੰ ਸੰਸਾਰ ਜੇਤੂ ਦਾ ਖਿਤਾਬ ਹਾਸਿਲ ਹੈ। ਉਸ ਨੂੰ ਅਜਿੱਤ ਤੇ ਬਹਾਦਰ ਦੱਸਿਆ ਗਿਆ ਹੈ। ਮਨਮੋਹਨ ਬਾਵਾ ਨੇ ਸਿਕੰਦਰ ਮਹਾਨ ਬਾਰੇ ਪ੍ਰਾਪਤ ਦਸਤਾਵੇਜ਼ਾਂ ਦੀ ਪਰਖ-ਪੜਚੋਲ ਵਿਗਿਆਨਿਕ ਦ੍ਰਿਸ਼ਟੀਕੋਣ ਤੋਂ ਕਰਦਿਆਂ ਹੋਇਆਂ ਅਸਲੋਂ ਹੀ ਨਵੀਨ ਤੱਥ ਪ੍ਰਸਤੁਤ ਕੀਤੇ ਹਨ। ਨਾਵਲ ਦਾ ਰਚਨਾ ਕਾਲ ਇਕੀਵੀਂ ਸਦੀ ਦਾ ਪਹਿਲਾ ਦਹਾਕਾ ਹੈ। ਇਸ ਵੇਲੇ

ਭਾਰਤੀ ਕੌਮੀਅਤ ਦੀ ਪਛਾਣ ਦਾ ਮਸਲਾ ਭਖਿਆ ਹੋਇਆ ਸੀ। ਨਾਵਲ ਯੁੱਧ ਨਾਦ ਰਾਹੀਂ ਬਾਵਾ ਸਮਕਾਲੀ ਪ੍ਰਸਥਿਤੀਆਂ ਦਾ ਹੱਲ ਇਤਿਹਾਸ ਦੀਆਂ ਡੂੰਘੀਆਂ ਤਹਿਆਂ ਵਿੱਚੋਂ ਲੱਭਣ ਦੇ ਯਤਨ ਕਰਦਾ ਹੈ। ਨਾਵਲੀ ਬਿਰਤਾਂਤ ਇਕ ਪਾਸੇ ਤਾਂ ਸਿਕੰਦਰ ਦੇ ਮਹਾਨ ਹੋਣ ਦੀ ਮਿੱਥ ਨੂੰ ਤੋੜਦਾ ਹੈ ਅਤੇ ਦੂਜੇ ਪਾਸੇ ਗਣਤੰਤਰਾਂ ਵੱਲੋਂ ਆਪਣੀ ਸਵੈ-ਹੋਂਦ ਨੂੰ ਬਚਾਉਣ ਲਈ ਕੀਤੇ ਸੰਘਰਸ਼ ਦੀ ਦਾਸਤਾਂ ਨੂੰ ਬਿਆਨ ਕਰਦਾ ਹੈ।

ਬਾਵਾ ਆਪਣੇ ਨਾਵਲ ਦਾ ਨਾਇਕ ਸਿਕੰਦਰ ਨੂੰ ਨਹੀਂ ਸਗੋਂ, ਇਸ ਦੇ ਨਾਇਕ ਪੰਜਾਬ ਦੇ ਇਲਾਕਿਆਂ ਨਾਲ ਸਬੰਧਿਤ ਉਹ ਸਾਧਾਰਨ ਲੋਕਾਂ ਨੂੰ ਬਣਾਉਂਦਾ ਹੈ ਜਿਨ੍ਹਾਂ ਨੂੰ ਇਤਿਹਾਸਕਾਰਾਂ ਨੇ ਹਮੇਸ਼ਾਂ ਹਾਸ਼ੀਏ 'ਤੇ ਸੁੱਟ ਕੇ ਰੱਖਿਆ। ਇਹਨਾਂ ਲੋਕਾਂ ਨੇ ਹੀ ਸਿਕੰਦਰ ਨੂੰ ਵਾਪਸ ਪਰਤਣ ਲਈ ਮਜਬੂਰ ਕਰ ਦਿੱਤਾ ਸੀ। ਨਾਵਲ ਦਾ ਆਰੰਭ ਸਿਕੰਦਰ ਦੀ ਭਾਰਤ ਉਪਰ ਹਮਲਾਵਰ ਨੀਤੀ ਤੋਂ ਹੁੰਦਾ ਹੈ। ਸਿਕੰਦਰ ਨੇ ਆਪਣੀ ਸਾਮਰਾਜਵਾਦੀ ਨੀਤੀ ਰਾਹੀਂ ਮਨੁੱਖਤਾ ਦਾ ਘਾਣ ਕੀਤਾ। ਬਾਵਾ ਨੇ ਸਿਕੰਦਰ ਨੂੰ ਜਾਬਰ, ਤੀਵੀਂਬਾਜ਼, ਚਾਲਬਾਜ਼, ਨਿਰਦਈ ਤੇ ਲਾਲਚੀ ਘੋਸ਼ਿਤ ਕੀਤਾ ਹੈ। ਸਿਕੰਦਰ ਦੀ ਹਉਮੈਂ ਹੀ ਮਨੁੱਖਤਾ ਦੀ ਤਬਾਹੀ ਦਾ ਕਾਰਣ ਬਣਦੀ ਹੈ। ਨਾਵਲ ਦੇ ਪਾਤਰ ਮੀਰੂਵਰਮਨ ਦੇ ਬੋਲ ਸਿਕੰਦਰ ਦੀ ਹਉਮੈਂ ਨੂੰ ਪ੍ਰਤੱਖ ਕਰਦੇ ਹਨ:

> ਉਹ ਇਤਿਹਾਸ ਵਿੱਚ ਆਪਣੇ ਆਪ ਨੂੰ ਇਕ ਮਹਾਨ ਯੋਧਾ ਅਤੇ 'ਹਰਕੁਲਿਸ' ਤੇ 'ਈਲੀਅਡ' ਦਾ ਅਵਤਾਰ ਅਖਵਾਉਣ ਦਾ ਦਾਅਵੇਦਾਰ ਹੈ। ਉਹ ਪ੍ਰਿਥਵੀ ਨੂੰ ਫ਼ਤਹਿ ਕਰਨ ਦੇ ਇਰਾਦੇ ਨਾਲ ਨਿਕਲਿਆ ਹੈ। ਜੇ ਉਸ ਨੂੰ ਹੁਣ ਪਿੱਛੇ ਮੁੜਨਾ ਪਿਆ ਤਾਂ ਉਸ ਦੀ ਹਉਮੈ ਉਸ ਨੂੰ ਚੈਨ ਨਹੀਂ ਲੈਣ ਦੇਵੇਗੀ।[5]

ਨਾਵਲਕਾਰ ਨੇ ਜਿੱਥੇ ਸਿਕੰਦਰ ਮਹਾਨ ਬਾਰੇ ਬਣੀਆਂ ਹੋਈਆਂ ਧਾਰਨਾਵਾਂ ਦਾ ਪਾਜ ਉਧੇੜਿਆ ਹੈ ਓਥੇ ਦੂਜੇ ਪਾਸੇ ਪੰਜਾਬ ਦੇ ਇਲਾਕੇ ਨਾਲ ਸਬੰਧਿਤ ਉਹਨਾਂ ਅਣਗੌਲੇ ਨਾਇਕਾਂ ਦੀ ਪਛਾਣ ਨੂੰ ਮੁੜ ਸੁਰਜੀਤ ਕੀਤਾ ਹੈ ਜਿਨ੍ਹਾਂ ਦੇ ਨਾਂ ਇਤਿਹਾਸ ਦੇ ਪੰਨਿਆਂ ਵਿਚੋਂ ਵਿਸਾਰ ਦਿੱਤੇ ਗਏ ਸਨ। ਇਹ ਉਹ ਨਾਇਕ ਹਨ ਜੋ ਸਿਕੰਦਰ ਦੀਆਂ ਸਾਮਰਾਜਵਾਦੀ ਨੀਤੀਆਂ ਨੂੰ ਸਫਲ ਨਹੀਂ ਹੋਣ ਦਿੰਦੇ ਅਤੇ ਉਸ ਦੀ ਫੌਜ ਨੂੰ ਸਰੀਰਕ ਤੇ ਮਾਨਸਿਰ ਤੌਰ 'ਤੇ ਕਮਜ਼ੋਰ ਕਰ ਦਿੰਦੇ ਹਨ। ਇਹ ਸਾਧਾਰਨ ਕਿਰਤੀ ਲੋਕ ਸਿਕੰਦਰ ਦੀਆਂ ਫੌਜਾਂ ਨਾਲ ਅਜਿਹਾ ਲੋਹਾ ਲੈਂਦੇ ਹਨ ਕਿ ਉਸ ਨੂੰ ਵਾਪਸ ਯੂਨਾਨ ਪਰਤਣ ਦਾ ਫੈਸਲਾ ਕਰਨਾ ਪੈਂਦਾ ਹੈ। ਇਕ ਪਾਸੇ ਸਿਕੰਦਰ ਆਪਣੇ ਜਿੱਤਣ ਦੇ ਅਹੰਕਾਰ ਕਾਰਣ ਲੜ ਰਿਹਾ ਸੀ ਅਤੇ ਦੂਜੇ ਪਾਸੇ ਜਨਪਦ ਆਪਣੀ ਸੁਤੰਤਰਤਾ ਤੇ ਮਾਣ-ਮਰਿਆਦਾ ਨੂੰ ਬਚਾਉਣ ਲਈ ਲੜ ਰਹੇ ਸਨ। ਨਾਵਲ ਦੇ ਨਾਇਕ ਅਜੈ ਮਿੱਤਰ ਦੇ ਬੋਲ ਇਸ ਗੱਲ ਦੀ ਪ੍ਰੋੜਤਾ ਕਰਦੇ ਹਨ:

> ਅਹੰਕਾਰ ਅਤੇ ਸਵੈ ਅਭਿਮਾਨ 'ਚ ਬਹੁਤ ਅੰਤਰ ਏ। ਉਸ ਪਾਸੇ ਸੰਸਾਰ ਵਿਜੈਤਾ ਅਖਵਾਉਣ ਦਾ ਅਹੰਕਾਰ ਏ ਅਤੇ ਇਸ ਪਾਸੇ ਸੁਤੰਤਰਤਾ ਅਤੇ ਪ੍ਰਤਿਸ਼ਠਾ ਦਾ ਸਵੈ ਅਭਿਮਾਨ। ਇਸ ਦੇ ਇਲਾਵਾ ਅਸੀਂ ਇਤਿਹਾਸ 'ਚ ਇਕ ਉਦਾਹਰਣ ਬਣਨਾ ਚਾਹੁੰਦੇ ਹਾਂ ਕਿ ਇਕ ਰਾਜਾ ਆਪਣੇ ਸੁਆਰਥ ਖ਼ਾਤਿਰ ਲੜਦਾ ਜਾਂ ਸੁਲਾਹ ਕਰਦਾ ਹੈ ਪਰ ਜਨਪਦ ਆਪਣੀ ਸੁਤੰਤਰਾ ਅਤੇ ਪ੍ਰਤਿਸ਼ਠਾ ਦੇ ਵਿਰੁੱਧ ਸਮਝੌਤੇ ਨਹੀਂ ਕਰਦੇ।[6]

ਨਾਵਲ ਯੁੱਧ ਨਾਦ ਰਾਹੀਂ ਇਕ ਹੋਰ ਨਵੀਨ ਇਤਿਹਾਸਿਕ ਤੱਥ ਸਾਹਮਣੇ ਆਉਂਦਾ ਹੈ ਕਿ ਜਿੱਥੇ ਸਿਕੰਦਰ ਨੇ ਭਾਰਤੀ ਸਭਿਆਚਾਰ ਨੂੰ ਮਿਟਾਉਣ ਦੇ ਯਤਨ ਕੀਤੇ ਓਥੇ ਦੂਜੇ ਪਾਸੇ ਭਾਰਤੀ ਰਾਜਿਆਂ ਨੇ ਵੀ ਪਸਾਰਵਾਦ ਦੀ ਨੀਤੀ ਅਪਣਾਈ। ਉਹਨਾਂ ਨੇ ਆਪਣੇ ਰਾਜ ਨੂੰ

ਕਾਇਮ ਰੱਖਣ ਲਈ ਸਿਕੰਦਰ ਤੋਂ ਹਾਰ ਸਵੀਕਾਰ ਕਰਨ ਪਿੱਛੋਂ ਉਸ ਨਾਲ ਸੰਧੀ ਕਰ ਲਈ। ਰਾਜਾ ਪੁਰੂਵਰਸ਼ ਅਤੇ ਰਾਜਾ ਅੰਬੀ ਦੀ ਸਿਕੰਦਰ ਨਾਲ ਹੋਈ ਸੰਧੀ ਤੋਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਰਾਜ ਕਰਨ ਵਾਲੇ ਲੋਕ ਆਪਣੀ ਹਕੂਮਤ ਨੂੰ ਬਚਾਉਣ ਖਾਤਿਰ ਆਪਣੀ ਹੀ ਪਰਜਾ ਉਪਰ ਜ਼ੁਲਮ ਢਾਹੁਣ ਲਈ ਰਾਜ਼ੀ ਹੋ ਜਾਂਦੇ ਹਨ। ਰਾਜਾ ਪੋਰਸ ਪਹਿਲਾਂ ਤਾਂ ਗਣਤੰਤਰਾਂ ਦੀ ਆਜ਼ਾਦ ਹੋਂਦ ਨੂੰ ਬਚਾਉਣ ਦੀ ਗੱਲ ਕਰਦਾ ਹੈ ਪਰ ਸਿਕੰਦਰ ਤੋਂ ਹਾਰਨ ਪਿੱਛੋਂ ਉਹ ਸਿਕੰਦਰ ਨੂੰ ਸੈਨਿਕ ਸਹਾਇਤਾ ਭੇਜਦਾ ਹੈ। ਆਜ਼ਾਦ ਫਿਤਰਤ ਦੇ ਮਾਲਕ ਗਣਤੰਤਰ ਆਪਣੀ ਹੋਂਦ ਨੂੰ ਬਚਾਉਣ ਲਈ ਸਿਕੰਦਰ ਦੇ ਵਿਰੋਧ ਵਿਚ ਖੜੇ ਹੋ ਜਾਂਦੇ ਹਨ:

> ਪੁਰੂਵਰਸ਼ ਆਪਣੇ ਪੰਜ ਸੌ ਹਾਥੀ, ਪੰਜ ਸੌ ਰੱਥ, ਇਕ ਹਜ਼ਾਰ ਘੋੜ ਸਵਾਰ ਅਤੇ ਦਸ ਹਜ਼ਾਰ ਪੈਦਲ ਸੈਨਾ ਲੈ ਕੇ ਆ ਪੁੱਜਿਆ। ਕੱਠਾਂ ਨੂੰ ਇਸੇ ਦਾ ਹੀ ਡਰ ਸੀ। ਦੁਖ ਵੀ ਹੋਇਆ ਕਿ ਉਹ ਬਹਾਦਰ ਪੁਰੂਵਰਸ਼ ਜੋ ਕਾਰੀ ਦੇ ਮੈਦਾਨ ਵਿੱਚ ਸਿਕੰਦਰ ਨੂੰ ਸਪਤ ਸਿੰਧੂ ਦੀ ਧਰਤੀ ਤੇ ਪੈਰ ਰੱਖਣ ਤੋਂ ਰੋਕਣ ਲਈ ਕੰਧ ਬਣ ਕੇ ਆ ਖੜਿਆ ਸੀ, ਅੱਜ ਇਰਾਵਤੀ ਪਾਰ ਕਰਕੇ ਸਿਕੰਦਰ ਨਾਲ ਰਾਜਾ ਅੰਬੀ ਵਾਂਗ ਮਿਲ ਬੈਠਿਆ ਹੈ।[7]

ਨਾਵਲ ਯੁੱਧ-ਨਾਦ ਵਿਚ ਪੱਛਮੀ ਬਸਤੀਵਾਦੀ ਅਤੇ ਪੁਰਾਤਨ ਭਾਰਤੀ ਦਰਸ਼ਨ ਦੀ ਪਰੰਪਰਾ ਦੇ ਟਕਰਾਓ ਨੂੰ ਉਭਾਰਿਆ ਗਿਆ ਹੈ। ਪੱਛਮੀ ਸੰਸਕ੍ਰਿਤੀ ਅਕਾਂਖਿਆਵਾਂ ਵਾਲੀ ਹੈ ਤੇ ਦੂਜੇ ਪਾਸੇ ਭਾਰਤੀ ਸੰਸਕ੍ਰਿਤੀ ਇਛਾਵਾਂ ਦਾ ਦਮਨ ਕਰਨ ਵਾਲੀ ਸੰਸਕ੍ਰਿਤੀ ਹੈ। ਸਿਕੰਦਰ ਦੀ ਆਕਰਮਣਕਾਰੀ ਨੀਤੀ ਰਾਹੀਂ ਪੱਛਮ ਦੀ ਲਾਲਸਾ ਭਰੀ ਬਿਰਤੀ ਉਜਾਗਰ ਹੁੰਦੀ ਹੈ ਅਤੇ ਦੂਜੇ ਪਾਸੇ ਅਜੈ ਮਿੱਤਰ ਰਾਹੀਂ ਭਾਰਤੀ ਗੌਰਵਸ਼ਾਲੀ ਤੇ ਆਦਰਸ਼ਵਾਦੀ ਸੋਚ ਸਾਹਮਣੇ ਆਉਂਦੀ ਹੈ। ਕਾਲਜਿਤ ਨਾਂ ਦਾ ਪਾਤਰ ਸਿਕੰਦਰ ਦੇ ਸਾਹਮਣੇ ਬੋਲਣ ਦੀ ਹਿੰਮਤ ਰੱਖਦਾ ਹੈ। ਸਿਕੰਦਰ ਦੀ ਤ੍ਰਿਸ਼ਨਾ ਹੀ ਉਸਦੀ ਮਾਨਸਿਕ ਸ਼ਾਂਤੀ ਨੂੰ ਭੰਗ ਕਰਦੀ ਹੈ। ਆਪਣੇ ਅਹੰਕਾਰ ਕਰਕੇ ਹੀ ਉਹ ਮਾਨਸਿਕ ਸੰਤਾਪ ਭੋਗਦਾ ਹੈ। ਕਾਲਜਿਤ ਨੇ ਮੌਤ 'ਤੇ ਵਿਜੈ ਪਾ ਲਈ ਹੈ। ਉਹ ਆਪਣੇ ਗਿਆਨ ਅਤੇ ਤਜਰਬੇ ਦੇ ਆਧਾਰ 'ਤੇ ਹੀ ਸਿਕੰਦਰ ਦੀਆਂ ਹਮਲਾਵਰ ਨੀਤੀਆਂ ਦਾ ਵਿਰੋਧ ਕਰਦਾ ਹੈ। ਇਸ ਤਰ੍ਹਾਂ ਨਾਵਲ ਵਿਚ ਕਾਲਜਿਤ ਵਰਗੇ ਪਾਤਰ ਰਾਹੀਂ ਪੱਛਮੀ ਬਸਤੀਵਾਦੀ ਸੋਚ ਦੇ ਮੁਕਾਬਲੇ ਭਾਰਤੀ ਪਰਵਚਨ ਦੀ ਮਹਾਨਤਾ ਦਰਸਾਈ ਗਈ ਹੈ:

> ਮੇਰੀ ਗੱਲ ਧਿਆਨ ਨਾਲ ਸੁਣ ਸਿਕੰਦਰ ਬਾਦਸ਼ਾਹ, ਕਿਉਂਕਿ ਤੇਰਾ ਕਾਲ ਆਉਣ ਤੋਂ ਪਹਿਲਾਂ ਮੇਰਾ ਅੰਤ ਆਉਣ ਵਾਲਾ ਹੈ। ਚਾਹੇ ਤੂੰ ਸਮਝਦਾ ਏਂ ਕਿ ਤੇਰੀ 'ਮੈਂ' ਬਹੁਤ ਮਹਾਨ ਹੈ ਅਤੇ ਤੂੰ ਹਰ ਵਸਤੂ ਨੂੰ ਆਪਣੇ ਕਲਾਵੇ 'ਚ ਲੈ ਸਕਦਾ ਏਂ। ਪਰ ਇਹ ਸਭ ਤੇਰੀ ਮਿਥਿਆ ਹੈ। ਤੇਰੀ 'ਮੈਂ' ਹੀ ਤੇਰੀ ਅੰਦਰ ਬਲ ਰਹੀ ਅਗਨੀ ਹੈ। ਜਿਸ ਤਰ੍ਹਾਂ ਇਕ ਦੀਪਕ ਦੀ ਬੱਤੀ ਆਪਣੇ ਥੱਲੇ ਪਏ ਤੇਲ ਤੋਂ ਆਪਣੀ ਸ਼ਕਤੀ ਪ੍ਰਾਪਤ ਕਰਦੀ ਹੈ। ਇਸੇ ਤਰ੍ਹਾਂ ਹਉਮੈ ਨੂੰ ਉਭਾਰਨ ਵੇਲੇ ਤੇਰੇ ਕਰਮ ਹੀ ਅਹੰਕਾਰ ਨੂੰ ਸ਼ਕਤੀ ਦੇਂਦੇ ਤੁਰੀ ਜਾਂਦੇ ਹਨ।[8]

ਜਿੱਥੇ ਯੁਧ-ਨਾਦ ਨਾਵਲ ਰਾਹੀਂ ਉਹ ਸਿਕੰਦਰ ਕਾਲੀਨ ਇਤਿਹਾਸ ਨੂੰ ਆਪਣੀ ਇਤਿਹਾਸਕ ਚੇਤਨਾ ਦਾ ਆਧਾਰ ਬਣਾ ਕੇ ਪੇਸ਼ ਕਰਦਾ ਹੈ, ਉਥੇ ਨਾਵਲ ਯੁਗ-ਅੰਤ ਦੇ ਮੂਲ ਸਰੋਕਾਰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿੱਛੋਂ ਸਿੱਖ ਰਾਜ ਦੇ ਖੇਰੂੰ-ਖੇਰੂੰ ਹੋਣ ਦੀ ਦਾਸਤਾਨ ਨੂੰ ਬਿਆਨ ਕਰਦੇ ਹਨ। ਨਾਵਲ ਦਾ ਆਰੰਭ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਲਗਭਗ ਸੱਤ ਸਾਲ ਬਾਅਦ ਦੇ ਕਾਲਖੰਡ ਨਾਲ ਸੰਬੰਧਿਤ ਹੈ। ਨਾਵਲਕਾਰ ਨੇ ਨਿਰਪੱਖ ਦ੍ਰਿਸ਼ਟੀਕੋਣ

ਰਾਹੀਂ ਸਿੱਖ ਰਾਜ ਵਿਚਲੀਆਂ ਉਹਨਾਂ ਉਣਤਾਈਆਂ ਦਾ ਜ਼ਿਕਰ ਕੀਤਾ ਹੈ ਜੋ ਸਿੱਖ ਰਾਜ ਦੇ ਪਤਨ ਦਾ ਕਾਰਨ ਬਣਦੀਆਂ ਹਨ। ਬਾਵਾ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਪਿੱਠਭੂਮੀ ਵਿਚ ਕਾਰਜਸ਼ੀਲ ਉਸ ਵਿਚਾਰਧਾਰਾ ਨੂੰ ਦੱਸਿਆ ਹੈ ਜਿਸ ਨੂੰ ਕਦੇ ਗੁਰੂ ਗੋਬਿੰਦ ਸਿੰਘ ਅਤੇ ਬੰਦਾ ਸਿੰਘ ਬਹਾਦਰ ਨੇ ਅਨੇਕਾਂ ਕੁਰਬਾਨੀਆਂ ਦੇ ਬਲਬੂਤੇ 'ਤੇ ਖੜ੍ਹੀ ਕੀਤਾ ਸੀ। ਨਾਵਲ ਦਾ ਨਾਇਕ ਕੀਰਤ ਸਿੰਘ ਨਾਂ ਦਾ ਕਾਲਪਨਿਕ ਪਾਤਰ ਹੈ ਜਿਸ ਦੇ ਇਰਦ ਗਿਰਦ ਸਮੁੱਚਾ ਬਿਰਤਾਂਤ ਉਸਾਰਿਆ ਗਿਆ ਹੈ। ਕੀਰਤ ਸਿੰਘ ਆਪਣੇ ਦੋ ਹੋਰ ਸਾਥੀਆਂ ਸ਼ਾਹ ਬਖ਼ਸ਼ ਅਤੇ ਦੁਰਜਨ ਸਿੰਘ ਦੇ ਨਾਲ ਮਿਲ ਕੇ ਅੰਗਰੇਜ਼ਾਂ ਵਿਰੁੱਧ ਸੰਘਰਸ਼ ਸਮੇਂ ਮੂਲਰਾਜ ਦਾ ਸਾਥ ਦੇਂਦਾ ਹੈ। ਇਸ ਸੰਘਰਸ਼ ਵਿਚ ਬੇਸ਼ੱਕ ਸ਼ਾਹ ਬਖ਼ਸ਼ ਨੂੰ ਅੰਗਰੇਜ਼ਾਂ ਦਾ ਪੱਲੜਾ ਭਾਰੀ ਜਾਪਦਾ ਹੈ ਪਰ ਕੀਰਤ ਸਿੰਘ ਆਸ਼ਵਾਦੀ ਸੁਰ ਵਿਚ ਸ਼ਾਹ ਬਖ਼ਸ਼ ਨੂੰ ਆਖਦਾ ਹੈ:

> ਹਾਲੇ ਸਭ ਕੁਝ ਖ਼ਤਮ ਨਹੀਂ ਹੋਇਆ..." ਲਾਹੌਰ ਦੇ ਸਰਦਾਰਾਂ ਨੇ ਚਾਹੇ ਫ਼ਰੰਗੀਆਂ ਸਾਹਮਣੇ ਗੋਡੇ ਟੇਕ ਦਿੱਤੇ ਪਰ ਸਧਾਰਨ ਸਿੱਖ ਸਿਪਾਹੀ ਦੇ ਦਿਲ ਵਿਚ ਜੋਸ਼ ਹੈ ਅਤੇ ਬਦਲੇ ਦੀ ਭਾਵਨਾ ਨਾਲ ਤੜਫ਼ ਰਿਹਾ ਹੈ। ਲੜਾਈਆਂ ਖ਼ਤਮ ਹੋਈਆਂ ਹਨ, ਜੰਗ ਖ਼ਤਮ ਨਹੀਂ ਹੋਈ।[9]

ਮਨਮੋਹਨ ਬਾਵਾ ਦਾ ਨਾਵਲ '1857 ਦਿੱਲੀ ਦਿੱਲੀ' ਸੰਨ 1857 ਵਿਚ ਹੋਏ ਵਿਦਰੋਹ ਦੀ ਗਾਥਾ ਨੂੰ ਬਿਆਨ ਕਰਦਾ ਹੈ। ਇਸ ਨਾਵਲ ਵਿਚ ਸੁਤੰਤਰਤਾ ਦੀ ਤਾਂਘ ਰੱਖਣ ਵਾਲੇ ਉਹਨਾਂ ਲੋਕਾਂ ਦੇ ਸੰਘਰਸ਼ ਦੀ ਦਾਸਤਾਨ ਦਰਜ ਹੈ ਜਿਨ੍ਹਾਂ ਨੇ ਅੰਗਰੇਜ਼ਾਂ ਦੀਆਂ ਅਮਾਨਵੀ ਨੀਤੀਆਂ ਵਿਰੁੱਧ ਆਪਣੀ ਇਕਜੁੱਟਤਾ ਦਾ ਸਬੂਤ ਦਿੱਤਾ। ਇਸ ਸੰਘਰਸ਼ ਵਿਚ ਸਿੱਖ ਅਤੇ ਪਠਾਣਾਂ ਦੀ ਕੌਮ ਨੇ ਇਕਜੁੱਟ ਹੋ ਕੇ ਅੰਗਰੇਜ਼ੀ ਫ਼ੌਜਾਂ ਦਾ ਸਾਹਮਣਾ ਕੀਤਾ। ਜੇਕਰ ਧਾਰਮਿਕ ਇਤਿਹਾਸਕ ਪਿਛੋਕੜ 'ਤੇ ਝਾਤ ਮਾਰੀਏ ਤਾਂ ਪਤਾ ਲਗਦਾ ਹੈ ਕਿ ਸਿੱਖਾਂ ਅਤੇ ਪਠਾਣਾਂ ਵਿਚ ਮੁੱਢ ਤੋਂ ਦੁਸ਼ਮਣੀ ਦੀ ਭਾਵਨਾ ਰਹੀ ਹੈ। ਪਰ 1857 ਦੇ ਅੰਦੋਲਨ ਵਿਚ ਭਾਰਤੀਆਂ ਨੇ ਮਜ਼ਹਬੀ ਵੰਡੀਆਂ ਤੋਂ ਉੱਤੇ ਉੱਠ ਕੇ ਅਨੇਕਤਾ ਵਿੱਚ ਏਕਤਾ ਦਾ ਪ੍ਰਮਾਣ ਦਿੱਤਾ। ਇਥੇ ਸਮੁੱਚੇ ਭਾਰਤ ਵਾਸੀਆਂ ਦੀ ਦੁਸ਼ਮਣੀ ਅੰਗਰੇਜ਼ਾਂ ਨਾਲ ਸੀ। ਦੂਜੇ ਪਾਸੇ ਅੰਗਰੇਜ਼ ਵੀ ਪਾੜੋ ਤੇ ਰਾਜ ਕਰੋ ਦੀ ਨੀਤੀ ਰਾਹੀਂ ਲੋਕਾਂ ਵਿਚ ਵੰਡੀਆਂ ਪਾਉਣ ਦੇ ਯਤਨ ਕਰ ਰਹੇ ਸਨ। ਨਾਵਲ ਦੇ ਪਾਤਰ ਬਿਜੈ ਸਿੰਘ ਦੇ ਬੋਲਾਂ ਰਾਹੀਂ ਅੰਗਰੇਜ਼ਾਂ ਪ੍ਰਤੀ ਨਫ਼ਰਤ ਦੀ ਭਾਵਨਾ ਸਪੱਸ਼ਟ ਹੁੰਦੀ ਹੈ:

> ਪਤਾ ਨਹੀਂ ਅੰਗਰੇਜ਼ ਕੌਮ ਦੀ ਰਚਨਾ ਪ੍ਰਮਾਤਮਾ ਨੇ ਕਿਉਂ ਕੀਤੀ? ਮੈਂ ਦਾਅਵੇ ਨਾ ਕਹਿ ਸਕਦਾ ਹਾਂ ਕਿ ਜੇ ਇਸ ਧਰਤੀ 'ਤੇ ਤੁਹਾਡੀ ਕੌਮ ਨਾ ਹੁੰਦੀ, ਤਾਂ ਦੁਨੀਆ ਨੇ ਜ਼ਿਆਦਾ ਸੁਖੀ ਹੋਣਾ ਸੀ। ਤੁਹਾਡੀ ਕੌਮ ਲੁਟੇਰਿਆਂ, ਸਮੁੰਦਰੀ ਡਾਕੂਆਂ ਦੀ ਕੌਮ ਹੈ। ਕੀਮਤੀ ਕੱਪੜਿਆਂ ਅਤੇ ਗੋਰੀ ਚਮੜੀ ਥੱਲੇ ਲੁਕੇ ਦਰਿੰਦੇ ਨਿਰਦਈ।[10]

ਮਨਮੋਹਨ ਬਾਵਾ ਦੇ ਇਤਿਹਾਸਕ ਨਾਵਲਾਂ ਬਾਰੇ ਕਿਹਾ ਜਾ ਸਕਦਾ ਹੈ ਕਿ ਇਹਨਾਂ ਨਾਵਲਾਂ ਵਿਚਲੀ ਇਤਿਹਾਸਕ ਚੇਤਨਾ ਬਹੁ-ਦਿਸ਼ਾਵੀ ਤੇ ਬਹੁ-ਪਰਤੀ ਸਰੋਕਾਰਾਂ ਨਾਲ ਸੰਬੰਧਿਤ ਹੈ ਜਿਸ ਰਾਹੀਂ ਬਾਵਾ ਨੇ ਇਤਿਹਾਸ ਦੇ ਅਣਗੌਲੇ ਤੱਥਾਂ ਨੂੰ ਤਰਕਸੰਗਤ ਦ੍ਰਿਸ਼ਟੀਕੋਣ ਰਾਹੀਂ ਬਿਰਤਾਂਤ ਰੂਪ ਵਿਚ ਢਾਲ ਕੇ ਪੇਸ਼ ਕੀਤਾ ਹੈ। ਇਹਨਾਂ ਰਚਨਾਵਾਂ ਦਾ ਕਾਲ-ਖੰਡ ਕਿਸੇ ਸਮੇਂ ਵਿਸ਼ੇਸ਼ ਨਾਲ ਸੰਬੰਧਿਤ ਨਹੀਂ, ਸਗੋਂ ਇਹ ਇਤਿਹਾਸਕ ਪੱਖ ਤੋਂ ਵੀ ਸਦੀਆਂ ਦੇ ਅੰਤਰਾਲ ਵਿਚ ਫੈਲਿਆ ਹੋਇਆ ਹੈ। ਪਿਛਲੇ ਦੌਰ ਦੇ ਇਤਿਹਾਸਕ ਨਾਵਲ ਕਿਸੇ ਖ਼ਾਸ ਵਿਚਾਰਧਾਰਾ ਦੀ ਪ੍ਰਤੀਨਿਧਤਾ ਕਰਦੇ ਹਨ। ਮਨਮੋਹਨ ਬਾਵਾ ਨੇ ਇਤਿਹਾਸ ਦੇ ਲੁਪਤ ਤੱਥਾਂ ਦੀ ਖ਼ੋਜਬੀਨ ਕਰਕੇ

ਉਹਨਾਂ ਨੂੰ ਸਮਕਾਲੀ ਸੰਦਰਭ ਵਿਚ ਵਰਤ ਕੇ ਪਾਠਕ ਵਰਗ ਦੀ ਇਤਿਹਾਸ ਪ੍ਰਤੀ ਰੁਚੀ ਵਿਚ ਵਾਧਾ ਕੀਤਾ ਹੈ।

ਇੱਕੀਵੀਂ ਸਦੀ ਵਿਚ ਰਚੇ ਜਾ ਰਹੇ ਇਤਿਹਾਸਕ ਪੰਜਾਬੀ ਨਾਵਲ ਜਗਤ ਵਿਚ ਆਪਣੀ ਵੱਖਰੀ ਪਛਾਣ ਬਣਾਉਣ ਵਾਲਾ ਇੱਕ ਹੋਰ ਨਾਵਲਕਾਰ ਬਲਦੇਵ ਸਿੰਘ ਹੈ। ਬਲਦੇਵ ਸਿੰਘ ਨੇ ਆਪਣੇ ਇਤਿਹਾਸਕ ਨਾਵਲਾਂ ਵਿਚ ਪੁਰਾਣੇ ਪੰਜਾਬ ਖੇਤਰ ਨਾਲ ਸੰਬੰਧਿਤ ਧਾਰਮਿਕ, ਰਾਜਸੀ ਅਤੇ ਲੋਕ ਨਾਇਕਾਂ ਦੀ ਪਛਾਣ ਨੂੰ ਮੁੜ-ਸੁਰਜੀਤ ਕੀਤਾ ਹੈ। ਜਦੋਂ ਰਾਜ-ਪ੍ਰਬੰਧ ਅਣਗੌਲੇ ਨਾਇਕਾਂ ਦੀਆਂ ਆਜ਼ਾਦੀ-ਪਸੰਦ ਅਤੇ ਲੋਕ-ਹਿਤੈਸ਼ੀ ਭਾਵਨਾਵਾਂ ਨੂੰ ਇਕ ਸੀਮਿਤ ਚੌਖਟੇ ਵਿਚ ਬੰਦ ਕਰ ਦਿੰਦਾ ਹੈ ਤਾਂ ਸੁਹਿਰਦ ਸਾਹਿਤਕਾਰਾਂ ਦਾ ਫਰਜ਼ ਬਣਦਾ ਹੈ ਕਿ ਇਹਨਾਂ ਨਾਇਕਾਂ ਦੀ ਵਿਚਾਰਧਾਰਾ ਨੂੰ ਲੋਕ ਮਨਾਂ ਵਿਚ ਵਿਹਾਰਿਕ ਪੱਧਰ 'ਤੇ ਮੁੜ ਸਥਾਪਿਤ ਕਰੇ। ਬਲਦੇਵ ਸਿੰਘ ਦੇ ਨਾਵਲ 'ਢਾਹਵਾਂ ਦਿੱਲੀ ਦੇ ਕਿੰਗਰੇ' ਵਿਚ ਬਾਰ ਦੇ ਇਲਾਕੇ ਨਾਲ ਸੰਬੰਧਿਤ ਲੋਕ ਨਾਇਕ ਦੀ ਗਲਪੀ-ਬਿਰਤਾਂਤ ਵਿਚ ਸਿਰਜਣਾ ਪੰਜਾਬੀ ਨਾਵਲ ਜਗਤ ਵਿਚ ਇਸ ਤਰਾਂ ਦਾ ਪਹਿਲਾ ਯਤਨ ਹੈ।

ਨਾਵਲੀ ਬਿਰਤਾਂਤ ਅਕਬਰ ਦੀਆਂ ਲੋਕ-ਮਾਰੂ ਨੀਤੀਆਂ ਵਿਰੁੱਧ ਸਾਂਦਲ ਬਾਰ ਦੇ ਇਲਾਕੇ ਨਾਲ ਸੰਬੰਧਿਤ ਲੋਕ ਨਾਇਕ ਦੁੱਲਾ ਭੱਟੀ ਦੀ ਬਗ਼ਾਵਤ ਅਤੇ ਨਾਬਰੀ ਦਾ ਪ੍ਰਵਚਨ ਸਿਰਜਦਾ ਹੈ। ਅਕਬਰ ਦੇ ਇਤਿਹਾਸਕਾਰਾਂ ਨੇ ਆਪਣੇ ਨਿੱਜੀ ਸੁਆਰਥਾਂ ਦੀ ਪੂਰਤੀ ਲਈ ਉਸ ਸਮੇਂ ਦੇ ਰਾਜਾਸ਼ਾਹੀ ਪ੍ਰਬੰਧ ਦੀਆਂ ਸਿਫਤਾਂ ਤਾਂ ਲਿਖੀਆਂ ਪਰ ਦੁੱਲੇ ਭੱਟੀ ਵਰਗੇ ਨਾਇਕਾਂ ਦੀ ਬਹਾਦਰੀ ਦਾ ਕਿਤੇ ਵੀ ਜ਼ਿਕਰ ਨਹੀਂ ਕੀਤਾ। ਅਕਬਰ ਦੀਆਂ ਧੱਕੇਸ਼ਾਹੀ ਨੀਤੀਆਂ ਦਾ ਡਟ ਕੇ ਵਿਰੋਧ ਕਰਦਾ ਹੋਇਆ ਦੁੱਲਾ ਭੱਟੀ ਲੋਕ ਲਹਿਰ ਦਾ ਅੰਗ ਬਣਦਾ ਹੈ ਅਤੇ ਆਪਣੇ ਵੱਡੇ-ਵਡੇਰਿਆਂ ਦੀ ਸੋਚ 'ਤੇ ਪਹਿਰਾ ਦਿੰਦਾ ਹੋਇਆ ਆਪਣੀ ਮਾਂ ਨੂੰ ਆਖਦਾ ਹੈ:

> ਇਹ ਹੌਸਲਾ ਹੁਣ ਤੇਰਾ ਦੁੱਲਾ ਕਰੇਗਾ ਮਾਂ ਤੇ ਦੁੱਲੇ ਦੇ ਯਾਰ-ਬੇਲੀ ਕਰਨਗੇ।...ਉਹ ਨਹੀਂ ਜਾਣਦਾ ਮਾਂ, ਸਜ਼ਾਵਾਂ ਬੰਦੇ ਦੇ ਜ਼ਮੀਰ ਨੂੰ ਨਹੀਂ ਬਦਲ ਸਕਦੀਆਂ। ਅੱਜ ਤੋਂ ਅੱਬਾ ਦਾ ਰਾਹ, ਸਾਡਾ ਰਾਹ। ਅਸੀਂ ਦਿੱਲੀ ਦੇ ਕਿੰਗਰੇ ਢਾਹ ਦਿਆਂਗੇ ਮਾਂ, ਤਖ਼ਤ ਲਾਹੌਰ ਨੂੰ ਭਾਜੜ ਪਾ ਦਿਆਂਗੇ। ਅਸੀਂ ਉਹ ਹਰ ਸ਼ੈਅ ਨੂੰ ਚੋਟ ਮਾਰਾਂਗੇ ਜਿਹੜੀ ਕਿਸੇ ਨਾ ਕਿਸੇ ਸਿਰੇ ਤੋਂ ਅਕਬਰ ਨਾਲ ਜਾ ਜੁੜਦੀ ਏ।[11]

ਦੁੱਲੇ ਦੇ ਇਹ ਬੋਲ ਸਥਾਪਤੀ ਦੀਆਂ ਵਧੀਕੀਆਂ ਪ੍ਰਤੀ ਨਾਬਰੀ ਦਾ ਪ੍ਰਗਟਾਵਾ ਹਨ। ਬਲਦੇਵ ਸਿੰਘ ਆਪਣੇ ਨਾਵਲ 'ਪੰਜਵਾਂ ਸਾਹਿਬਜ਼ਾਦਾ' ਰਾਹੀਂ ਸਿੱਖ ਇਤਿਹਾਸ ਨਾਲ ਸੰਬੰਧਿਤ ਉਸ ਮਹਾਂਨਾਇਕ ਦੇ ਜੀਵਨ ਦੀ ਪੁਨਰ-ਉਸਾਰੀ ਕਰਦਾ ਹੈ, ਜਿਸ ਦੀ ਅਦੁੱਤੀ ਸ਼ਹਾਦਤ ਨੂੰ ਇਤਿਹਾਸਕਾਰਾਂ ਨੇ ਲਗਭਗ ਅਣਗੌਲਿਆਂ ਹੀ ਕੀਤਾ ਹੈ। ਇਹ ਨਾਵਲ ਸਿੱਖ ਇਤਿਹਾਸ ਦੇ ਮਹਾਨ ਸ਼ਹੀਦ ਭਾਈ ਜੈਤਾ ਜੀ ਬਾਰੇ ਹੈ। ਭਾਈ ਜੈਤਾ ਜੀ (ਬਾਬਾ ਜੀਵਨ ਸਿੰਘ) ਇਤਿਹਾਸ ਦਾ ਉਹ ਮਹਾਨ ਯੋਧਾ ਹੈ ਜਿਸ ਨੇ ਕੌਮ ਦੀ ਖ਼ਾਤਿਰ ਆਪਣਾ ਪਰਿਵਾਰ ਸ਼ਹੀਦ ਕਰਵਾ ਦਿੱਤਾ।

> ਇਤਿਹਾਸ ਭਾਈ ਜੈਤਾ ਅਤੇ ਉਸਦੇ ਪਰਿਵਾਰ ਦੀ ਅਦੁੱਤੀ ਕੁਰਬਾਨੀ ਦਾ ਤਾਂ ਪੂਰਾ ਮੁੱਲ ਨਹੀਂ ਪਾ ਸਕਿਆ ਪਰ ਬਲਦੇਵ ਸਿੰਘ ਨੇ ਇਤਿਹਾਸ ਦੇ ਇਸ ਵੀਰ ਨਾਇਕ ਤੇ ਮਹਾਨ ਯੋਧੇ ਨੂੰ ਆਪਣੇ ਨਾਵਲ ਰਾਹੀਂ ਪੁਨਰ-ਸਥਾਪਿਤ ਕਰਕੇ ਇਕ ਸਾਹਿਤਕਾਰ ਵਜੋਂ ਬਣਦਾ ਫਰਜ਼ ਨਿਭਾਇਆ ਹੈ।[12]

ਬਲਦੇਵ ਸਿੰਘ ਦੇ ਨਾਵਲਾਂ ਬਾਰੇ ਮਹੱਤਵਪੂਰਨ ਗੱਲ ਇਹ ਹੈ ਕਿ ਉਸਦੇ ਨਾਵਲਾਂ ਦੇ

ਨਾਇਕ ਭਾਰਤੀ ਵਰਣ-ਵਿਵਸਥਾ ਵਿਚਲੇ ਨਿਮਾਣੇ ਤੇ ਨਿਤਾਣੇ ਵਰਗ ਨਾਲ ਸੰਬੰਧਿਤ ਹੁੰਦਿਆਂ ਹੋਇਆਂ ਵੀ ਵਿਚਾਰਧਾਰਕ ਪੱਧਰ ’ਤੇ ਅਸਾਧਾਰਨ ਨਾਇਕ ਹੋ ਨਿੱਬੜਦੇ ਹਨ ਅਤੇ ਆਮ ਲੋਕਾਈ ਦਾ ਸ਼ੋਸਣ ਕਰਨ ਵਾਲੀ ਜ਼ਾਬਰ ਧਿਰ ਦਾ ਡਟ ਕੇ ਵਿਰੋਧ ਕਰਦੇ ਹਨ। ਭਾਈ ਜੈਤਾ ਜੀ ਦਾ ਸੰਬੰਧ ਵੀ ਨੀਵੀਂ ਜਾਤੀ ਨਾਲ ਹੈ। ਉਹਨਾਂ ਦੇ ਪਿਤਾ ਜੀ ਗੁਰੂ ਤੇਗ ਬਹਾਦਰ ਜੀ ਦੇ ਸੱਚੇ ਸ਼ਰਧਾਲੂ ਸਨ ਅਤੇ ਭਾਈ ਜੈਤਾ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਅੰਗ ਰੱਖਿਅਕ ਅਤੇ ਸ਼ਰਧਾਲੂ ਸਨ। ਗੁਰੂ ਸਾਹਿਬ ਉਹਨਾਂ ਨੂੰ ਆਪਣਾ ਪੰਜਵਾਂ ਪੁੱਤਰ ਮੰਨਦੇ ਸਨ। ਜਦੋਂ ਗੁਰੂ ਤੇਗ ਬਹਾਦਰ ਦੀ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਚ ਸੀਸ ਧੜ ਨਾਲੋਂ ਜੁਦਾ ਕਰਕੇ ਸ਼ਹੀਦ ਕੀਤਾ ਗਿਆ ਤਾਂ ਭਾਈ ਜੈਤਾ ਜੀ ਨੇ ਉਹਨਾਂ ਸੀਸ ਤੇ ਧੜ ਉੱਥੋਂ ਚੁੱਕਣ ਲਈ ਆਪਣੇ ਪਿਤਾ ਸਦਾ ਨੰਦ ਦੀ ਕੁਰਬਾਨੀ ਦਿੱਤੀ। ਉਹਨਾਂ ਨੇ ਧਰਮ ਅਤੇ ਕੌਮ ਦੀ ਰੱਖਿਆ ਖਾਤਿਰ ਆਪਣੇ ਪਰਿਵਾਰ ਦਾ ਬਲਿਦਾਨ ਦੇ ਦਿੱਤਾ ਪਰ ਆਪਣੇ ਗੁਰੂ ਤੋਂ ਬੇ-ਮੁਖ ਹੋਣਾ ਠੀਕ ਨਹੀਂ ਸਮਝਿਆ:

> ਭਾਈ ਜੈਤਾ ਸੋਚਦਾ ਹੈ, ਰਾਜ ਦਾ ਮੋਹ ਭਰਿਆ ਨਹੋਰਾ ਸੁੱਟ ਪਾਉਣ ਵਾਲਾ ਨਹੀਂ ਹੈ। ਪਰ ਇਸ ਤਰ੍ਹਾਂ ਆਪਣਾ ਖ਼ਿਆਲ ਰੱਖਾਂਗਾ, ਪਰਿਵਾਰ ਦਾ ਖ਼ਿਆਲ ਰੱਖਾਂਗਾ ਤਾਂ ਗੁਰੂ ਤੋਂ ਬੇ-ਮੁਖ ਨਹੀਂ ਹੋ ਜਾਵਾਂਗਾ? ਇਹ ਮੇਰੇ ਜੀਂਵਦੇ ਜੀ ਤਾਂ ਹੋਵਣਾ ਨਹੀਂ। ਉਸ ਨੇ ਆਪਣਾ ਪੁੱਤਰ ਬਣਾਇਆ ਹੈ ਤਾਂ ਪਿਤਾ ਉਪਰ ਆਈ ਹਰ ਬਿਪਤਾ ਨੂੰ ਹਰਨ ਦੀ ਜ਼ਿੰਮੇਵਾਰੀ ਤਾਂ ਪੁੱਤਰ ਦੀ ਹੈ ਨਾ। ਗੁਰੂ ਪਿਤਾ ਦੀ ਪ੍ਰਵਾਹ ਕੀਤੇ ਬਿਨਾ ਪਰਿਵਾਰ ਦੀ ਪ੍ਰਵਾਹ ਕਿਵੇਂ ਕਰ ਸਕਦਾ ਹਾਂ?[13]

ਆਪਣੇ ਨਾਵਲ ‘ਸਤਲੁਜ ਵਹਿੰਦਾ ਰਿਹਾ’ ਵਿਚ ਬਲਦੇਵ ਸਿੰਘ ਨੇ ਭਗਤ ਸਿੰਘ ਨੂੰ ਲੋਕ ਮਨਾਂ ਵਿਚ ਲੋਕ ਨਾਇਕ ਵਜੋਂ ਪੁਨਰ-ਸਥਾਪਿਤ ਕੀਤਾ ਹੈ। ਭਗਤ ਸਿੰਘ ਨੇ ਕੁਝ ਸਾਲਾਂ ਵਿਚ ਹੀ ਸੁਤੰਤਰਤਾ ਲਈ ਚੱਲੀ ਲੋਕ ਲਹਿਰ ਨੂੰ ਨਵਾਂ ਮੋੜ ਦਿੱਤਾ। ਭਗਤ ਸਿੰਘ ਤੇ ਉਸਦੇ ਸਾਥੀਆਂ ਨੇ ਕੁਰਬਾਨੀ ਦੀ ਅਜਿਹੀ ਮਿਸਾਲ ਕਾਇਮ ਕੀਤੀ ਜਿਸ ਨੇ ਸਾਮਰਾਜੀ ਧਿਰ ਦੀਆਂ ਜੜ੍ਹਾਂ ਨੂੰ ਹਿਲਾ ਕੇ ਰੱਖ ਦਿੱਤਾ। ਉਹ ਆਪਣੀ ਬੌਧਿਕ ਚੇਤਨਾ ਰਾਹੀਂ ਨੌਜਵਾਨ, ਕਿਸਾਨ ਅਤੇ ਮਜ਼ਦੂਰ ਵਰਗ ਨੂੰ ਸੁਤੰਤਰਤਾ ਸੰਗਰਾਮ ਲਈ ਲਾਮਬੰਦ ਕਰਨ ਦੇ ਨਾਲ-ਨਾਲ ਖ਼ੁਦ ਵੀ ਲੋਕ-ਪੱਖੀ ਅੰਦੋਲਨਾ ਦਾ ਹਿੱਸਾ ਰਿਹਾ। ਉਸਨੇ ਬਰਤਾਨਵੀ ਹੁਕਮਰਾਨਾਂ ਦੀਆਂ ਸ਼ੋਸ਼ਣਕਾਰੀ ਨੀਤੀਆਂ ਵਿਰੁੱਧ ਹਥਿਆਰਬੰਦ ਅੰਦੋਨਲ ਵਿੱਢਣ ਦੀ ਵਕਾਲਤ ਕੀਤੀ। ਭਗਤ ਸਿੰਘ ਦਾ ਮਕਸਦ ਕੇਵਲ ਦੇਸ਼ ਨੂੰ ਆਜ਼ਾਦ ਕਰਾਉਣਾ ਹੀ ਨਹੀਂ, ਸਗੋਂ ਦੇਸ਼ ਦੀ ਸੁਤੰਤਰਤਾ ਤੋਂ ਬਾਅਦ ਸਮਾਜਵਾਦੀ ਇਨਕਲਾਬ ਦੀ ਸਥਾਪਨਾ ਕਰਨਾ ਸੀ। ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਬਲਦੇਵ ਸਿੰਘ ਦੇ ਇਸ ਨਾਇਕ ਦੀ ਵਿਚਾਰਧਾਰਕ ਗਤੀਸ਼ੀਲਤਾ ਬਾਰੇ ਲਿਖਦਾ ਹੈ :

> ਬਲਦੇਵ ਸਿੰਘ ਦਾ ਇਹ ਨਾਵਲ ਸ਼ਹੀਦ ਭਗਤ ਸਿੰਘ ਦੇ ਜੀਵਨ ਨੂੰ ਕੇਂਦਰ ਵਿਚ ਰੱਖਦਾ ਹੋਇਆ ਉਸਦੀ ਵਿਚਾਰਧਾਰਾ ਦੀ ਗਤੀਸ਼ੀਲਤਾ ਦਾ ਗਲਪੀ ਬਿੰਬ ਮੂਰਤੀਮਾਨ ਕਰਦਾ ਹੈ। ਕ੍ਰਾਂਤੀ ਬਾਰੇ ਉਸ ਦਾ ਸੰਕਲਪ ਕਿਸੇ ਵੀ ਤਰ੍ਹਾਂ ਦੀ ਅਰਾਜਕਤਾ ਪੈਦਾ ਕਰਨ ਵਾਲਾ ਨਹੀਂ, ਸਗੋਂ ਅਜਿਹੀ ਚੇਤਨਾ ਦਾ ਪਾਸਾਰ ਕਰਨ ਵਾਲਾ ਸੋਚਿਆ-ਸਮਝਿਆ ਪੈਂਤੜਾ ਹੈ, ਜਿਸ ਰਾਹੀਂ ਜਮਾਜ-ਰਹਿਤ ਸਮਾਜ ਅਰਥਾਤ ਸਮਾਜਵਾਦੀ ਦੀ ਉਸਾਰੀ ਨੂੰ ਯਕੀਨੀ ਬਣਾਇਆ ਜਾ ਸਕੇ।[14]

ਸਮੁੱਚੇ ਤੌਰ ’ਤੇ ਕਿਹਾ ਜਾ ਸਕਦਾ ਹੈ ਕਿ ਬਲਦੇਵ ਸਿੰਘ ਨੇ ਆਪਣੇ ਇਤਿਹਾਸਕ ਨਾਵਲਾਂ ਵਿਚ ਪੰਜਾਬ ਅਤੇ ਪੰਜਾਬੀਅਤ ਨਾਲ ਸੰਬੰਧਿਤ ਨਾਇਕਾਂ ਦੀ ਲੋਕ-ਪੱਖੀ ਭਾਵਨਾ ਨੂੰ

ਮੁੜ-ਸੁਰਜੀਤ ਕੀਤਾ ਹੈ। ਇਹਨਾਂ ਨਾਇਕਾਂ ਨੇ ਪੰਜਾਬੀ ਕੌਮੀਅਤ ਨੂੰ ਪਛਾਣ ਦਿਵਾਉਣ ਵਿਚ ਵੱਡੇ ਪੱਧਰ 'ਤੇ ਯੋਗਦਾਨ ਦਿੱਤਾ। ਦੇਸ਼ ਕੌਮ ਅਤੇ ਧਰਮ ਦੀ ਰੱਖਿਆ ਖ਼ਾਤਿਰ ਆਪਣੀਆਂ ਜਾਨਾਂ ਤੱਕ ਕੁਰਬਾਨ ਕਰ ਦਿੱਤੀਆਂ ਪਰ ਸਮੇਂ ਦੇ ਹੁਕਮਰਾਨਾਂ ਦੀ ਈਨ ਨਹੀਂ ਮੰਨੀ। ਇਸ ਤੋਂ ਪਹਿਲਾਂ ਭਗਤ ਸਿੰਘ, ਦੁੱਲਾ ਭੱਟੀ, ਬਾਬਾ ਬੰਦਾ ਸਿੰਘ ਬਹਾਦਰ ਅਤੇ ਭਾਈ ਜੈਤਾ ਜੀ ਦੇ ਸੰਘਰਸ਼ਮਈ ਜੀਵਨ ਦਾ ਜ਼ਿਕਰ ਗਿਣਤੀ ਦੀਆਂ ਰਚਨਾਵਾਂ ਵਿਚ ਮਿਲਦਾ ਹੈ ਪਰ ਬਲਦੇਵ ਸਿੰਘ ਇਹਨਾਂ ਮਹਾਨ ਸ਼ਖ਼ਸੀਅਤਾਂ ਦੀ ਵਿਚਾਰਧਾਰਾ ਨੂੰ ਗਲਪੀ-ਬਿੰਬ ਵਿਚ ਢਾਲ ਕੇ ਪੇਸ਼ ਕਰਨ ਦੇ ਯਤਨ ਸੁਚੇਤ ਪੱਧਰ 'ਤੇ ਕੀਤੇ।

ਸਮੁੱਚੀ ਵਿਚਾਰ ਚਰਚਾ ਉਪਰੰਤ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਨਾਵਲ ਦਾ ਮੁੱਢ ਬੇਸ਼ੱਕ ਰੁਮਾਂਟਿਕ ਇਤਿਹਾਸ ਚੇਤਨਾ ਨਾਲ ਬੱਝਾ ਪਰ ਸਮੇਂ ਦੇ ਫੇਰ ਨਾਲ ਪੰਜਾਬੀ ਨਾਵਲ ਵਿਚਲੀ ਇਤਿਹਾਸ ਚੇਤਨਾ ਵਧੇਰੇ ਪ੍ਰੋੜ੍ਹ ਹੁੰਦੀ ਗਈ। ਪੰਜਾਬ ਦਾ ਇਤਿਹਾਸ ਸ਼ਾਨਮੱਤਾ ਅਤੇ ਮਾਣਮੱਤਾ ਹੈ ਜੋ ਅਜੋਕੇ ਦੌਰ ਵਿਚ ਵੀ ਨਾਵਲਕਾਰਾਂ ਦੀ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਸਮਕਾਲੀ ਇਤਿਹਾਸਕ ਨਾਵਲਾਂ ਵਿਚ ਇਤਿਹਾਸ ਪ੍ਰਤੀ ਹਾਂ-ਮੁਖੀ ਪਹੁੰਚ ਅਪਣਾਈ ਜਾ ਰਹੀ ਹੈ, ਜਿਸ ਰਾਹੀਂ ਇਤਿਹਾਸ ਦੇ ਅਣਗੌਲੇ ਤੱਥ ਸਾਹਮਣੇ ਆ ਰਹੇ ਹਨ। ਵਰਤਮਾਨ ਵਿਚਲੀਆਂ ਸਮੱਸਿਆਵਾਂ ਨਾਲ ਨਜਿੱਠਣ ਲਈ ਇਤਿਹਾਸ ਮਾਰਗਦਰਸ਼ਕ ਦੀ ਭੂਮਿਕਾ ਨਿਭਾਉਂਦਾ ਹੈ। ਉਮੀਦ ਹੈ ਕਿ ਭਵਿੱਖ ਵਿਚ ਇਤਿਹਾਸਕ ਨਾਵਲ ਬਹੁ-ਪਰਤੀ ਸਰੋਕਾਰਾਂ ਨੂੰ ਆਪਣੇ ਕਲੇਵੇ ਵਿਚ ਲੈਂਦਾ ਹੋਇਆ ਹੋਰ ਵੀ ਪ੍ਰਫੁੱਲਿਤ ਹੋਵੇਗਾ।

## ਹਵਾਲੇ ਤੇ ਟਿੱਪਣੀਆਂ


1. Edward Hallet Carr. What is the History?, p. 27
2. ਭਾਈ ਵੀਰ ਸਿੰਘ, ਸੁੰਦਰੀ, ਪੰਨਾ-116
3. ਦਰਸ਼ਨ ਗਰੋਵਰ, ਪੰਜਾਬੀ ਇਤਿਹਾਸਕ ਨਾਵਲ, ਪੰਨਾ-134
4. ਉਹੀ, ਪੰਨਾ-232
5. ਮਨਮੋਹਨ ਬਾਵਾ, ਯੁਧ-ਨਾਦ, ਪੰਨਾ-86
6. ਉਹੀ, ਪੰਨਾ-201
7. ਉਹੀ, ਪੰਨਾ-202
8. ਉਹੀ, ਪੰਨਾ-212-213
9. ਮਨਮੋਹਨ ਬਾਵਾ, ਯੁਗ-ਅੰਤ, ਪੰਨਾ-28,29
10. ਮਨਮੋਹਨ ਬਾਵਾ, 1857 ਦਿੱਲੀ-ਦਿੱਲੀ, ਪੰਨਾ-41
11. ਬਲਦੇਵ ਸਿੰਘ, ਢਾਹਵਾਂ ਦਿੱਲੀ ਦੇ ਕਿੰਗਰੇ, ਪੰਨਾ-35
12. ਡਾ. ਸੁਰਿੰਦਰ ਕੁਮਾਰ ਦਵੇਸ਼ਵਰ, ਨਿਮਨ ਜਾਤੀ ਵਿਚਲੇ ਅਣਗੌਲੇ ਨਾਇਕ ਦਾ ਮਹਾਕਾਵਿਕ ਬਿਰਤਾਂਤ : ਪੰਜਵਾਂ ਸਾਹਿਬਜ਼ਾਦਾ, ਬਲਦੇਵ ਸਿੰਘ ਦੇ ਇਤਿਹਾਸਕ ਨਾਵਲਾਂ ਦਾ ਵਰਤਮਾਨ ਪ੍ਰਸੰਗ (ਸੰਪਾ.), ਗੁਰਜੀਤ ਸਿੰਘ ਸੰਧੂ, ਪੰਨਾ-86
13. ਬਲਦੇਵ ਸਿੰਘ, ਪੰਜਵਾਂ ਸਾਹਿਬਜ਼ਾਦਾ, ਪੰਨਾ-282
14. ਡਾ. ਸੁਰਿੰਦਰ ਕੁਮਾਰ ਦਵੇਸ਼ਵਰ, ਮਹਾਂਨਾਇਕ ਭਗਤ ਸਿੰਘ ਹੋਣ ਦੇ ਸਾਰ ਦੀ ਬਿਰਤਾਂਤਕਾਰੀ : ਸਤਲੁਜ ਵਹਿੰਦਾ ਰਿਹਾ, ਬਲਦੇਵ ਸਿੰਘ ਦੇ ਇਤਿਹਾਸਕ ਨਾਵਲਾਂ ਦਾ ਵਰਤਮਾਨ ਪ੍ਰਸੰਗ (ਸੰਪਾ.), ਗੁਰਜੀਤ ਸਿੰਘ ਸੰਧੂ (ਡਾ.), ਪੰਨਾ-133

# ਜਾਤੀ-ਜਮਾਤੀ ਦਵੰਦਾਂ ਦੇ ਵਿਵੇਕ ਦਾ ਚਿਤੇਰਾ:
# ਗੁਰਮੀਤ ਕੜਿਆਲਵੀ

-ਡਾ. ਗੁਰਮੀਤ ਸਿੰਘ

ਗੁਰਮੀਤ ਕੜਿਆਲਵੀ ਪੰਜਾਬੀ ਸਾਹਿਤ ਜਗਤ ਵਿਚ ਆਪਣੀ ਵੱਖਰੀ ਪਛਾਣ ਦਰਜ ਕਰ ਚੁੱਕਾ ਸਥਾਪਤ ਸਾਹਿਤਕਾਰ ਹੈ। ਉਸਨੇ ਬਹੁ-ਵਿਧਾਵੀ ਸਾਹਿਤਕਾਰ ਵਜੋਂ ਵਿਭਿੰਨ ਸਾਹਿਤਕ ਵਿਧਾਵਾਂ ਜਿਵੇਂ ਕਵਿਤਾ, ਕਹਾਣੀ, ਨਾਵਲ, ਨਾਟਕ, ਵਾਰਤਕ, ਵਿਚ ਰਚਨਾ ਕੀਤੀ। ਇਸ ਤੋਂ ਬਿਨਾਂ ਉਸਨੇ ਬਾਲ ਸਾਹਿਤ ਦੀ ਰਚਨਾ ਕੀਤੀ ਅਤੇ ਬਾਲ ਸਾਹਿਤ ਦੇ ਖੇਤਰ ਵਿਚ 'ਸੱਚੀ ਦੀ ਕਹਾਣੀ' ਪੁਸਤਕ ਲਈ 'ਭਾਰਤੀ ਸਾਹਿਤ ਅਕਾਦਮੀ ਪੁਰਸਕਾਰ' ਪ੍ਰਾਪਤ ਕੀਤਾ। ਰਚਨਾਤਮਕ ਸਾਹਿਤ ਰਚਦਿਆਂ ਭਾਵੇਂ ਉਸਨੇ ਵਿਭਿੰਨ ਵਿਧਾਵਾਂ ਵਿਚ ਰਚਨਾ ਕੀਤੀ ਪਰ ਉਸਨੂੰ ਵਧੇਰੇ ਪ੍ਰਸਿੱਧੀ ਕਹਾਣੀ ਵਿਧਾ ਰਾਹੀਂ ਪ੍ਰਾਪਤ ਹੋਈ। ਉਸਦੇ ਹੁਣ ਤੱਕ ਛੇ ਕਹਾਣੀ ਸੰਗ੍ਰਹਿ, 'ਅੱਕ ਦਾ ਬੂਟਾ' (1993), 'ਊਣੇ' (2001), 'ਆਤੂ ਖੋਜੀ' (2006), 'ਢਾਲ਼' (2014), 'ਹਾਰੀਂ ਨਾ ਬਚਨਿਆ' (2020) ਅਤੇ 'ਮੋਰ ਪੈਲ਼ ਕਿਉਂ ਨਹੀਂ ਪਾਉਂਦੇ' (2023) ਪ੍ਰਕਾਸ਼ਿਤ ਹੋ ਚੁੱਕੇ ਹਨ।

ਗੁਰਮੀਤ ਕੜਿਆਲਵੀ ਦੀ ਕਹਾਣੀ ਰਚਨਾ ਦਾ ਕੇਂਦਰ ਸਮਕਾਲੀ ਵਰਤਾਰੇ ਬਣਦੇ ਹਨ। ਸਮਕਾਲੀ ਵਰਤਾਰਿਆਂ ਨੂੰ ਕਹਾਣੀਆਂ ਰਾਹੀਂ ਪੇਸ਼ ਕਰਦਿਆਂ ਉਹ ਜਾਤੀ-ਜਮਾਤੀ ਵਖਰੇਵਿਆਂ ਅਤੇ ਬੇਤਰਤੀਬੀਆਂ ਨੂੰ ਪ੍ਰਾਥਮਿਕਤਾ ਦਿੰਦਾ ਹੈ। ਅਜਿਹੇ ਸਮਕਾਲੀ ਵਰਤਾਰਿਆਂ ਦਾ ਚਿਤਰਨ ਕਰਦਿਆਂ ਉਸਦੇ ਫੋਕਸ ਦਾ ਮੁੱਖ ਆਧਾਰ ਪੰਜਾਬੀ ਸਮਾਜ ਵਿਚਲੇ ਜਾਤੀ-ਜਮਾਤੀ ਦਵੰਦ ਬਣਦੇ ਹਨ। ਉਸਨੇ ਨਾਸਾਜ਼ਗਾਰ ਹਾਲਾਤ ਵਿਚ ਵੀ ਆਪਣੇ ਸਵੈ ਨੂੰ ਕਾਇਮ ਰੱਖਦੇ, ਕਿੱਤੇ ਨੂੰ ਧਰਮ ਮੰਨਦੇ, ਇਨਸਾਫ਼ ਨਾ ਮਿਲਣ 'ਤੇ ਵੀ ਆਪਣਾ ਹਠ ਪੁਗਾਉਂਦੇ ਬੰਦੇ ਨੂੰ ਕਹਾਣੀ ਬਿਰਤਾਂਤ ਰਾਹੀਂ ਚਿਤਰਿਆ ਹੈ। ਉਸਨੇ ਸਮਾਜਕ ਦਰਜੇਬੰਦੀ ਦਾ ਸ਼ਿਕਾਰ ਦਲਿਤ-ਸ਼੍ਰੇਣੀ ਦੀਆਂ ਸਮੱਸਿਆਵਾਂ, ਪ੍ਰੇਸ਼ਾਨੀਆਂ, ਔਕੜਾਂ, ਮੁਸ਼ਕਲਾਂ ਨੂੰ ਵਿਸ਼ੇਸ਼ ਤੌਰ 'ਤੇ ਕਹਾਣੀ ਬਿਰਤਾਂਤ ਦਾ ਹਿੱਸਾ ਬਣਾਇਆ ਹੈ। ਇਸ ਸ਼੍ਰੇਣੀ ਦੀ ਨਾਰੀ ਦੀਆਂ ਆਪਣੀਆਂ ਵੱਖਰੀਆਂ ਦਿੱਕਤਾਂ ਨੂੰ ਵਿਸ਼ੇਸ਼ ਤੌਰ 'ਤੇ ਚਿਤਰਿਆ ਹੈ। ਇਨ੍ਹਾਂ ਕਹਾਣੀਆਂ ਵਿਚ ਪਿੰਡ ਪੱਧਰ ਦੀ ਰਾਜਨੀਤੀ ਵਿਚ ਦਬਦਬਾ ਰੱਖਣ ਵਾਲੀ ਧਿਰ ਕਿਵੇਂ ਆਪਣੇ ਨਿੱਜੀ ਹਿਤਾਂ ਦੀ ਪੂਰਤੀ ਨੂੰ ਧਿਆਨ ਵਿਚ ਰੱਖਦੀ ਹੋਈ ਸਮਾਜਕ ਤੇ ਆਰਥਕ ਤੌਰ 'ਤੇ ਪਛੜੇ ਲੋਕਾਂ ਨੂੰ ਦਬਾਉਂਦੀ, ਲੋੜ ਪੈਣ 'ਤੇ ਨਾਲ ਰਲਾਉਂਦੀ, ਸਰਕਾਰੀ ਸਕੀਮਾਂ ਦਾ ਲਾਭ ਪਹੁੰਚਾਉਂਦੀ ਜਾਂ ਉਨ੍ਹਾਂ ਨੂੰ ਵਿਛੁੰਨੇ ਰੱਖਦੀ ਹੈ, ਨੂੰ ਵੱਖਰੇ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਗਿਆ ਹੈ। ਆਰਥਿਕ ਥੁੜਾਂ ਕਾਰਨ ਰਿਸ਼ਤਿਆਂ ਅੰਦਰ ਪਨਪਦੇ ਤਣਾਓ, ਨਸ਼ਿਆਂ ਵਿਚ ਗਰਕ ਹੁੰਦੀ ਜਵਾਨੀ, ਧਾਰਮਕ ਡੇਰਿਆਂ ਦੇ ਉਭਾਰ ਤੇ ਫੈਲਾਅ ਦੇ ਕਾਰਨਾਂ ਆਦਿ, ਨੂੰ ਕਹਾਣੀ ਬਿਰਤਾਂਤ ਰਾਹੀਂ ਨਿਵੇਕਲੇ ਢੰਗ ਰਾਹੀਂ ਚਿਤਰਿਆ ਗਿਆ ਹੈ। ਵਿਕਸਿਤ ਮੁਲਕਾਂ ਵੱਲ ਪਰਵਾਸ ਕਰਨ ਦੀ ਤੀਬਰ ਇੱਛਾ ਅਤੇ ਉਨ੍ਹਾਂ ਮੁਲਕਾਂ ਵਿਚ ਬਜ਼ੁਰਗਾਂ ਦੇ ਰੁਲਦੇ ਬੁਢਾਪੇ ਰਾਹੀਂ ਪਰਵਾਸ ਦੇ ਵਿਸ਼ੇ ਨੂੰ ਵੀ ਕਹਾਣੀਆਂ ਵਿਚ ਛੋਹਿਆ ਹੈ।

ਗੁਰਮੀਤ ਕੜਿਆਲਵੀ ਨੇ ਪਰੰਪਰਕ ਕਿੱਤੇ ਜਾਂ ਕਸਬ ਪ੍ਰਤੀ ਇਮਾਨਦਾਰੀ ਨਾਲ ਜੁੜੇ ਬੰਦੇ ਨੂੰ ਉਚੇਚੇ ਤੌਰ 'ਤੇ ਕਹਾਣੀ ਬਿਰਤਾਂਤ ਦਾ ਹਿੱਸਾ ਬਣਾਇਆ ਹੈ। ਅਜਿਹੀਆਂ ਕਹਾਣੀਆਂ

ਵਿਚ ਕਿੱਤੇ ਪ੍ਰਤੀ ਇਮਾਨਦਾਰੀ ਨਾਲ ਜੁੜੇ ਅਜਿਹੇ ਕਿਰਦਾਰ ਉੱਭਰ ਕੇ ਸਾਹਮਣੇ ਆਉਂਦੇ ਹਨ ਜੋ ਆਪਣੇ ਪਰੰਪਰਕ ਕਿੱਤਿਆਂ ਨਾਲ ਜੁੜੀਆਂ ਕਦਰਾਂ-ਕੀਮਤਾਂ ਨੂੰ ਨਾਲ ਲੈ ਕੇ ਚੱਲਦੇ ਹਨ ਅਤੇ ਕਿਸੇ ਪ੍ਰਕਾਰ ਦਾ ਸਮਝੌਤਾ ਨਹੀਂ ਕਰਦੇ। 'ਆਤੂ ਖੋਜੀ' ਕਹਾਣੀ ਵਿਚ ਆਤੂ ਆਪਣੇ ਕਿੱਤੇ ਨੂੰ ਸੱਚੀ-ਸੁੱਚੀ ਨੀਯਤ ਨਾਲ ਕਰਦਾ ਹੈ। ਇਹ ਇਮਾਨਦਾਰੀ ਉਸ ਲਈ ਹੀ ਨਹੀਂ ਉਸਦੇ ਪਰਿਵਾਰ ਲਈ ਗਹਿਰਾ ਦੁਖਾਂਤ ਸਿਰਜਦੀ ਹੈ। ਆਤੂ ਜੇਕਰ ਚਾਹੁੰਦਾ ਆਪਣੇ ਜਵਾਈ ਨੂੰ ਚੋਰੀ ਅਤੇ ਕਤਲ ਕੇਸ ਵਿਚੋਂ ਬਚਾ ਸਕਦਾ ਸੀ ਪਰ 'ਕਿਸਬ ਨੂੰ ਇਮਾਨਦਾਰੀ ਨਾਲ ਕਰਨਾ ਈ ਬੰਦੇ ਦਾ ਧਰਮ ਹੁੰਦਾ।', ਕਹਿਣ ਵਾਲਾ ਆਤੂ ਅਜਿਹਾ ਨਹੀਂ ਕਰਦਾ। ਜਿਸ ਦੇ ਚਲਦਿਆਂ ਉਸਦੀ ਧੀ ਦਾ ਘਰ ਉੱਜੜ ਜਾਂਦਾ ਹੈ ਤੇ ਉਹ ਪੇਕੇ ਘਰ ਆ ਬਹਿੰਦੀ ਹੈ। ਭਾਵੇਂ ਕਿ ਉਸਨੇ ਆਪਣੇ ਕਿੱਤੇ ਨਾਲ ਇਮਾਨਦਾਰੀ ਕੀਤੀ ਹੈ ਜਿਸ ਬਾਰੇ ਉਸਨੂੰ ਕਿਸੇ ਪ੍ਰਕਾਰ ਦੀ ਦੁਚਿੱਤੀ ਤਾਂ ਨਹੀਂ ਪਰ ਜਦੋਂ ਮਾਸਟਰ ਨਾਂ ਦਾ ਪਾਤਰ ਉਸਨੂੰ ਪੁੱਛਦਾ ਹੈ ਕਿ ਉਸਨੇ ਧੀ ਨਾਲ 'ਠੀਕ ਕੀਤੈ?', ਤਾਂ ਉਹ ਉਲਟਾ ਮਾਸਟਰ ਨੂੰ ਸਵਾਲ ਜ਼ਰੂਰ ਪੁੱਛਦਾ ਹੈ। ਇਸ ਸੰਬੰਧੀ ਮਾਸਟਰ ਅਤੇ ਆਤੂ ਦੀ ਵਾਰਤਾਲਾਪ ਇਸ ਪ੍ਰਕਾਰ ਹੈ:

> -ਤਾਇਆ ! ਤੂੰ ਪ੍ਰਾਹੁਣੇ ਨੂੰ ਬਚਾਅ ਸਕਦਾ ਸੀ ਨਾ? ਕੀ ਲੋੜ ਸੀ ਤੈਨੂੰ ਚੋਰੀ ਫੜਾਉਣ ਦੀ? ਠੀਕ ਕੀਤੈ ਸੀ ਤੂੰ?
>
> -ਮਛਟਰਾ ! ਆਵਦੇ ਜਾਣੀ ਤਾਂ ਠੀਕ ਕੀਤਾ ਸੀ। ਬਾਕੀ ਤੂੰ ਜ਼ਿਆਦਾ ਸਿਆਣਾ। ਤੂੰ ਦੱਸ ਠੀਕ ਕੀਤੈ ਮੈਂ?" ਆਤੂ ਨੇ ਉਲਟਾ ਸੁਆਲ ਕਰ ਦਿੱਤਾ ਸੀ।[1]

ਆਤੂ ਨੂੰ ਬਾਪ ਹੋਣ ਨਾਤੇ ਆਪਣੀ ਧੀ ਦੇ ਬੂਹੇ ਆ ਬੈਠਣ ਦਾ ਦੁੱਖ, ਤਕਲੀਫ਼, ਪ੍ਰੇਸ਼ਾਨੀ, ਝੋਰਾ ਜ਼ਰੂਰ ਹੈ ਪਰ ਆਪਣੇ ਕਿੱਤੇ ਨਾਲ ਇਮਾਨਦਾਰੀ ਕਰਦਿਆਂ ਕੀਤੇ ਗਏ ਫ਼ੈਸਲੇ ਸੰਬੰਧੀ ਕਿਸੇ ਪ੍ਰਕਾਰ ਦੀ ਦੁਚਿੱਤੀ, ਵਿਰੋਧਾਭਾਸ ਨਹੀਂ। ਆਤੂ ਖੋਜੀ ਆਪਣੇ ਕਿਰਦਾਰ ਨੂੰ ਜ਼ਿੰਦਗੀ ਦੇ ਵੱਡੇ ਤੋਂ ਵੱਡੇ ਹਨੇਰੀ-ਝੱਖੜਾਂ ਵਿਚ ਵੀ ਕਾਇਮ ਰੱਖਦਾ ਹੋਇਆ, ਸਚਾਈ ਦਾ ਸਾਹਮਣਾ ਕਰਦਾ ਹੋਇਆ ਡਿੱਗਣ ਨਹੀਂ ਦਿੰਦਾ। ਇਸੇ ਤਰ੍ਹਾਂ 'ਹਾਰੀਂ ਨਾ ਬਚਨਿਆ' ਕਹਾਣੀ ਵਿਚਲਾ ਬਚਨਾ ਅਤੇ ਉਸਦਾ ਭਰਾ ਸੁਰਜਨ ਸਿੰਘ ਬਾਜ਼ੀ ਪਾਉਣ ਦਾ ਕਿੱਤਾ ਕਰਦੇ ਹਨ। ਬਚਨੇ ਦਾ ਭਰਾ ਜਦੋਂ ਆਪਣੇ ਕਿੱਤੇ ਨਾਲ ਬੇਇਨਸਾਫ਼ੀ ਕਰਦਾ ਹੈ ਤਾਂ ਬਚਨਾ ਉਸਨੂੰ ਬੁਰੀ ਤਰ੍ਹਾਂ ਕੁੱਟਦਾ-ਮਾਰਦਾ ਹੈ। ਜਿਸ ਦੇ ਕਾਰਨ ਉਸਦੀ ਜਾਨ ਚਲੀ ਜਾਂਦੀ ਹੈ। ਕਹਾਣੀ ਦੁਖਾਂਤ ਦੀ ਸਿਖਰ ਨੂੰ ਉਸ ਸਮੇਂ ਛੂਹਦੀ ਹੈ ਜਦੋਂ ਬਚਨੇ ਦੀ ਪੋਤੀ ਵੀਰਾਂ ਨਾਲ ਬਲਾਤਕਾਰ ਹੋ ਜਾਣ 'ਤੇ ਪੁਲਿਸ ਅਫ਼ਸਰ ਆਪਣੇ ਕਿੱਤੇ ਨਾਲ ਇਨਸਾਫ਼ ਨਹੀਂ ਕਰਦੇ। ਇਸੇ ਲਈ ਬਚਨਾ ਆਪਣੀ ਪੋਤੀ ਨਾਲ ਹੋਈ ਵਧੀਕੀ ਦਾ ਇਨਸਾਫ਼ ਕਰਨ ਲਈ ਦੋਸ਼ੀਆਂ ਦਾ ਕਤਲ ਕਰ ਦਿੰਦਾ ਹੈ।

ਗੁਰਮੀਤ ਕੜਿਆਲਵੀ ਸਮਾਜ ਵਿਚਲੀਆਂ ਵਿਭਿੰਨ ਕਿਸਮ ਦੀਆਂ ਦਰਜੇਬੰਦੀਆਂ ਵਿਚੋਂ ਜਾਤ ਆਧਾਰਤ ਦਰਜੇਬੰਦੀਆਂ ਨੂੰ ਮੁੱਖ ਰੱਖ ਕੇ ਕਹਾਣੀ ਲਿਖਦਾ ਹੈ। ਇਸ ਪੱਖੋਂ ਦਲਿਤ-ਸ਼੍ਰੇਣੀ ਉਸ ਦੀਆਂ ਕਹਾਣੀਆਂ ਦਾ ਕੇਂਦਰੀ ਧੁਰਾ ਹੈ। ਇਸ ਸ਼੍ਰੇਣੀ ਦੀ ਸਥਿਤੀ ਨੂੰ ਆਪਣੀਆਂ ਕਹਾਣੀਆਂ ਰਾਹੀਂ ਪੇਸ਼ ਕਰਦਿਆਂ ਪ੍ਰੇਮ ਸੰਬੰਧਾਂ, ਜਿਨਸੀ ਸੰਬੰਧਾਂ, ਉੱਪਰਲੇ ਵਰਗ ਦੀ ਇਜਾਰੇਦਾਰੀ ਵਾਲੀ ਭਾਵਨਾ, ਕਿਸਾਨਾਂ ਅਤੇ ਮਜ਼ਦੂਰਾਂ ਵਿਚਲੀ ਤਲਖ਼ੀ, ਆਰਥਕ ਕਮਜ਼ੋਰੀਆਂ, ਜੀਵਨ ਵਿਚਲੀਆਂ ਆਮ ਸਹੂਲਤਾਂ ਤੋਂ ਵਿਹੂਣਾਪਨ, ਪੀੜੀ ਦਰ ਪੀੜੀ ਵਿਤਕਰੇ ਦੀ ਨਿਰੰਤਰਤਾ ਆਦਿ ਰਾਹੀਂ ਦ੍ਰਿਸ਼ਟੀਗੋਚਰ ਕਰਦਾ ਹੈ।

ਗੁਰਮੀਤ ਕੜਿਆਲਵੀ ਦੀਆਂ ਕਹਾਣੀਆਂ ਪ੍ਰੇਮ ਵਿਚ ਪਏ ਬੰਦੇ ਦੀਆਂ ਆਪਣੀਆਂ

ਜਾਤੀਗਤ ਪਛਾਣਾਂ ਦੇ ਚਲਦਿਆਂ ਅਧੂਰੇ ਪ੍ਰੇਮ ਦੀਆਂ ਕਹਾਣੀਆਂ ਹਨ। ਆਪਣੇ ਪ੍ਰੀਤਮ ਨਾਲ ਪ੍ਰੇਮ ਜਾਤੀ ਵਖਰੇਵਿਆਂ ਕਾਰਨ ਵਿਆਹ ਵਾਲੇ ਰਿਸ਼ਤੇ ਤੱਕ ਨਾ ਪਹੁੰਚਦਾ ਹੋਇਆ ਰਸਤੇ ਵਿਚ ਹੀ ਦਮ ਤੋੜ ਜਾਂਦਾ ਹੈ। ਉਨ੍ਹਾਂ ਨੂੰ ਨਾ ਚਾਹੁੰਦੇ ਹੋਏ ਵੀ ਸਮਾਜ ਦੀਆਂ ਬੰਦਿਸ਼ਾਂ ਅੱਗੇ ਝੁਕਣਾ ਪੈਂਦਾ ਹੈ। ਉਹ ਇੰਨੀ ਦਲੇਰੀ ਜਾਂ ਹਿੰਮਤ ਨਹੀਂ ਜੁਟਾ ਪਾਉਂਦੇ ਕਿ ਇਨ੍ਹਾਂ ਨੂੰ ਉਲੰਘ ਸਕਣ ਜਾਂ ਵਿਰੋਧ ਕਰਨ ਸਕਣ। ਦਲਿਤ-ਸ਼੍ਰੇਣੀ ਨਾਲ ਸੰਬੰਧਿਤ ਬੰਦਾ ਹੀ ਨਹੀਂ ਬਲਕਿ ਸਮਾਜਕ ਦਰਜੇਬੰਦੀ ਅਨੁਸਾਰ ਅਖੌਤੀ ਉੱਚੀ-ਸ਼੍ਰੇਣੀ ਨਾਲ ਸੰਬੰਧਿਤ ਬੰਦਾ ਵੀ ਸਮਾਜਕ ਦਬਾਵਾਂ ਕਰਕੇ ਇਸ ਸਥਿਤੀ ਦਾ ਦਲੇਰੀ ਨਾਲ ਸਾਹਮਣਾ ਨਹੀਂ ਕਰ ਪਾਉਂਦਾ। ਇਸ ਸ਼੍ਰੇਣੀ ਨਾਲ ਸੰਬੰਧਿਤ ਪਾਤਰਾਂ ਦੇ ਚੇਤਨ ਅਤੇ ਅਵਚੇਤਨ ਵਿਚਲਾ ਵਿਰੋਧਾਭਾਸ ਉਨ੍ਹਾਂ ਨੂੰ ਕਿਸੇ ਤਣ-ਪੱਤਣ ਨਹੀਂ ਲੱਗਣ ਦਿੰਦਾ। ਇਸ ਦੋ-ਫਾੜ ਵਾਲੀ ਮਾਨਸਿਕਤਾ ਕਾਰਨ ਉਨ੍ਹਾਂ ਦਾ ਭਵਿੱਖ ਵਿਚ ਇਕੱਠੇ ਰਹਿਣ ਦਾ ਫ਼ੈਸਲਾ ਨਾ ਕਰ ਸਕਣਾ ਉਨ੍ਹਾਂ ਦੇ ਸਾਥੀ ਲਈ ਹੀ ਨਹੀਂ ਬਲਕਿ ਖ਼ੁਦ ਲਈ ਵੀ ਦੁਖਾਂਤਕ ਹੋਣੀ ਸਿਰਜਦਾ ਹੈ।

ਗੁਰਮੀਤ ਕੜਿਆਲਵੀ ਉੱਪਰਲੇ ਵਰਗ ਦੀ ਮਾਨਸਿਕਤਾ ਵਿਚ ਘਰ ਕਰ ਚੁੱਕੀ ਵਿਤਕਰੇ ਵਾਲੀ ਭਾਵਨਾ ਨੂੰ ਚੇਤਨ ਅਤੇ ਅਵਚੇਤਨ ਦੋਨਾਂ ਪੱਧਰਾਂ ਉੱਪਰ ਚਿਤਰਦਾ ਹੈ। 'ਮੋਰ ਪੈਲ਼ ਕਿਉਂ ਨਹੀਂ ਪਾਉਂਦੇ' ਕਹਾਣੀ ਦਾ ਜਗਦੇਵ ਸਿੰਘ ਅਤੇ 'ਅਲੇਹਾ' ਕਹਾਣੀ ਦੀ ਮਨਦੀਪ ਚੇਤਨ ਪੱਧਰ ਉੱਪਰ ਜਾਤੀਗਤ ਪਛਾਣਾਂ ਨੂੰ ਨਕਾਰਦੇ ਦਿਖਾਈ ਦਿੰਦੇ ਹਨ। ਪਰ ਉਹ ਇਨ੍ਹਾਂ ਹੱਦ-ਬੰਨਿਆਂ ਨੂੰ ਉਲੰਘਣ ਲਈ ਸਰਗਰਮ ਰੂਪ ਵਿਚ ਉਚੇਚਾ ਯਤਨ ਨਹੀਂ ਕਰਦੇ। ਜਿਸ ਕਾਰਨ ਉਹ ਸਫਲ ਨਹੀਂ ਹੁੰਦੇ। ਉਨ੍ਹਾਂ ਦੇ ਅਸਫਲ ਹੋਣ ਦਾ ਕਾਰਨ ਕਿਤੇ ਨਾ ਕਿਤੇ ਉਨ੍ਹਾਂ ਦੇ ਚੇਤਨ ਅਤੇ ਅਵਚੇਤਨ ਵਿਚਲਾ ਵਿਰੋਧਾਭਾਸ ਬਣਦਾ ਹੈ। ਜਗਦੇਵ ਸਿੰਘ ਦੀ ਆਪਣੀ ਜਵਾਨੀ ਸਮੇਂ ਸਥਿਤੀ ਅਜਿਹੀ ਨਹੀਂ ਕਿ ਉਹ ਵਿਰੋਧ ਕਰਕੇ ਪਾਰੋ ਨਾਲ ਆਪਣੀ ਪ੍ਰੀਤ ਨੂੰ ਸਿਰੇ ਚੜ੍ਹਾ ਸਕਦਾ ਹੋਵੇ। ਲੰਮੇ ਸਮੇਂ ਦੇ ਅੰਤਰਾਲ ਬਾਅਦ ਉਨ੍ਹਾਂ ਦੇ ਬੱਚੇ ਜਵਾਨ ਹੋ ਚੁੱਕੇ ਹਨ ਤੇ ਉਹ ਆਪ ਪ੍ਰਿੰਸੀਪਲ ਬਣ ਚੁੱਕਾ ਹੈ। ਹੁਣ ਉਸਦੇ ਸਾਹਮਣੇ ਭਾਣਜੀ ਰਵਨੀਤ ਦੇ ਰੂਪ ਵਿਚ ਉਹੀ ਮਸਲਾ ਖੜ੍ਹਾ ਹੈ। ਰਵਨੀਤ ਆਪਣੇ ਨਾਲ ਕੰਮ ਕਰਦੇ ਦਲਿਤ ਮੁੰਡੇ ਨਾਲ ਵਿਆਹ ਕਰਵਾਉਣਾ ਚਾਹੁੰਦੀ ਹੈ। ਅੱਜ ਉਸਦੀ ਸਥਿਤੀ ਇਹ ਹੈ ਕਿ ਉਹ ਆਪਣੀ ਗੱਲ ਭਾਵੇਂ ਕਿਸੇ ਤੋਂ ਨਾ ਵੀ ਮਨਵਾ ਸਕਦਾ ਹੋਵੇ ਪਰ ਆਪਣੀ ਗੱਲ ਖੁੱਲ੍ਹ ਕੇ ਰੱਖ ਸਕਦਾ ਹੈ। ਪਰ ਉਹ ਚਾਹੁੰਦੇ ਹੋਏ ਵੀ ਰਵਨੀਤ ਦੇ ਹੱਕ ਵਿਚ ਖੜਨਾ ਤਾਂ ਦੂਰ, ਬੋਲ ਵੀ ਨਹੀਂ ਸਕਦਾ। ਉਹ ਮਨ ਹੀ ਮਨ ਸੋਚਦਾ ਹੈ:

> ਰਵਨੀਤ ਦੇ ਹੱਕ 'ਚ ਮਾੜਾ ਮੋਟਾ ਵੀ ਡੱਕਾ ਸੁੱਟਿਆ, ਭੈਣ ਨੇ ਭੜਕ ਪੈਣਾ ਹੈ, "ਤੂੰ ਆਪਣੀ ਧੀ ਦਾ ਰਿਸ਼ਤਾ ਕਰਦੇਂਗਾ ਓਸ ਘਰੇ?" ਮੈਂ ਇਹ ਵੀ ਜਾਣਦਾ ਹਾਂ ਕਿ ਭੈਣ ਦੇ ਅਜਿਹੇ ਸਵਾਲ ਦੇ ਜੁਆਬ 'ਚ ਮੈਥੋਂ 'ਹਾਂ' ਨਹੀਂ ਕਹੀ ਜਾਣੀ।[6]

ਇਸ ਤੋਂ ਬਿਨਾਂ ਕਹਾਣੀ ਬਿਰਤਾਂਤ ਵਿਚ ਜਗਦੇਵ ਸਿੰਘ ਦੀ ਨਿੱਕੇ ਦੇ ਮੁੰਡੇ ਬਲੌਰ ਨਾਲ ਵਾਰਤਾਲਾਪ ਦੌਰਾਨ ਵੀ ਉਸਦੇ ਅਵਚੇਤਨ ਵਿਚਲੀ ਅਜਿਹੀ ਸੋਚ ਦ੍ਰਿਸ਼ਟੀਗੋਚਰ ਹੁੰਦੀ ਹੈ। 'ਅਲੇਹਾ' ਕਹਾਣੀ ਵਿਚ ਮਨਦੀਪ ਦੀ ਜੱਸ ਨਾਲ ਪ੍ਰੀਤ ਨੂੰ ਜਾਤੀ ਬੰਧਨਾਂ ਕਰਕੇ ਪੂਰ ਨਹੀਂ ਪੈਂਦਾ। ਵਿਰੋਧਾਭਾਸ ਇਹ ਹੈ ਕਿ ਜੱਸ ਨਾਲ ਵਿਆਹ ਸਮੇਂ 'ਨੱਕ-ਨਮੂਜ, ਊਚ-ਨੀਚ, ਜਾਤ-ਪਾਤ, ਬਾਪ ਦੀ ਪੱਗ, ਸ਼ਰੀਕਾਚਾਰੀ-ਸਮਾਜ' ਆਦਿ ਵਰਗੀਆਂ ਰੋਕਾਂ ਸਿਰ ਚੁੱਕੀ ਖੜੀਆਂ ਹੁੰਦੀਆਂ ਹਨ ਉੱਥੇ ਜਦੋਂ ਮਨਦੀਪ ਦਾ ਉਸਦੀ ਉਮਰ ਨਾਲੋਂ ਦੁੱਗਣੀ ਉਮਰ ਦੇ ਕੈਨੇਡਾ ਵਿਚ ਰਹਿੰਦੇ ਹਿੰਦੂ ਪਰਿਵਾਰ ਨਾਲ ਸੰਬੰਧਿਤ ਹਰੀਸ਼ ਨਾਲ ਵਿਆਹ ਕਰ ਦਿੱਤਾ ਜਾਂਦਾ ਹੈ ਤਾਂ ਇਹ ਬੰਧਨ, ਰੋਕਾਂ ਸਭ

ਮਨਫ਼ੀ ਹੋ ਜਾਂਦੀਆਂ ਹਨ।

ਇਸੇ ਵਿਰੋਧਾਭਾਸ ਦਾ ਸ਼ਿਕਾਰ ਮਨਦੀਪ ਦੀ ਮਾਨਸਿਕਤਾ ਦਾ ਚੇਤਨ ਅਤੇ ਅਵਚੇਤਨ ਹੈ। ਉਹ ਆਪਣੇ ਗਵਾਂਢ ਵਿਚ ਰਹਿੰਦੀ ਆਇਰਸ਼ ਗੋਰੀ ਲਿੰਡਾ ਦੇ ਵਿਆਹ ਨਾ ਕਰਵਾਉਣ, ਇਕੱਲੇ ਰਹਿਣ, ਇੰਗਲੈਂਡ ਦੇ ਜੌਹਨ ਨਾਲ ਦੋਸਤੀ, ਜੌਹਨ ਨਾਲ 'ਵਰਲਡ ਟੂਰ' 'ਤੇ ਤੁਰੇ ਰਹਿਣ, ਕਿਸੇ ਤਰ੍ਹਾਂ ਦੇ ਬੰਧਨਾਂ ਨੂੰ ਨਾ ਮੰਨਣ ਆਦਿ ਤੋਂ ਬਹੁਤ ਪ੍ਰਭਾਵਿਤ ਹੁੰਦੀ ਹੈ। ਲਿੰਡਾ ਦੇ ਇਕ ਅਫ਼ਰੀਕਨ ਕੁੜੀ ਗੋਦ ਲੈਣ ਤੋਂ ਪ੍ਰਭਾਵਿਤ ਹੁੰਦੀ ਹੋਈ ਉਹ ਆਪ ਵੀ ਇਕ ਬੱਚਾ ਗੋਦ ਲੈਣਾ ਚਾਹੁੰਦੀ ਹੈ। ਬੱਚਾ ਗੋਦ ਲੈਣ ਬਾਰੇ ਜਦੋਂ ਉਹ ਕੁਮਾਰ ਨਾਲ ਫ਼ੋਨ 'ਤੇ ਗੱਲ ਕਰ ਰਹੀਂ ਹੁੰਦੀ ਹੈ ਤਾਂ ਉਸਦੇ ਅਵਚੇਤਨ ਵਿਚ ਪਈਆਂ ਜਾਤੀਗਤ ਪਛਾਣਾਂ ਨਸਲੀ ਵਿਤਕਰੇ ਦੇ ਰੂਪ ਵਿਚ ਉਜਾਗਰ ਹੁੰਦੀਆਂ ਹਨ। ਮਿਸਾਲ ਦੇ ਤੌਰ 'ਤੇ ਮਨਦੀਪ ਦੀ ਕੁਮਾਰ ਨਾਲ ਫ਼ੋਨ 'ਤੇ ਹੋ ਰਹੀ ਵਾਰਤਾਲਾਪ ਇਸ ਦੀ ਪੁਸ਼ਟੀ ਕਰਦੀ ਹੈ:

> ਮੈਂ ਦੋ ਕੁ ਮਹੀਨੇ ਪਹਿਲਾਂ ਆਈ ਸੀ ਇੰਡੀਆ। ਇੱਕ ਬੱਚੀ ਦੇਖੀ ਵੀ ਸੀ।
> ਫਿਰ ਕਰ ਲੈਣੀ ਸੀ ਅਡੋਪਟ – ਹੋਰ ਕੀ ਚਾਹੀਦਾ ਸੀ?
> ਸਰ, ਕੁੜੀ ਕੁੱਝ ਜ਼ਿਆਦਾ ਹੀ ਸਾਂਵਲੇ ਰੰਗ ਦੀ ਸੀ। ਕਮ-ਸੇ-ਕਮ ਬੱਚਾ ਪਰਿਵਾਰ 'ਚ ਰਲਦਾ ਮਿਲਦਾ ਤਾਂ ਹੋਵੇ। ਆਖ਼ਰ ਬੰਦੇ ਨੇ ਸੁਸਾਇਟੀ 'ਚ ਵੀ ਤਾਂ ਵਿਚਰਨਾ ਹੁੰਦਾ।[3]

ਉਹ ਖ਼ੁਦ ਸਮਾਜਕ ਦਰਜੇਬੰਦੀਆਂ ਦਾ ਸ਼ਿਕਾਰ ਹੋਈ ਹੈ। ਦੂਜਿਆਂ ਦੇ ਇਸ ਤੋਂ ਮੁਕਤ ਹੋਣ ਨੂੰ ਸਲਾਹੁੰਦੀ ਹੈ। ਪਰ ਉਸਦੇ ਜ਼ਿਹਨ ਵਿਚ ਇਹ ਜੜ੍ਹਾਂ ਇੰਨੀਆਂ ਡੂੰਘੀਆਂ ਧਸੀਆਂ ਹੋਇਆ ਹਨ ਕਿ ਉਹ ਇਸ ਤੋਂ ਮੁਕਤ ਨਹੀਂ ਹੋ ਪਾਉਂਦੀ। ਇਨ੍ਹਾਂ ਕਹਾਣੀਆਂ ਦੇ ਬਿਰਤਾਂਤ ਵਿਚ ਜੇਕਰ ਕਿਧਰੇ ਜਾਤੀਗਤ ਵਖਰੇਵੇਂ ਵਾਲੇ ਪ੍ਰੇਮ ਸੰਬੰਧ ਵਿਆਹ ਰਾਹੀਂ ਪੂਰ ਚੜ੍ਹਦੇ ਵੀ ਹਨ ਤਾਂ ਉਹ ਬਿਰਤਾਂਤ ਦਾ ਮੁੱਖ ਹਿੱਸਾ ਨਹੀਂ ਬਣਦੇ। ਪਰ ਪਿੱਠਭੂਮੀ ਵਿਚ ਪ੍ਰਭਾਵੀ ਤੌਰ 'ਤੇ ਕਾਰਜਸ਼ੀਲ ਰਹਿੰਦੇ ਹਨ। ਅਜਿਹੇ ਵਿਆਹ ਦਾ ਬਾਕੀ ਪਰਿਵਾਰਕ ਮੈਂਬਰਾਂ 'ਤੇ ਪਿਆ ਪ੍ਰਭਾਵ ਜਾਂ ਸਾਕ-ਸਬੰਧੀਆਂ ਵਿਚ ਹੁੰਦੀ ਚਰਚਾ ਬਿਰਤਾਂਤ ਦੀ ਟੇਕ ਬਣਦੇ ਹਨ। 'ਚੀਕ' ਕਹਾਣੀ ਵਿਚ ਪਰਮੀਤ ਦੀ ਵੱਡੀ ਭੈਣ ਵੱਲੋਂ ਆਪਣੀ ਮਰਜ਼ੀ ਨਾਲ ਕਰਵਾਏ ਅੰਤਰ ਜਾਤੀ ਵਿਆਹ ਕਾਰਨ ਪਰਮੀਤ ਦੇ ਸਹੁਰੇ ਪਰਿਵਾਰ ਵੱਲੋਂ ਹੀ ਨਹੀਂ ਬਲਕਿ ਜਿਸ ਸਕੂਲ ਵਿਚ ਉਹ ਪੜ੍ਹਾਉਂਦੀ ਹੈ, ਉੱਥੋਂ ਦੇ ਅਧਿਆਪਕ ਸਟਾਫ਼ ਵੱਲੋਂ ਵੀ ਉਸਨੂੰ ਸਿੱਧੇ-ਅਸਿੱਧੇ ਰੂਪ ਵਿਚ ਵਿਅੰਗ ਕੀਤੇ ਜਾਂਦੇ ਹਨ। ਕਹਾਣੀ ਵਿਚ ਰਿਜ਼ਰਵ ਕੋਟੇ ਨਾਲ ਸੰਬੰਧਿਤ ਹੋਣ ਕਾਰਨ ਹੈੱਡ ਮਾਸਟਰ ਨੂੰ ਸਕੂਲ ਦੇ ਅਧਿਆਪਕਾਂ ਵੱਲੋਂ ਗੱਲੀਂ-ਬਾਤੀਂ ਨੀਵਾਂ ਦਿਖਾਏ ਜਾਣ 'ਤੇ ਜਦੋਂ ਪਰਮੀਤ ਉਸਦੀ ਮਦਾਦ ਕਰਦੀ ਹੈ ਤਾਂ ਭੈਣ ਦੇ ਦਲਿਤ ਪਰਿਵਾਰ ਵਿਚ ਵਿਆਹੇ ਹੋਣ ਕਾਰਨ, ਉਸਨੂੰ ਵੀ ਗੁੱਝੀਆਂ ਆਰਾਂ ਲਾਈਆਂ ਜਾਂਦੀਆਂ ਹਨ। ਮਿਸਾਲ ਵਜੋਂ:

> "ਮੈਡਮ ਪਰਮੀਤ ਦੀ ਤਾਂ ਹੈੱਡ ਸਾਹਿਬ ਵਰਗੇ ਕੋਟੇ ਵਾਲਿਆਂ ਨਾਲ ਕੋਈ ਖਾਸੀ ਹਮਦਰਦੀ ਆ।" ਢੰਡ ਨੇ ਟੇਢੇ ਢੰਗ ਨਾਲ ਵਿਅੰਗ ਕੀਤਾ ਸੀ। ਮੈਨੂੰ ਜਾਪਦਾ ਢੰਡ ਹਮਦਰਦੀ ਦੀ ਥਾਵੇਂ 'ਨੇੜਲੀ ਰਿਸ਼ਤੇਦਾਰੀ' ਸ਼ਬਦ ਵਰਤਣਾ ਚਾਹੁੰਦਾ ਹੋਵੇ।[4]

ਗੁਰਮੀਤ ਕੜਿਆਲਵੀ ਦੀਆਂ ਕਹਾਣੀਆਂ ਵਿਚ ਇਸ ਸ਼੍ਰੇਣੀ ਨੂੰ ਵੱਖੋ-ਵੱਖਰੀਆਂ ਪ੍ਰਸਥਿਤੀਆਂ ਵਿਚੋਂ ਲੰਘਾਉਂਦਿਆਂ ਇਸ ਪੱਖ ਨੂੰ ਵੀ ਉਭਾਰਿਆ ਗਿਆ ਹੈ ਕਿ ਅਜਿਹੀਆਂ ਸਮਾਜਕ ਦਰਜੇਬੰਦੀਆਂ ਦੇ ਚਲਦਿਆਂ ਬੰਦੇ ਦੇ ਸੁਭਾਅ ਵਿਚਲੇ ਗੁਣ, ਚੰਗਿਆਈ ਅਤੇ ਇੱਥੋ ਤੱਕ ਕਿ ਸੁੰਦਰਤਾ ਵੀ ਪਿੱਛੇ ਰਹਿ ਜਾਂਦੇ ਹਨ। ਸਮਾਜ ਵਿਚ ਰਹਿੰਦਿਆਂ ਦੁਜੈਲੀ ਸਥਿਤੀ ਉਨ੍ਹਾਂ ਦੇ

ਦੁਖਾਂਤ ਦਾ ਅਸਲ ਕਾਰਨ ਬਣਦੀ ਹੈ। 'ਮੋਰ ਪੈਲ਼ ਕਿਉਂ ਨਹੀਂ ਪਾਉਂਦੇ' ਕਹਾਣੀ ਵਿਚ ਜਗਦੇਵ ਦੀ ਮਾਂ ਉਸ ਨਾਲ ਪਾਰੋ ਬਾਰੇ ਗੱਲ ਕਰਦੀ ਹੋਈ ਕਹਿੰਦੀ ਹੈ:

> ਹੋਰ ਏਦੂੰ ਮਾੜੇ ਲੇਖ ਕੀ ਹੋਣਗੇ ਐਨੀ ਸੋਹਣੀ ਸਚਿਆਰੀ ਕੁੜੀ ਕੰਮੀਆਂ ਕਮੀਨਾਂ ਦੇ ਘਰੇ ਜੰਮਪੀ। ਕਿਸੇ ਜੱਟਾਂ ਜ਼ਿਮੀਦਾਰਾਂ ਦੇ ਜੰਮੀ ਹੁੰਦੀ ?
>
> ਫੇਰ ਕੀ ਹੋ ਜਾਂਦਾ --?
>
> ਹੋਣਾ ਕੀ ਸੀ? ਏਹਦੇ ਭੂਆ ਫੁੱਫੜ ਤੋਂ ਝੋਲੀ ਅੱਡ ਕੇ ਮੰਗ ਲੈਂਦੀ ਤੇਰੇ ਆਸਤੇ।[5]

ਪਾਰੋ ਦੇ ਦਲਿਤ ਘਰ ਜੰਮੇ ਹੋਣ ਕਾਰਨ ਹੀ ਉਸਦੇ ਵਿਅਕਤੀਤਵ ਵਿਚਲੇ ਬਾਕੀ ਗੁਣ ਨਜ਼ਰਅੰਦਾਜ਼ ਕਰ ਦਿੱਤੇ ਜਾਂਦੇ ਹਨ। ਇਸ ਸ਼੍ਰੇਣੀ ਨਾਲ ਸੰਬੰਧ ਹੀ ਉਸਨੂੰ ਨਿਗੁਣਾ ਬਣਾ ਦਿੰਦਾ ਹੈ।

ਗੁਰਮੀਤ ਕੜਿਆਲਵੀ ਨੇ ਪਿੰਡ ਪੱਧਰ ਉੱਪਰ ਜ਼ਿਮੀਂਦਾਰਾ ਵਰਗ ਅਤੇ ਬੇਜ਼ਮੀਨੇ ਵਰਗ ਰਾਹੀਂ ਵੀ ਦਲਿਤ-ਸ਼?ਰੇਣੀ ਦੀ ਹੋਣੀ ਨੂੰ ਚਿਤਰਿਆ ਹੈ। ਅੱਜ ਵੀ ਪਿੰਡ ਦਾ ਆਰਥਕ ਤਾਣਾ-ਬਾਣਾ ਵਧੇਰੇ ਕਰਕੇ ਖੇਤੀ ਉੱਪਰ ਨਿਰਭਰ ਹੈ। ਖੇਤੀ ਦਾ ਵੱਡਾ ਭਾਗ ਤੇ ਉਸ ਨਾਲ ਸੰਬੰਧਿਤ ਸ੍ਰੋਤ ਖ਼ਾਸ ਵਰਗ ਕੋਲ ਹਨ। ਇਨ੍ਹਾਂ ਦੋਨਾਂ ਧਿਰਾਂ ਵਿਚਲੀ ਤਲਖ਼ੀ ਦੇ ਚਲਦਿਆਂ ਸਾਧਨਾਂ ਦੀ ਘਾਟ ਕਾਰਨ ਦਲਿਤ-ਸ਼੍ਰੇਣੀ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। 'ਪਿੰਡ ਆਏਂ ਨ੍ਹੀ ਮਰਦਾ' ਕਹਾਣੀ ਵਿਚ ਪਿੰਡ ਦਾ ਜ਼ਿਮੀਂਦਾਰਾ ਵਰਗ ਵਿਹੜੇ ਵਾਲਿਆਂ ਵੱਲੋਂ ਝੋਨੇ ਦੀ ਲਵਾਈ ਵਧਾਉਣ ਕਾਰਨ ਉਨ੍ਹਾਂ ਦਾ ਬਾਈਕਾਟ ਕਰ ਦਿੰਦਾ ਹੈ। ਔਖ ਭਾਵੇਂ ਦੋਨਾਂ ਧਿਰਾਂ ਨੂੰ ਹੁੰਦੀ ਹੈ ਪਰ ਖੇਤੀ 'ਤੇ ਨਿਰਭਰ ਪਿੰਡ ਦੀ ਆਰਥਕਤਾ ਦੇ ਸ੍ਰੋਤ ਜਿਵੇਂ ਜ਼ਮੀਨ, ਪਸ਼ੂਆਂ ਲਈ ਚਾਰਾ, ਪਿੰਡ ਵਿਚ ਦਿਹਾੜੀ ਕਰਕੇ ਹੋਣ ਵਾਲੀ ਆਮਦਨ ਆਦਿ, ਜ਼ਿਮੀਂਦਾਰਾ ਵਰਗ ਕੋਲ ਹੋਣ ਕਾਰਨ ਵਿਹੜੇ ਵਾਲਿਆਂ ਲਈ ਵੱਡੀ ਸਮੱਸਿਆ ਬਣ ਜਾਂਦੀ ਹੈ। ਮਾੜੇ-ਚੰਗੇ ਸਮੇਂ ਉਨ੍ਹਾਂ ਦੀ ਮਦਦਗਾਰ ਬਣਦੀ ਆਰਥਕ ਪੱਖੋਂ ਸੰਪੰਨ ਧਿਰ ਨਾਲ ਕਿਵੇਂ ਤਲਖ਼ੀ ਪੈਦਾ ਹੋ ਜਾਂਦੀ ਹੈ? ਇਹ ਗੱਲ ਠੋਲੇ ਵਰਗਿਆਂ ਦੀ ਸਮਝ ਤੋਂ ਬਾਹਰ ਹੈ। ਠੋਲਾ ਇਸ ਬਾਰੇ ਹਰਬੰਸ ਕੌਰ ਨਾਲ ਗੱਲ ਕਰਦਿਆਂ ਕਹਿੰਦਾ ਹੈ:

> ਹਜੇ ਕੱਲ੍ਹ ਦੀਆਂ ਗੱਲਾਂ। ਕਰੋਨੇ ਦੀ ਬਿਮਾਰੀ ਦੇ ਦਿਨਾਂ 'ਚ ਘਰੋ ਘਰੀ ਰਾਸ਼ਨ ਵੰਡਦੇ ਫਿਰਦੇ ਸੀਗੇ। ਫਿਰ ਜਦੋਂ ਆਹ ਕਾਨੂੰਨਾਂ ਆਲ਼ਾ ਰੌਲਾ ਪਿਆ, ਓਦੋਂ ਵੀ ਕਿਸਾਨ ਮਜ਼ਦੂਰ ਏਕਤਾ ਜਿੰਦਾਬਾਦ ਦੇ ਨਾਰ੍ਹੇ ਲੱਗਦੇ ਸੀਗੇ। ਆਹ ਝੋਨਿਆਂ ਦੀ ਲਵਾਈ ਵੇਲੇ ਪਤਾ ਨ੍ਹੀ ਕੀ ਸਾੜਸਤੀ ਫਿਰ ਜਾਂਦੀ।[6]

ਗੁਰਮੀਤ ਕੜਿਆਲਵੀ ਦਲਿਤਾਂ ਵਿਚ ਸਮੇਂ ਦੇ ਨਾਲ ਆ ਰਹੀ ਚੇਤਨਾ ਨੂੰ ਵੀ ਕਹਾਣੀ ਬਿਰਤਾਂਤ ਵਿਚ ਪੇਸ਼ ਕਰਦਾ ਹੈ। ਭਾਵੇਂ ਕਿ ਉਨ੍ਹਾਂ ਨੂੰ ਇਸ ਵਿਚ ਸਫਲ ਹੁੰਦੇ ਨਹੀਂ ਚਿਤਰਦਾ। ਇਸ ਸ਼੍ਰੇਣੀ ਵੱਲੋਂ ਫ਼ਸਲਾਂ ਦੀ ਵਾਢੀ ਸਮੇਂ ਰੋਟੀ-ਪਾਣੀ ਦੇਣ ਸਮੇਂ ਹੁੰਦੇ ਵਿਤਕਰੇ ਖ਼ਿਲਾਫ਼, ਪੰਚਾਇਤੀ ਜ਼ਮੀਨ ਦੀ ਬੋਲੀ ਵਿਚ ਬਣਦੇ ਅਧਿਕਾਰ ਨਾ ਦਿੱਤੇ ਜਾਣ ਖ਼ਿਲਾਫ਼, ਹੱਕੀ ਮੰਗਾਂ ਲਈ ਸ਼੍ਰੇਣੀ ਦੀ ਬਜਾਏ ਗਰੀਬੀ ਨੂੰ ਆਧਾਰ ਬਣਾਉਣ ਲਈ, ਜਥੇਬੰਦੀਆਂ ਵਿਚ ਸ਼ਾਮਲ ਹੋ ਕੇ ਲੋਕਾਂ ਨੂੰ ਜਾਗਰੂਕ ਕਰਨਾ ਤੇ ਇਸ ਸ਼?ਰੇਣੀ ਨਾਲ ਹੁੰਦੇ ਧੱਕੇ ਖ਼ਿਲਾਫ਼, ਆਵਾਜ਼ ਬੁਲੰਦ ਕਰਨ ਦੇ ਬਿਰਤਾਂਤਕ ਵੇਰਵੇ ਇਕ ਤੋਂ ਵਧੇਰੇ ਕਹਾਣੀਆਂ ਦੇ ਬਿਰਤਾਂਤ ਦਾ ਹਿੱਸੇ ਬਣਦੇ ਹਨ। ਮਿਸਾਲ ਵਜੋਂ 'ਛਿਲਤਰਾਂ' ਕਹਾਣੀ ਵਿਚ ਪੰਚਾਇਤੀ ਜ਼ਮੀਨ ਲਈ ਸ਼ੰਘਰਸ਼ ਕਰ ਰਹੀ ਕਮੇਟੀ ਦੀਆਂ ਮੰਗਾਂ ਵਿਚੋਂ ਇਕ ਮੰਗ ਜਿਸ ਨੇ ਆਮ ਛੋਟੇ ਕਿਸਾਨਾਂ ਨੂੰ ਨਾਲ ਜੋੜਿਆ, ਉਸਦਾ ਬਿਰਤਾਂਤਕ ਵੇਰਵਾ ਇਸ ਪ੍ਰਕਾਰ ਹੈ:

> ਦਲਿਤਾਂ ਨੂੰ ਤੀਜੇ ਹਿੱਸੇ ਦੀ ਬਣਦੀ ਜ਼ਮੀਨ ਦੇਣ ਦੇ ਨਾਲ-ਨਾਲ ਇਹਨਾਂ ਜਥੇਬੰਦੀਆਂ

ਨੇ ਇਹ ਗੱਲ ਵੀ ਜ਼ੋਰ-ਸ਼ੋਰ ਨਾਲ ਚੁੱਕ ਲਈ ਸੀ ਕਿ ਪੰਚਾਇਤੀ ਜ਼ਮੀਨ ਦੀ ਬੋਲੀ ਦੇਣ ਦਾ ਅਧਿਕਾਰ ਤਕੜੇ ਜ਼ਿਮੀਦਾਰਾਂ ਨੂੰ ਨਹੀਂ ਬਲਕਿ ਪੰਜ ਏਕੜ ਤੋਂ ਘੱਟ ਜ਼ਮੀਨ ਦੇ ਮਾਲਕ ਕਿਸਨਾਂ ਨੂੰ ਹੀ ਹੋਣਾ ਚਾਹੀਦਾ ਹੈ।... ਅਜਿਹੀ ਮੰਗ ਕਰਨ ਨਾਲ ਪਿੰਡ ਦੇ ਛੋਟੇ ਕਿਸਾਨ ਵੀ ਦਲਿਤਾਂ ਦਾ ਹੁੰਗਾਰਾ ਭਰਨ ਲੱਗ ਪਏ ਸਨ।7

ਅਜੋਕੇ ਸਮਾਜ ਵਿਚ ਸਿੱਖਿਆ ਨੇ ਹਰ ਖੇਤਰ ਵਿਚ ਵੱਡੇ ਪੱਧਰ ਉੱਪਰ ਤਬਦੀਲੀ ਲਿਆਉਣ ਦੇ ਨਾਲ ਬੰਦੇ ਦੇ ਮਾਨਸਿਕ ਪੱਧਰ ਨੂੰ ਵੀ ਉੱਚਾ ਚੁੱਕਿਆ ਹੈ। ਸਿੱਖਿਅਤ ਹੋਣ ਨਾਲ ਰੁਜ਼ਗਾਰ ਦੇ ਮੌਕੇ ਪੈਦਾ ਹੋਏ ਜਿਸ ਨੇ ਆਰਥਕਤਾ ਨੂੰ ਸਾਵਾਂ ਬਣਾਉਣ ਵਿਚ ਅਹਿਮ ਰੋਲ ਨਿਭਾਇਆ ਹੈ। ਭਾਵੇਂ ਇਸ ਨਾਲ ਬਹੁਤ ਸਾਰੀਆਂ ਹੋਰਨਾਂ ਸਮਾਜਕ ਦਰਜੇਬੰਦੀਆਂ ਦੇ ਨਾਲ-ਨਾਲ ਜਾਤੀ ਆਧਾਰਤ ਦਰਜੇਬੰਦੀਆਂ ਵੀ ਅਸਰ-ਅੰਦਾਜ਼ ਹੋਈਆਂ ਪਰ ਇਹ ਵਰਤਾਰਾ ਇੰਨਾ ਸਰਲ ਤੇ ਸਪਸ਼ਟ ਨਹੀਂ ਹੈ। ਜ਼ਮੀਨੀ ਧਰਾਤਲ ਉੱਪਰ ਜਾਤੀ ਵਿਤਕਰਾ ਬਹੁਤ ਵਿਕਰਾਲ ਰੂਪ ਵਿਚ ਦਿਸਦੇ ਤੇ ਅਣਦਿਸਦੇ, ਲੁਕਵੇਂ ਤੇ ਸਪਸ਼ਟ, ਦੋਨਾਂ ਰੂਪਾਂ ਵਿਚ ਹਾਜ਼ਰ ਹੈ। ਇਸ ਸ਼੍ਰੇਣੀ ਨਾਲ ਸੰਬੰਧਿਤ ਬੰਦੇ ਨੂੰ ਆਰਥਕ ਤੌਰ 'ਤੇ ਸੰਪੰਨ ਹੋ ਜਾਣ ਦੇ ਬਾਵਜੂਦ ਵੀ ਕਿਤੇ ਨਾ ਕਿਤੇ ਵਿਤਕਰੇ ਦਾ ਸ਼ਿਕਾਰ ਹੋਣਾ ਪੈਂਦਾ ਹੈ। ਭੀਮ ਇੰਦਰ ਸਿੰਘ ਅਨੁਸਾਰ:

"ਇਹ (ਦਲਿਤ) ਮੱਧ ਵਰਗੀ ਤਬਕਾ ਆਪਣੀ ਆਰਥਿਕ ਹਾਲਤ ਦੀ ਬੇਹਤਰੀ ਕਰਕੇ ਜਿਸ ਜਮਾਤ ਵਿੱਚ ਪਹੁੰਚ ਚੁੱਕਾ ਹੈ ਉਥੇ ਉਸ ਨੂੰ ਸਮਾਜਿਕ ਤੇ ਮਾਨਸਿਕ ਤੌਰ ਉਤੇ ਇਕ ਹੱਦ ਤਕ ਭੇਦ-ਭਾਵ ਦਾ ਸ਼ਿਕਾਰ ਹੋਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਅੱਜ ਵੀ ਉਸ ਨੂੰ ਜਾਤੀ ਨਫ਼ਰਤ ਤੇ ਅਪਮਾਨ ਦਾ ਸਾਹਮਣਾ ਕਰਨਾ ਪੈਂਦਾ ਹੈ।"[8]

ਗੁਰਮੀਤ ਕੜਿਆਲਵੀ ਆਪਣੀਆਂ ਕਹਾਣੀਆਂ ਵਿਚ ਜਾਤੀ ਵਿਤਕਰੇ ਦੀ ਪੇਸ਼ਕਾਰੀ ਵਿਅੰਗਮਈ ਢੰਗ ਨਾਲ ਕਰਨ ਨੂੰ ਤਰਜੀਹ ਦਿੰਦਾ ਹੈ। ਵਿਅੰਗਮਈ ਸਥਿਤੀ ਦੀ ਸਿਰਜਨਾ ਕਰਨ ਲਈ ਉਹ ਪੜ੍ਹੇ-ਲਿਖੇ ਵਰਗ ਜਿਵੇਂ ਕਿ ਸਰਕਾਰੀ ਦਫ਼ਤਰਾਂ ਵਿਚ ਵੱਖ-ਵੱਖ ਅਹੁਦਿਆਂ 'ਤੇ ਕੰਮ ਕਰਦੇ ਅਫ਼ਸਰਾਂ, ਕਰਮਚਾਰੀਆਂ ਤੇ ਖ਼ਾਸ ਕਰ ਸਕੂਲ ਮਾਸਟਰਾਂ ਜਿਨ੍ਹਾਂ ਨੂੰ ਭਵਿੱਖ ਦੇ ਸਮਾਜ ਨਿਰਮਾਤਾ ਕਿਹਾ ਜਾਂਦਾ ਹੈ, ਨੂੰ ਇਨ੍ਹਾਂ ਵਲਗਣਾਂ ਵਿਚ ਫਸੇ ਦਿਖਾਉਂਦਾ ਹੈ। 'ਦਰੋਣਾਚਾਰੀਆ' ਕਹਾਣੀ ਇਸ ਵਿਸ਼ੇ ਨਾਲ ਸੰਬੰਧਿਤ ਕਹਾਣੀਆਂ ਵਿਚੋਂ ਹੈ। ਇਸ ਕਹਾਣੀ ਦਾ ਬਿਰਤਾਂਤ ਪੜ੍ਹੇ-ਲਿਖੇ ਵਰਗ ਸਕੂਲ ਮਾਸਟਰਾਂ ਦੁਆਲੇ ਘੁੰਮਦਾ ਹੈ। ਬੰਦਾ ਪੜ੍ਹ-ਲਿਖ ਜਾਣ ਤੋਂ ਬਾਅਦ ਚੰਗੀ ਨੌਕਰੀ ਪ੍ਰਾਪਤ ਕਰ ਕੇ ਆਪਣੀ ਆਰਥਕ ਸਥਿਤੀ ਤਾਂ ਭਾਵੇਂ ਸੁਧਾਰ ਸਕਦਾ ਹੈ ਪਰ ਉਹ ਆਪਣੀ ਜਾਤ ਨੂੰ ਨਹੀਂ ਬਦਲ ਸਕਦਾ ਅਤੇ ਨਾ ਹੀ ਵਿਤਕਰੇ ਦਾ ਸ਼ਿਕਾਰ ਹੋਣੋਂ ਖ਼ੁਦ ਨੂੰ ਬਚਾ ਸਕਦਾ ਹੈ। ਕਹਾਣੀ ਵਿਚ ਮਾਸਟਰ ਸਵਰਨ ਸਿੰਘ ਆਪਣੇ ਦਲਿਤ ਹੋਣ ਕਾਰਨ ਅਜਿਹੀ ਹੋਣੀ ਹੰਢਾਉਂਦਾ ਹੈ। ਇਹੀ ਸਥਿਤੀ ਜਾਤੀ ਦਾ ਅਭਿਮਾਨ ਕਰਨ ਵਾਲੀ ਧਿਰ ਦੀ ਹੈ ਜੋ ਪੜ੍ਹ-ਲਿਖ ਜਾਣ ਦੇ ਬਾਵਜੂਦ ਵੀ ਆਪਣੀ ਮਾਨਸਿਕਤਾ ਵਿਚ ਘਰ ਕਰ ਚੁੱਕੀਆਂ ਇਨ੍ਹਾਂ ਦਰਜੇਬੰਦੀਆਂ ਤੋਂ ਪਿੱਛਾ ਨਹੀਂ ਛੁਡਾ ਸਕਦੀ। ਕਹਾਣੀ ਵਿਚ ਮਾਸਟਰ ਕੁਲਵੰਤ ਸਿੰਘ ਅਜਿਹੀ ਮਾਨਸਿਕਤਾ ਦੀ ਪੈਰਵਾਈ ਕਰਦਾ ਹੈ। ਉਹ ਆਪਣੇ 'ਖ਼ਾਨਦਾਨ' ਦਾ ਅਭਿਮਾਨ ਕਰਦਿਆਂ ਮਾਸਟਰ ਸਵਰਨ ਸਿੰਘ ਨੂੰ ਉਸਦੇ ਦਲਿਤ ਹੋਣ ਕਾਰਨ ਗੱਲੀਂ-ਬਾਤੀਂ ਕਿਸੇ ਨਾ ਕਿਸੇ ਤਰ੍ਹਾਂ ਨੀਵਾਂ ਦਿਖਾਉਂਦਾ ਰਹਿੰਦਾ ਹੈ। ਮਾਸਟਰ ਸਵਰਨ ਸਿੰਘ ਉਸਨੂੰ ਮੋੜਵਾਂ ਜਵਾਬ ਦੇਣ ਦੀ ਬਜਾਏ ਕੰਮ ਰਾਹੀਂ ਇਮਾਨਦਾਰੀ ਨਾਲ ਮਿਹਨਤ ਕਰਦਿਆਂ ਜਵਾਬ ਦੇਣ ਦੇ ਹੱਕ ਵਿਚ ਹੈ। ਪਰ ਉਸਨੂੰ ਇਸ ਪਾਸੇ

ਵੀ ਸਫਲਤਾ ਨਹੀਂ ਮਿਲਦੀ। ਪੰਦਰਾਂ ਅਗਸਤ ਵਾਲੇ ਦਿਨ ਡਿਪਟੀ ਕਮਿਸ਼ਨਰ ਵੱਲੋਂ ਸਨਮਾਨਿਤ ਕੀਤੇ ਜਾਣ ਵਾਲੇ ਅਧਿਆਪਕਾਂ ਵਿਚ ਕੁਲਵੰਤ ਸਿੰਘ ਆਪਣੀ ਪਹੁੰਚ ਸਦਕਾ ਸਵਰਨ ਸਿੰਘ ਦੀ ਬਜਾਏ ਆਪਣਾ ਨਾਮ ਪਵਾ ਲੈਂਦਾ ਹੈ। ਉਸਦੀ ਦਲਿਤ ਵਿਰੋਧੀ ਸੋਚ ਉੱਘੜਵੇਂ ਰੂਪ ਵਿਚ ਉਸ ਸਮੇਂ ਉਜਾਗਰ ਹੁੰਦੀ ਹੈ ਜਦੋਂ ਉਹ ਮਾਸਟਰ ਗਰੇਵਾਲ ਨਾਲ ਬੱਚਿਆਂ ਨੂੰ ਨਾ ਪੜ੍ਹਾਉਣ ਬਾਰੇ ਗੱਲ ਕਰਦਾ ਹੋਇਆ ਕਹਿੰਦਾ ਹੈ:

ਸਾਹਬ ਜੀ ! ਮੈਨੂੰ ਸਮਝ ਨ੍ਹੀ ਲੱਗਦੀ ਤੁਸੀਂ ਕਿਉਂ ਐਵੇਂ ਟੁੱਟ ਟੁੱਟ ਮਰਦੇ ਰਹਿਨੈ ਓਂ? ਇਨ੍ਹਾਂ ਲੋਕਾਂ ਨੂੰ ਪੜ੍ਹਾ ਕੇ ਆਵਦੇ ਜੁਆਕਾਂ ਦਾ ਭਵਿੱਖ ਖਰਾਬ ਕਰਨ ਵਾਲੀ ਗੱਲ ਹੈ। ਏਸ ਚੀਂਗਰ ਪੋਟ ਨੂੰ ਤਾਂ ਓਨਾ ਕੁ ਈ ਪੜ੍ਹਾਓ ਜੀਹਦੇ ਬਿਨ੍ਹਾ ਸਰਦਾ ਨਾ ਹੋਵੇ। ਜੇ ਇਹ ਸਾਲੀ ਸਾਰੀ ਲਗੌੜ ਪੜ੍ਹਗੀ, ਕੋਈ ਕੰਮ ਕਰਨ ਵਾਲਾ ਵੀ ਨ੍ਹੀ ਮਿਲਿਆ ਕਰਨਾ।[੭]

ਇਸ ਤੋਂ ਬਿਨਾਂ ਪਿੰਡ ਦੀ ਪੰਚਾਇਤ ਦੇ ਮੋਹਰੀ ਬੰਦਿਆਂ ਵੱਲੋਂ ਮਾਸਟਰ ਗਰੇਵਾਲ ਨਾਲ ਦਲਿਤ ਬੱਚਿਆਂ ਦੀ ਸਕੂਲ ਵਿਚ ਹਾਜ਼ਰੀ ਵਧ ਜਾਣ ਬਾਰੇ ਹੋ ਰਹੀ ਵਾਰਤਾਲਾਪ ਦੌਰਾਨ ਵਰਤੇ ਗਏ ਬੋਲ ਜਿਵੇਂ, 'ਕੰਮੀਆਂ ਕਮੀਣਾਂ ਦੇ ਜੁਆਕ ਸਕੂਲ ਖਿੱਚ ਲਿਆਂਦੇ', 'ਜੇ ਇਹ ਕੁਜਾਤਾਂ ਪੜ੍ਹ ਗਈਆਂ, ਸਾਡੇ ਕੰਮ ਕੌਣ ਕਰੂ?', 'ਚਾਰ ਅੱਖਰ ਪੜ੍ਹਗੇ ਫੇਰ ਤਾਂ ਆਪਣੇ ਆਪ ਨੂੰ ਚਾਣਕਿਆ ਈ ਸਮਝਣ ਲੱਗ ਪੈਣਗੇ' ਆਦਿ ਉਨ੍ਹਾਂ ਦੀ ਦਲਿਤ ਵਿਰੋਧੀ ਸੌੜੀ ਸੋਚ ਨੂੰ ਉਜਾਗਰ ਕਰਦੇ ਹਨ। ਇਸ ਤੋਂ ਬਿਨਾਂ 'ਕਾਰਗੁਜ਼ਾਰੀ', 'ਚੀਕਾ' ਵਰਗੀਆਂ ਕਹਾਣੀਆਂ ਇਸੇ ਸੰਦਰਭ ਨਾਲ ਸੰਬੰਧਿਤ ਹਨ।

ਗੁਰਮੀਤ ਕੜਿਆਲਵੀ ਨੇ ਦਲਿਤਾਂ ਦੀ ਸਥਿਤੀ ਨੂੰ ਜਿਉਂ ਦਾ ਤਿਉਂ ਬਣਾਈ ਰੱਖਣ ਵਿਚ ਰਾਜਨੀਤਕ ਲੋਕਾਂ ਦੀ ਭੂਮਿਕਾ ਨੂੰ ਵੀ ਪੇਸ਼ ਕੀਤਾ ਹੈ। ਇਸ ਦੀ ਪੇਸ਼ਕਾਰੀ ਲਈ ਉਹ ਪਿੰਡ ਵਿਚਲੀ ਪੰਚਾਇਤ ਤੋਂ ਲੈ ਕੇ ਵੱਡੇ ਰਾਜਨੀਤਕ ਅਹੁਦਿਆਂ 'ਤੇ ਬੈਠੇ ਰਾਜਨੇਤਾਵਾਂ ਦੀ ਨੀਤ, ਨੀਤੀ ਅਤੇ ਮਨਸ਼ਾ ਨੂੰ ਬਿਰਤਾਂਤ ਦਾ ਆਧਾਰ ਬਣਾਉਂਦਿਆਂ ਉਨ੍ਹਾਂ ਦੀ ਕਾਰਗੁਜ਼ਾਰੀ ਨੂੰ ਕੇਂਦਰ ਵਿਚ ਰੱਖਦਾ ਹੈ। ਦਲਿਤ-ਸ਼੍ਰੇਣੀ ਨੂੰ ਧਿਆਨ ਵਿਚ ਰੱਖ ਕੇ ਸਰਕਾਰਾਂ ਵੱਲੋਂ ਕਈ ਲਭਾਉਣੀਆਂ ਨੀਤੀਆਂ ਰਾਹੀਂ ਆਰਥਕ ਮਦਦ ਲਈ ਸਕੀਮਾਂ ਚਲਾਈਆਂ ਜਾਂਦੀਆਂ ਹਨ। ਜਿਨ੍ਹਾਂ ਦਾ ਲਾਭ ਅਸਲ ਲੋੜਵੰਦਾਂ ਤਕ ਨਹੀਂ ਪਹੁੰਚਦਾ। ਜੇਕਰ 'ਇਉਂ ਨ੍ਹੀ ਸਰਨਾ' ਦੇ ਸੀਤੇ ਵਰਗਾ ਲੋੜਵੰਦ ਖ਼ੁਦ ਹੰਭਲਾ ਮਾਰਦਾ ਹੈ ਤਾਂ ਉਸਨੂੰ ਵੀ ਸਰਕਾਰੇ ਦਰਬਾਰੇ ਵੱਡੇ-ਛੋਟੇ ਲੀਡਰਾਂ, ਇੱਥੋਂ ਤੱਕ ਕਿ ਐੱਮ. ਐੱਲ. ਏ. ਅੱਗੇ ਮਿੰਨਤ-ਤਰਲਾ ਕਰਨ ਦੇ ਬਾਵਜੂਦ ਨਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੀਆਂ ਆਰਥਕ ਸਕੀਮਾਂ ਦਾ ਅਸਲ ਮਕਸਦ ਭਾਵੇਂ ਸਿਆਸਤਦਾਨਾਂ ਵੱਲੋਂ ਸੰਬੰਧਿਤ ਸ਼?ਰੇਣੀ ਨੂੰ ਵੋਟ ਬੈਂਕ ਵਜੋਂ ਵਰਤਣਾ ਹੁੰਦਾ ਹੈ ਪਰ ਪਿੰਡ ਦੀ ਪੰਚਾਇਤ ਨਾਲ ਸੰਬੰਧਿਤ ਸਿਆਸੀ ਲੋਕ ਇਨ੍ਹਾਂ 'ਸਰਕਾਰੀ ਸਕੀਮਾਂ' ਨੂੰ ਜਾਂ ਤਾਂ ਲੋੜਵੰਦਾਂ ਤੱਕ ਪਹੁੰਚਾਉਂਦੇ ਨਹੀਂ ਜੇ ਪਹੁੰਚਾਉਂਦੇ ਵੀ ਹਨ ਤਾਂ ਆਪਣੇ ਨਿੱਜੀ ਹਿਤਾਂ ਨੂੰ ਧਿਆਨ ਵਿਚ ਰੱਖਦੇ ਹਨ। 'ਜਿਉਂਦਾ ਰਹਿ ਵੇ ਬੱਚੜਿਆ!' ਕਹਾਣੀ ਵਿਚ ਵਿਧਵਾ ਸੁੱਖੋ ਕੋਲ ਆਮਦਨ ਦਾ ਕੋਈ ਸਾਧਨ ਨਾ ਹੋਣ ਕਾਰਨ ਉਹ ਲੋਕਾਂ ਦੇ ਘਰਾਂ ਵਿਚ ਕੰਮ ਕਰਕੇ ਆਪਣੇ ਘਰ ਦਾ ਗੁਜ਼ਾਰਾ ਕਰਦੀ ਹੈ। ਉਹ ਜਿਨ੍ਹਾਂ ਘਰਾਂ ਵਿਚ ਕੰਮ ਕਰਦੀ ਹੈ ਉਨ੍ਹਾਂ ਵੱਲੋਂ 'ਕਰੋਨਾ' ਕਾਰਨ ਕੰਮ ਤੋਂ ਮਿਲਿਆ ਜਵਾਬ ਦੁਖਾਂਤਕ ਸਥਿਤੀ ਸਿਰਜਦਾ ਹੈ। ਇਸ ਤੋਂ ਬਿਨਾਂ ਪਿੰਡ ਦੀ ਪੰਚਾਇਤ ਵੱਲੋਂ ਗ਼ਰੀਬਾਂ ਨੂੰ ਮਿਲਦੇ ਰਾਸ਼ਨ, ਨਰੇਗਾ ਵਿਚ ਮਿਲਦੀਆਂ ਦਿਹਾੜੀਆਂ, ਵਿਧਵਾ ਪੈਨਸ਼ਨ, ਕੱਚੇ ਘਰਾਂ ਲਈ ਗਰਾਂਟ ਆਦਿ ਕਿਸੇ 'ਸਰਕਾਰੀ ਸਕੀਮ' ਦਾ ਲਾਭ ਉਸਨੂੰ

ਨਹੀਂ ਪਹੁੰਚਾਇਆਂ ਜਾਂਦਾ। ਇਸ ਦਾ ਕਾਰਨ ਸੁੱਖੋ ਦਾ ਦਲਿਤ ਹੋਣ ਦੇ ਬਾਵਜੂਦ ਵੀ ਕਿਸੇ ਅੱਗੇ ਨਾ ਝੁਕਣਾ ਤੇ ਪਿੰਡ ਦੀ ਪੰਚਾਇਤ ਦੀਆਂ ਗਲਤ ਨੀਤੀਆਂ ਬਾਰੇ ਬੇਝਿਜਕ ਹੋ ਕੇ ਬੋਲਣਾ ਹੈ। ਸੁੱਖੋ ਦੇ ਆਪਣੇ ਬੋਲਾਂ ਅਨੁਸਾਰ:

> ਕੱਲੀ ਕਹਿਰੀ ਗ਼ਰੀਬ ਜਨਾਨੀ ਨੂੰ ਦਿਹਾੜੇ ਕੱਟਣੇ ਬੌਅਤ ਔਖੇ ਹੁੰਦੇ। ਜਣਾ ਖਣਾ ਗੁੜ ਦੀ ਰੋੜੀ ਸਮਝਦੈ - ਜਣੀਦਾ ਚੱਕ ਕੇ ਮੂੰਹ 'ਚ ਪਾ ਲੀਏ।
>
> ਮਾਂ ਥੋਡੀ ਗ਼ਰੀਬ ਜ਼ਰੂਰ ਐ, ਕਿਸੇ ਤੋਂ ਝਕਣ ਆਲੀ ਨ੍ਹੀ। ਜੇ ਝਕਣ ਆਲੀ ਹੁੰਦੀ, ਹੁਣ ਨੂੰ ਕਦੋਂ ਦੀ ਕੋਠੇ ਦੀ ਗਰਾਂਟ ਲੈ ਲੈਂਦੀ।[10]

ਗੁਰਮੀਤ ਕੜਿਆਲਵੀ ਨੇ ਆਪਣੀਆਂ ਕਹਾਣੀਆਂ ਵਿਚ ਦਲਿਤ ਸਮਾਜ ਦੀ ਨਾਰੀ ਦੇ ਸੋਸ਼ਣ ਨੂੰ ਵੀ ਪੇਸ਼ ਕੀਤਾ ਹੈ। 'ਰੱਬ ਜੀ' ਕਹਾਣੀ ਵਿਚ ਰੱਬ ਨਾਂ ਦਾ ਪਾਤਰ ਸਰਬੇ ਪੰਚ ਦਾ ਸੀਰੀ ਹੈ। ਸਰਬਾ ਉਸਦੀ ਪਤਨੀ ਨੂੰ ਆਪਣੀ ਮਲਕੀਅਤ ਸਮਝਦਾ ਹੈ। ਰੱਬ ਦੀ ਮੈਂ ਪਾਤਰ ਨਾਲ ਵਾਰਤਾਲਾਪ ਸਮੁੱਚੀ ਸਥਿਤੀ ਨੂੰ ਸਪਸ਼ਟ ਕਰਦੀ ਹੈ:

> ਹੁਣ ਤਾਂ ਸਾਰੇ ਪਰਦੇ ਹੀ ਚੱਕੇ ਗਏ। ਰਾਤ ਨੂੰ ਮੇਰੇ ਹੁੰਦਿਆਂ ਵੀ ਆ ਜਾਂਦਾ। ਉਹ ਤੇ ਸਾਹਬੋ। ਚੱਲ ਛੱਡ, ਤੈਨੂੰ ਕਿਹੜਾ ਭੁੱਲ ਐ? ਦੋਵੇਂ ਕੀ ਕੀ ਗੁੱਲ ਖਲਾਉਂਦੇ ਐ, ਗੱਲ ਤਾਂ ਕੁੱਲ੍ਹ ਪਿੰਡ ਦੀਆਂ ਜੁੱਲੀਆਂ 'ਚ ਵੜੀ ਫਿਰਦੀ ਹੋਊ।[11]

ਰੱਬ ਸੀਰੀ ਹੋਣ ਕਾਰਨ ਕੁਝ ਨਹੀਂ ਕਰ ਸਕਦਾ। ਜੇ ਉਹ ਕੁਝ ਕਰਨ ਬਾਰੇ ਸੋਚਦਾ ਵੀ ਹੈ ਤਾਂ ਇਸ ਤੋਂ ਨਿਕਲਣ ਵਾਲੇ ਨਤੀਜਿਆਂ ਅਤੇ ਆਪਣੇ ਬੱਚਿਆਂ ਦਾ ਖ਼ਿਆਲ ਕਰਕੇ ਇਸ ਸਥਿਤੀ ਤੋਂ ਪਾਸਾ ਵੱਟੀਂ ਰੱਖਦਾ ਹੈ। ਪਰ ਇਕ ਦਿਨ ਉਹ ਸਰਬੇ ਨੂੰ ਉਸਦੀ ਘਰਵਾਲੀ 'ਤੇ ਸ਼ੱਕ ਪੈਦਾ ਕਰਨ ਲਈ ਆਪਣਾ ਰੁਮਾਲ ਉਨ੍ਹਾਂ ਦੇ ਬੈੱਡ ਉੱਪਰ ਰੱਖ ਆਉਂਦਾ ਹੈ। ਹਰ ਤਰ੍ਹਾਂ ਦੀਆਂ ਖੁੱਲ੍ਹਾਂ ਲੈਣ ਵਾਲਾ ਸਰਬਾ ਇਸ ਨੂੰ ਸੱਚ ਮੰਨ ਕੇ ਆਪਣੇ ਘਰਵਾਲੀ ਨਾਲ ਕੁੱਟ ਮਾਰ ਕਰਦਾ ਹੈ। ਇਸ ਤੋਂ ਬਿਨਾਂ ਕਹਾਣੀ ਵਿਚ ਇਹ ਪੱਖ ਵੀ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਜਦੋਂ ਗੱਲ ਨਿਰੋਲ ਜਿਨਸੀ ਸੰਬੰਧਾਂ ਦੀ ਹੁੰਦੀ ਹੈ ਤਾਂ ਉਸ ਸਮੇਂ ਕਿਸੇ ਤਰ੍ਹਾਂ ਦੇ ਜਾਤੀ ਵਿਤਕਰੇ ਦਾ ਕੋਈ ਮਸਲਾ ਨਹੀਂ ਹੁੰਦਾ। ਸਮਾਜ ਦੁਆਰਾ ਪ੍ਰਵਾਨਿਤ ਵਿਧਾਨ ਅਨੁਸਾਰ ਰਿਸ਼ਤਿਆਂ ਵਿਚ ਬੱਝਣ ਸਮੇਂ ਜਾਤੀ ਵਿਤਕਰੇ ਵਾਲੀ ਭਾਵਨਾ ਆਪਣਾ ਰੰਗ ਦਿਖਾਉਂਦੀ ਹੈ।

ਗੁਰਮੀਤ ਕੜਿਆਲਵੀ ਨੇ ਨਾਰੀ ਦੁਆਰਾ ਨਾਰੀ ਦੇ ਸ਼ੋਸ਼ਣ ਅਤੇ ਇਸ ਤੋਂ ਪਾਰ ਪਾਉਂਦੀ ਨਾਰੀ ਨੂੰ ਵੀ ਕਹਾਣੀ ਬਿਰਤਾਂਤ ਰਾਹੀ ਪੇਸ਼ ਕੀਤਾ ਹੈ। ਉਸਨੇ ਸੱਸ ਦੇ ਰੂਪ ਵਿਚ ਨਾਰੀ, ਮਾਂ ਦੇ ਰੂਪ ਵਿਚ ਨਾਰੀ ਅਤੇ ਧੀ ਦੇ ਰੂਪ ਵਿਚ ਨਾਰੀ ਰਾਹੀਂ ਨਾਰੀ ਦੇ ਵਿਭਿੰਨ ਪੱਖਾਂ ਨੂੰ ਚਿਤਰਿਆ ਹੈ। ਸੱਸ ਦੇ ਰੂਪ ਵਿਚ ਪੁਰਾਣੇ ਖ਼ਿਆਲਾਂ ਦੀ ਵਾਹਕ ਬਣਦੀ ਨਾਰੀ, ਮਾਂ ਦੇ ਰੂਪ ਵਿਚ ਧੀ ਦੇ ਪਰਵਾਜ਼ ਭਰਨ ਦੀ ਹਮਾਇਤ ਕਰਦੀ ਅਤੇ ਧੀ ਦੇ ਰੂਪ ਵਿਚ ਨਵੇਂ ਜ਼ਮਾਨੇ ਦੇ ਹਾਣ ਦੀ ਬਣਨ ਲਈ ਉਡਾਰੀ ਭਰਦੀ ਨਾਰੀ ਨੂੰ 'ਬਸੰਤ' ਕਹਾਣੀ ਰਾਹੀਂ ਚਿਤਰਿਆ ਹੈ।

'ਸਿੱਧਾ ਬੰਦਾ' ਕਹਾਣੀ ਵਿਚ ਨੌਕਰੀ ਪੇਸ਼ਾ, ਦੋਸਤੀਆਂ ਪਾਲਦੀ, ਵਿਆਹ ਬਾਹਰੇ ਸੰਬੰਧ ਬਣਾਉਂਦੀ, ਕਿੱਟੀ ਪਾਰਟੀਆਂ ਰਾਹੀਂ ਆਪਣੇ ਦਾਇਰੇ ਵਧਾਉਂਦੀ ਨਾਰੀ ਦੀ ਪੇਸ਼ਕਾਰੀ ਦਾ ਆਧਾਰ ਸ਼ਹਿਰੀ ਸਮਾਜ ਬਣਦਾ ਹੈ। ਇਸ ਕਹਾਣੀ ਵਿਚ ਬੰਦੇ ਦੇ ਜ਼ਿੰਦਗੀ ਜਿਊਣ ਦੇ ਢੰਗ-ਤਰੀਕਿਆਂ ਵਿਚਲੀ ਇਮਾਨਦਾਰੀ, ਸਚਾਈ, ਨਿਰਛਲਤਾ, ਆਪਣੇ ਸਾਥੀ 'ਤੇ ਜਤਾਇਆ ਭਰੋਸਾ ਉਸਨੂੰ ਹੋਰਨਾਂ ਦੀਆਂ ਨਜ਼ਰਾਂ ਵਿਚ 'ਸਿੱਧਾ ਬੰਦਾ' ਬਣਾ ਦਿੰਦਾ ਹੈ। ਹਰਜੀਤ ਦੀ ਆਪਣੇ ਦਫ਼ਤਰ ਵਿਚ

ਫਾਈਲ ਜਮ੍ਹਾਂ ਕਰਵਾਉਣ ਆਈ ਪਰਮਜੀਤ ਦੇ ਘਰਵਾਲੇ ਨਾਲ ਵਾਰਤਾਲਾਪ ਤੋਂ ਘਰਵਾਲੇ ਦੀ ਰਿਸ਼ਤਿਆਂ ਵਿਚਲੀ ਇਮਾਨਦਾਰੀ ਅਤੇ ਯਕੀਨ ਦਾ ਪਤਾ ਲਗਦਾ ਹੈ। ਮਿਸਾਲ ਵਜੋਂ:

> –ਕੀ ਕਿਹਾ ਫਿਰੀ ਤੁਰੀ ਹੈ? ਮੰਨ ਲਈ ਤੇਰੀ ਗੱਲ ਕਿ ਫਿਰੀ ਤੁਰੀ ਹੈ, ਪਰ ਤੈਨੂੰ ਕੀ ਪਤਾ ਕਿੱਥੇ ਫਿਰੀ ਤੁਰੀ ਜਾਂਦੀ ਐ?"ਹਰਜੀਤ ਦੀਆਂ ਚੋਰ ਅੱਖਾਂ ਕਿਤੇ ਹੋਰ ਤੁਰੀਆਂ ਫਿਰਦੀਆਂ ਸਨ।
>
> –ਗੱਲ ਤਾਂ ਸਾਰੀ ਯਕੀਨ ਦੀ ਹੁੰਦੀ ਐ ਜੀ।"ਉਸ ਨੇ ਬੜੇ ਸਹਿਜ ਸੁਭਾਅ ਉੱਤਰ ਦਿੱਤਾ ਸੀ। ਬੰਦਾ ਸਿੱਧਾ ਨਹੀਂ ਲੋੜ ਤੋਂ ਵੱਧ ਸਿੱਧਾ ਸੀ ਪਰ ਗੱਲ ਬੜੀ ਵੱਡੀ ਕਰ ਗਿਆ ਸੀ।[12]

ਗੁਰਮੀਤ ਕੜਿਆਲਵੀ ਨੇ ਆਪਣੀਆਂ ਕਹਾਣੀਆਂ ਵਿਚ ਵਿਦੇਸ਼ ਜਾਣ ਦੀ ਚਾਹਤ ਦੇ ਚਲਦਿਆਂ ਢਿੱਲੇ ਪੈਂਦੇ ਜਾਤੀ ਬੰਧਨਾਂ ਨੂੰ ਵੀ ਚਿਤਰਿਆ ਹੈ। ਸਿੱਖਿਆ ਅਤੇ ਆਰਥਕ ਸੰਪੰਨਤਾ ਨੇ ਭਾਵੇਂ ਜਾਤੀ ਵਿਤਕਰੇ ਨੂੰ ਘਟਾਇਆ ਹੋਵੇ ਜਾਂ ਨਾ ਪਰ ਬਾਹਰਲੇ ਮੁਲਕਾਂ ਵਿਚ ਜਾਣ ਦੀ ਚਾਹਤ ਨੇ ਇਸ ਨੂੰ ਜ਼ਰੂਰ ਖੋਰਾ ਲਾਇਆ ਹੈ। 'ਅਲੋਹਾ' ਕਹਾਣੀ ਵਿਚ ਮਨਦੀਪ ਦੇ ਪਰਿਵਾਰ ਵੱਲੋਂ ਆਪਣੀ ਧੀ ਦਾ ਦਲਿਤ ਮੁੰਡੇ ਜੱਸ ਨਾਲ ਵਿਆਹ ਨਾ ਕਰਨਾ ਪਰ ਕੈਨੇਡਾ ਰਹਿੰਦੇ ਹਿੰਦੂ ਮੁੰਡੇ ਨਾਲ ਵਿਆਹ ਕਰਨ ਵਿਚ ਕਿਸੇ ਤਰ੍ਹਾਂ ਦਾ ਸੰਕੋਚ ਨਾ ਕਰਨਾ ਅਤੇ 'ਦਰੋਣਾਚਾਰੀਆ' ਕਹਾਣੀ ਵਿਚ 'ਖ਼ਾਨਦਾਨ' ਦਾ ਅਭਿਮਾਨ ਕਰਨ ਵਾਲੇ ਮਾਸਟਰ ਕੁਲਵੰਤ ਸਿੰਘ ਦੇ ਪਰਿਵਾਰ ਵੱਲੋਂ ਉਸਦੀ ਭੈਣ ਨੂੰ ਕੈਨੇਡਾ ਭੇਜਣ ਲਈ ਦਲਿਤ ਮੁੰਡੇ ਨਾਲ ਵਿਆਹ ਦੇਣਾ ਇਸ ਪੱਖ ਨੂੰ ਉਭਾਰਦਾ ਹੈ। ਕਹਾਣੀ ਵਿਚ ਮੈਡਮ ਨਿਰਮਲ ਇਸ ਸੰਬੰਧੀ ਮਾਸਟਰ ਗਰੇਵਾਲ ਨੂੰ ਦੱਸਦਿਆਂ ਕਹਿੰਦੀ ਹੈ:

ਛੋਟੀ ਭੈਣ ਇਨ੍ਹਾਂ ਨੇ ਕੈਨੇਡਾ ਕੱਢਣ ਵਾਸਤੇ ਸੱਤ ਬੈਂਡ ਵਾਲੇ ਮੁੰਡੇ ਨਾਲ਼ ਵਿਆਹੀ। ਚਮਾਰਾਂ ਦਾ ਮੁੰਡਾ ਪਟਿਆਲੇ ਕੰਨੀਓਂ। ਇਹ ਕਹਿੰਦੇ ਕੁੜੀ ਦਾ ਕਾਗਜ਼ੀ ਵਿਆਹ ਕੀਤਾ। ਕੁੜੀ ਉੱਥੇ ਜਾ ਕੇ ਮੁਕਰਗੀ। ਕਹਿੰਦੀ ਮੈਂ ਨ੍ਹੀ ਤਲਾਕ ਲੈਣਾ। ਪੀ ਆਰ ਹੋ ਕੇ ਓਸੇ ਮੁੰਡੇ ਦਾ ਜੁਆਕ ਵੀ ਜੰਮ ਦਿੱਤਾ। ਬੱਚੇ ਦੀ ਬਰਥਡੇ ਪਾਰਟੀ 'ਤੇ ਇਹਦਾ ਭਰਾ ਤੇ ਏਹਦੀ ਮਾਂ ਤਾਂ ਜਾ ਵੀ ਆਏ ਕੈਨੇਡਾ। ਐਥੇ ਦੂਜਿਆਂ ਦੀਆਂ ਜਾਤਾਂ ਪਰਖਦਾ ਰਹਿੰਦਾ।[13]

ਗੁਰਮੀਤ ਕੜਿਆਲਵੀ ਨੇ ਨੌਜਵਾਨਾਂ ਦੀ ਪਰਵਾਸ ਜਾਣ ਦੀ ਇੱਛਾ ਅਤੇ ਪਰਵਾਸੀ ਧਰਤੀ ਉੱਪਰ ਬਜ਼ੁਰਗਾਂ ਦੀ ਜ਼ਿੰਦਗੀ ਨੂੰ ਕਹਾਣੀ ਬਿਰਤਾਂਤ ਦਾ ਹਿੱਸਾ ਬਣਾਇਆ ਹੈ। ਇਸ ਵਰਤਾਰੇ ਦੌਰਾਨ ਰਿਸ਼ਤਿਆਂ ਦੀ ਟੁੱਟ-ਭੱਜ, ਨਿਰਮੋਹ ਤੇ ਲਾਲਚ ਉਸਦੀ ਕਹਾਣੀ ਦਾ ਕੇਂਦਰ ਬਣਦਾ ਹੈ। ਪਰਵਾਸ ਕੇਵਲ ਆਰਥਕ ਮਜਬੂਰੀ ਕਾਰਨ ਹੀ ਨਹੀਂ ਕੀਤਾ ਜਾਂਦਾ। ਵਿਦੇਸ਼ੀ ਧਰਤੀ ਉੱਪਰਲੀ ਜ਼ਿੰਦਗੀ ਵਿਚ ਕਾਮਯਾਬ ਹੋਣ ਦੇ ਮੌਕੇ, ਉੱਥੋਂ ਦਾ ਜ਼ਿੰਦਗੀ ਜਿਊਣ ਦਾ ਢੰਗ, ਭਵਿੱਖ ਦੀ ਸੁਰੱਖਿਆ, ਬੱਚੀਆਂ ਦਾ ਭਵਿੱਖ ਆਦਿ ਵੀ ਪਰਵਾਸ ਵਿਚ ਤੇਜ਼ੀ ਲਿਆਉਣ ਵਿਚ ਸਹਾਈ ਹੋਇਆ ਹੈ। ਜ਼ਰੂਰੀ ਨਹੀਂ ਕਿ ਪਰਵਾਸੀ ਮੁਲਕ ਬਾਰੇ ਚਿਤਵਿਆ ਗਿਆ ਇਹ ਸਭ ਸੱਚ ਹੋਵੇ। 'ਨਿੱਕੇ ਅੰਬਰ 'ਤੇ ਵੱਡੀ ਉਡਾਰੀ' ਕਹਾਣੀ ਵਿਚ ਹਰਜੀਤ ਜਿਸ ਦਾ ਪਤੀ ਅਮਰ ਪ੍ਰੋਫ਼ੈਸਰ ਲੱਗਾ ਹੋਇਆ ਹੈ, ਕਿਸੇ ਆਰਥਕ ਤੰਗੀ ਕਾਰਨ ਕੈਨੇਡਾ ਨਹੀਂ ਜਾਣਾ ਚਾਹੁੰਦੀ ਬਲਕਿ ਜਦੋਂ ਉਹ ਕੈਨੇਡਾ ਵਿਚ ਰਹਿੰਦੀ ਆਪਣੀ ਭੈਣ ਜੈਸਮੀਨ ਤੋਂ ਉੱਥੋਂ ਦੀਆਂ ਸੁਖ-ਸਹੂਲਤਾਂ ਦੀ ਸੁਣਦੀ ਹੈ ਤਾਂ ਉਸਨੂੰ ਇੰਡੀਆ ਦਾ ਅੰਬਰ ਛੋਟਾ ਲੱਗਣ ਲੱਗ ਜਾਂਦਾ ਹੈ। ਹਰਜੀਤ ਦੇ ਕਹਿਣ ਅਨੁਸਾਰ:

ਕੱਲ੍ਹ ਨੂੰ ਬੱਚੇ ਹੋਣਗੇ, ਉਨ੍ਹਾਂ ਦਾ ਫਿਊਚਰ ਤਾਂ ਸੇਫ਼ ਹੋਵੇਗਾ। ਓਥੋਂ ਦੀਆਂ ਤੇ ਏਥੋਂ ਦੀਆਂ

ਸਹੂਲਤਾਂ ਨੂੰ ਕੰਪੇਅਰ ਕਰਕੇ ਤਾਂ ਦੇਖੋ। ਅਮਰ ! ਇੰਡੀਆ ਦਾ ਅੰਬਰ ਬਹੁਤ ਨਿੱਕਾ ਹੈ, ਏਥੇ ਆਪਣੀ ਉਡਾਰੀ ਵੀ ਨਿੱਕੀ ਹੀ ਹੋਵੇਗੀ। ਕੈਨੇਡਾ ਦਾ ਅੰਬਰ ਬਹੁਤ ਵੱਡਾ ਹੈ- ਆਪਣੀ ਉਡਾਰੀ ਵੀ ਵੱਡੀ ਹੋਵੇਗੀ।[14]

ਅਮਰ ਨੂੰ ਕੈਨੇਡਾ ਜਾਣਾ ਮਨਜ਼ੂਰ ਨਹੀਂ। ਇਸ ਲਈ ਹਰਜੀਤ ਕਾਗ਼ਜ਼ੀ ਵਿਆਹ ਰਾਹੀਂ ਕੈਨੇਡਾ ਜਾਣ ਦਾ ਕਹਿੰਦੀ ਹੋਈ ਅਮਰ ਤੋਂ ਤਲਾਕ ਲੈ ਲੈਂਦੀ ਹੈ ਅਤੇ ਜੈਸਮੀਨ ਦੇ ਦਿਉਰ ਗੈਰੀ ਨਾਲ ਵਿਆਹ ਕਰਵਾ ਕੇ ਕੈਨੇਡਾ ਪਹੁੰਚ ਜਾਂਦੀ ਹੈ। ਇਕ ਪਾਸੇ ਜਿੱਥੇ ਇਹ ਕਹਾਣੀ ਆਪਣੇ ਦੇਸ਼ ਵਿਚ ਰਹਿੰਦਿਆਂ ਆਰਥਕ ਸੰਪੰਨਤਾ ਦੇ ਬਾਵਜੂਦ ਅਣਦੇਖੀ ਧਰਤੀ ’ਤੇ ਕਾਮਯਾਬ ਹੋਣ ਦੇ ਮਿਲਦੇ ਮੌਕਿਆਂ, ਸਹੂਲਤਾਂ ਤੇ ਚਕਾਚੌਂਧ ਵਾਲੀ ਜ਼ਿੰਦਗੀ ਦੀਆਂ ਸੱਧਰਾਂ ਪੂਰੀਆਂ ਕਰਨ ਦੀ ਇੱਛਾ ਦੇ ਚਲਦਿਆਂ ਪਰਵਾਸ ਕਰਨ ਲਈ ਅਪਣਾਏ ਜਾਂਦੇ ਵਿੰਗੇ-ਟੇਢੇ ਤਰੀਕਿਆਂ ਦਰਮਿਆਨ ਹੁੰਦੀ ਰਿਸ਼ਤਿਆਂ ਵਿਚਲੀ ਟੁੱਟ-ਭੱਜ ਨੂੰ ਪੇਸ਼ ਕਰਦੀ ਹੈ ਉੱਥੇ ਥਾਈਲੈਂਡ ਦੀ ਧਰਤੀ ਉੱਪਰ ਦੇਹ ਵਪਾਰ ਦਾ ਧੰਦਾ ਕਰਦੀ ਜੈਸਿਕਾ ਰਾਹੀਂ ਰਿਸ਼ਤਿਆਂ ਵਿਚਲੀ ਇਮਾਨਦਾਰੀ ਨੂੰ ਵੀ ਪੇਸ਼ ਕਰਦੀ ਹੈ।

ਪਰਵਾਸੀ ਧਰਤੀ ਉੱਪਰ ਰਹਿੰਦਿਆਂ ਰਿਸ਼ਤਿਆਂ ਵਿਚਲੀ ਤਲਖ਼ੀ ਨੂੰ ਨੌਜਵਾਨ ਪੀੜ੍ਹੀ ਦੇ ਆਪਣੀ ਬਜ਼ੁਰਗ ਪੀੜ੍ਹੀ ਨਾਲ ਰਿਸ਼ਤੇ ਰਾਹੀਂ ‘ਚੱਲ ਟਿਮ ਹੌਰਟਨ ਚੱਲੀਏ’ ਕਹਾਣੀ ਰਾਹੀਂ ਪੇਸ਼ ਕੀਤਾ ਗਿਆ ਹੈ। ਬੁਢਾਪੇ ਵਿਚ ਆਪਣੇ ਬੱਚਿਆਂ ਕੋਲ ਗਏ ਬਜ਼ੁਰਗਾਂ ਦਾ ਵਿਹਲੇ ਰਹਿਣਾ ਉਨ੍ਹਾਂ ਦੇ ਬੱਚਿਆਂ ਨੂੰ ਗਵਾਰਾ ਨਹੀਂ। ਜਿਸ ਦੇ ਕਾਰਨ ਉਨ੍ਹਾਂ ਨੂੰ ਖੇਤਾਂ ਵਿਚ ਦਿਹਾੜੀਆਂ ਕਰਨ ਤੋਂ ਲੈ ਕੇ ਹੋਰ ਕਈ ਤਰ੍ਹਾਂ ਦੇ ਕੰਮ ਕਰਨੇ ਪੈਂਦੇ ਹਨ। ਇਹ ਸਭ ਆਪੋ-ਆਪਣੀਆਂ ਮਜਬੂਰੀਆਂ ਜਿਵੇਂ ਕੁਝ ਰਿਟਾਇਰਡ ਹੋ ਚੁੱਕੇ ਹਨ, ਕੁਝ ਨੇ ਸਾਰਾ ਵੇਚ ਵੱਟ ਕੇ ਆਪਣੇ ਬੱਚਿਆਂ ਦੇ ਹੱਥ ਉੱਪਰ ਰੱਖ ਦਿੱਤਾ ਹੈ, ਕੁਝ ਆਪਣੇ ਪੋਤੇ-ਪੋਤੀਆਂ ਨਾਲ ਮੋਹ ਵਿਚ ਬੱਝ ਚੁੱਕੇ ਹਨ ਆਦਿ ਦੇ ਕਾਰਨ ਚਾਹ ਕੇ ਵੀ ਵਾਪਸ ਨਹੀਂ ਮੁੜ ਸਕਦੇ। ਬੱਚਿਆਂ ਵੱਲੋਂ ਬਜ਼ੁਰਗਾਂ ਦੀਆਂ ਪੈਨਸ਼ਨਾਂ ਨੂੰ ਹੜੱਪ ਲੈਣਾ ਅਤੇ ਸਾਰੀ ਉਮਰ ਕੰਮ ਕਰਨ ਤੋਂ ਬਾਅਦ ਕੈਨੇਡਾ ਵਿਚ ਆ ਕੇ ਦੁਬਾਰਾ ਮਿਹਨਤ, ਮਸ਼ੱਕਤ ਕਰਦੇ ਬਜ਼ੁਰਗਾਂ ਦੀ ਹੋਣੀ ਬਿਰਤਾਂਤ ਵਿਚ ਦੁਖਾਂਤ ਸਿਰਜਦੀ ਹੈ। ਕਹਾਣੀ ਦਾ ਬਿਰਤਾਂਤ ਪਰਵਾਸੀ ਧਰਤੀ ਉੱਪਰ ਰਹਿੰਦਿਆਂ ਨੌਜਵਾਨ ਪੀੜ੍ਹੀ ਦੇ ਆਪਣੇ ਬਜ਼ੁਰਗਾਂ ਪ੍ਰਤੀ ਨਿਰਮੋਹ ਅਤੇ ਲਾਲਚ ਦੀ ਭਾਵਨਾ ਸਦਕਾ ਬਦਲ ਰਹੇ ਰਿਸ਼ਤਿਆਂ ਪਿਛਲੇ ਕਾਰਨਾਂ ਦੀ ਨਿਸ਼ਾਨਦੇਹੀ ਨਾਲ ਸੰਬੰਧਿਤ ਹੈ। ਇਨ੍ਹਾਂ ਵਿਚੋਂ ਇਕ ਕਾਰਨ ਜੋ ਮੁੱਖ ਰੂਪ ਵਿਚ ਕਾਰਜਸ਼ੀਲ ਹੈ, ਉੱਥੋਂ ਦੀ ਜ਼ਿੰਦਗੀ ਨਾਲ ਬਰ-ਮੇਚਣ ਲਈ ਆਰਥਕ ਲੋੜ ਦੀ ਪੂਰਤੀ ਹੈ।

ਗੁਰਮੀਤ ਕੜਿਆਲਵੀ ਨੇ ਇਤਿਹਾਸਕ ਘਟਨਾਵਾਂ ਅਤੇ ਪਾਤਰਾਂ ਦਾ ਗਲਪੀਕਰਨ ਕਰਦਿਆਂ ਉਨ੍ਹਾਂ ਨੂੰ ਕਹਾਣੀ ਬਿਰਤਾਂਤ ਵਿਚ ਪੇਸ਼ ਕੀਤਾ ਹੈ। ਉਸਨੇ ‘ਓਅਨਾ ਓਡਵਾਇਰ’ ਕਹਾਣੀ ਵਿਚ 1919 ਵਿਚ ਜਲਿਆਂਵਾਲਾ ਬਾਗ਼ ਦੀ ਘਟਨਾ ਨਾਲ ਸੰਬੰਧਿਤ ਓਡਵਾਇਰ ਅਤੇ ਉਸਦੀ ਪਤਨੀ ਓਅਨਾ ਨੂੰ ਗਲਪੀ ਪਾਤਰ ਬਣਾਇਆ ਹੈ। ਕਹਾਣੀ ਵਿਚ ਓਡਵਾਇਰ ਦਾ ਭਾਰਤੀ ਇਤਿਹਾਸ ਅਨੁਸਾਰ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲੇ ਜ਼ਾਲਮ ਦਾ ਬਿੰਬ ਸਾਕਾਰ ਹੁੰਦਾ ਹੈ। ਇਸ ਦੇ ਉਲਟ ਉਸਦੀ ਪਤਨੀ ਓਅਨਾ ਦਾ ਕ੍ਰਾਂਤੀਕਾਰੀਆਂ ਦੀ ਹਮਦਰਦ ਅਤੇ ਇਨਸਾਨੀਅਤ ਦੀਆਂ ਭਾਵਨਾਵਾਂ ਨਾਲ ਲਬਰੇਜ਼ ਸੁਭਾਅ ਦੀ ਮਾਲਕ ਵਾਲਾ ਬਿੰਬ ਉਭਾਰਿਆ ਗਿਆ ਹੈ। ਊਧਮ ਸਿੰਘ ਵੱਲੋਂ ਓਡਵਾਇਰ ਨੂੰ ਗੋਲੀ ਮਾਰਨ ਤੋਂ ਬਾਅਦ ਲਗਾਇਆ ਗਿਆ ਨਾਅਰਾ, ‘ਇਨਕਲਾਬ ਜ਼ਿੰਦਾਬਾਦ - ਇੰਗਲੈਂਡ ਮੁਰਦਾਬਾਦ - ਸਾਮਰਾਜ ਮੁਰਦਾਬਾਦ’ ਸਮੁੱਚੇ

ਬਿਰਤਾਂਤ ਦਾ ਕੇਂਦਰ ਬਣਦਾ ਹੈ। ਇਨ੍ਹਾਂ ਦੋ ਵਿਚਾਰਧਾਰਾਵਾਂ ਦਰਮਿਆਨ ਓਅਨਾ ਅਤੇ ਓਡਵਾਇਰ ਦੀ ਆਪਸੀ ਵਾਰਤਾਲਾਪ ਰਾਹੀਂ ਅਤੇ ਓਡਵਾਇਰ ਦੀ ਮੌਤ ਤੋਂ ਬਾਅਦ ਪਿਛਲਝਾਤ ਜੁਗਤ ਦੀ ਵਰਤੋਂ ਕਰਦਿਆਂ ਓਅਨਾ ਦੀਆਂ ਯਾਦਾਂ ਰਾਹੀਂ ਸੰਵਾਦ ਰਚਾਇਆ ਗਿਆ ਹੈ। ਇਸ ਤੋਂ ਬਿਨਾਂ ਓਡਵਾਇਰ ਦੀ ਮੌਤ ਤੋਂ ਬਾਅਦ ਚਲਦੇ ਕੇਸ ਦੀ ਜਾਣਕਾਰੀ ਦੇਣ ਆਉਂਦੇ ਵੱਖ-ਵੱਖ ਅਫ਼ਸਰਾਂ ਨਾਲ ਗੱਲ-ਬਾਤ ਦੌਰਾਨ ਓਅਨਾ ਦੇ ਕ੍ਰਾਂਤੀਕਾਰੀ ਪੱਖੀ ਹੋਣ ਵਾਲਾ ਬਿੰਬ ਉੱਭਰਦਾ ਹੈ। ਮਿਸਾਲ ਵਜੋਂ ਚੀਫ਼ ਇੰਸਪੈਕਟਰ ਰੌਲਿੰਗਜ਼ ਨੂੰ ਓਅਨਾ ਕਹਿੰਦੀ ਹੈ:

> ਮੈਨੂੰ ਮਹਾਤਮਾ ਗਾਂਧੀ ਦਾ ਹਮਦਰਦੀ ਪ੍ਰਗਟਾਉਣਾ ਉੱਕਾ ਹੀ ਚੰਗਾ ਨਹੀਂ ਲੱਗਾ। ਆਪਣੇ ਦੇਸ਼ ਦੇ ਨੌਜਵਾਨਾਂ ਨੂੰ ਭੁੱਲੜ, ਗੁੰਮਰਾਹ ਹੋਏ ਜਾਂ ਅੱਤਵਾਦੀ ਕਹਿ ਦੇਣਾ ਠੀਕ ਹੈ? ਇਉਂ ਤਾਂ ਫਿਰ ਫਰੈਂਚ ਕ੍ਰਾਂਤੀ ਲਈ ਲੜਨ ਵਾਲੇ ਸਾਰੇ ਨੌਜਵਾਨ ਹੀ ਅੱਤਵਾਦੀ ਹੋਏ। ਸੋਵੀਅਤ ਕ੍ਰਾਂਤੀ ਲਿਆਉਣ ਵਾਲੇ ਕੀ ਭੁੱਲੜ ਨੌਜਵਾਨ ਸਨ? ਕੀ ਸਾਰੇ ਆਇਰਸ਼ ਕ੍ਰਾਂਤੀਕਾਰੀ ਖ਼ੂੰਖਾਰ ਨੇ?[15]

ਅਜੋਕੇ ਵਿਗਿਆਨ ਦੇ ਯੁੱਗ ਵਿਚ ਨਿੱਤ ਨਵੀਆਂ ਖੋਜਾਂ ਜਿੱਥੇ ਸਮਾਜ ਦੇ ਹੋਰਨਾਂ ਬਹੁਤ ਸਾਰੇ ਅੰਗਾਂ ਉੱਪਰ ਅਸਰ ਅੰਦਾਜ਼ ਹੋ ਰਹੀਆਂ ਹਨ ਉੱਥੇ ਸਮਾਜ ਦੇ ਰਿਸ਼ਤਾ ਨਾਤਾ ਪ੍ਰਬੰਧ ਉੱਪਰ ਵੀ ਇਸ ਦਾ ਵੱਧ-ਘੱਟ, ਚੰਗਾ-ਮਾੜਾ ਪ੍ਰਭਾਵ ਜ਼ਰੂਰ ਪੈਂਦਾ ਹੈ। 'ਕੁਰੂਕਸ਼ੇਤਰ' ਅਤੇ 'ਨਦੀ ਦੇ ਆਰ-ਪਾਰ' ਕਹਾਣੀ ਵਿਚ 'ਸੀਮਨ' ਵਿਧੀ ਰਾਹੀਂ ਬੱਚੇ ਪੈਦਾ ਕਰਨ ਦੇ ਚਲਦਿਆਂ ਰਿਸ਼ਤਿਆਂ ਦੀ ਪਰਿਭਾਸ਼ਾ ਮੂਲੋਂ ਹੀ ਬਦਲ ਜਾਂਦੀ ਹੈ। 'ਕੁਰੂਕਸ਼ੇਤਰ' ਕਹਾਣੀ ਵਿਚ ਪਤਨੀ ਜੋ ਕਿ ਮੈਂ ਪਾਤਰ ਹੈ, ਮਾਂ ਨਹੀਂ ਬਣ ਸਕਦੀ ਤਾਂ ਉਸਦੇ ਪਤੀ ਮਨੀਸ਼ ਦੇ 'ਸੀਮਨ' ਲਈ ਮੈਂ ਪਾਤਰ ਦੀ ਮਾਂ ਦੀ ਕੁੱਖ ਵਰਤੀ ਜਾਂਦੀ ਹੈ। ਇਸੇ ਤਰ੍ਹਾਂ 'ਨਦੀ ਦੇ ਆਰ-ਪਾਰ' ਕਹਾਣੀ ਵਿਚ ਸੰਜੂ ਵਿਚ ਕਮੀ ਹੋਣ ਕਾਰਨ ਉਸਦੀ ਪਤਨੀ ਨਿੰਮੀ ਦੀ ਕੁੱਖ ਲਈ ਸੰਜੂ ਦੇ ਪਿਤਾ ਦਾ 'ਸੀਮਨ' ਵਰਤਿਆ ਜਾਂਦਾ ਹੈ। 'ਕੁਰੂਕਸ਼ੇਤਰ' ਕਹਾਣੀ ਵਿਚ ਮੈਂ ਪਾਤਰ ਅਤੇ 'ਨਦੀ ਦੇ ਆਰ-ਪਾਰ' ਕਹਾਣੀ ਵਿਚ ਸੰਜੂ ਅਤੇ ਨਿੰਮੀ ਨੂੰ ਰਿਸ਼ਤਿਆਂ ਵਿਚਲਾ ਤਣਾਓ, ਟੁੱਟ-ਭੱਜ ਅਤੇ ਨਵੇਂ ਬਣਦੇ ਰਿਸ਼ਤੇ ਜਿਨ੍ਹਾਂ ਨੂੰ ਪਰਿਭਾਸ਼ਿਤ ਕਰਨਾ ਉਨ੍ਹਾਂ ਦੇ ਵੱਸ ਵਿਚ ਨਹੀਂ, ਮਾਨਸਿਕ ਪੱਧਰ ਉੱਪਰ ਝੰਜੋੜ ਕੇ ਰੱਖ ਦਿੰਦਾ ਹੈ। 'ਕੁਰੂਕਸ਼ੇਤਰ' ਕਹਾਣੀ ਦੀ ਮੈਂ ਪਾਤਰ ਦੇ ਮਨ ਦੀਆਂ ਸੋਚਾਂ ਸਮੁੱਚੀ ਸਥਿਤੀ ਨੂੰ ਬਿਆਨ ਕਰਦੀਆਂ ਹਨ:

> ਰਿਸ਼ਤਿਆਂ ਦੀ ਉਧੇੜ-ਬੁਣ ਵਿਚ ਹੀ ਉਲਝੀ ਰਹਿੰਦੀ ਹਾਂ।
> ਮਾਂ ਨਾਲ ਆਪਣੇ ਬਣ ਗਏ ਰਿਸ਼ਤੇ ਨੂੰ, ਨਵੇਂ ਅਰਥ ਦੇਣ ਲੱਗਦੀ ਹਾਂ।
> ਇਸ ਨਵੇਂ ਰਿਸ਼ਤੇ ਦੀ ਪਰਿਭਾਸ਼ਾ ਕਿਸੇ ਸ਼ਬਦਕੋਸ਼ ਵਿਚ ਵੀ ਤਾਂ ਨਹੀਂ ਮਿਲਦੀ।[16]

ਗੁਰਮੀਤ ਕੜਿਆਲਵੀ ਦੀ ਪਾਤਰ ਚੋਣ ਦਾ ਆਧਾਰ ਮੁੱਖ ਤੌਰ 'ਤੇ ਦਲਿਤ-ਸ਼੍ਰੇਣੀ ਬਣਦੀ ਹੈ। ਆਪਣੀ ਸਮਾਜਕ ਸਥਿਤੀ ਕਾਰਨ ਜ਼ਿੰਦਗੀ ਵਿਚ ਵਿਤਕਰੇ ਦਾ ਸ਼ਿਕਾਰ ਹੁੰਦਿਆਂ ਸਰੀਰਕ ਤੇ ਮਾਨਸਿਕ ਸੰਤਾਪ ਹੰਢਾਉਂਦਾ ਇਸ ਸ਼੍ਰੇਣੀ ਨਾਲ ਸੰਬੰਧਿਤ ਬੰਦਾ ਉਸਦੀ ਪਾਤਰ ਚੋਣ ਨੂੰ ਪ੍ਰਭਾਵਿਤ ਕਰਦਾ ਹੈ। ਉਸ ਦੀਆਂ ਕਹਾਣੀਆਂ ਵਿਚ ਸਥਾਪਤ ਸਿਸਟਮ ਦਾ ਵਿਰੋਧ ਕਰਦੇ ਪਾਤਰ ਵੀ ਹਨ ਅਤੇ ਸਥਾਪਤ ਸਿਸਟਮ ਅੱਗੇ ਸਿਰ ਸੁੱਟੀ ਅੰਦਰੇ ਅੰਦਰ ਰਿੱਝਦੇ-ਕਰਿਝਦੇ ਪਾਤਰ ਵੀ ਸ਼ਾਮਲ ਹਨ। ਸਥਾਪਤ ਸਿਸਟਮ ਦਾ ਵਿਰੋਧ ਕਰਦੇ ਪਾਤਰਾਂ ਦਾ ਦੁਖਾਂਤ ਇਹ ਹੈ ਕਿ ਉਨ੍ਹਾਂ ਕੋਲ ਇੰਨੀ ਤਾਕਤ, ਸੌਤਿਆ, ਸਾਧਨ ਨਹੀਂ ਕਿ ਉਹ ਇਕੱਲੇ ਇਕਹਿਰੇ ਇਸ ਨੂੰ ਬਦਲ ਸਕਣ। ਉਨ੍ਹਾਂ ਨੂੰ ਇਸ ਗੱਲ ਦਾ ਇਲਮ ਵੀ ਹੈ ਕਿ ਸਿਸਟਮ ਬਦਲਣ ਲਈ ਜਥੇਬੰਦ ਸੰਘਰਸ਼ ਹੀ ਕਾਰਗਰ

ਸਾਬਤ ਹੋ ਸਕਦਾ ਹੈ। ਇਸੇ ਲਈ 'ਇਉਂ ਨੀ ਸਰਨਾ' ਦਾ ਸੀਤਾ, 'ਛਿਲਤਰਾਂ' ਦਾ ਦੇਵ, 'ਤੂੰ ਜਾਹ ਡੈਡੀ' ਦਾ ਪ੍ਰਕਾਸ਼, 'ਜੰਗ' ਦਾ ਸ਼ਹੀਦ ਜਗਮੀਤ ਸਿੰਘ ਆਦਿ ਪਾਤਰ ਕਹਾਣੀਆਂ ਦੇ ਅੰਤ ਉੱਪਰ ਜਥੇਬੰਦਕ ਸੰਘਰਸ਼ ਦੀ ਗੱਲ ਕਰਦੇ ਜਾਂ ਇਸ ਰਾਹ ਤੁਰਦੇ ਨਜ਼ਰੀ ਆਉਂਦੇ ਹਨ। 'ਜੰਗ' ਕਹਾਣੀ ਵਿਚਲੇ ਸ਼ਹੀਦ ਜਗਮੀਤ ਸਿੰਘ ਦੇ ਨੈਬੇ ਨੂੰ ਸੰਬੋਧਿਤ ਹੋ ਕੇ ਆਖੇ ਬੋਲ ਹਨ:

> ਆਵਦੇ ਵਰਗੇ ਹੋਰ ਵੀ ਰਲਾ ਲੈ ਨਾਲ। ਬਥੇਰੇ ਮੀਤੇ ਮੈਂਟਲ ਮਿਲ ਜਾਣਗੇ ਤੈਨੂੰ ਲੋਕਾਂ ਵਿੱਚੋਂ। ਇਹ ਲੜਾਈ ਕੱਲਿਆਂ ਦੇ ਲੜਨ ਆਲੀ ਹੈਨੀ। ਰਲਕੇ ਈ ਲੜਨੀ ਪੈਣੀ ਐ।[17]

ਇਸੇ ਤਰ੍ਹਾਂ 'ਇਉਂ ਨੀ ਸਰਨਾ' ਕਹਾਣੀ ਦੇ ਅੰਤ ਉੱਪਰ ਸੀਤਾ ਕਹਿੰਦਾ ਹੈ:

> ਬਈ ਏਹ ਕਿਸੇ ਕੱਲੇ ਕਾਰੇ ਸੀਤੇ ਦੇ ਵੱਸ ਦਾ ਰੋਗ ਹੈਨੀ ਆਵਦੇ ਅਰਗੇ ਸਾਰੇ ਈ ਟੰਚੀ 'ਤੇ ਚੜ੍ਹਾਉਣੇ ਪੈਣਗੇ।[18]

ਗੁਰਮੀਤ ਕੜਿਆਲਵੀ ਦੀਆਂ ਕਹਾਣੀਆਂ ਵਿਚ ਹੋਰਨਾਂ ਸਾਹਮਣੇ ਹੀ ਨਹੀਂ ਬਲਕਿ ਆਪਣੀਆਂ ਨਜ਼ਰਾਂ ਵਿਚ ਵੀ ਖ਼ੁਦ ਦਾ ਮਾਣ, ਇੱਜ਼ਤ ਗਵਾ ਚੁੱਕਾ ਦਲਿਤ ਬੰਦਾ ਵੀ ਪਾਤਰ ਵਜੋਂ ਪੇਸ਼ ਹੋਇਆ ਹੈ। ਉਹ ਕਹਾਣੀ ਦੇ ਪ੍ਰਭਾਵ ਨੂੰ ਗਹਿਰਾਉਣ ਤੇ ਵਿਸਫੋਟਕ ਬਣਾਉਣ ਲਈ ਵਿਅੰਗ ਦਾ ਸਹਾਰਾ ਲੈਂਦਾ ਹੋਇਆ ਪੜ੍ਹੇ-ਲਿਖੇ ਪਾਤਰਾਂ ਨੂੰ ਦਲਿਤ-ਸ਼੍ਰੇਣੀ ਨਾਲ ਵਧੀਕੀਆਂ ਕਰਦਿਆਂ ਚਿਤਰਦਾ ਹੈ। ਦਲਿਤਾਂ ਨਾਲ ਕੀਤੇ ਜਾਂਦੇ ਮਾੜੇ ਵਿਵਹਾਰ ਲਈ ਉਹ ਇਕ ਖ਼ਾਸ ਜਾਤੀ ਜਾਂ ਸ਼੍ਰੇਣੀ ਦੇ ਸਾਰੇ ਪਾਤਰਾਂ ਨੂੰ ਦੋਸ਼ੀ ਬਣਾ ਕੇ ਪੇਸ਼ ਨਹੀਂ ਕਰਦਾ। ਟੀ. ਆਰ. ਵਿਨੋਦ ਅਨੁਸਾਰ:

> ਹਰੇਕ ਜਮਾਤ ਆਪਣੇ ਦੌਰ ਵਿਚ ਪ੍ਰਸ਼ੰਸਾਤਮਕ ਤੱਤਾਂ ਦੀ ਵੀ ਲਖਾਇਕ ਹੁੰਦੀ ਹੈ। ਜੇ ਉਸ ਜਮਾਤ ਵਿਚ ਲੋਕ-ਹਿੱਤ ਦੀ ਕੋਈ ਗੱਲ ਹੀ ਨਾ ਹੋਵੇ ਅਤੇ ਲੋਕ ਅਜਿਹਾ ਨਾ ਸਮਝਦੇ ਹੋਣ ਤਾਂ ਲੋਕਾਂ ਦੀਆਂ ਨਜ਼ਰਾਂ ਵਿਚ ਉਹ ਜਮਾਤ ਬਹੁਤ ਦੇਰ ਤਕ ਟਗ ਨਹੀਂ ਸਕਦੀ।[19]

ਇਸ ਤਰ੍ਹਾਂ ਕਿਸੇ ਵੀ ਜਾਤੀ ਵਿਸ਼ੇਸ਼ ਨਾਲ ਸੰਬੰਧਿਤ ਲੋਕਾਂ ਦਾ ਵਤੀਰਾ ਤੇ ਮਾਨਸਿਕ ਪੱਧਰ ਇਕੋ ਜਿਹਾ ਨਹੀਂ ਹੁੰਦਾ। ਇਸੇ ਲਈ ਉਹ 'ਦਰੋਣਾਚਾਰੀਆ' ਕਹਾਣੀ ਵਿਚ ਜਿੱਥੇ ਮਾਸਟਰ ਕੁਲਵੰਤ ਸਿੰਘ ਨੂੰ ਜਾਤੀ ਅਭਿਮਾਨ ਵਿਚ ਗ੍ਰਸੇ ਪਾਤਰ ਵਜੋਂ ਚਿਤਰਦਾ ਹੈ ਉੱਥੇ ਨਾਲ ਹੀ ਉਸੇ ਜਾਤੀ ਨਾਲ ਸੰਬੰਧਿਤ ਮਾਸਟਰ ਗਰੇਵਾਲ ਨੂੰ ਦਲਿਤਾਂ ਪ੍ਰਤੀ ਹਮਦਰਦੀ ਤੇ ਸਹਾਨਭੂਤੀ ਰੱਖਦੇ ਪਾਤਰ ਵਜੋਂ ਚਿਤਰਦਾ ਹੈ। ਇਸ ਤੋਂ ਬਿਨਾਂ ਉਸ ਦੀਆਂ ਕਹਾਣੀਆਂ ਵਿਚ ਨੌਜਵਾਨ ਤੇ ਬਜ਼ੁਰਗ, ਪੜ੍ਹੇ-ਲਿਖੇ ਤੇ ਅਨਪੜ੍ਹ, ਭ੍ਰਿਸ਼ਟ ਤੇ ਇਮਾਨਦਾਰ, ਜ਼ਮੀਨੇ ਤੇ ਬੇਜ਼ਮੀਨੇ, ਜ਼ਿਮੀਂਦਾਰ ਤੇ ਦਿਹਾੜੀਦਾਰ ਆਦਿ ਸਭ ਤਰ੍ਹਾਂ ਦੇ ਲੋਕ ਪਾਤਰ ਵਜੋਂ ਪੇਸ਼ ਹੋਏ ਹਨ।

ਉਪਰੋਕਤ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਗੁਰਮੀਤ ਕੜਿਆਲਵੀ ਦੀ ਕਹਾਣੀ ਸਮੱਸਿਆ ਪ੍ਰਧਾਨ ਕਹਾਣੀ ਹੈ। ਉਸਦੀ ਕਹਾਣੀ ਦੇ ਸ਼ੁਰੂ ਤੋਂ ਅੰਤ ਤੱਕ ਕੋਈ ਨਾ ਕੋਈ ਸਮੱਸਿਆ ਪ੍ਰਧਾਨ ਰੂਪ ਵਿਚ ਵਿਦਮਾਨ ਰਹਿੰਦੀ ਹੈ। ਉਹ ਜ਼ਿੰਦਗੀ ਵਿਚਲੀਆਂ ਕਰੂਪ ਸਚਾਈਆਂ ਨੂੰ ਜਾਤੀ ਆਧਾਰਤ ਸਮਾਜਕ ਤਾਣੇ-ਬਾਣੇ ਅੰਦਰਲੀਆਂ ਤਹਿਆਂ ਵਿਚੋਂ ਕੁਰੇਦ ਕੇ ਬਾਹਰ ਕੱਢਣ ਲਿਆਉਣ ਵਾਲਾ ਖੋਜੀ ਕਹਾਣੀਕਾਰ ਹੈ। ਉਹ ਸਮਕਾਲੀ ਵਰਤਾਰਿਆਂ ਨੂੰ ਆਧਾਰ ਬਣਾ ਕੇ ਕਹਾਣੀ ਰਚਦਾ ਹੈ। ਸਮਕਾਲ ਵਿਚੋਂ ਵੀ ਉਹ 'ਅੱਜ' ਵਾਪਰ ਰਹੇ ਵਰਤਾਰਿਆਂ ਨੂੰ ਆਪਣੀ

ਕਹਾਣੀ ਸਮਗਰੀ ਦਾ ਆਧਾਰ ਬਣਾਉਂਦਾ ਹੈ। ਉਹ ਜਿਸ ਕੇਂਦਰੀ ਮਸਲੇ ਨੂੰ ਲੈ ਕੇ ਕਹਾਣੀ ਬਿਰਤਾਂਤ ਸਿਰਜਦਾ ਹੈ, ਉਸ ਤੋਂ ਬਿਨਾਂ ਉਹ ਹੋਰ ਬਹੁਤ ਸਾਰੀ ਜਾਣਕਾਰੀ ਬਿਰਤਾਂਤ ਵਿਚ ਸ਼ਾਮਲ ਕਰਦਾ ਜਾਂਦਾ ਹੈ। ਜਿਸ ਦੇ ਚਲਦਿਆਂ ਉਸਦੀ ਕਹਾਣੀ ਕਈ ਮਸਲਿਆਂ ਨੂੰ ਛੂੰਹਦੀ ਹੋਈ ਵਿਭਿੰਨ ਦਿਸ਼ਾਵਾਂ ਵਿਚ ਫੈਲਣ ਦੀ ਸਮਰਥਾ ਬਣਾ ਲੈਂਦੀ ਹੈ। ਵਧੇਰੇ ਕਰਕੇ ਉਸਦੀ ਕਹਾਣੀ ਦੇ ਅੰਤ ਉੱਪਰ ਜ਼ਿੰਦਗੀ ਵਿਚਲੀਆਂ ਸਮੱਸਿਆਵਾਂ ਤੋਂ ਬਾਹਰ ਨਿਕਲਣ ਦੀ ਉਮੀਦ ਤੇ ਆਸ ਵੱਲ ਸੰਕੇਤ ਕੀਤਾ ਗਿਆ ਹੁੰਦਾ ਹੈ। ਸ਼੍ਰੇਣੀ ਆਧਾਰਿਤ ਸਮੱਸਿਆਵਾਂ ਵਾਲੀਆਂ ਕਹਾਣੀਆਂ ਵਿਚ ਸਮੱਸਿਆਵਾਂ ਉੱਪਰ ਕਾਬੂ ਪਾਉਣ ਜਾਂ ਇਨ੍ਹਾਂ ਤੋਂ ਬਾਹਰ ਨਿਕਲਣ ਵਾਲੇ ਉਮੀਦ ਤੇ ਆਸ ਦੇ ਰਾਹ ਦੀ ਰੌਸ਼ਨੀ ਜਥੇਬੰਦਕ ਸੰਘਰਸ਼ ਬਣਦਾ ਹੈ। ਕਹਾਣੀ ਦੇ ਅਜਿਹੇ ਅੰਤ ਸਦਕਾ ਉਸਦੀ ਕਹਾਣੀ ਨੂੰ ਆਸ਼ਾਵਾਦੀ ਅੰਤ ਵਾਲੀ ਕਹਾਣੀ ਕਿਹਾ ਜਾ ਸਕਦਾ ਹੈ।

**ਹਵਾਲੇ**


1. ਗੁਰਮੀਤ ਕੜਿਆਲਵੀ, ਆਤੂ ਖੋਜੀ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006, ਪੰਨਾ 48
2. ਉਹੀ, ਮੋਰ ਪੈਲ਼ ਕਿਉਂ ਨਹੀਂ ਪਾਉਂਦੇ, ਉਹੀ, 2023, ਪੰਨਾ 103
3. ਉਹੀ, ਪੰਨਾ 59
4. ਉਹੀ, ਢਾਲ਼, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2014, ਪੰਨਾ 98
5. ਉਹੀ, ਮੋਰ ਪੈਲ਼ ਕਿਉਂ ਨਹੀਂ ਪਾਉਂਦੇ, ਪੰਨਾ 96
6. ਉਹੀ, ਪੰਨਾ 131
7. ਉਹੀ, ਹਾਰੀਂ ਨਾ ਬਚਨਿਆ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2020, ਪੰਨਾ 38
8. ਭੀਮ ਇੰਦਰ ਸਿੰਘ, ਆਧੁਨਿਕ ਪੰਜਾਬੀ ਕਹਾਣੀ ਸਿਆਸੀ ਪਰਿਪੇਖ, ਕੁਕਨੁਸ ਪ੍ਰਕਾਸ਼ਨ, ਜਲੰਧਰ, 2002, ਪੰਨਾ 131
9. ਗੁਰਮੀਤ ਕੜਿਆਲਵੀ, ਮੋਰ ਪੈਲ਼ ਕਿਉਂ ਨਹੀਂ ਪਾਉਂਦੇ, ਪੰਨਾ 189
10. ਉਹੀ, ਪੰਨਾ 91
11. ਉਹੀ, ਪੰਨਾ 74
12. ਉਹੀ, ਪੰਨਾ 174
13. ਉਹੀ, ਪੰਨਾ 187
14. ਉਹੀ, ਪੰਨਾ 16
15. ਉਹੀ, ਪੰਨਾ 156
16. ਉਹੀ, ਢਾਲ਼, ਪੰਨਾ 47
17. ਉਹੀ, ਹਾਰੀਂ ਨਾ ਬਚਨਿਆ, ਪੰਨਾ 113
18. ਉਹੀ, ਢਾਲ਼, ਪੰਨਾ 95
19. ਟੀ. ਆਰ. ਵਿਨੋਦ, ਆਉ ਨਾਵਲ ਪੜ੍ਹੀਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006, ਪੰਨਾ 80

# ਕਾਮਨਾ ਅਤੇ ਸੰਸਕ੍ਰਿਤਕ ਮਰਿਆਦਾ ਦੇ ਟਕਰਾਅ ਦਾ ਪ੍ਰਗਟਾਅ

**- ਰਮਨਪ੍ਰੀਤ ਕੌਰ**

ਕੁਦਰਤੀ ਤੌਰ 'ਤੇ ਮਨੁੱਖ ਦੇ ਵਿਵਹਾਰ 'ਤੇ ਕੋਈ ਨੇਮ-ਪ੍ਰਬੰਧ ਲਾਗੂ ਨਹੀਂ ਹੁੰਦਾ, ਪਰ ਜਦੋਂ ਅਸੱਭਿਅਕ ਮਨੁੱਖ ਨੂੰ ਸੱਭਿਅਕ ਬਣਾਉਣ ਲਈ ਉਸ ਦਾ ਸਮਾਜੀਕਰਨ ਹੋਇਆ ਤਾਂ ਸਮਾਜ ਨੇ ਮਨੁੱਖ ਨੂੰ ਘੜ ਤਰਾਸ਼ ਕੇ ਸਮਾਜਿਕ ਵਿਵਹਾਰ ਦੇ ਢਾਂਚੇ ਵਿੱਚ ਫਿਟ ਕੀਤਾ, ਤੇ ਇੱਕ ਅਜਿਹਾ ਜਟਿਲ ਪ੍ਰਬੰਧ ਹੋਂਦ ਵਿੱਚ ਲਿਆਂਦਾ, ਜਿਸ ਦੀ ਇਜਾਰੇਦਾਰੀ ਵਿੱਚ ਰਹਿਣਾ ਹਰ ਸੱਭਿਅਕ ਮਨੁੱਖ ਦਾ ਪਹਿਲਾ ਕਰਤੱਵ ਬਣ ਗਿਆ। ਸਮਾਜ ਵਿੱਚ ਰਹਿਣ ਵਾਲਾ ਇਹ ਮਨੁੱਖ, ਸਮਾਜਿਕ ਮਾਣ ਮਰਿਆਦਾ ਅਤੇ ਆਦਰਸ਼ਾਂ ਦੀ ਪਾਲਣਾ ਕਰਦਾ ਹੋਇਆ ਬਹੁਤ ਸਾਰੀਆਂ ਇੱਛਾਵਾਂ ਕਾਮਨਾਵਾਂ ਦੀ ਪੂਰਤੀ ਨਹੀਂ ਕਰ ਪਾਉਂਦਾ। ਸਮਾਜਿਕ ਵਰਜਨਾਵਾਂ ਦੇ ਡਰੋਂ ਉਹ ਇਨ੍ਹਾਂ ਅਪੂਰਨ ਇੱਛਾਵਾਂ ਨੂੰ ਆਪਣੇ ਅੰਦਰ ਹੀ ਦਫ਼ਨ ਕਰ ਦਿੰਦਾ ਹੈ। ਅਜੋਕੇ ਮਨੁੱਖ ਦੀ ਦਿਨੋ-ਦਿਨ ਵੱਧ ਰਹੀ ਬੇਚੈਨੀ ਦਾ ਕਾਰਨ ਹੀ ਇਹ ਹੈ ਕਿ ਉਸ ਨੂੰ ਆਪਣੀਆਂ ਇੱਛਾਵਾਂ ਦਾ ਕਿਸੇ ਨਾ ਕਿਸੇ ਸਮਾਜਿਕ ਲੋੜ ਦੀ ਪੂਰਤੀ ਲਈ ਵਾਰ ਵਾਰ ਦਮਨ ਕਰਨਾ ਪੈਂਦਾ ਹੈ। ਇਨ੍ਹਾਂ ਇੱਛਾਵਾਂ, ਕਾਮਨਾਵਾਂ ਅਤੇ ਲਾਲਸਾਵਾਂ ਦਾ ਦਮਨ ਉਸ ਵਿਚ ਮਾਨਸਿਕ ਅਸ਼ਾਂਤੀ, ਭਟਕਣਾ ਅਤੇ ਬੇਚੈਨੀ ਪੈਦਾ ਕਰਦਾ ਹੈ। ਸਮਾਜ ਅਤੇ ਵਿਅਕਤੀ ਵਿੱਚ ਗੂੜ੍ਹੀ ਸਾਂਝ ਹੋਣ ਦੇ ਨਾਤੇ ਵਿਅਕਤੀ ਸਮਾਜ ਤੋਂ ਬਿਨਾਂ ਇਕੱਲਾ ਨਹੀਂ ਰਹਿ ਸਕਦਾ। ਸਮਾਜ ਜੋ ਜਟਿਲ ਨੇਮ-ਪ੍ਰਬੰਧਾਂ ਦਾ ਸਿਸਟਮ ਹੈ, ਇਨ੍ਹਾਂ ਨੇਮਾਂ ਤੋਂ ਮੁਕਤ ਹੋਣਾ ਜਾਂ ਨੇਮਾਂ ਨੂੰ ਤੋੜਨਾ ਮਨੁੱਖ ਦੀ ਸਮਰੱਥਾ ਤੋਂ ਬਾਹਰੀ ਗੱਲ ਹੈ। ਵਿਅਕਤੀ ਦੀ ਹੋਣੀ ਇਹ ਹੈ ਕਿ ਉਹ ਸਮਾਜ ਦੀ ਪੀਡੀ ਮਰਿਆਦਾ ਨੂੰ ਕਬੂਲ ਵੀ ਨਹੀਂ ਕਰ ਸਕਦਾ ਅਤੇ ਇਸ ਨੂੰ ਪੂਰੀ ਤਰ੍ਹਾਂ ਉਲੰਘ ਵੀ ਨਹੀਂ ਸਕਦਾ। ਜੇਕਰ ਇੱਕ ਸਮੇਂ 'ਤੇ ਵਿਅਕਤੀ ਨੂੰ ਇਨ੍ਹਾਂ ਨੇਮਾਂ-ਪ੍ਰਬੰਧਾਂ ਤੋਂ ਨਿਜਾਤ ਦੇ ਦਿੱਤੀ ਜਾਵੇ ਤਾਂ ਇਹ ਵਿਅਕਤੀ ਦੇ ਸਵੈ ਦੀ ਹੋਣੀ ਹੈ ਕਿ ਉਹ ਗਾਹੇ-ਬਗਾਹੇ ਪਿਛਾਂਹ ਨੂੰ ਹੀ ਪਰਤਦਾ ਹੈ। ਇਹ ਬੱਝਵੇਂ ਸੰਸਾਰ ਅੰਦਰ ਰਹਿਣ ਵਾਲੇ ਵਿਅਕਤੀ ਦਾ ਮੁੱਢੋਂ ਹੀ ਸੰਕਟ ਰਿਹਾ ਹੈ। ਇਹ ਨੇਮ-ਪ੍ਰਬੰਧ ਵਿਅਕਤੀ ਦੇ ਮਨ ਅੰਦਰ ਅਜਿਹਾ ਪੱਕਾ ਵਸੇਬਾ ਬਣਾਈ ਬੈਠੇ ਹਨ, ਜਿਨ੍ਹਾਂ ਦੇ ਜੀਨ ਯੁਗਾਂ-ਯੁਗਾਂਤਰਾਂ ਤੋਂ ਆਪਣਾ ਸਫ਼ਰ ਤੈਅ ਕਰਦੇ ਆ ਰਹੇ ਹਨ। ਇਸੇ ਪ੍ਰਭਾਵ ਸਦਕੇ ਹੀ ਵਿਅਕਤੀ ਦੇ ਸਮਾਜ-ਸੱਭਿਆਚਾਰ ਅਤੇ ਸਾਂਸਕ੍ਰਿਤਕ ਸ਼ਖ਼ਸੀਅਤ ਦੇ ਨਿਰਮਾਣ ਵਿੱਚ ਵਿਅਕਤੀ ਦਾ ਨਿੱਜੀ ਅਸਤਿੱਤਵ ਸੁੰਗੜ ਕੇ ਰਹਿ ਗਿਆ ਹੈ। ਡਾ. ਯੋਗਰਾਜ ਦੇ ਅਨੁਸਾਰ, "ਕਾਮ/ਕਾਮਨਾ ਮਾਨਵੀ ਪ੍ਰਵਿਰਤੀ ਹੈ। ਸੱਭਿਆਚਾਰ ਦੀ ਸਿਰਜਣਾ ਆਪਣੇ ਵਿਸ਼ੇਸ਼ ਸੰਦਰਭਾਂ ਰਾਹੀਂ ਬੰਦੇ ਨੂੰ ਉਸ ਸੱਭਿਆਚਾਰ ਵਿੱਚ ਜਿਊਣ ਦਾ ਨਿਯਮ ਪ੍ਰਬੰਧ ਵੀ ਸਿਰਜ ਦਿੰਦੀ ਹੈ। ਸੱਭਿਆਚਾਰਕ ਸੰਸਥਾਵਾਂ ਵੱਲੋਂ ਘੜੇ ਨਿਯਮ ਪ੍ਰਬੰਧ ਨਾਲ ਮਾਨਵ ਸ਼ੁਰੂ ਤੋਂ ਗੁੱਥਮ-ਗੁੱਥਾ ਰਿਹਾ ਹੈ। ਕਾਮ/ਕਾਮਨਾ ਦੀ ਪ੍ਰਵਿਰਤੀ ਜਦੋਂ ਸਮਾਜਿਕ ਸੰਸਥਾਵਾਂ ਨਾਲ ਟਕਰਾਉਂਦੀ ਹੈ ਤਾਂ ਦਾਮਨਿਤ ਮਹਿਸੂਸ ਕਰਦੀ ਹੈ। ਇਸ ਪ੍ਰਕਾਰ ਸੱਭਿਆਚਾਰ ਦੀ ਸੰਰਚਨਾ ਦਾ ਮੂਲ ਹੁੰਦਾ ਹੀ ਵਰਜਣਾਮੁਖੀ ਹੈ। ਆਪਣੀ ਵਿਸ਼ੇਸ਼ ਵਰਜਨਾਵਾਂ ਰਾਹੀਂ ਜਿਹੜੀ ਜੀਵਨ-ਪੱਧਤੀ ਸੱਭਿਆਚਾਰ ਉਸਾਰਦਾ ਹੈ, ਉਸ ਵਿੱਚ ਜਿਉਂਦਾ ਹੋਇਆ ਵੀ, ਮਾਨਵ ਇਸ ਤੋਂ ਆਕੀ ਹੋ ਜਾਂਦਾ ਹੈ। ਜੇਕਰ ਇਨ ਾਂ ਦਾਮਨਿਤ ਮਾਨਵੀ ਭਾਵਨਾਵਾਂ ਦੀ ਮੁਢਲੀ ਪ੍ਰਗਟਾਊ ਵਿਧੀ ਨੂੰ ਦੇਖੀਏ ਤਾਂ ਇਹ ਲੋਕਧਾਰਾ ਦੇ ਸਾਹਿਤ ਵਿੱਚ ਹੈ। ਇਸੇ ਲਈ ਲੋਕਧਾਰਕ ਸਾਹਿਤ ਦਾ ਸੁਭਾਅ ਕਾਮਨਾਮੁਖੀ ਹੁੰਦਾ ਹੈ। ਪੰਜਾਬੀ ਲੋਕਧਾਰਾ ਦੇ ਪ੍ਰਸੰਗ ਵਿੱਚ ਮੁਟਿਆਰ ਦੇ ਲੋਕ-ਗੀਤ ਇਨ੍ਹਾਂ ਦਾਮਨਿਤ ਭਾਵਨਾਵਾਂ ਦੇ ਵਿਦਰੋਹ ਦੇ

ਸਿਰਜਣਾਤਮਕ ਰੂਪ ਹੀ ਤਾਂ ਹਨ। ਇਸ ਲਈ ਸਿਰਜਣਾਤਮਕ ਜਗਤ ਵਿੱਚ ਕਾਮਨਾ ਅਤੇ ਮਰਿਆਦਾ ਦੇ ਤਣਾਅ ਦਾ ਪ੍ਰਵਚਨ ਆਦਿ-ਜੁਗਾਦੀ ਹੈ।"[1]

ਸਮਾਜ ਅਤੇ ਸੱਭਿਆਚਾਰਕ ਸਿਸਟਮ ਵਿੱਚ ਵਿਅਕਤੀ ਦੀ ਜੀਵਨ ਸ਼ਕਤੀ ਕਾਮ/ਕਾਮਨਾ ਦੀ ਏਨੀ ਵਿਰੋਧਤਾ ਕੀਤੀ ਗਈ ਹੈ ਕਿ ਮਨੁੱਖੀ ਆਤਮ ਦਮਿਤ ਅਤੇ ਇਸ ਦਮਨ ਵਿੱਚੋਂ ਪੈਦਾ ਹੋਈ ਖੰਡਿਤ ਮਾਨਸਿਕਤਾ ਦਾ ਸ਼ਿਕਾਰ ਹੋ ਗਿਆ ਹੈ। ਸਮਾਜ-ਸੱਭਿਆਚਾਰਕ ਨਿਯਮਾਂ ਨੇ ਨੈਤਿਕ ਕਦਰਾਂ-ਕੀਮਤਾਂ ਅਤੇ ਜਟਿਲ ਨੇਮ-ਪ੍ਰਬੰਧਾਂ ਰਾਹੀਂ ਮਨੁੱਖੀ ਮਨ ਨੂੰ ਬਿਮਾਰ ਹੀ ਨਹੀਂ ਕੀਤਾ, ਬਲਕਿ ਇਸ ਸਮਾਜਿਕ ਤਾਣੇ-ਬਾਣੇ ਤਹਿਤ ਵਿਅਕਤੀ ਅਤੇ ਸਮਾਜ ਵਿਚਕਾਰ ਤਣਾਉਸ਼ੀਲ ਅਤੇ ਦਵੰਦਮਈ ਰਿਸ਼ਤਾ ਪੈਦਾ ਹੋ ਗਿਆ ਹੈ। ਇਹ ਤਣਾਉਸ਼ੀਲ ਅਤੇ ਦਵੰਦਮਈ ਰਿਸ਼ਤਾ ਆਦਿ ਕਾਲੀਨ ਪ੍ਰਕਿਰਤੀ ਤੇ ਸੰਸਕ੍ਰਿਤੀ ਦੀ ਆਪਸੀ ਵਿਰੋਧਤਾ ਕਾਰਨ ਉਤਪੰਨ ਹੁੰਦਾ ਹੈ। ਮਨੁੱਖ ਇਸ ਵਿਰੋਧਤਾ ਵਿੱਚੋਂ ਪ੍ਰਕਿਰਤੀ 'ਤੇ ਜਿੱਤ ਪ੍ਰਾਪਤ ਕਰਕੇ ਨਿਰੰਤਰ ਸੰਸਕ੍ਰਿਤੀ ਦਾ ਨਿਰਮਾਣ ਕਰਦਾ ਰਿਹਾ ਹੈ। ਉਸ ਦੀ ਨਿੱਜ ਪ੍ਰਾਕਿਰਤਕ ਹੈ ਤੇ ਨਿੱਜ ਦਾ ਵਰਜਿਤ ਤੇ ਸੰਸ਼ੋਧਿਤ ਰੂਪ ਸੰਸਕ੍ਰਿਤੀ ਹੈ। ਮਨੁੱਖ ਦਾ ਨਿੱਜ ਉਸ ਦੀਆਂ ਪ੍ਰਾਕ੍ਰਿਤਕ ਸੱਧਰਾਂ ਨੂੰ ਰੂਪਮਾਨ ਕਰਦਾ ਹੈ ਤੇ ਸੰਸਕ੍ਰਿਤੀ ਉਨ੍ਹਾਂ ਪ੍ਰਾਕਿਰਤਕ ਸੱਧਰਾਂ 'ਤੇ ਲੱਗੀਆਂ ਰੋਕਾਂ, ਵਰਜਨਾਵਾਂ ਤੇ ਮਨਾਹੀਆਂ ਹਨ। ਇਉਂ, ਉਸ ਦੇ ਨਿੱਜ 'ਤੇ ਸਮੂਹ ਭਾਰੂ ਹੁੰਦਾ ਹੈ। ਟੈਬੂ ਸੱਭਿਆਚਾਰ ਅਤੇ ਸਮਾਜ ਵਿੱਚ ਵਿਅਕਤੀ ਦੀ ਸੰਰਚਨਾ ਇਸ ਤਰ ਂ ਹੋਈ ਹੈ ਕਿ ਵਿਅਕਤੀ ਆਪਣੀਆਂ ਕਾਮੁਕ ਇੱਛਾਵਾਂ ਦਾ ਖੁੱਲ ਕੇ ਪ੍ਰਗਟਾਵਾ ਨਹੀਂ ਕਰ ਸਕਦਾ। ਵਰਜਨਾਵਾਂ, ਟੈਬੂ ਦਾ ਪ੍ਰਾਇਵਾਚੀ ਸ਼ਬਦ ਹੈ। ਅੰਗਰੇਜ਼ੀ ਸ਼ਬਦ ਟੈਬੂ (Taboo) ਪੌਲੀਨੇਸ਼ੀਅਨ ਭਾਸ਼ਾਈ ਸ਼ਬਦ Tabu ਤੋਂ ਲਿਆ ਗਿਆ ਹੈ। ਟੈਬੂ ਅਪਹੁੰਚ ਵਸਤੂ ਦੇ ਸੰਦਰਭ ਵਿੱਚ ਵਰਤਿਆ ਜਾਂਦਾ ਹੈ ਤੇ ਇਹ ਸਿਧਾਂਤਕ ਰੂਪ ਵਿੱਚ ਵਰਜਨਾਵਾਂ ਤੇ ਰੋਕਾਂ ਦੇ ਰੂਪ ਵਿੱਚ ਪਰਿਭਾਸ਼ਿਤ ਹੁੰਦਾ ਹੈ।[2] ਫਰਾਇਡ ਟੈਬੂ ਦੇ ਉਦਭਵ ਨੂੰ ਸਮਾਜ ਦੇ ਮੁੱਢਲੇ ਰੂਪ ਵਿੱਚ ਟੋਟਮਵਾਦੀ ਕਬੀਲਿਆਂ ਦਾ ਸਮਾਜਕ ਤੇ ਧਾਰਮਿਕ ਸੰਗਠਨ ਟੋਟਮ ਆਧਾਰਿਤ ਰਿਹਾ ਹੈ। ਇਨ੍ਹਾਂ ਕਬੀਲਿਆਂ ਵਿੱਚ ਰਹਿਣ ਵਾਲੇ ਸਾਰੇ ਵਿਅਕਤੀ (ਔਰਤਾਂ ਤੇ ਮਰਦ ਦੋਵੇਂ) ਆਪਸ ਵਿੱਚ ਟੋਟਮ ਨਾਲ ਸੰਬੰਧਿਤ ਹੁੰਦੇ ਹਨ ਅਤੇ ਇਹ ਟੋਟਮ ਉਨ੍ਹਾਂ ਦਾ ਪਹਿਚਾਣ ਚਿੰਨ ਬਣਦਾ ਹੈ। ਇਨ੍ਹਾਂ ਕਬੀਲਿਆਂ ਦੇ ਬਾਸ਼ਿੰਦਿਆਂ ਵਿੱਚ ਖ਼ੂਨ ਦੀ ਸਾਂਝ ਤੋਂ ਵੱਧ ਟੋਟਮ ਨਾਲ ਜੁੜ ਕੇ ਸਮਾਜਿਕ ਸਾਂਝ ਹੁੰਦੀ ਹੈ। ਟੋਟਮ ਨਾਲ ਸੰਬੰਧਿਤ ਵਰਜਨਾਵਾਂ ਹੀ ਟੈਬੂ ਦਾ ਅਮਲੀ ਰੂਪ ਹਨ। ਅਸੀਂ ਸਾਰੇ ਜਾਣਦੇ ਹਾਂ ਕਿ ਫ਼ਰਾਇਡਨ ਸਿਧਾਂਤ ਦਾ ਧੁਰਾ ਕਾਮ-ਸ਼ਕਤੀ ਹੈ। ਫ਼ਰਾਇਡ ਅਨੁਸਾਰ, ਮਨੁੱਖੀ ਜੀਵਨ ਵਧੇਰੇ ਰੂਪ ਵਿੱਚ ਜੈਵਿਕ ਕਿਰਿਆਵਾਂ (biological drives) ਤੋਂ ਗਤੀਸ਼ੀਲ ਹੁੰਦਾ ਹੈ। ਫ਼ਰਾਇਡ ਸਮਾਜਿਕ ਸਿਸਟਮ ਅਤੇ ਸੱਭਿਆਚਾਰ ਨੂੰ ਇੱਕ ਬੰਧਨ ਦੇ ਤੌਰ ਉੱਤੇ ਲੈਂਦੇ ਹਨ, ਕਿਉਂਕਿ ਇਹ ਵਰਤਾਰੇ ਲਿਬਿਡੋ ਨੂੰ ਦਮਿਤ ਕਰਕੇ ਵਿਅਕਤੀ ਨੂੰ ਮਾਨਸਿਕ ਰੋਗੀ ਬਣਾ ਦਿੰਦੇ ਹਨ। ਫ਼ਰਾਇਡ ਅਨੁਸਾਰ, ਜਿਉਂ ਜਿਉਂ ਮਨੁੱਖ ਸੱਭਿਅਤਾ ਅਤੇ ਸਮਾਜ ਵਿੱਚ ਪ੍ਰਵੇਸ਼ ਕਰਦਾ ਗਿਆ ਹੈ, ਕਾਮ, ਕਾਮਨਾ ਦਾ ਵਿਸ਼ਾ ਤੰਗਦਿਲ ਅਤੇ ਸੰਕੁਚਿਤ ਹੁੰਦਾ ਗਿਆ।

ਅਸਲ ਵਿੱਚ ਕਲਾ ਸਿਰਜਣਾ ਵੀ ਮਨੁੱਖ ਦੀ ਬਗ਼ਾਵਤ ਦਾ ਸੂਖਮ ਪ੍ਰਗਟਾਵਾ ਹੈ। ਕਲਾਕਾਰ ਕਲਾ ਦੇ ਮਾਧਿਅਮ ਰਾਹੀਂ ਆਪਣੀਆਂ ਅਤ੍ਰਿਪਤ ਇੱਛਾਵਾਂ ਕਾਰਨ ਪੈਦਾ ਹੋਏ ਤਣਾਉ ਦਾ ਉਦਾਤੀਕਰਨ ਕਰਦਾ ਹੈ। ਫ਼ਰਾਇਡ ਇਨ੍ਹਾਂ ਦਮਿਤ ਕਾਮਨਾਵਾਂ ਦੇ ਉਦਾਤੀਕਰਨ 'ਤੇ ਜ਼ੋਰ ਦਿੰਦਾ ਹੈ। ਫ਼ਰਾਇਡ ਦਾ ਕਹਿਣਾ ਹੈ ਕਿ ਕਲਾਕਾਰ ਉਦਾਤੀਕਰਨ ਕਰਕੇ ਮਾਨਸਿਕ ਰੋਗੀ ਹੋਣ ਤੋਂ ਬਚ ਜਾਂਦਾ ਹੈ। ਫ਼ਰਾਇਡ ਅਨੁਸਾਰ, "ਭਾਵੇਂ ਦਮਨ ਦੇ ਕਾਰਨ ਲਚਕਵੇਂ ਹੋਣ ਕਰਕੇ ਮਨੋਰੋਗ

ਦਾ ਖ਼ਤਰਾ ਵਾਪਰ ਸਕਦਾ ਹੈ, ਪਰ ਕਲਾਕਾਰ ਇਸ ਖ਼ਤਰੇ ਤੋਂ ਇਸ ਲਈ ਬਚਿਆ ਰਹਿੰਦਾ ਹੈ, ਕਿਉਂਕਿ ਉਹ ਆਪਣੀਆਂ ਪ੍ਰਵਿਰਤੀਆਂ ਦਾ ਉਦਾਤੀਕਰਨ ਕਰ ਸਕਦਾ ਹੈ, ਉਦਾਤੀਕਰਨ ਰਾਹੀਂ ਉਹ ਨੀਵੀਆਂ ਪ੍ਰਵਿਰਤੀਆਂ ਨੂੰ ਉਚੇਚੇ ਆਦਰਸ਼ਾਂ ਦੀ ਪੂਰਤੀ ਲਈ ਵਰਤ ਲੈਂਦਾ ਹੈ ਤੇ ਇਉਂ ਆਪਣੀ ਰਚਨਾ ਦੀ ਸਮਾਜਿਕ ਮਹੱਤਤਾ ਵੀ ਉਸਾਰ ਲੈਂਦਾ ਹੈ।"[3]

ਜਸਵੰਤ ਦੀਦ ਆਪਣੀ ਕਵਿਤਾ ਵਿੱਚ ਮੱਧਵਰਗੀ ਮਨੁੱਖ ਦੇ ਅਵਚੇਤਨ (unconscious) ਦੇ ਧੁਰ ਅੰਦਰ ਪਈਆਂ ਕਾਮਨਾਵਾਂ, ਇੱਛਾਵਾਂ, ਲਾਲਸਾਵਾਂ ਅਤੇ ਇਨ੍ਹਾਂ ਦੀ ਪੂਰਤੀ ਲਈ ਸੰਸਕ੍ਰਿਤਕ ਮਰਿਆਦਾ ਨਾਲ ਹੋਣ ਵਾਲੇ ਸਹਿਜ-ਸੁਭਾਵਿਕ ਤਣਾਉ ਤੇ ਟਕਰਾਓ ਨੂੰ ਪੇਸ਼ ਕਰਦਾ ਹੈ। ਜਿੱਥੇ ਅਜੋਕੇ ਮਨੁੱਖ ਨੂੰ ਉਪਭੋਗੀ ਸੱਭਿਆਚਾਰ ਅਤੇ ਆਧੁਨਿਕ ਜੀਵਨ-ਜਾਚ ਸਦਕਾ ਸੁੱਖ ਸਹੂਲਤਾਂ ਪ੍ਰਾਪਤ ਹੋਈਆਂ ਹਨ, ਉੱਥੇ ਇਸ ਮੱਧਵਰਗੀ ਮਨੁੱਖ ਨੂੰ ਭਟਕਣਾ, ਨਿਰਾਸ਼ਾ, ਇਕੱਲਤਾ, ਬੇਗ਼ਾਨਗੀ, ਬੇਚੈਨੀ ਅਤੇ ਮਾਨਸਿਕ ਅਸ਼ਾਂਤੀ ਦਾ ਸ਼ਿਕਾਰ ਵੀ ਹੋਣਾ ਪਿਆ ਹੈ। ਦੀਦ ਇਸ ਗੱਲ ਪੱਖੋਂ ਸੁਚੇਤ ਹੈ ਕਿ ਅਜੋਕੇ ਉਪਭੋਗੀ ਸੱਭਿਆਚਾਰ ਨੇ ਮੱਧਵਰਗੀ ਮਨੁੱਖ ਦੀਆਂ ਅਸੀਮ ਲਾਲਸਾਵਾਂ ਦੀ ਪੂਰਤੀ ਲਈ ਮੌਕੇ ਪ੍ਰਦਾਨ ਕੀਤੇ ਹਨ, ਪਰ ਨਾਲ ਹੀ ਮਨੁੱਖ ਦੇ ਅੰਦਰ ਅਜਿਹੀਆਂ ਕਾਮਨਾਵਾਂ ਅਤੇ ਲਾਲਸਾਵਾਂ ਪੈਦਾ ਕਰ ਦਿੱਤੀਆਂ ਹਨ, ਜੋ ਅਮੁੱਕ ਹਨ। ਹਰਵਿੰਦਰ ਭੰਡਾਲ ਦੇ ਅਨੁਸਾਰ, "ਦੂਜੇ ਵਿਸ਼ਵ ਯੁੱਧ ਤੋਂ ਬਾਅਦ ਵਾਧੂ ਉਤਪਾਦਨ ਦਾ ਸੰਕਟ ਪੂਰੀ ਦੁਨੀਆਂ ਵਿੱਚ ਤੇਜ਼ੀ ਨਾਲ ਫੈਲਿਆ। ਵਾਧੂ-ਉਤਪਾਦਨ ਤੇ ਤਕਨੀਕੀ ਵਿਕਾਸ ਨੇ ਪੂੰਜੀ ਦੀ ਕਿਰਤ ਉੱਤੇ ਨਿਰਭਰਤਾ ਘਟਾ ਦਿੱਤੀ। ਇਸ ਲਈ ਬੰਦੇ ਦੀ ਕਾਮੁਕਤਾ ਨੂੰ ਕੁਝ ਖੁੱਲ੍ਹਾ ਛੱਡਿਆ ਗਿਆ। ਬੰਦੇ ਕੋਲ ਵਿਹਲਾ ਸਮਾਂ ਵੀ ਵਧਿਆ। ਇਸ ਵਿਹਲੇ ਸਮੇਂ ਨਾਲ ਨਜਿੱਠਣ ਲਈ ਪੂਰਾ-ਪੂਰਾ ਮਨੋਰੰਜਨ ਉਦਯੋਗ ਪੈਦਾ ਕੀਤਾ ਗਿਆ। ਅਜੋਕਾ ਮਨੋਰੰਜਨ-ਉਦਯੋਗ ਬੰਦੇ ਦਾ ਸਿਰਫ਼ ਮਨੋਰੰਜਨ ਹੀ ਨਹੀਂ ਕਰਦਾ, ਸਗੋਂ ਕਾਮ ਤੇ ਦੇਹ ਨੂੰ ਇੱਕ ਵਸਤੂ ਵਜੋਂ ਮੰਡੀ ਵਿੱਚ ਵੀ ਪਰੋਸ ਰਿਹਾ ਹੈ। ਇਹ ਅਜਿਹਾ ਉਪਭੋਗਤਾਵਾਦ ਪੈਦਾ ਕਰ ਰਿਹਾ ਹੈ, ਜਿਸ ਵਿੱਚ ਸਭ ਮਾਨਵੀ ਕਦਰਾਂ-ਕੀਮਤਾਂ ਨਿਗੂਣੀਆਂ ਹੋ ਜਾਂਦੀਆਂ ਹਨ। ਮੰਡੀ ਦੁਆਰਾ ਪ੍ਰਚਾਰਿਆ-ਪ੍ਰਸਾਰਿਆ ਜਾ ਰਿਹਾ ਕਾਮ ਦਰਅਸਲ ਅਸੀਮ ਕਾਮਨਾ ਹੈ। ਇਹ ਔਰਤ ਦੀ ਦੇਹ ਨੂੰ ਭੋਗਣ ਦੀ ਮਰਦ ਦੀ ਕਾਮ-ਲਾਲਸਾ ਹੀ ਹੈ।... ਪਰ ਪੰਜਾਬੀ ਰਹਿਤਲ ਵਿਚਲੇ ਸਾਮੰਤੀ ਕਣ ਉਨਮੁਕਤ ਕਾਮ-ਅਨੰਦ ਦੀ ਸੁਵਿਧਾ ਹੰਢਾਉਣ ਦੇ ਰਾਹ ਵਿੱਚ ਰੁਕਾਵਟ ਹਨ। ਇਸ ਲਈ ਔਰਤ ਦੇਹ ਦੀ ਕਾਮਨਾ ਵਿੱਚ ਭਟਕਦੇ ਬੰਦੇ ਦੇ ਮਨ ਵਿੱਚ ਕੁੰਠਾ ਪੈਦਾ ਹੁੰਦੀ ਹੈ।"[4] ਮੱਧਵਰਗੀ ਮਨੁੱਖ ਦੀ ਤ੍ਰਾਸਦੀ ਇਹ ਹੈ ਕਿ ਉਹ ਇਨ੍ਹਾਂ ਕਾਮਨਾਵਾਂ ਤੇ ਵਰਜਨਾਵਾਂ ਦਾ ਦਵੰਦ ਭੋਗ ਰਿਹਾ ਹੈ। ਇਸ ਮਾਨਸਿਕ ਦਵੰਦ ਨੂੰ ਭੋਗਦਾ ਹੋਇਆ ਮੱਧਵਰਗੀ ਮਨੁੱਖ ਜਿਊਂਦੇ ਜੀਅ ਹੀ ਰਿਸ਼ਤਿਆਂ ਦੀਆਂ ਦੀਵਾਰਾਂ ਵਿੱਚ ਚਿਣਿਆ ਜਾਂਦਾ ਹੈ। ਰਿਸ਼ਤੇ, ਘਰ, ਸੁਪਨੇ, ਸੰਸਕਾਰ, ਵਸਤਾਂ ਹੌਲੀ-ਹੌਲੀ ਇਸ ਮਨੁੱਖ ਨੂੰ ਆਪਣਾ ਗ਼ੁਲਾਮ ਬਣਾ ਲੈਂਦੇ ਹਨ। ਮਨੁੱਖ ਆਪਣੀ ਸਵੈ-ਪਛਾਣ ਗੁਆ ਕੇ ਉਪਭੋਗੀ ਸੱਭਿਆਚਾਰ ਦਾ ਇੱਕ-ਮਾਤਰ ਅੰਗ ਬਣ ਕੇ ਰਹਿ ਜਾਂਦਾ ਹੈ, ਕਿਉਂਕਿ ਸੰਸਕਾਰਾਂ ਅਤੇ ਵਰਜਨਾਵਾਂ ਦੀ ਸਿਉਂਕ ਉਸ ਦੇ ਸਭ ਸੁਪਨਿਆਂ ਨੂੰ ਖਾ ਜਾਂਦੀ ਹੈ। ਦੀਦ ਆਪਣੀ ਕਵਿਤਾ ਵਿੱਚ ਉਸ ਕੁੰਠਿਤ ਹੋ ਰਹੇ ਮਨੁੱਖ ਨੂੰ ਪੇਸ਼ ਕਰਦਾ ਹੈ, ਜੋ ਆਪਣੀਆਂ ਖ਼ਵਾਹਿਸ਼ਾਂ ਦਾ ਦਮਨ ਕਰਕੇ ਵਿਆਹ ਵਰਗੇ ਰਿਸ਼ਤਿਆਂ ਨੂੰ ਕੈਦ ਦੇ ਰੂਪ ਵਿੱਚ ਹੰਢਾਉਂਦਾ ਹੈ, ਕਿਉਂਕਿ ਇਨ੍ਹਾਂ ਰਿਸ਼ਤਿਆਂ ਵਿੱਚ ਕੋਈ ਭਾਵਨਾਤਮਕ ਸਾਂਝ ਨਹੀਂ ਹੁੰਦੀ, ਪਿਆਰ ਵਿਹੂਣੇ ਇਹ ਰਿਸ਼ਤੇ ਸਰੀਰਕ ਤ੍ਰਿਪਤੀ ਦਾ ਇੱਕ ਸਾਧਨ ਮਾਤਰ ਹੀ ਹੁੰਦੇ ਹਨ, ਜੋ ਅਕੇਵਾਂ, ਥਕੇਵਾਂ ਅਤੇ ਬੇਚੈਨੀ ਦਾ ਕਾਰਨ ਬਣਦੇ ਹਨ:-

ਥਕਾਵਟ ਸਾਰੀ ਰੱਖ ਦਿੱਤੀ
ਬੀਵੀ ਦੇ ਹੋਠਾਂ 'ਤੇ
ਬੱਚਿਆਂ ਦੇ ਹੱਥਾਂ 'ਤੇ ਵਾਹ ਦਿੱਤੇ
ਬੇਅਰਥ ਚਿੱਤਰ
ਡੂੰਘੇ ਹਨੇਰੇ 'ਚ ਸੋਚਿਆ
ਹੁਣ ਰੱਖਦਾ ਹਾਂ ਨਾਂ ਇਸ ਟੇਢੀ ਦੌੜ ਦਾ
ਸੋਚਿਆ–
ਮੈਂ ਕਿੰਨੀਆਂ ਔਰਤਾਂ ਦੌੜ ਆਇਆ, ਟੱਪ ਆਇਆ ਹਾਂ
ਇਹ ਗੋਲ ਚੱਕਰ ਦਾ ਪਰ ਅੰਤ ਨਾ ਮਿਲਿਆ
ਮੁੜ ਆਇਆ।[5]

ਕਾਮਨਾ ਅਤੇ ਵਰਜਣਾਂ ਦੇ ਦਵੰਦ ਅੰਦਰ ਘਿਰਿਆ ਹੋਇਆ ਮੱਧਵਰਗੀ ਮਨੁੱਖ ਆਪਣੀ ਕਲਪਨਾ ਅੰਦਰਲੀ ਔਰਤ ਦੀ ਪ੍ਰਾਪਤੀ ਲਈ ਇੱਕ ਤੋਂ ਮਗਰੋਂ ਦੂਸਰੀ, ਤੀਸਰੀ ਔਰਤ ਤੱਕ ਭਟਕਦਾ ਰਹਿੰਦਾ ਹੈ:

ਸੁਪਨੇ 'ਚ ਦੇਖੇ ਇੱਕ ਘਰ ਨੂੰ ਲੱਭਦਾ
ਉਹ
ਕਦੀ ਆਪਣੇ ਕਦੀ ਕਿਸੇ ਬੇਗਾਨੀ ਔਰਤ 'ਚ ਉਲਝ ਜਾਂਦਾ।[6]

ਮਨੁੱਖ ਦੀ ਇਸ ਭਟਕਣਾ ਦਾ ਕਾਰਨ ਕਿਤੇ ਨਾ ਕਿਤੇ ਸਾਡੀ ਵਿਆਹ ਸੰਸਥਾ ਵਿੱਚ ਪਿਆ ਹੈ, ਕਿਉਂਕਿ ਵਿਆਹ ਵਿਅਕਤੀ ਦੀ ਨਿੱਜੀ ਚੋਣ (choice) ਨਾ ਹੋ ਕੇ ਸਮੂਹ (ਸਮਾਜ) ਦੁਆਰਾ ਚੁਣਿਆ ਜਾਂਦਾ ਹੈ। ਸਾਡੀਆਂ ਸਮਾਜਿਕ ਪਰੰਪਰਾਵਾਂ ਅਨੁਸਾਰ ਔਰਤ ਅਤੇ ਮਰਦ ਨੂੰ ਆਪਣੀ ਮਨ-ਮਰਜ਼ੀ ਦਾ ਜੀਵਨ-ਸਾਥੀ ਚੁਣਨ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ, ਜਿਸ ਕਾਰਨ ਵਿਆਹ ਸਮਾਜ ਵੱਲੋਂ, ਪਰਿਵਾਰ ਵੱਲੋਂ ਔਰਤ ਤੇ ਮਰਦ ਲਈ ਇੱਕ ਥੋਪੀ ਹੋਈ ਜ਼ਿੰਮੇਵਾਰੀ ਬਣ ਕੇ ਰਹਿ ਜਾਂਦਾ ਹੈ, ਜਿਸ ਨੂੰ ਉਹ ਦੋਵੇਂ ਸਾਰੀ ਜ਼ਿੰਦਗੀ ਬੋਝ ਦੇ ਰੂਪ ਵਿੱਚ ਢੋਂਹਦੇ ਰਹਿੰਦੇ ਹਨ। ਇਸ ਬੋਝ ਨੂੰ ਢੋਂਹਦੇ ਹੋਏ ਔਰਤ ਅਤੇ ਮਰਦ ਦੋਵੇਂ ਪਿਆਰ ਦੀ ਭਾਲ ਵਿੱਚ ਘਰ ਤੋਂ ਬਾਹਰਲੇ ਰਿਸ਼ਤਿਆਂ ਵਿੱਚ ਬੱਝਦੇ ਹਨ। ਹਾਂ, ਸਮਾਜਿਕ ਸਿਸਟਮ ਵਿੱਚ ਵਿਆਹ ਸੰਸਥਾ ਦੇ ਜ਼ਰੀਏ ਵਿਅਕਤੀ ਨੂੰ ਆਪਣੀ ਕਾਮਨਾ ਪੂਰਤੀ ਦੀ ਖੁੱਲ ਮਿਲਦੀ ਹੈ, ਜੋ ਇੱਕ ਦਾਇਰੇ ਤੱਕ ਸੀਮਤ ਹੁੰਦੀ ਹੈ। ਜਦੋਂ ਇਹ ਦਾਇਰਾ ਤੋੜਦੀ ਹੈ, ਉੱਥੇ ਹੀ ਦਵੰਦਮਈ ਸਥਿਤੀ ਪੈਦਾ ਹੁੰਦੀ ਹੈ। ਇਕੱਲਾ ਮਰਦ ਹੀ ਇਹ ਦਾਇਰੇ ਤੋੜ ਕੇ ਘਰੋਂ ਬਾਹਰ ਸੰਬੰਧ ਨਹੀਂ ਬਣਾਉਂਦਾ, ਸਗੋਂ ਔਰਤ ਵੀ ਘਰ ਬਾਹਰੇ ਸੰਬੰਧਾਂ ਵਿੱਚ ਬੱਝਦੀ ਨਜ਼ਰ ਆਉਂਦੀ ਹੈ:

-ਬੈਠੇ ਬੈਠੇ ਆਪਣੇ ਘਰ ਦਾ ਚੇਤਾ ਆਇਆ
ਉਸ ਨੇ ਆਪਣੀ ਘੜੀ 'ਚ ਮਾਰੀ ਡੂੰਘੀ ਝਾਤ
ਜਿਉਂ ਕੋਈ ਬਿੱਲੀ ਖੂਹ ਵਿੱਚ ਝਾਕੇ ਤੇ ਪਾਣੀ ਡਰ ਜਾਏ
ਟੁਰਨ ਲੱਗੀ ਤਾਂ
ਪੈਰ ਨਾ ਪੁੱਟਿਆ ਜਾਏ
ਨਾ ਮੇਰੀ ਅੱਖ ਉੱਠੀ
ਤੇ ਗੱਚ ਭਰ ਆਏ...।[7]

– ਪਰ ਇਹ ਤੇਰਾ ਆਉਣਾ ਮੁੜ ਮਿਲਣਾ
ਵਿੱਛੜੇ ਹੋਂਠ ਵਿਲਕ ਵਿਲਕ ਮਿਲ ਪਏ
ਕੱਸ ਫੜ ਲਈ ਜਿਸਮਾਂ।[8]

'ਫ਼ੋਟੋ', 'ਜਜ਼ੀਰੇ' ਅਤੇ 'ਡਰਦੇ ਵਰਕਿਆਂ ਦੀ ਕਵਿਤਾ' ਸਮਾਜਿਕ ਮਾਣ-ਮਰਿਆਦਾ ਅਤੇ ਆਦਰਸ਼ਾਂ ਅਨੁਸਾਰ ਜੀਣ ਲਈ ਮਜਬੂਰ ਬੰਦਿਆਂ ਦੇ ਕਾਮੁਕ ਵਿਹਾਰ ਨੂੰ ਪੇਸ਼ ਕਰਦੀ ਹੈ। ਮੱਧਵਰਗੀ ਮਨੁੱਖ ਅੰਦਰੋ-ਅੰਦਰੀ ਇਨ੍ਹਾਂ ਸਮਾਜਿਕ ਮਾਣ-ਮਰਿਆਦਾਵਾਂ ਨੂੰ ਨਫ਼ਰਤ ਕਰਦਾ ਹੈ ਜੋ ਉਸ ਦੀਆਂ ਜਿਨਸੀ/ਕਾਮੁਕ ਲੋੜਾਂ ਦੇ ਰਾਹ ਵਿੱਚ ਰੁਕਾਵਟ ਬਣਦੀਆਂ ਹਨ। ਇਸੇ ਨਫ਼ਰਤ ਕਾਰਨ ਵਿਅਕਤੀ ਦਾ ਬੱਝਵੇਂ ਸੰਸਾਰ ਨਾਲ ਤਣਾਉ ਤੇ ਟਕਰਾਉ ਦਾ ਰਿਸ਼ਤਾ ਉਤਪੰਨ ਹੁੰਦਾ ਹੈ। ਕਵਿਤਾ ਇਸ ਤਣਾਉ ਤੇ ਟਕਰਾਉ ਦੇ ਰਿਸ਼ਤੇ ਵਿੱਚੋਂ ਪੈਦਾ ਹੁੰਦੀ ਹੈ ਅਤੇ ਵਿਅਕਤੀ ਦੇ ਸਵੈ ਦੀ ਸਭ ਤੋਂ ਨੇੜੇ ਦੀ ਸਾਹਿਤ ਸਿਰਜਨਾ ਹੋ ਨਿੱਬੜਦੀ ਹੈ। ਕਵਿਤਾ ਦਾ ਮੂਲ ਤਣਾਉ ਕਾਮਨਾ ਅਤੇ ਸਮਾਜਿਕ ਪਾਬੰਦੀਆਂ ਅਤੇ ਵਰਜਨਾਵਾਂ ਦੇ ਵਿਚਕਾਰ ਹੀ ਹੁੰਦਾ ਹੈ। ਕਿਉਂਕਿ ਕਵਿਤਾ ਜਾਂ ਤਾਂ ਕਿਸੇ ਤਣਾਉ ਤੋਂ ਮੁਕਤ ਹੋਣ ਲਈ ਹੋਂਦ ਵਿੱਚ ਆਉਂਦੀ ਹੈ ਜਾਂ ਕਿਸੇ ਤਣਾਉ ਨੂੰ ਸਿਰਜਨ ਦੇ ਕਾਰਨ। ਇਹ ਮੂਲ ਤਣਾਉ ਹੀ ਕਾਵਿ-ਕਿਰਤ ਦੇ ਵਿਚਾਰ ਪ੍ਰਬੰਧ, ਭਾਵ ਪ੍ਰਬੰਧ, ਕਾਰਜ ਪ੍ਰਬੰਧ ਅਤੇ ਭਾਸ਼ਾ ਪ੍ਰਬੰਧ ਵਿੱਚ ਫੈਲ ਜਾਂਦਾ ਹੈ:-

– ਨਫ਼ਰਤ ਹੈ ਮੈਨੂੰ
ਇਹਨਾਂ ਸਰਦਲਾਂ ਨਾਲ
ਪਿਛਲੇ ਵਿਹੜੇ 'ਚ ਇੱਕ ਸੱਪ ਹੈ
ਡਰਾਇੰਗ ਰੂਮ 'ਚ ਚਾਕੂ
ਤੇ ਫਰੰਟ ਲਾਨ ਵਿੱਚ ਮੈਂ
ਇੱਕ ਸੇਧ ਵਿੱਚ ਖਲੋਤੇ ਹਾਂ ਤਿੰਨੋਂ
"ਸੁਣਦਾ ਆਵਾਜ਼ਾਂ ਸਾਰੀਆਂ ਤਾਂ ਕੱਦ ਆਪਣਾ
ਛੋਟਾ ਛੋਟਾ ਲੱਗਦਾ
ਤੋੜਨਾ ਚਾਹਾਂ ਦੀਵਾਰਾਂ
ਸਰਦਲਾਂ ਸੱਪ ਰੰਗੀਆਂ।"[9]

ਮਨੁੱਖ ਦਾ ਸੁਭਾਅ ਹੈ ਕਿ ਜੋ ਕੁਝ ਵੀ ਉਸ ਲਈ ਵਰਜਿਤ ਹੁੰਦਾ ਹੈ, ਉਸੇ ਨੂੰ ਕਰਨ ਵਿੱਚ ਉਸ ਨੂੰ ਅਨੋਖੇ ਸੁਭਾਅ ਦਾ ਅਨੁਭਵ ਹੁੰਦਾ ਹੈ। ਬਾਈਬਲ ਦੀ ਆਦਮ ਨਾਲ ਸੰਬੰਧਿਤ ਕਹਾਣੀ ਵੀ ਮਨੁੱਖ ਦੀ ਇਸੇ ਪ੍ਰਵਿਰਤੀ ਵੱਲ ਸੰਕੇਤ ਕਰਦੀ ਹੈ। ਆਦਮ ਨੂੰ ਸਵਰਗੋਂ ਕੱਢਣ ਦਾ ਕਾਰਨ ਵਰਜਿਤ ਸੇਬ ਨੂੰ ਚੱਖਣਾ ਸੀ। ਆਦਮ ਨੇ ਵੀ ਸੇਬ ਇਸ ਲਈ ਨਹੀਂ ਸੀ ਖਾਧਾ ਕਿਉਂਕਿ ਉਹ ਭੁੱਖਾ ਸੀ। ਉਸ ਨੇ ਤਾਂ ਸੇਬ ਇਸ ਲਈ ਚੱਖਿਆ ਸੀ ਕਿਉਂਕਿ ਉਹ ਵਰਜਿਤ ਸੀ। ਸੇਬ ਖਾਣਾ ਉਸ ਨੂੰ ਵਰਜਿਤ ਕਿਉਂ ਕੀਤਾ ਗਿਆ, ਨੂੰ ਜਾਣਨ ਦੀ ਉਤਸੁਕਤਾ ਕਾਰਨ ਉਹ ਵਰਜਿਤ ਸੇਬ ਖਾਂਦਾ ਹੈ। ਲਿੰਗ ਵੱਲ ਵੀ ਸਮਾਜ ਦਾ ਵਤੀਰਾ ਕੁਝ ਉਲਝਵਾਂ ਜਿਹਾ ਹੀ ਹੈ। ਇਸ ਦੇ ਪ੍ਰਗਟਾਵੇ ਉੱਤੇ ਬਹੁਤ ਸਾਰੀਆਂ ਬੰਧਸ਼ਾਂ ਹਨ। ਇਸੇ ਕਾਰਨ ਇਹ ਮਨੁੱਖੀ ਸੋਚਣੀ ਉੱਤੇ ਹਾਵੀ ਹੋ ਗਿਆ ਹੈ। ਕਾਮ, ਲਿੰਗ ਵੱਲ ਜਦ ਤੱਕ ਮਨੁੱਖ ਦਾ ਗ਼ੈਰ-ਕੁਦਰਤੀ ਵਤੀਰਾ ਰਹੇਗਾ, ਵਿਅਕਤੀ ਅੰਦਰ ਆਦਮ ਦੀ ਰੂਹ ਮੁੜ-ਮੁੜ ਪ੍ਰਵੇਸ਼ ਕਰਦੀ ਰਹੇਗੀ। ਜਸਵੰਤ ਦੀਦ ਦੀਆਂ 'ਫ਼ੋਟੋ', 'ਜਜ਼ੀਰੇ', 'ਰਾਧੇ ਕ੍ਰਿਸ਼ਨ' ਆਦਿ ਕਵਿਤਾਵਾਂ ਵਿੱਚ ਦੋਹਰੀ ਮਾਨਸਿਕਤਾ ਵਾਲੇ ਮੱਧ-ਵਰਗੀ ਮਨੁੱਖ ਨੂੰ ਪੇਸ਼ ਕੀਤਾ ਗਿਆ ਹੈ, ਜੋ

ਸਮਾਜਿਕ ਮਾਣ ਮਰਿਆਦਾ ਬਣਾਈ ਰੱਖਣ ਦੇ ਨਾਲ-ਨਾਲ ਲੁਕਵੇਂ ਢੰਗ ਨਾਲ ਇਨ੍ਹਾਂ ਮਰਿਆਦਾਵਾਂ ਦਾ ਉਲੰਘਣ ਕਰਦਿਆਂ ਆਪਣੀਆਂ ਕਾਮਨਾਵਾਂ, ਇੱਛਾਵਾਂ ਦੀ ਪੂਰਤੀ ਕਰਨਾ ਵੀ ਲੋਚਦਾ ਹੈ। ਅਸਲ ਵਿੱਚ ਪਰੰਪਰਾਗਤ ਮੁੱਲਾਂ ਨੂੰ ਤੋੜਨਾ ਮਾਨਵੀ ਫ਼ਿਤਰਤ ਹੈ:

ਕੋਈ ਭੁੱਲ ਕੀਤਿਆਂ ਸਮਾਂ ਹੋ ਗਿਆ
ਕੋਈ ਸਜ਼ਾ ਹੰਢਾਇਆ ਸਮਾਂ
ਚਲੋ ਚਲਦੇ ਹਾਂ ਕਿਸੇ ਬਾਗ਼ ਅਦਨ ਵਿੱਚ
..................................
ਤਪ ਦੀ ਮੁਦਰਾ ਟੁੱਟੇ
ਨਾਗ ਵਲ ਖਾਵੇ
ਰਾਧਾ ਕਰੇ ਸ਼ਰਾਰਤ ਬੰਸਰੀ ਹਿੱਲੇ
ਰੁਕਮਣੀ ਰੁੱਸੇ...
ਸਭ ਮਨ ਦੀ ਗੰਢ ਤੁੱਪ ਉੱਧੜੇ
ਕੋਈ ਕਿਲ੍ਹਾ ਪੁਰਾਣਾ ਅੰਦਰ ਦੱਬਿਆ
ਹਿੱਲੇ
ਚੱਲੀਏ?[10]

ਦੋਹਰੀ ਮਾਨਸਿਕਤਾ ਰੱਖਣ ਵਾਲਾ ਇਹ ਆਧੁਨਿਕ ਮੱਧਵਰਗੀ ਮਨੁੱਖ ਆਪਣੀਆਂ ਕਾਮਨਾਵਾਂ ਦੀ ਪੂਰਤੀ ਲਈ ਸਮਾਜਿਕ ਮਾਣ ਮਰਿਆਦਾਵਾਂ ਦਾ ਉਲੰਘਣ ਕਰਦਿਆਂ ਆਪਣੀ ਨੈਤਿਕ ਹਉਮੈਂ (Super ego) ਨੂੰ ਤਿਲਾਂਜਲੀ ਦੇ ਕੇ ਉਹ ਸਭ ਕੁਝ ਕਰਦਾ ਹੈ, ਜੋ ਨਾ ਸਮਾਜ ਨੂੰ, ਨਾ ਉਸ ਨੂੰ ਖ਼ੁਦ ਨੂੰ ਮਨਜ਼ੂਰ ਹੈ। 'ਕਸਮਾਂ ਕਿੱਥੇ ਨਿਭਦੀਆਂ', ਦੀਦ ਬੰਦੇ ਦੀ ਨੈਤਿਕ ਹਉਮੈਂ ਦੀ ਉਸ ਦੀਆਂ ਲੋੜਾਂ ਦੀ ਤ੍ਰਿਪਤੀ ਦੀ ਲੋਚਾ ਹੱਥੋਂ ਹੁੰਦੀ ਹਾਰ ਨੂੰ ਵਿਅੰਗਮਈ ਅੰਦਾਜ਼ ਵਿੱਚ ਬਿਆਨ ਕਰਦਾ ਹੈ। ਇਡ (Id) ਅਤੇ ਸੁਪਰ ਈਗੋ ਵਿਚਲਾ ਤਣਾਉ ਮਨੁੱਖ ਨੂੰ ਬੇਚੈਨੀ ਅਤੇ ਭਟਕਣਾ ਦੇ ਸੰਸਾਰ ਵਿੱਚ ਧੱਕ ਦਿੰਦਾ ਹੈ। ਇਸ ਭਟਕਣਾ ਤੇ ਬੇਚੈਨੀ ਦਾ ਕਾਰਨ ਸਮਾਜ ਵੱਲੋਂ ਵਰਜਿਤ ਰਿਸ਼ਤਿਆਂ ਵਿੱਚ ਬੰਨ੍ਹੇ ਹੋਏ ਹੋਣਾ ਹੈ, ਪਰ ਮਨੁੱਖ ਆਪਣੇ ਅਸਤਿੱਤਵ/ਹੋਂਦ ਦੀ ਲੜਾਈ ਲੜਦਾ ਹੈ, ਉਨ੍ਹਾਂ ਸਭਨਾਂ ਤਰ੍ਹਾਂ ਦੀਆਂ ਪਰੰਪਰਾਵਾਂ, ਸਮਾਜਿਕ ਮਰਿਆਦਾਵਾਂ ਦੇ ਖ਼ਿਲਾਫ਼ ਜੋ ਉਸ ਦੇ ਸੁਪਨਿਆਂ ਦਾ ਅੰਦਰ ਹੀ ਅੰਦਰ ਦਮਨ ਕਰ ਦਿੰਦੀਆਂ ਹਨ। ਦੀਦ ਦੀ ਕਵਿਤਾ ਸੀਮਿਤ ਰਿਸ਼ਤਿਆਂ ਅਤੇ ਬਣਤਰਾਂ ਦੇ ਨਿਸ਼ਚਿਤ ਅਰਥਾਂ ਤੋਂ ਪਾਰ ਜਾਂਦੀ ਹੋਈ ਆਪਣੇ ਆਪੇ ਨੂੰ ਤਲਾਸ਼ਣ ਦਾ ਯਤਨ ਕਰਦੀ ਹੈ:

ਮੈਂ ਕਿਸੇ ਦਾ ਕੁਝ ਨਹੀਂ ਲੱਗਣਾ ਚਾਹੁੰਦਾ,
ਮੈਨੂੰ ਪਲਾਂ ਲਈ,
ਸਾਲਾਂ ਲਈ,
ਉਮਰਾਂ ਲਈ, ਇਕੱਲਿਆਂ ਤੁਰਨ ਦਿਓ,
ਮੈਂ ਇਸ 'ਸੱਭਿਅਕ' ਮਾਹੌਲ ਤੋਂ ਪਾਰ ਜਾਣਾ ਹੈ।[11]

ਇੱਥੇ ਦੀਦ 'ਸੱਭਿਅਕ' ਸ਼ਬਦ ਰਾਹੀਂ ਸਮਕਾਲੀ ਵਿਵਸਥਾ ਉੱਤੇ ਵਿਅੰਗ ਕੱਸਦਾ ਹੋਇਆ ਉਨ ਾਂ ਸਾਰੀਆਂ ਪਰੰਪਰਾਵਾਂ, ਵਿਚਾਰਧਾਰਾਵਾਂ ਅਤੇ ਮਰਿਆਦਾਵਾਂ ਦਾ ਵਿਰੋਧ ਕਰਦਾ ਹੈ, ਜੋ ਮਨੁੱਖ ਦੀਆਂ ਇੱਛਾਵਾਂ ਨੂੰ, ਕਾਮਨਾਵਾਂ ਨੂੰ ਦਬਾਉਂਦੀਆਂ ਹਨ। ਪ੍ਰਸਿੱਧ ਜਰਮਨ ਮਨੋਵਿਗਿਆਨੀ

ਏਰਿਕ ਫਰੋਮ (Erick Fromm) ਦਾ ਕਹਿਣਾ ਹੈ ਕਿ ਮਨੁੱਖ ਦੀਆਂ ਚਿੰਤਾਵਾਂ, ਭਟਕਣਾ, ਬੇਚੈਨੀ ਆਦਿ ਸਭ ਸੰਸਕ੍ਰਿਤਕ ਪਰੰਪਰਾਵਾਂ ਅਤੇ ਰੀਤਾਂ, ਰਿਵਾਜਾਂ ਦੀ ਉਪਜ ਹਨ।

ਵਿਅਕਤੀ ਦੇ ਮਨੋ-ਯਥਾਰਥ ਅਤੇ ਅਵਚੇਤਨ ਦੇ ਰਹੱਸਾਂ 'ਚੋਂ ਪੈਦਾ ਹੋਈ ਕਵਿਤਾ ਸਮਾਜ ਅਤੇ ਸਦਾਚਾਰਕ ਕਦਰਾਂ-ਕੀਮਤਾਂ ਨੂੰ ਢਾਹ ਲਾਉਂਦੀ ਹੈ। ਵਿਅਕਤੀ ਦੀ ਕਾਮਨਾ ਹੈ ਕਿ ਉਹ ਸਮਾਜਿਕ ਨੇਮਾਂ ਨੂੰ ਢਿੱਲਾ ਕਰਕੇ ਆਪਣੀ ਨਿਸ਼ਕਿਰਿਆ ਹੋਂਦ ਨੂੰ ਕਿਰਿਆਸ਼ੀਲ ਬਣਾਵੇ। ਸਮਾਜਿਕ ਨੇਮਾਂ ਵਿੱਚ ਮਨੁੱਖ ਜਿਉਂਦਾ ਤਾਂ ਰਹਿ ਸਕਦਾ ਹੈ, ਪਰ ਉਸ ਦਾ ਅੰਦਰਲਾ ਮਨ ਖ਼ੁਸ਼ ਨਹੀਂ ਹੁੰਦਾ। ਜਸਵੰਤ ਦੀਦ ਆਪਣੀ ਕਵਿਤਾ ਵਿੱਚ ਮਨੁੱਖ ਦੀਆਂ ਬੁਨਿਆਦੀ ਅਤੇ ਜਿਨਸੀ ਲੋੜਾਂ ਨੂੰ ਸਮਾਜ ਅਤੇ ਸਭਿਆਚਾਰ ਦੇ ਸੰਦਰਭ ਵਿੱਚ ਰੱਖ ਕੇ, ਉਸ ਦੀਆਂ ਕਾਮਨਾਵਾਂ ਦੇ ਦਮਨ ਅਤੇ ਸੰਸਕ੍ਰਿਤਕ ਮਰਿਆਦਾਵਾਂ ਦੀਆਂ ਵਰਜਨਾਵਾਂ ਵਿਚਕਾਰ ਹੋਣ ਵਾਲੇ ਟਕਰਾਉ ਤੋਂ ਉਤਪੰਨ ਤਣਾਉ ਨੂੰ ਵਿਭਿੰਨ ਪੱਖਾਂ ਤੋਂ ਪੇਸ਼ ਕਰਦਾ ਹੈ। ਅਸਲ ਵਿੱਚ ਟੈਬੂ ਸੱਭਿਆਚਾਰ ਨੇ ਵਿਅਕਤੀ ਨੂੰ ਕਾਮੁਕ ਪਿਆਰ ਤੋਂ ਵੰਚਿਤ ਕਰਕੇ ਉਸ ਉੱਤੇ ਨੈਤਿਕ ਕਦਰਾਂ-ਕੀਮਤਾਂ ਦੀ ਕੱਟੜਤਾ ਠੋਸੀ ਹੈ, ਜਿਸ ਕਾਰਨ ਮਨੁੱਖ ਖੰਡਿਤ ਮਾਨਸਿਕਤਾ ਹੰਢਾ ਰਿਹਾ ਹੈ, ਪਰ ਕਾਮਨਾ, ਇੱਕ ਪੈਦਾਵਾਰੀ ਸ਼ਕਤੀ ਹੈ ਜੋ ਵਿਅਕਤੀ ਵਿੱਚ ਕਾਮ ਸੰਬੰਧਾਂ ਲਈ ਇੱਛਾ ਪੈਦਾ ਕਰਦੀ ਹੈ, ਜਿਸ ਦੇ ਫਲਸਰੂਪ ਸਮਾਜ ਹੋਂਦ ਵਿੱਚ ਆਉਂਦਾ ਹੈ। ਸਮਾਜ ਦੀ ਸੋਚਣੀ/ਵਿਚਾਰਧਾਰਾ ਇਸ ਦੇ ਪ੍ਰਤੀ ਨਕਾਰਾਤਮਕ ਹੀ ਰਹੀ ਹੈ। ਵਿਅਕਤੀ ਨੂੰ ਕਾਮਨਾ ਦੇ ਵਿਸ਼ਾਲ ਅਰਥਾਂ ਅਤੇ ਇਸ ਦੀ ਸ਼ਕਤੀਸ਼ਾਲੀ ਊਰਜਾ ਤੋਂ ਪੈਦਾ ਹੋਣ ਵਾਲੇ ਅਸੀਮ ਆਨੰਦ ਤੋਂ ਸਮਾਜਿਕ ਸਿਸਟਮ ਨੇ ਆਪਣੇ ਗੁੰਝਲਦਾਰ ਨੇਮਾਂ ਤਹਿਤ ਵਾਂਝਾ ਰੱਖ ਦਿੱਤਾ ਹੈ। ਇਸ ਕਾਮੁਕ ਦਮਨ ਸੰਬੰਧੀ ਖੁੱਲ੍ਹੀ ਗੱਲਬਾਤ ਨੂੰ ਸਿਗਮੰਡ ਫ਼ਰਾਇਡ ਦੇ ਮਨੋਵਿਸ਼ਲੇਸ਼ਣ ਨੇ ਸਿਧਾਂਤਕ ਆਧਾਰ ਪ੍ਰਦਾਨ ਕੀਤਾ। ਉਸ ਸਮੇਂ ਮਨੋਵਿਸ਼ਲੇਸ਼ਕਾਂ ਦੁਆਰਾ ਕੀਤੀਆਂ ਕੇਸ ਸਟੱਡੀਆਂ ਰਾਹੀਂ ਇਸ ਸਿਧਾਂਤ ਨੂੰ ਪਕਿਆਈ ਮਿਲੀ ਕਿ ਕਾਮੁਕਤਾ 'ਤੇ ਕਿਸੇ ਵੀ ਕਿਸਮ ਦੀ ਰੋਕ ਮਾਨਸਿਕ ਤੇ ਸਰੀਰਕ ਵਿਗਾੜ ਪੈਦਾ ਕਰ ਸਕਦੀ ਹੈ। ਇਸ ਸਿਧਾਂਤਕ ਹਿਮਾਇਤ ਨੇ ਲੈਂਗਿਕਤਾ/ਕਾਮੁਕਤਾ ਪ੍ਰਤੀ ਖੁੱਲ੍ਹੇ ਦ੍ਰਿਸ਼ਟੀਕੋਣ ਨੂੰ ਕਈ ਨਵੇਂ ਆਯਾਮ ਦਿੱਤੇ। ਉਹ ਰੋਕਾਂ ਤੇ ਵਰਜਨਾਵਾਂ ਜੋ ਮਨੁੱਖੀ ਸਮਾਜ ਦੀ ਨੈਤਿਕ ਹੋਂਦ ਨੂੰ ਕਥਿਤ ਰੂਪ ਵਿੱਚ ਬਚਾਈ ਰੱਖਣ ਲਈ ਯਤਨਸ਼ੀਲ ਸਨ, ਹੁਣ ਖਿੰਡਣੀਆਂ ਸ਼ੁਰੂ ਹੋ ਗਈਆਂ ਹਨ।

## ਹਵਾਲੇ


1. ਡਾ. ਯੋਗਰਾਜ, ਪੰਜਾਬੀ ਕਵਿਤਾ ਉੱਤਰ ਪੰਜਾਬ ਸੰਕਟ, ਪੰਨਾ 127
2. ਸਿਗਮੰਡ ਫ਼ਰਾਇਡ, ਟੋਟਮ ਐਂਡ ਟੈਬੂ, ਪੰਨਾ 18
3. ਜਸਵੰਤ ਸਿੰਘ ਨੇਕੀ, ਅਚੇਤਨ ਦੀ ਲੀਲ ਾ, ਪੰਨਾ 130
4. ਹਰਵਿੰਦਰ ਭੰਡਾਲ, ਸਮਕਾਲੀ ਪੰਜਾਬੀ ਕਵਿਤਾ-ਪ੍ਰਵਚਨ ਅਤੇ ਪ੍ਰਸ਼ਨ, ਪੰਨਾ 40
5. ਜਸਵੰਤ ਦੀਦ, ਘੁੰਡੀ, ਪੰਨਾ 9
6. ਉਹੀ, ਪੰਨਾ 48
7. ਉਹੀ, ਪੰਨਾ 94
8. ਉਹੀ, ਪੰਨਾ 96
9. ਉਹੀ, ਪੰਨਾ 71, 40
10. ਉਹੀ, ਪੰਨਾ 79
11. ਉਹੀ, ਪੰਨਾ 32

## ਮੇਰੇ ਪੁਸਤਕ ਰਖਨੇ 'ਚੋਂ

# ਟੂਣੇਹਾਰਾ ਜੰਗਲ - ਸੀਤਾਇਨ ਦੀ ਨਾਰੀਵਾਦੀ ਪੜ੍ਹਤ

**- ਜਸ ਮੰਡ**

ਚਿਤਰਾ ਬੈਨਰਜੀ ਦਿਵਾਕਰੁਨੀ ਅਮਰੀਕਾ ਵਿਚ ਵਸੀ ਹੋਈ ਭਾਰਤੀ ਮੂਲ ਦੀ ਲੇਖਕਾ ਹੈ। ਉਸਦੇ ਨਾਵਲ 'ਮਾਇਆਵੀ ਮਹਿਲ' (The Palace Of Illusions) ਦੀ ਪੁਸਤਕ ਪੜਚੋਲ ਕੁਝ ਵਰ੍ਹੇ ਪਹਿਲਾਂ ਅਸੀਂ 'ਪ੍ਰਵਚਨ' ਵਿਚ ਛਾਪੀ ਸੀ, ਜਿਸ ਵਿਚ ਲੇਖਕਾ ਨੇ ਮਹਾਂਭਾਰਤ ਦੀ ਗਾਥਾ ਦਰੋਪਦੀ ਦੇ ਮੂੰਹੋਂ ਸੁਣਾਈ ਸੀ। ਉਸੇ ਨਾਵਲ ਦੀ ਅਗਲੀ ਕੜੀ ਵਜੋਂ 2019 ਵਿਚ ਉਸਦਾ ਹਥਲਾ ਨਾਵਲ 'ਟੂਣੇਹਾਰਾ ਜੰਗਲ' (The Forest of Enchantments) ਛਪਿਆ। 372 ਸਫਿਆਂ ਦੇ ਇਸ ਨਾਵਲ ਵਿਚ ਲੇਖਕਾ ਨੇ ਰਮਾਇਣ ਦੀ ਕਹਾਣੀ ਸੀਤਾ ਦੀ ਜ਼ੁਬਾਨੀ ਸੁਣਾਈ ਹੈ। ਆਸ਼ੂਤੋਸ਼ ਗਰਗ ਵਲੋਂ ਹਿੰਦੀ ਵਿਚ ਅਨੁਵਾਦ ਦਾ ਨਾਂਅ 'ਸੀਤਾਇਨ' ਰੱਖਿਆ ਗਿਆ ਹੈ।

ਹਥਲੇ ਨਾਵਲ ਵਿਚ ਦਿਵਾਕਰੁਨੀ ਨੇ ਸੀਤਾ ਦੇ ਪਾਤਰ ਨੂੰ ਤਾਂ ਕੇਂਦਰ ਵਿਚ ਰਖਿਆ ਹੀ ਹੈ, ਪਰ ਨਾਲ ਹੀ ਰਾਮਾਇਣ ਦੀਆਂ ਅਨੇਕਾਂ ਉਨ੍ਹਾਂ ਔਰਤਾਂ ਵੱਲ ਵੀ ਧਿਆਨ ਦਿਵਾਇਆ ਹੈ, ਜਿਨ੍ਹਾਂ ਦਾ ਜ਼ਿਕਰ ਬੜਾ ਘੱਟ ਹੁੰਦਾ ਹੈ। ਉਹ ਸੀਤਾ ਦੀ ਮਾਂ ਸੁਨੈਣਾ ਦੀ ਗੱਲ ਕਰਦੀ ਹੈ, ਜਿਹੜੀ ਆਪਣੇ ਆਪ ਵਿਚ ਇਕ ਸੁਘੜ ਸਿਆਣੀ ਆਗੂ ਸੀ, ਜਨਕ ਤੋਂ ਕਿਤੇ ਅੱਗੇ, ਪਰੰਤੂ ਉਸਨੂੰ ਉਸਦਾ ਬਣਦਾ ਸਥਾਨ ਏਸ ਲਈ ਨਹੀਂ ਮਿਲਿਆ, ਕਿਉਂਕਿ ਉਹ ਔਰਤ ਸੀ, ਤੇ ਰਾਜ ਕਰਨਾ ਤਾਂ ਸਿਰਫ ਮਰਦਾਂ ਦੇ ਹਿੱਸੇ ਆਇਆ ਸੀ। ਉਹ ਆਪਣੀ ਭੈਣ ਅਤੇ ਲਕਸ਼ਮਣ ਦੀ ਬੀਵੀ ਉਰਮਿਲਾ ਦੀ ਗੱਲ ਕਰਦੀ ਹੈ, ਜਿਸਦੇ ਪਤੀ ਨੇ ਹਰ ਵੇਲੇ ਆਪਣੀ ਬੀਵੀ ਦੇ ਮੁਕਾਬਲੇ ਆਪਣੇ ਭਰਾ ਨੂੰ ਵਧੇਰੇ ਤਰਜੀਹ ਦਿੱਤੀ। ਸ਼ਰੂਪਨਖਾ ਪ੍ਰਤੀ ਉਸਦੀ ਹਮਦਰਦੀ ਹੈ, ਜਿਹੜੀ ਦੋ ਮਰਦਾਂ ਦੇ ਕਰੋਧ ਦਾ ਸ਼ਿਕਾਰ ਕੇਵਲ ਇਸਲਈ ਬਣਦੀ ਹੈ ਕਿਉਂਕਿ ਉਹ ਉਨ੍ਹਾਂ ਨੂੰ ਆਪਣਾ ਬਣਾਉਣਾ ਚਾਹੁੰਦੀ ਸੀ। ਉਹ ਰਾਵਣ ਦੀ ਬੀਵੀ ਮੰਦੋਦਰੀ ਦੀ ਗੱਲ ਵੀ ਕਰਦੀ ਹੈ, ਜਿਸਨੂੰ ਰਾਕਸ਼ਸੀ ਕਹਿ ਕੇ ਭੰਡਿਆ ਜਾਂਦਾ ਹੈ, ਪਰ ਅੰਦਰੋਂ ਉਹ ਮੋਹ ਅਤੇ ਮਮਤਾ ਨਾਲ ਭਰੀ ਹੋਈ ਹੈ। ਰਾਮ ਦੀ ਮਤਰੇਈ ਮਾਂ ਕੈਕਈ, ਜਿਸਨੂੰ ਆਮ ਤੌਰ 'ਤੇ ਇਕ ਚੁੜੇਲ ਵਜੋਂ ਪੇਸ਼ ਕੀਤਾ ਜਾਂਦਾ ਹੈ, ਨੂੰ ਲੇਖਕਾ ਇਕ ਆਹਲਾ ਰਥਵਾਨ, ਬੇਹੱਦ ਬਹਾਦਰ ਅਤੇ ਸਲੀਕੇ ਵਾਲੀ ਸੁਘੜ ਔਰਤ ਵਜੋਂ ਪੇਸ਼ ਕਰਦੀ ਹੈ। ਉਹ ਵਿਭੀਸ਼ਣ ਦੀ ਬੀਵੀ ਸਾਰਮਾ ਦੀ ਗੱਲ ਵੀ ਕਰਦੀ ਹੈ ਅਤੇ ਬਾਲਮੀਕਿ ਦੀ ਬੀਵੀ ਧਾਰਿਣੀ ਦੀ ਵੀ। ਦਿਵਾਕਰੁਨੀ ਦੀ ਸੀਤਾ, ਮੰਥਰਾ ਨੂੰ ਨਾਪਸੰਦ ਕਰਦੀ ਹੋਈ ਵੀ ਉਸ ਨਾਲ ਹਮਦਰਦੀ ਨਾਲ ਪੇਸ਼ ਆਉਂਦੀ ਹੈ।

ਦਿਵਾਕਰੁਨੀ ਦੀ ਸੀਤਾ ਬਹੁਪੱਖੀ ਸਖਸ਼ੀਅਤ ਦੀ ਮਾਲਕ ਹੈ। ਬਤੌਰ ਬੇਟੀ ਉਹ ਕਹਿਣੇਕਾਰ ਹੈ, ਪਰ ਡਰਪੋਕ ਨਹੀਂ। ਬਤੌਰ ਪਤਨੀ ਉਹ ਪਿਆਰ ਅਤੇ ਫਿਕਰਦਾਰੀ ਦੀ ਮੂਰਤ ਹੈ, ਪਰ ਆਪਣੀ ਗੱਲ ਕਹਿਣ ਤੋਂ ਕਤਰਾਂਦੀ ਵੀ ਨਹੀਂ। ਉਹ ਕੋਮਲ ਦਿਲ ਦੀ ਮਾਲਕ ਹੈ, ਪਰ ਲੋੜ ਪੈਣ 'ਤੇ ਸਖਤ ਅਤੇ ਅੜੀਅਲ ਵੀ ਹੋ ਸਕਦੀ ਹੈ।

ਆਪਣੀਆਂ ਬਾਕੀ ਰਚਨਾਵਾਂ ਵਾਂਗ, ਹਥਲੇ ਨਾਵਲ ਵਿਚ ਵੀ ਦਿਵਾਕਰੁਨੀ ਨਾਰੀਵਾਦ

ਦੀ ਹਾਮੀ ਵਜੋਂ ਸਾਹਮਣੇ ਆਉਂਦੀ ਹੈ ਅਤੇ ਸੀਤਾ ਸਾਡੇ ਸਾਹਮਣੇ ਉਨ੍ਹਾਂ ਵੇਲਿਆਂ ਦੀ ਨਾਰੀਵਾਦੀ ਪਾਤਰ ਵਜੋਂ ਪੇਸ਼ ਹੁੰਦੀ ਲਭਦੀ ਹੈ। ਜਦੋਂ ਰਾਮ ਕਹਿੰਦਾ ਹੈ ਕਿ ਉਸਦੇ ਰਾਜ ਵਿਚ ਹਰ ਮਰਦ ਨੂੰ ਆਪਣੀ ਗੱਲ ਕਹਿਣ ਦਾ ਅਧਿਕਾਰ ਹੋਵੇਗਾ, ਤਾਂ ਸੀਤਾ ਸਵਾਲ ਕਰਦੀ ਹੈ ਕਿ ਔਰਤਾਂ ਨੂੰ ਅਜਿਹਾ ਅਧਿਕਾਰ ਕਿਉਂ ਨਹੀਂ? ਅਹਿੱਲਿਆ ਦੀ ਗੱਲ ਕਰਦੀ ਹੋਈ ਉਹ ਆਖਦੀ ਹੈ ਕਿ, ਮਰਦ ਦੇ ਕੁਕਰਮਾਂ ਦੀ ਸਜ਼ਾ ਔਰਤ ਨੂੰ ਕਿਉਂ ਭੁਗਤਣੀ ਪੈਂਦੀ ਹੈ! ਸ਼ਰੂਪਨਖਾ ਬਾਰੇ ਗੱਲ ਕਰਦਿਆਂ ਸੀਤਾ ਸਵਾਲ ਉਠਾਂਦੀ ਹੈ ਕਿ ਕਿਸੇ ਔਰਤ ਦਾ ਮਰਦ ਪ੍ਰਤੀ ਖਿੱਚ ਦਾ ਇਜ਼ਹਾਰ ਕਰਨਾ ਕੀ ਏਨਾ ਵੱਡਾ ਗੁਨਾਹ ਹੈ ਕਿ ਉਸਨੂੰ ਹਮੇਸ਼ਾ-ਹਮੇਸ਼ਾ ਲਈ ਕਰੂਪ ਕਰ ਦਿੱਤਾ ਜਾਵੇ? ਕਈ ਹੋਰਨਾਂ ਸੰਦਰਭਾਂ ਵਿਚ ਵੀ ਲੇਖਕਾ ਲਿੰਗ, ਜਾਤੀ ਜਾਂ ਨਸਲ ਅਧਾਰਤ ਭੇਦ-ਭਾਵ ਦੇ ਮੁੱਦੇ ਉਠਾਂਦੀ ਹੈ।

ਮਰਦ ਪਾਤਰਾਂ ਦੀ ਗੱਲ ਕਰਦਿਆਂ ਲੇਖਕਾ ਇਕਪਾਸੜ ਫਤਵਾ ਨਹੀਂ ਦੇਂਦੀ। ਉਹਦੇ ਲਈ ਕੋਈ ਵੀ ਪਾਤਰ ਨਾ ਸੁਧਾ ਸੋਨਾ ਹੈ, ਤੇ ਨਾ ਸੁਧੀ ਸੁਆਹ। ਰਾਮ ਅਤੇ ਸੀਤਾ ਸਮੇਤ ਰਮਾਇਣ (ਜਾਂ ਸੀਤਾਇਣ) ਦੇ ਸਾਰੇ ਪਾਤਰ, ਸਾਡੇ ਵਾਂਗ ਚੰਗਿਆਈਆਂ ਅਤੇ ਬੁਰਿਆਈਆਂ ਦਾ ਸੁਮੇਲ ਹਨ। ਸੀਤਾ ਕਹਿੰਦੀ ਹੈ ਕਿ 'ਦੇਵਤਿਆਂ ਵਿਚ ਵੀ ਆਪਣੇ ਕਿਸਮ ਦੇ ਔਗੁਣ ਹੁੰਦੇ ਨੇ'।

ਪੂਰੇ ਨਾਵਲ ਵਿਚ ਲੇਖਕਾ ਇਕ ਤੋਂ ਬਾਅਦ ਇਕ ਰਹੱਸ ਸਿਰਜਦੀ ਜਾਂਦੀ ਹੈ, ਤੇ ਜਦੋਂ ਉਹ ਰਹੱਸ ਖੁਲ੍ਹਦਾ ਹੈ, ਤਾਂ ਪਾਠਕ ਇਕ ਦਮ ਝੰਜੋੜਿਆ ਜਾਂਦਾ ਹੈ। ਕਈ ਵਾਰ ਤਾਂ ਬੱਸ ਇਕੋ ਫਿਕਰਾ ਲੇਖਕਾ ਦੀ ਕੂਲ਼ੀ ਜਿਹੀ ਛੋਹ ਨਾਲ ਅਜਿਹੇ ਵੱਡੇ ਵਿਚਾਰ ਜਾਂ ਸੰਕਲਪ ਇੰਝ ਪਰੋਸ ਜਾਂਦਾ ਹੈ ਕਿ ਤੁਸੀਂ ਹੱਕੇ-ਬੱਕੇ ਰਹਿ ਜਾਂਦੇ ਹੋ। ਵਿਆਹ ਤੋਂ ਬਾਅਦ ਸੀਤਾ ਦਾ ਕੈਕਈ ਨਾਲ ਪਹਿਲਾ ਸਾਹਮਣਾ, ਰਾਵਣ ਵਲੋਂ ਸੀਤਾ ਹਰਨ, ਰਾਵਣ ਦੀ ਮੌਤ ਅਤੇ ਸੀਤਾ ਦੇ ਮੁੜ ਧਰਤੀ ਵਿਚ ਸਮੋ ਜਾਣ ਵਾਲੇ ਸੀਨ ਦਿਵਾਕਰੁਨੀ ਦੀ ਗਲਪੀ ਸਮਰਥਾ ਦੀਆਂ ਆਹਲਾ ਮਿਸਾਲਾਂ ਹਨ। ਨਾਵਲ ਵਿਚ ਜ਼ਿਕਰ ਹੈ ਕਿ ਦਸ਼ਰਥ ਦੇ ਖਾਣੇ ਵਿਚ ਹਿਰਨ, ਬੱਕਰੀ, ਨੀਲਗਾਇ ਸਮੇਤ ਸਭ ਕਿਸਮ ਦੇ ਮਾਸ ਸ਼ਾਮਲ ਸਨ। ਲਕਸ਼ਮਣ ਨੂੰ ਮੀਟ ਬੜਾ ਪਸੰਦ ਸੀ, ਵਿਸ਼ੇਸ਼ ਤੌਰ 'ਤੇ ਸ਼ਿਕਾਰ ਦਾ ਮੀਟ। ਰਾਮ ਨਾਲ ਸੰਭੋਗ ਦੇ ਸੀਨ ਵੀ ਟੈਕਸਟ ਦਾ ਹਿੱਸਾ ਬਣਦੇ ਹਨ। ਪਰੰਤੂ ਪੂਰੇ ਨਾਵਲ ਵਿਚ ਵਾਰ ਵਾਰ ਦੁਹਰਾਇਆ ਜਾਣ ਵਾਲਾ ਵਿਸ਼ਾ ਹੈ ਪਿਆਰ। ਪਿਆਰ ਦੇ ਸੰਕਲਪ ਨੂੰ ਦਿਵਾਕਰੁਨੀ ਪਰਤ ਦਰ ਪਰਤ ਇੰਝ ਖੋਲ੍ਹਦੀ ਹੈ, ਜਿਵੇਂ ਉਹ ਇਕ ਨਾਵਲ ਨਹੀਂ, ਬਲਕਿ ਪਿਆਰ ਦੇ ਮਜ਼ਮੂਨ ਉੱਤੇ ਥੀਸਸ ਲਿਖ ਰਹੀ ਹੋਵੇ!

ਸਾਰਾ ਨਾਵਲ ਸੀਤਾ ਵਲੋਂ ਉੱਤਮ ਪੁਰਖੀ ਵਿਧਾ ਰਾਹੀਂ ਕਿਹਾ ਗਿਆ ਹੈ। ਜਦੋਂ ਸੀਤਾ ਨੇ ਐਸੇ ਸਥਾਨ ਜਾਂ ਸਮੇਂ ਬਾਰੇ ਗੱਲ ਕਰਨੀ ਹੋਵੇ, ਜਿਥੇ ਉਹ ਖੁਦ ਮੌਜੂਦ ਨਹੀਂ ਸੀ, ਤਾਂ ਉਹ ਸੁਪਨੇ, ਕ੍ਰਿਸ਼ਮੇ, ਕਰਮਾਂ ਦੇ ਫਲ ਜਾਂ ਕਲਪਨਾ ਨੂੰ ਗਲਪੀ ਜੁਗਤਾਂ ਵਾਂਗ ਵਰਤਦੀ ਹੈ। ਅਜਿਹੀਆਂ ਜੁਗਤਾਂ ਰਾਹੀਂ ਲੇਖਕਾ ਖੂਬਸੂਰਤ ਨਾਟਕੀ ਦ੍ਰਿਸ਼ ਸਿਰਜਣ ਵਿਚ ਕਾਮਯਾਬ ਹੁੰਦੀ ਹੈ।

ਜੰਗਲ ਨਾਲ ਸੀਤਾ ਦਾ ਗੂੜ੍ਹਾ ਰਿਸ਼ਤਾ ਹੋਣਾ ਕੁਦਰਤੀ ਹੈ, ਕਿਉਂਕਿ ਰਾਮ ਨਾਲ ਵਿਆਹੀ ਜਾਣ ਤੋਂ ਬਾਅਦ ਮੌਤ ਨੂੰ ਪਿਆਰੀ ਹੋਣ ਤੱਕ ਮਸਾਂ ਗਿਣਤੀ ਦੇ ਕੁਝ ਮਹੀਨੇ ਉਹ ਮਹਿਲ ਵਿਚ ਰਹੀ, ਤੇ ਬਾਕੀ ਦੀ ਉਮਰ ਜਾਂ ਬਨਵਾਸ ਵਿਚ ਕੱਟੀ, ਜਾਂ ਰਾਵਣ ਦੇ ਵਨ ਵਿਚ,

ਤੇ ਜਾਂ ਵਾਲਮੀਕਿ ਦੇ ਆਸ਼ਰਮ ਵਿਚ। ਜੰਗਲ, ਰੁੱਖਾਂ-ਬੂਟਿਆਂ, ਪੰਛੀਆਂ ਜਨੌਰਾ ਨਾਲ ਉਹ ਇਸ਼ਕ ਦੀ ਹੱਦ ਤੀਕ ਮੋਹ ਕਰਦੀ ਹੈ। ਦਿਵਾਕਰੁਨੀ ਨੇ ਜੰਗਲ ਦੇ ਦ੍ਰਿਸ਼ ਵਾਰ-ਵਾਰ ਚਿਤਰੇ ਹਨ। ਜੰਗਲ ਦੇ ਜੀਆਂ ਨੂੰ ਉਹ ਜੰਗਲ ਦੇ ਅਸਲੀ ਮਾਲਕ ਮੰਨਦੀ ਹੈ। ਹਰ ਕਬੀਲਾ ਆਪਣੇ ਆਪ ਵਿਚ ਵਿਲੱਖਣ ਹੁੰਦਾ ਹੈ। ਤਾੜਕਾ ਓਸ ਜੁਝਾਰੂ ਗਰੋਹ ਨਾਲ ਸੰਬੰਧ ਰਖਦੀ ਸੀ, ਜਿਨ੍ਹਾਂ ਦਾ ਵਿਸ਼ਵਾਸ ਹੈ ਕਿ ਜੰਗਲ ਉਨ੍ਹਾਂ ਦੀ ਮਲਕੀਅਤ ਹੈ। ਬਾਕੀ ਜ਼ਮੀਨ ਤਾਂ ਸ਼ਹਿਰਾਂ ਨੇ ਪਹਿਲਾਂ ਹੀ ਮੱਲ ਲਈ ਹੈ, ਹੁਣ ਬਚੇ ਹੋਏ ਜੰਗਲ ਤੋਂ ਵੀ ਉਥੋਂ ਦੇ ਮੂਲ ਨਿਵਾਸੀਆਂ ਨੂੰ ਭਜਾਉਣਾ ਚਾਹੁੰਦੇ ਹਨ, ਭਾਵੇਂ ਉਨ੍ਹਾਂ ਨੂੰ ਜਾਨੋਂ ਹੀ ਕਿਉਂ ਨਾ ਮਾਰਨਾ ਪਵੇ। ਰਾਕਸ਼ਸਾਂ ਨੂੰ ਉਹ ਅਸੁਰ ਕਹਿਣਾ ਪਸੰਦ ਕਰਦੀ ਹੈ, ਆਦਿਵਾਸੀਆਂ ਜਾਂ ਹਨੂੰਮਾਨ ਦੀ ਨਸਲ ਨੂੰ ਉਹ ਬਾਕੀ ਇਨਸਾਨਾਂ ਦੇ ਬਰਾਬਰ ਦਾ ਰੁਤਬਾ ਦੇਣ ਦੀ ਹਾਮੀ ਭਰਦੀ ਹੈ। ਰਾਕਸ਼ਸਾਂ ਦੀਆਂ ਮ੍ਰਿਤ ਦੇਹਾਂ ਦਾ ਖ਼ੂਨ ਅਤੇ ਉਨ੍ਹਾਂ ਦੇ ਚਿਹਰਿਆਂ ਦੇ ਹਾਵ-ਭਾਵ ਉਸਨੂੰ ਬਾਕੀ ਇਨਸਾਨਾਂ ਵਰਗੇ ਹੀ ਦਿਸਦੇ ਹਨ। ਅੱਜ ਦੇ ਭਾਰਤ ਵਿਚ ਜਦੋਂ ਸੱਤਾ ਉੱਤੇ ਕਾਬਜ਼ ਸੱਜ-ਪਿਛਾਕੜ ਵਲੋਂ ਇਕ ਭਾਰਤ, ਇਕ ਭਾਸ਼ਾ, ਇਕ ਚੋਣ, ਇਕ ਪਾਰਟੀ, ਆਦਿ ਦਾ ਨੈਰੇਟਿਵ ਚਲਾਇਆ ਜਾ ਰਿਹਾ ਹੋਵੇ, ਉਦੋਂ ਸੀਤਾਇਨ ਦੀ ਇਹੋ ਜਿਹੀ ਤਰਜਮਾਨੀ ਪਾਠਕ ਮੂਹਰੇ ਪਰੋਸਣ ਦਾ ਕੰਮ ਭਾਰਤ ਦੀ ਅਨੇਕਤਾ ਵਿਚ ਏਕਤਾ ਵਾਲੇ ਪੱਖ ਨੂੰ ਉਭਾਰਨ ਦਾ ਕੰਮ ਕਰਦੀ ਹੈ।

ਪੂਰੀ ਟੈਕਸਟ ਵਿਚ ਤੁਹਾਨੂੰ ਅਜਿਹੇ ਇਜ਼ਹਾਰ ਮਿਲਣਗੇ, ਜਿਵੇਂ: 'ਦਿਮਾਗ ਨੂੰ ਕਬਜ਼ ਹੋਣਾ', 'ਪਹਾੜੀ ਝੀਲਾਂ ਵਰਗੀਆਂ ਅੱਖਾਂ', 'ਮੇਰੇ ਪਿੱਛੇ ਘਸੀਟੀ ਚਲੀ ਆਉਂਦੀ ਲਾਲ ਸਾੜੀ ਇੰਝ ਲਗ ਰਹੀ ਸੀ, ਜਿਵੇਂ ਖ਼ੂਨ ਦੀ ਲਾਲ ਵਗ ਰਹੀ ਹੋਵੇ'। 'ਇਹ ਲਫਜ਼ ਮੇਰੇ ਅੰਦਰ ਮਧੂਮੱਖੀਆਂ ਵਾਂਗ ਭਿਣ-ਭਿਣ ਕਰ ਰਹੇ ਸਨ'। 'ਜਦੋਂ ਰਾਮ ਨੇ ਮੇਰੇ ਵੱਲੀਂ ਏਨੀ ਮੋਹ ਭਿੱਜੀ ਮੁਸਕਾਣ ਸੁੱਟੀ ਤਾਂ ਮੈਨੂੰ ਲੱਗਾ ਜਿਵੇਂ ਮੈਂ ਚੰਨ ਦੀਆਂ ਚਾਨਣ-ਕਿਰਨਾਂ ਉੱਤੇ ਨੱਚ ਰਹੀ ਹੋਵਾਂ!' 'ਮਾੜੀ ਖਬਰ ਉਡਨ-ਛੂਤ ਦੀ ਬਿਮਾਰੀ ਵਾਂਗ ਹੁੰਦੀ ਹੈ, ਜਿਸਨੂੰ ਹਰ ਪਾਸੇ ਫੈਲਾਣ ਲਈ ਬੱਸ ਹਵਾ ਹੀ ਕਾਫੀ ਹੁੰਦੀ ਹੈ'। ਰਾਮ ਦਾ ਚਿਹਰਾ ਵੇਖ ਕੇ ਸੀਤਾ ਕਹਿੰਦੀ ਹੈ: 'ਉਹਦੇ ਚਿਹਰੇ 'ਤੇ ਪਿਆਰ ਅਤੇ ਫਰਜ਼ ਵਿਚਕਾਰ ਜੰਗ ਲੜੀ ਜਾ ਰਹੀ ਸੀ।' ਬਨਵਾਸ ਦੌਰਾਨ: 'ਸਮਾਂ ਬੀਤ ਰਿਹਾ ਸੀ। ਪਰ ਹਰ ਇਕ ਪਲ ਕੀੜੀਆਂ ਵਲੋਂ ਖੰਡ ਦੇ ਪਹਾੜ ਢੋਣ ਵਾਂਗ ਬੀਤ ਰਿਹਾ ਸੀ, ਇਕ ਵੇਲੇ ਇਕ-ਇਕ ਕਰਕੇ। ਰਾਮ ਨਾਲ ਸੰਭੋਗ ਦਾ ਹੁਲਾਰਾ ਏਨਾ ਪ੍ਰਬਲ ਸੀ ਕਿ ਮੈਨੂੰ ਲੱਗਾ ਕਿ ਮੈਂ ਚੂਰ-ਚੂਰ ਹੋ ਜਾਵਾਂਗੀ ਅਤੇ ਚੰਨ ਦੀ ਰੁਪਹਿਲੀ ਚਾਨਣੀ ਵਿਚ ਘੁਲ ਜਾਵਾਂਗੀ'।

ਅੰਤ ਵੇਲੇ, ਧਰਤੀ ਵਿਚ ਮੁੜ ਸਮੋ ਜਾਣ ਤੋਂ ਪਹਿਲਾਂ, ਭਰੀ ਸਭਾ ਵਿਚ ਸੀਤਾ ਔਰਤ ਦੇ ਸਮਾਜਕ ਰੁਤਬੇ ਬਾਰੇ ਇਕ ਲੰਮਾ ਲੈਕਚਰ ਦੇਂਦੀ ਹੈ ਅਤੇ ਕਹਿੰਦੀ ਹੈ ਕਿ ਹੁਣ ਵੇਲਾ ਆ ਗਿਆ ਹੈ ਜਦੋਂ ਇਕ ਔਰਤ ਨੂੰ ਕਹਿ ਦੇਣਾ ਚਾਹੀਦਾ ਹੈ ਕਿ 'ਬੱਸ, ਹੁਣ ਬਹੁਤ ਹੋ ਗਿਆ!'

# 'ਸੂਝ ਸੰਚਾਰ'- ਇਕ ਵਡਮੁੱਲੀ ਪੁਸਤਕ ਦੀ ਮੁੜ ਆਮਦ

-ਸੁਕੀਰਤ

ਲੰਘੀ ਸਦੀ ਉਤੇ ਜਿਹੜੇ ਸਿਆਸੀ ਆਗੂ ਛਾਏ ਰਹੇ ਉਨ੍ਹਾਂ ਵਿਚੋਂ ਦੋ ਨਾਂ ਸਹਿਜੇ ਹੀ ਸਭ ਤੋਂ ਸਿਰਕਢ ਮੰਨੇ ਜਾ ਸਕਦੇ ਹਨ। ਇਕ ਗਾਂਧੀ ਦਾ ਅਤੇ ਦੂਜਾ ਲੈਨਿਨ ਦਾ। ਸਿਰਫ਼ ਇਸ ਲਈ ਨਹੀਂ ਕਿ ਇਹਨਾਂ ਦੋਹਾਂ ਸਿਆਸਤਦਾਨ ਚਿੰਤਕਾਂ ਦਾ ਆਪੋ ਆਪਣੇ ਦੇਸ ਦੀ ਹੋਣੀ ਬਦਲਣ ਵਿਚ ਸਭ ਤੋਂ ਅਹਿਮ ਯੋਗਦਾਨ ਰਿਹਾ, ਸਗੋਂ ਇਸ ਲਈ ਵੀ ਕਿ ਉਨ੍ਹਾਂ ਦੇ ਵਿਚਾਰਾਂ ਅਤੇ ਅਗਵਾਈ ਦੀ ਛਾਪ ਉਨ੍ਹਾਂ ਦੇ ਜੀਵਨ ਕਾਲ ਤੋਂ ਕਿਤੇ ਲੰਮੇਰੀ, ਉਨ੍ਹਾਂ ਦੇ ਵਤਨਾਂ ਦੀਆਂ ਭੂਗੋਲਕ ਹਦਾਂ ਤੋਂ ਕਿਤੇ ਵਡੇਰੀ ਹੈ। ਤੁਸੀਂ ਪੂਰਬ ਦੇ ਵਾਸੀ ਹੋਵੋ ਜਾਂ ਪੱਛਮ ਦੇ, ਤੁਹਾਡੀ ਵਿਚਾਰਧਾਰਾ ਖੱਬੀ ਹੋਵੇ ਜਾਂ ਸੱਜੀ, ਕੋਈ ਵੀ ਇਸ ਗੱਲ ਤੋਂ ਇਨਕਾਰੀ ਨਹੀਂ ਹੋ ਸਕਦਾ ਕਿ ਉਨ੍ਹਾਂ ਦੇ ਵਿਚਾਰਾਂ ਦੀ ਛਾਪ, ਉਨ੍ਹਾਂ ਦੇ ਪੈਰੋਕਾਰਾਂ ਦੀ ਪਾਲ ਦੁਨੀਆ ਦੇ ਹਰ ਕੋਨੇ ਵਿਚ ਲਭਦੀ ਹੈ, ਤੇ ਨਾ ਹੀ ਇਹਨਾਂ ਦੋ ਮਹਾ-ਮਨੁੱਖਾਂ ਦੀ ਦੇਣ ਨੂੰ ਛੁਟਿਆ ਜਾਂ ਘਟਾ ਕੇ ਦੇਖਿਆ ਜਾ ਸਕਦਾ ਹੈ।

ਗਾਂਧੀ ਜੀ ਤੋਂ ਉਲਟ ਲੈਨਿਨ ਨੂੰ ਬਹੁਤ ਘਟ ਵਰ੍ਹੇਸ ਨਸੀਬ ਹੋਈ। ਅਪ੍ਰੈਲ 1870 ਵਿਚ ਜਨਮਿਆ ਵਲਾਦੀਮੀਰ ਇਲੀਚ ਲੈਨਿਨ 54 ਤੋਂ ਵੀ ਘਟ ਸਾਲਾਂ ਦੀ ਉਮਰ ਭੋਗ ਕੇ 21 ਜਨਵਰੀ 1924 ਨੂੰ ਪੂਰਾ ਹੋ ਗਿਆ। ਪਰ ਆਪਣੀ ਛੇ ਤੋਂ ਵੀ ਘਟ ਦਹਾਕਿਆਂ ਦੀ ਉਮਰ ਲੈਨਿਨ ਨੇ ਜੋ ਕੁਝ ਨੇਪਰੇ ਚਾੜ੍ਹਿਆ ਉਸਨੇ ਦੁਨੀਆ ਭਰ ਦੇ ਅਗਾਂਹਵਧੂ ਅਤੇ ਆਰਥਕ ਬਰਾਬਰੀ ਅਤੇ ਸਾਂਝੀਵਾਲਤਾ ਨੂੰ ਪਰਣਾਏ ਲੋਕਾਂ ਉਤੇ ਡੂੰਘਾ ਅਸਰ ਛੱਡਿਆ। ਇਨ੍ਹਾਂ ਲੋਕਾਂ ਵਿਚ ਦੁਨੀਆ ਭਰ ਦੇ ਬੁੱਧੀਜੀਵੀ ਵੀ ਸ਼ਾਮਲ ਸਨ।

1970 ਵਿਚ, ਲੈਨਿਨ ਦੀ ਜਨਮ ਸ਼ਤਾਬਦੀ ਸਮੇਂ, ਨਵਾਂ ਜ਼ਮਾਨਾ ਅਖ਼ਬਾਰ ਦੇ ਉਸ ਵੇਲੇ ਦੇ ਸੰਪਾਦਕ, ਕਮਿਊਨਿਸਟ ਆਗੂ ਅਤੇ ਵਾਰਤਕਕਾਰ ਜਗਜੀਤ ਸਿੰਘ ਆਨੰਦ ਨੇ ਪੰਜਾਬ ਨਾਲ ਜੁੜੇ ਉਸ ਸਮੇਂ ਦੇ ਵੱਡੇ ਅਦੀਬਾਂ – ਲਿਖਾਰੀਆਂ ਨਾਲ ਸੰਪਰਕ ਕਰਕੇ ਉਨ੍ਹਾਂ ਕੋਲੋਂ ਉਚੇਚੇ ਲੇਖ ਲਿਖਵਾਏ ਸਨ। ਉਨ੍ਹਾਂ ਸਾਹਿਤਕਾਰਾਂ ਦੀਆਂ ਨਜ਼ਰਾਂ ਰਾਹੀਂ ਲੈਨਿਨ ਨੂੰ ਜੋਖ ਕੇ, ਉਨ੍ਹਾਂ ਦੇ ਆਪਣੇ ਜੀਵਨ ਉਤੇ ਉਸ ਮਹਾ – ਮਨੁੱਖ ਦੀ ਛੱਡੀ ਛਾਪ ਨੂੰ ਚੇਤੇ ਕਰਾਉਂਦੇ ਇਹ ਲੇਖ 'ਸੂਝ ਸੰਚਾਰ' ਦੇ ਨਾਂਅ ਹੇਠ ਇਕ ਪੁਸਤਕ ਰੂਪ ਵਿਚ ਪ੍ਰਕਾਸ਼ਤ ਹੋਏ ਸਨ, ਜੋ ਲੈਨਿਨ ਦੀ ਯਾਦ ਨੂੰ ਸਮਰਪਿਤ ਇਕ ਢੋਆ ਵੀ ਸਨ, ਪੰਜਾਬ ਦੇ ਉਸ ਵੇਲੇ ਦੇ ਸਾਹਿਤਕ ਮਾਹੌਲ ਦਾ ਦਸਤਾਵੇਜ਼ ਵੀ।

'ਸੂਝ ਸੰਚਾਰ' ਦੀ ਉਥਾਨਕਾ ਲਿਖਦਿਆਂ ਜਗਜੀਤ ਸਿੰਘ ਆਨੰਦ ਨੇ ਲੈਨਿਨ ਦੀ ਦੇਣ ਅਤੇ ਮਹੱਤਵ ਨੂੰ ਉਲੀਕਦਿਆਂ ਲਿਖਿਆ :

"ਜੇ ਮਾਰਕਸ ਨੇ ਮਨੁੱਖ ਦੀ ਸਾਂਝੀਵਾਲਤਾ ਲਈ ਸਦੀਆਂ ਪੁਰਾਣੀ ਲੋਚ ਨੂੰ ਆਦਰਸ਼ਵਾਦੀ ਸੁਪਨਿਆਂ ਦੇ ਧੁੰਦਲਕੇ ਵਿੱਚੋਂ ਕੱਢ ਕੇ ਇੱਕ ਠੋਸ ਪਦਾਰਥਵਾਦੀ ਵਿਗਿਆਨਕ ਆਧਾਰ ਪ੍ਰਦਾਨ ਕੀਤਾ ਸੀ ਤਾਂ ਲੈਨਿਨ ਨੇ ਮਾਰਕਸ ਦੇ ਉਸ ਮਹਾਨ ਵਿਗਿਆਨਕ ਸੰਕਲਪ ਨੂੰ ਸਾਕਾਰ ਕਰ ਵਿਖਾਇਆ। ਉਸਨੇ ਸੰਸਾਰ ਵਿੱਚ ਪਹਿਲਾ ਸੋਸ਼ਲਿਸਟ ਇਨਕਲਾਬ ਸਫਲਤਾ ਸਹਿਤ ਸਿਰੇ ਚਾੜ੍ਹਿਆ। ਉਹ ਇਨਕਲਾਬ ਹੋਰਨਾ ਇਨਕਲਾਬਾਂ ਨਾਲੋਂ ਇਸ ਪੱਖੋਂ ਵੱਖਰਾ ਸੀ ਕਿ ਉਹਨਾਂ

ਵਿੱਚ ਹਾਕਮ ਭਾਵੇਂ ਬਦਲ ਜਾਂਦੇ ਸਨ ਪਰ ਲੁੱਟ ਚੋਂਘ ਕਿਸੇ ਨਵੇਂ ਰੂਪ ਵਿੱਚ ਜਾਰੀ ਰਹਿੰਦੀ ਸੀ। ਪਰ ਲੈਨਿਨ ਦੇ ਇਨਕਲਾਬ ਨੇ ਲੁੱਟ ਚੋਂਘ ਦੇ ਮੂਲ ਆਧਾਰ – ਜਾਇਦਾਦ ਦੀ ਨਿਜੀ ਮਾਲਕੀ– ਨੂੰ ਹੀ ਖਤਮ ਕਰ ਦਿੱਤਾ, ਤੇ ਇਸ ਤਰਾਂ ਉਸਨੇ ਇਕ ਸ਼੍ਰੇਣੀ ਰਹਿਤ ਸਮਾਜ ਦੀ ਸਿਰਜਣਾ ਦੀ ਨੀਂਹ ਧਰ ਦਿੱਤੀ।

ਕਿਉਂਕਿ ਲੈਨਿਨ ਸਿਰਫ ਆਪਣੇ ਦੇਸ਼ ਦੀ ਜਾਂ ਫਿਰ ਯੂਰਪੀ ਦੇਸ਼ਾਂ ਦੀ ਮਜ਼ਦੂਰ ਜਮਾਤ ਦੀ ਬੰਦ ਖਲਾਸੀ ਲਈ ਹੀ ਨਹੀਂ ਸੀ ਲੜਿਆ, ਸਗੋਂ ਉਸ ਨੇ ਸਮੁੱਚੇ ਸੰਸਾਰ ਉਤੋਂ ਸਰਮਾਏ ਦੇ ਅੱਤਿਆਚਾਰੀ ਪ੍ਰਬੰਧ ਦੀ ਕਾਲੀ ਬੋਲੀ ਰਾਤ ਖਤਮ ਕਰਨ ਦਾ ਦਾਈਆ ਬੰਨ੍ਹਿਆ ਸੀ, ਇਸ ਲਈ ਉਹਦੀ ਸੋਚਣੀ ਤੇ ਕਰਨੀ ਦਾ ਪ੍ਰਭਾਵ ਹਰ ਬੀਤਦੇ ਦਿਨ ਨਾਲ ਚਹੁੰ ਕੂੰਟੀਂ ਪਸਰਦਾ ਤੇ ਉਸਦੀ ਕੀਰਤੀ ਦਾ ਪਸਾਰਾ ਨਿਰੰਤਰ ਵਧਦਾ ਗਿਆ ਹੈ। ਭਾਰਤ ਅਤੇ ਚੀਨ ਵਰਗੇ ਪਛੜੇ ਹੋਏ ਪੂਰਬੀ ਦੇਸ਼ਾਂ ਵਿੱਚ ਤਾਂ ਵਿਗਿਆਨਕ ਸੋਸ਼ਲਿਜ਼ਮ ਦੇ ਵਿਚਾਰ ਦਾਖਲ ਹੀ ਉਸ ਮਹਾਨ ਸੋਸ਼ਲਿਸਟ ਇਨਕਲਾਬ ਦੀਆਂ ਤੋਪਾਂ ਦੀ ਗੂੰਜਾਰ ਨਾਲ ਹੋਏ ਜਿਸ ਦਾ ਨਿਰਮਾਤਾ ਲੈਨਿਨ ਸੀ ।

ਤੇ ਕਿਉਂਕਿ ਇਹਨਾਂ ਦੇਸ਼ਾਂ ਵਿੱਚ ਇਲਮ ਦੀ ਦੌਲਤ ਉਤਲੀਆਂ ਲੋਟੂ ਜਮਾਤਾਂ ਤੋਂ ਸਿਵਾ ਸਿਰਫ ਦਰਮਿਆਨੇ ਬੁੱਧੀਮਾਨ ਵਰਗ ਤੱਕ ਹੀ ਸੀਮਤ ਸੀ, ਇਸ ਲਈ ਇਹੋ ਵਰਗ ਲੈਨਿਨ ਦੇ ਵਿਚਾਰਾਂ ਨੂੰ ਉਹਨਾਂ ਬੁਨਿਆਦੀ ਜਮਾਤਾਂ ਤੱਕ ਪੁਚਾਉਣ ਦਾ ਵਸੀਲਾ ਬਣਿਆ ਜਿਨ੍ਹਾਂ ਨੇ ਇਹਨਾਂ ਨੂੰ ਅਮਲੀ ਜਾਮਾ ਪੁਆਉਣਾ ਸੀ। ਇਸ ਵਰਗ ਦੇ ਉਹਨਾਂ ਉੱਘੇ ਵਿਅਕਤੀਆਂ ਨੇ ਲੈਨਿਨ ਤੇ ਲੈਨਿਨਵਾਦ ਦਾ ਪ੍ਰਭਾਵ ਕਦੋਂ, ਕਿਵੇਂ ਤੇ ਕਿਸ ਹੱਦ ਤੱਕ ਕਬੂਲਿਆ ਜਿਨ੍ਹਾਂ ਆਪਣੀ ਉਮਰ ਦਾ ਚੋਖਾ ਹਿੱਸਾ ਉਹਦੀ ਸਿੱਖਿਆ ਦੀ ਰੌਸ਼ਨੀ ਵਿੱਚ ਬਿਤਾਇਆ, – ਇਹ ਜਾਨਣਾ ਭਾਰਤ ਵਿੱਚ ਲੈਨਿਨ ਦੇ ਵਿਚਾਰਾਂ ਦੇ ਪ੍ਰਵੇਸ਼ ਤੇ ਸੰਚਾਰ ਨੂੰ ਇੱਕ ਵਿਕੋਲਿਤਰੇ ਪੱਖ ਤੋਂ ਸਮਝਣ ਵਿੱਚ ਸਹਾਈ ਹੋ ਸਕਦਾ ਹੈ। ਇਸੇ ਸੋਚ ਤੋਂ ਪ੍ਰੇਰਿਤ ਹੋ ਕੇ ਮੈਂ ਉਹਨਾਂ ਪੰਜਾਬੀਆਂ ਤੱਕ ਪਹੁੰਚ ਕਰਨ ਦਾ ਮਨ ਬਣਾਇਆ ਜਿਹੜੇ ਲੇਖਕ ਹਨ ਜਾਂ ਰਾਜਸੀ ਨੇਤਾ, ਸਿੱਖਿਆਕਾਰ ਹਨ ਜਾਂ ਕਲਾਕਾਰ, ਨਾਵਲਿਸਟ ਹਨ ਜਾਂ ਕਹਾਣੀਕਾਰ, ਵਿਅੰਗ ਲੇਖਕ ਹਨ ਜਾਂ ਪੱਤਰਕਾਰ, ਸਮਾਲੋਚਕ ਹਨ ਜਾਂ ਨਿਬੰਧਕਾਰ, ਆਪੋ ਆਪਣੇ ਖੇਤਰ ਵਿੱਚ ਉੱਘੀ ਪ੍ਰਾਪਤੀ ਦੇ ਸੁਆਮੀ ਹਨ।

ਇਸ ਪੁਸਤਕ ਦੇ ਲੇਖਕਾਂ ਦਾ ਨਾ ਕਿੱਤਾ ਇੱਕ ਹੈ, ਨਾ ਕਲਾਤਮਕ ਮਾਧਿਅਮ ਉਹਨਾਂ ਵਿੱਚ ਸਾਂਝਾਂ ਸਿਰਫ ਦੋ ਹਨ: ਇਕ ਉਹ ਪੰਜਾਬੀ ਬੁੱਧੀਮਾਨ ਹਨ; ਤੇ ਦੋ, ਉਹ ਲੈਨਿਨ ਤੋਂ ਦਿਲੋਂ ਮਨੋ ਪ੍ਰਭਾਵਿਤ ਹੋਏ ਹਨ। ਉਹ ਵੱਖ ਵੱਖ ਪੀੜ੍ਹੀਆਂ ਦੇ ਪ੍ਰਤੀਨਿਧ ਹਨ ਅਤੇ ਵੱਖੋ ਵੱਖਰੇ ਪਿਛੋਕੜ ਅਤੇ ਅਨੁਭਵ ਦੇ ਧਾਰਨੀ। ਵਿਸ਼ੇ ਵੱਲ ਪਹੁੰਚ ਤੇ ਉਹਦੀ ਪਕੜ ਵੀ ਉਹਨਾਂ ਦੀ ਵੱਖੋ ਵੱਖਰੀ ਹੈ ਤੇ ਪੇਸ਼ਕਾਰੀ ਵੀ। ਪਰ, ਤਦ ਵੀ , ਉਹਨਾਂ ਦੀ ਸਮੂਲਚੀ ਦੇਣ ਵਿੱਚ ਇੱਕ ਬੁਨਿਆਦੀ ਸਮਾਨਤਾ ਹੈ : ਸਾਰੇ ਮਨੁੱਖ ਹਿਤੈਸ਼ੀ ਹਨ ਤੇ ਇੱਕ ਚੰਗੇਰਾ ਸੁਹਣੇਰਾ, ਸਾਂਝੀਵਾਲ ਸਮਾਜ ਲਿਆਉਣ ਦੇ ਇੱਛਕ ਤੇ ਵਿਸ਼ਵਾਸੀ। ਉਹਨਾਂ ਵਿੱਚੋਂ ਕੁਝਨਾ ਦੀਆਂ ਲਿਖਤਾਂ ਭਾਵੇਂ ਬਹੁਤਾ ਕਰਕੇ ਨਿਜੀ ਅਨੁਭਵ ਤੱਕ ਸੀਮਿਤ ਹਨ, ਕੁਝ ਹੋਰਨਾਂ ਦੀਆਂ ਆਪਣੇ ਸਮੇਂ ਦੇ ਘਟਨਾ ਪਰਵਾਹਾਂ ਉੱਤੇ ਨੇੜਿਓਂ ਝਾਤ ਵੀ ਪੁਆਉਂਦੀਆਂ ਹਨ ਅਤੇ ਇਸ ਤਰਾਂ ਇਤਿਹਾਸ ਦੇ ਕੁਝ ਅਨਮੋਲ ਅਣਛਪੇ ਪੱਤਰਿਆਂ ਦੀ ਘੁੰਡ ਚੁਕਾਈ ਕਰਦੀਆਂ ਹਨ ।

'ਸੂਝ ਸੰਚਾਰ ' ਵਿਚ ਉਸ ਵੇਲੇ ਦੇ ਵੱਡੇ ਸਥਾਪਤ ਹਸਤਾਖਰਾਂ ਗੁਰਬਖ਼ਸ਼ ਸਿੰਘ, ਸੋਹਨ

ਸਿੰਘ ਜੋਸ਼, ਰੌਸ਼ਨ ਲਾਲ ਆਹੂਜਾ, ਮੁਲਕ ਰਾਜ ਆਨੰਦ, ਸੰਤ ਸਿੰਘ ਸੇਖੋਂ, ਸੁਜਾਨ ਸਿੰਘ, ਬਲਰਾਜ ਸਾਹਨੀ, ਜਸਵੰਤ ਸਿੰਘ ਕੰਵਲ ਤੋਂ ਲੈ ਕੇ ਨਵਤੇਜ ਸਿੰਘ, ਗੁਰਦਿਆਲ ਸਿੰਘ ਵਰਗੀ ਉਸ ਸਮੇਂ ਦੀ ਮੁਕਾਬਲਤਨ ਨੌਜਵਾਨ ਪੀੜ੍ਹੀ ਦੇ ਲੇਖ ਸ਼ਾਮਲ ਸਨ। ਅਰਜਨ ਸਿੰਘ ਗੜਗੱਜ ਭਾਵੇਂ ਉਦੋਂ ਤਕ ਚਿਰੋਕਣੇ ਜਾ ਚੁੱਕੇ ਸਨ, ਪੁਸਤਕ ਵਿਚ ਇਕ ਲੇਖ ਉਨ੍ਹਾਂ ਦਾ ਵੀ ਸ਼ਾਮਲ ਕੀਤਾ ਗਿਆ ਜੋ 1935 ਵਿਚ ਕਿਰਤੀ ਅਖ਼ਬਾਰ ਵਿਚ ਛਪਿਆ ਸੀ, ਅਤੇ ਪੰਜਾਬੀ ਜ਼ਬਾਨ ਵਿਚ ਲੈਨਿਨ ਬਾਰੇ ਲਿਖਿਆ ਜਾਣ ਵਾਲਾ ਸ਼ਾਇਦ ਸਭ ਤੋਂ ਪਹਿਲਾ ਲੇਖ ਹੈ। ਇਸ ਲਈ ਇਸਦੀ ਆਪਣੀ ਵਿਸ਼ੇਸ਼ ਇਤਹਾਸਕ ਮਹੱਤਤਾ ਹੈ।

ਪੁਸਤਕ ਦੇ ਅੰਤ ਵਿਚ ਸੰਪਾਦਕ ਜਗਜੀਤ ਸਿੰਘ ਆਨੰਦ ਨੇ ਹਰ ਸ਼ਾਮਲ ਕੀਤੇ ਗਏ ਲੇਖਕ ਬਾਰੇ ਆਪਣੀ ਵਿਲੱਖਣ ਸ਼ੈਲੀ ਵਿਚ ਕੁਝ ਸ਼ਬਦ ਵੀ ਲਿਖੇ ਸਨ, ਜੋ ਸੰਖੇਪ ਹੋਣ ਦੇ ਬਾਵਜੂਦ ਉਨ੍ਹਾਂ ਵਿਚੋਂ ਹਰ ਇਕ ਦਾ ਬਹੁ-ਪਰਤੀ ਮੁਲਾਂਕਣ ਹਨ ਅਤੇ ਮਿਨੀ ਰੇਖਾ -ਚਿੱਤਰ ਹੋ ਨਿੱਬੜਦੇ ਹਨ। ਭਾਵੇਂ ਉਸ ਸਮੇਂ ਆਪਣੀ ਇਸ ਕੋਸ਼ਿਸ਼ ਨੂੰ ਨਿਗੂਣੀ ਕਰਾਰਦਿਆਂ ਆਪਣੇ ਵੱਲੋਂ ਜਗਜੀਤ ਸਿੰਘ ਆਨੰਦ ਨੇ ਸਿਰਫ਼ ਇਹੋ ਲਿਖਿਆ 'ਪੁਸਤਕ ਦੇ ਅੰਤ ਵਿੱਚ ਨਿਬੰਧਕਾਰਾਂ ਦੇ ਵਿਅਕਤਿਤਵ ਉੱਤੇ ਆਪਣੇ ਝਰੋਖੇ ਵਿੱਚੋਂ ਝਾਤ ਪਾਉਣ ਦਾ ਜਿਹੜਾ ਯਤਨ ਕੀਤਾ ਗਿਆ ਹੈ ਸੰਭਵ ਹੈ, ਕਿ ਉਹ ਅਧੂਰਾ ਵੀ ਹੋਵੇ ਤੇ ਪ੍ਰੌੜ੍ਹ ਸਮਾਲੋਚਕਾਂ ਦੀ ਤਸੱਲੀ ਵੀ ਨਾ ਕਰਾ ਸਕੇ ।ਕਾਰਨ ਦੋ ਹਨ : ਇਕ , ਇਸਦਾ ਚਿਤਰਪੱਟ ਸੀਮਿਤ ਹੈ ਦੂਜਾ ਇਸ ਉੱਤੇ ਸਬੰਧਤ ਵਿਅਕਤੀਆਂ ਨਾਲ ਨਿਜੀ ਨੇੜਤਾ ਦੀ ਮੋਹਰ-ਛਾਪ ਉੱਘੀ ਹੈ', ਪਰ ਅਜ ਦੇ ਪਾਠਕ ਲਈ ਉਨ੍ਹਾਂ ਸਮਿਆਂ ਦੇ ਬੁੱਧੀਜੀਵੀਆਂ ਦਾ ਉਨ੍ਹਾਂ ਦੇ ਸਮਕਾਲੀ ਵੱਲੋਂ ਕੀਤਾ ਗਿਆ ਇਹ ਮੁਲਾਂਕਣ ਵਿਸ਼ੇਸ਼ ਮਹੱਤਵ ਰਖਦਾ ਹੈ ।

54 ਵਰ੍ਹੇ ਪਹਿਲੋਂ ਛਪੀ 'ਸੂਝ ਸੰਚਾਰ' ਹੁਣ ਪਿਛਲੇ ਕੁਝ ਦਹਾਕਿਆਂ ਤੋਂ ਉਪਲਭਦ ਨਹੀਂ ਸੀ। ਇਸ ਸਾਲ, ਜਨਵਰੀ 2024 ਵਿਚ, ਲੈਨਿਨ ਨੂੰ ਸਾਥੋਂ ਵਿਛੜਿਆਂ ਪੂਰੇ ਸੌ ਸਾਲ ਹੋ ਗਏ ਹਨ। ਇਸ ਪੁਸਤਕ ਰਾਹੀਂ, ਲੈਨਿਨ ਨੂੰ ਆਪਣੀ ਨਿਗਾਹੇ ਤਕ ਕੇ ਸਾਡੇ ਤੀਕ ਆਪਣੇ ਪ੍ਰਭਾਵ ਅੰਕਿਤ ਕਰਨ ਵਾਲਾ ਕੋਈ ਲੇਖਕ ਵੀ ਹੁਣ ਸਾਡੇ ਵਿਚਕਾਰ ਨਹੀਂ ਰਿਹਾ। ਲੈਨਿਨ ਦੀ ਮ੍ਰਿਤੂ ਦੀ ਸ਼ਤਾਬਦੀ ਦੇ ਮੌਕੇ ਇਹ ਇਤਿਹਾਸਕ ਮਹਤਵ ਵਾਲੀ ਪੁਸਤਕ ਨੂੰ ਬੜੀ ਰੀਝ ਨਾਲ ਮੁੜ ਛਾਪਿਆ ਹੈ। ਅਜ ਦੇ ਪੰਜਾਬੀ ਪਾਠਕ ਲਈ ਇਹ ਇਕ ਰਾਹ-ਰੁਸ਼ਨਾਊ ਸੁਗਾਤ ਹੈ ।

( ਸਫੇ- 140, ਮੁੱਲ - 300 ਰੁਪਏ,
ਪ੍ਰਕਾਸ਼ਕ - ਨਵਯੁਗ ਪਬਲਿਸ਼ਰਜ਼,
ਨਵੀਂ ਦਿੱਲੀ 1110016

# ਸਮਕਾਲੀ ਸਾਹਿਤ ਨੂੰ ਵਾਚਦਿਆਂ

**ਕੁਲਵੰਤ ਸਿੰਘ ਸੰਧੂ**

1. ਅਵਤਾਰ ਸਿੰਘ ਬਿਲਿੰਗ, ਹੋਇਆ ਦੇਸ ਪ੍ਰਦੇਸ (ਨਾਵਲ), ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2024, ਪੰਨੇ 312, ਕੀਮਤ 450

2. ਹਰਨੇਕ ਸਿੰਘ ਹੇਅਰ, ਟਰਾਲੀਨਾਮਾ (ਨਾਵਲ), 5 ਆਬ ਪ੍ਰਕਾਸ਼ਨ, ਜਲੰਧਰ, 2024, ਪੰਨੇ 320, ਕੀਮਤ 300

3. ਸਿਮਰਨ ਧਾਲੀਵਾਲ, ਨਗੰਦੇ (ਕਹਾਣੀ-ਸੰਗ੍ਰਹਿ), ਕੈਲੀਬਰ ਪ੍ਰਕਾਸ਼ਨ, ਪਟਿਆਲਾ, 2024, ਪੰਨੇ 96, ਕੀਮਤ 220

4. ਵਰਿਆਮ ਸਿੰਘ ਸੰਧੂ, ਹੀਰੇ ਬੰਦੇ (ਵਾਰਤਕ), ਸੰਗਮ ਪਬਲੀਕੇਸ਼ਕਜ਼, ਸਮਾਣਾ, 2024, ਪੰਨੇ 264, ਕੀਮਤ 215

5. ਪ੍ਰੇਮ ਮਾਨ, ਨਿੱਕੀਆਂ-ਵੱਡੀਆਂ ਗੱਲਾਂ (ਵਾਰਤਕ), ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ, 2024, ਪੰਨੇ 135, ਕੀਮਤ 220

6. ਨਿਰਲੇਪ ਸਿੰਘ, ਤੁਰਦੀਆਂ ਅੱਖਾਂ ਵੇਖਦੇ ਪੈਰ (ਵਾਰਤਕ), ਪੀਪਲਜ਼ ਫੋਰਮ, ਬਰਗਾੜੀ, 2024, ਪੰਨੇ 112, ਕੀਮਤ 300

ਅਵਤਾਰ ਸਿੰਘ ਬਿਲਿੰਗ ਪੰਜਾਬੀ ਜ਼ਬਾਨ ਦਾ ਸਥਾਪਿਤ ਬਹੁ-ਵਿਧਾਈ ਲੇਖਕ ਹੈ, ਜਿਸ ਨੇ ਨਾਵਲ, ਕਹਾਣੀ, ਵਾਰਤਕ, ਬਾਲ ਸਾਹਿਤ ਰਾਹੀਂ ਭਰਵੀਂ ਹਾਜ਼ਰੀ ਲਵਾਈ ਹੈ। ਉਹ ਪਿਛਲੇ ਤਿੰਨ ਦਹਾਕਿਆਂ ਤੋਂ ਨਿਰੰਤਰ ਸਾਹਿਤ ਦੇ ਖੇਤਰ ਵਿਚ ਸਰਗਰਮ ਹੈ। ਚਾਹੇ ਉਹ ਨਾਵਲ ਲਿਖ ਰਿਹਾ ਹੋਵੇ ਜਾਂ ਕਹਾਣੀ ਜਾਂ ਵਾਰਤਕ, ਉਸਦੀਆਂ ਲਿਖਤਾਂ ਦਾ ਕੇਂਦਰ ਪੰਜਾਬ ਦਾ ਪਿੰਡ ਹੈ। ਉਸਦੀਆਂ ਲਿਖਤਾਂ ਵਿਚੋਂ ਪਿਛਲੇ ਛੇ-ਸੱਤ ਦਹਾਕਿਆਂ ਦੇ ਨਿਰੰਤਰ ਬਦਲਦੇ ਪੰਜਾਬ ਦੇ ਨਕਸ਼ ਪਛਾਣੇ ਜਾ ਸਕਦੇ ਹਨ। ਉਸਦੀਆਂ ਗਲਪ ਤੇ ਵਾਰਤਕ ਲਿਖਤਾਂ ਨੂੰ ਪੰਜਾਬ ਦੇ ਸਮਾਜਕ-ਸਭਿਆਚਾਰਕ ਦਸਤਾਵੇਜ਼ ਵਜੋਂ ਵਾਚਿਆ ਜਾ ਸਕਦਾ ਹੈ। ਉਸਦਾ ਹਥਲਾ ਨਾਵਲ ਹੋਇਆ 'ਦੇਸ ਪ੍ਰਦੇਸ' ਵੀ ਇਕ ਅਜੇਹੀ ਹੀ ਰਚਨਾ ਹੈ, ਜੋ ਅਜੋਕੇ ਪੰਜਾਬ ਨੂੰ ਦਰਪੇਸ਼ ਬਹੁਤ ਸਾਰੇ ਮਸਲਿਆਂ ਨੂੰ ਆਪਣੇ ਕਲਾਵੇ ਵਿਚ ਸਮੇਟਣ ਦਾ ਯਤਨ ਕਰਦਾ ਹੈ। ਜਿਵੇਂ ਕਿ ਇਸ ਨਾਵਲ ਦੇ ਸਿਰਲੇਖ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਅਜੋਕੇ ਸਮਿਆਂ ਵਿਚ ਪੰਜਾਬ ਸ਼ਾਇਦ ਸਭ ਤੋਂ ਵੱਡੇ ਬਹੁ-ਪਾਸਾਰੀ ਸੰਕਟ ਦੇ ਸਨਮੁੱਖ ਹੈ, ਜਦੋਂ ਇਸ ਦੀ ਨਵੀਂ ਪੀੜ੍ਹੀ ਲਈ ਪੰਜਾਬ ਸੁਪਨਿਆਂ ਦੀ ਪੂਰਤੀ ਵਾਲੀ ਧਰਤੀ ਨਹੀਂ ਰਹੀ ਤੇ ਉਹ ਨਵੀਆਂ ਧਰਤੀਆਂ ਵੱਲ ਪਰਵਾਸ ਕਰਨ ਲਈ ਮਜਬੂਰ ਹਨ। ਵੈਸੇ ਪਰਵਾਸ ਮਨੁੱਖੀ ਇਤਿਹਾਸ 'ਚ ਕੋਈ ਨਵਾਂ ਵਰਤਾਰਾ ਨਹੀਂ, ਪਰ ਅਜੋਕਾ ਪਰਵਾਸ ਬਹੁਤ ਸਾਰੇ ਸੰਕਟਾਂ ਦੀ ਨਿਸ਼ਾਨਦੇਹੀ ਕਰਦਾ ਨਜ਼ਰ ਆਉਂਦਾ ਹੈ।

ਸਰੂਪਾ ਕਿਸਾਨੀ ਦੀ ਉਸ ਪੀੜ੍ਹੀ ਦਾ ਪ੍ਰਤੀਨਿਧ ਹੈ, ਜੋ ਅਲੋਪ ਹੁੰਦੀ ਜਾ ਰਹੀ ਹੈ, ਜਿਨ੍ਹਾਂ ਲਈ ਅਜੇ ਵੀ 'ਦੱਬ ਕੇ ਵਾਹ ਤੇ ਰੱਜ ਕੇ ਖਾਹ' ਵਾਲੇ ਸਰੋਕਾਰ ਸਾਰਥਕ ਹਨ। ਪਰ ਅਗਲੀ ਪੀੜ੍ਹੀ ਲਈ ਖੇਤੀ ਪਿਤਾ-ਪੁਰਖੀ ਕਿੱਤਾ ਨਹੀਂ ਰਿਹਾ, ਉਹ ਇਸ ਨੂੰ ਵਪਾਰਕ ਲੀਹਾਂ 'ਤੇ ਚਲਾਉਣਾ ਚਾਹੁੰਦੀ ਹੈ। ਖੇਤੀ ਦੀਆਂ ਨਵੀਆਂ ਤਕਨੀਕਾਂ ਉਨ੍ਹਾਂ ਦੇ ਮਨਾਂ ਵਿਚ ਫ਼ਾਇਦੇ ਦੇ ਵੱਡੇ ਸੁਪਨੇ ਬੀਜਦੀਆਂ ਹਨ, ਪਰ ਇਸ ਨਾਲ ਨੁਕਸਾਨ ਵੀ ਸੰਬੰਧਿਤ ਹਨ। ਫ਼ਾਇਦੇ-ਨੁਕਸਾਨ ਦੇ ਚੱਕਰ

ਵਿਚ ਫਸ ਕੇ ਸੁਖਜੀਵਨ ਕਰਜ਼ਾਈ ਹੁੰਦਾ ਹੈ ਤੇ ਫਿਰ ਆਤਮ-ਹੱਤਿਆ ਕਰ ਲੈਂਦਾ ਹੈ। ਸਰੂਪੇ ਦਾ ਦੂਸਰੇ ਪੁੱਤਰ ਕਰਮਾ ਨਸ਼ਿਆਂ ਵਿਚ ਪੈ ਜਾਂਦਾ ਹੈ। ਤੀਸਰੀ ਪੀੜ੍ਹੀ ਲਈ ਪੰਜਾਬ ਵਿਚ ਕੁਝ ਵੀ ਅਜੇਹਾ ਨਹੀਂ ਜੋ ਉਸ ਨੂੰ ਇੱਥੇ ਬੰਨ੍ਹ ਕੇ ਰੱਖ ਸਕੇ ਤੇ ਉਹ ਕੈਨੇਡਾ ਪਹੁੰਚ ਜਾਂਦੀ ਹੈ। ਇੱਥੇ ਉਹ ਆਪਣੇ ਪੈਰ ਜਮਾਉਣ ਲਈ ਸੰਘਰਸ਼ ਕਰਦੀ ਹੈ। ਸਮੁੱਚੇ ਰੂਪ ਵਿਚ ਇਹ ਨਾਵਲ ਪੰਜਾਬ ਦੀ ਉਹ ਤਸਵੀਰ ਪੇਸ਼ ਕਰਦਾ ਹੈ। ਜੋ ਇਸ ਦੀ ਹੁਣ ਤਕ ਦੀ ਤਸਵੀਰ ਤੋਂ ਮੂਲੋਂ ਹੀ ਵੱਖਰੀ ਹੈ। ਦਲਬੀਰ ਵਰਗੇ ਕਿਸਾਨ ਅਜੇ ਵੀ ਇਸ ਦੇ ਪ੍ਰਤਿਨਿੱਧ ਹਨ, ਪਰ ਉਨ੍ਹਾਂ ਦੀ ਗਿਣਤੀ ਨਿਰੰਤਰ ਘਟ ਰਹੀ ਹੈ।

ਇਕ ਪਰਿਵਾਰ ਰਾਹੀਂ ਲੇਖਕ ਨੇ ਪੰਜਾਬ ਦੇ ਦ੍ਰਿਸ਼ ਨੂੰ ਮੂਰਤੀਮਾਨ ਕਰਨ ਦਾ ਯਤਨ ਕੀਤਾ ਹੈ, ਪਰ ਕਿਤੇ-ਕਿਤੇ ਦੁਹਰਾਓ ਇਸ ਦੀ ਨਿਰੰਤਰਤਾ ਨੂੰ ਭੰਗ ਕਰਦਾ ਹੈ। ਲੇਖਕ ਨੇ ਲੋਕਗੀਤਾਂ, ਮੁਹਾਵਰਿਆਂ, ਕਾਵਿ-ਟੋਟਿਆਂ ਦੀ ਵਰਤੋਂ ਨਾਲ ਆਪਣੀ ਰਚਨਾ ਨੂੰ ਪ੍ਰਮਾਣਿਕ ਤੇ ਦਿਲਚਸਪ ਬਣਾਉਣ ਦਾ ਯਤਨ ਕੀਤਾ ਹੈ। ਅਲੋਪ ਹੋ ਚੁਕੇ ਤੇ ਵਿਸ਼ੇਸ਼ ਇਲਾਕੇ ਦੇ ਸ਼ਬਦਾਂ ਦੇ ਅਰਥ ਦਸ ਕੇ ਪਾਠਕ ਲਈ ਸੁਖਨਤਾ ਪੈਦਾ ਕਰਨ ਦਾ ਯਤਨ ਰਚਨਾ ਨੂੰ ਵਧੇਰੇ ਪੜ੍ਹਨਯੋਗ ਬਣਾਉਂਦਾ ਹੈ।

ਹਰਨੇਕ ਸਿੰਘ ਹੇਅਰ ਦਾ ਇਹ ਚੌਥਾ ਨਾਵਲ ਹੈ। ਉਹ ਦੋ ਦਹਾਕਿਆਂ ਤੋਂ ਸਾਹਿਤ ਦੇ ਖੇਤਰ ਵਿਚ ਸਰਗਰਮ ਹੈ। ਉਸ ਨੇ ਨਾਵਲ ਤੋਂ ਇਲਾਵਾ ਖੋਜ ਤੇ ਸੰਪਾਦਕਾਂ ਦੇ ਖੇਤਰ ਵਿਚ ਵੀ ਮਹੱਤਵਪੂਰਨ ਕੰਮ ਕੀਤਾ ਹੈ। ਉਸ ਦਾ ਹਥਲਾ ਨਾਵਲ 'ਟਰਾਲੀਨਾਮਾ', ਜਿਵੇਂ ਕਿ ਇਸ ਦੇ ਸਿਰਲੇਖ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਦਾ ਸੰਬੰਧ ਪਿਛਲੇ ਸਮਿਆਂ ਵਿਚ ਚਲੇ ਕਿਸਾਨੀ ਸੰਘਰਸ਼ ਨਾਲ ਹੈ, ਜੋ ਬੇਸ਼ੱਕ ਸਮੁੱਚੇ ਦੇਸ਼ ਦੀ ਕਿਸਾਨੀ ਦਾ ਸੰਘਰਸ਼ ਸੀ।

ਪਰ ਇਸ ਸੰਘਰਸ਼ ਨੂੰ ਸ਼ੁਰੂ ਕਰਨ ਤੇ ਇਸ ਦੀ ਅਗਵਾਈ ਕਰਨ ਦਾ ਸਿਹਰਾ ਪੰਜਾਬ ਦੀ ਕਿਸਾਨੀ ਨੂੰ ਹੀ ਜਾਂਦਾ ਹੈ। ਇਹ ਨਾਵਲ ਇਸ ਸੰਘਰਸ਼ ਨੂੰ ਪੇਸ਼ ਕਰਨ ਦਾ ਯਤਨ ਹੈ। ਜਦੋਂ ਕਿਸੇ ਵੀ ਸਮਕਾਲੀ ਵਰਤਾਰੇ ਜਾਂ ਸੰਘਰਸ਼ ਬਾਰੇ ਕੋਈ ਸਾਹਿਤਕ ਰਚਨਾ ਰਚੀ ਜਾਂਦੀ ਹੈ, ਖਾਸ ਕਰਕੇ ਨਾਵਲ ਵਰਗੀ ਵੱਡੀਆਂ ਸੰਭਾਵਨਾਵਾਂ ਵਾਲੀ ਵਿਧਾ 'ਚ ਕੋਈ ਰਚਨਾ ਸਾਹਮਣੇ ਆਉਂਦੀ ਹੈ ਤਾਂ ਜਿੱਥੇ ਇਕ ਪਾਸੇ ਲੇਖਕ ਦੀ ਸਮਕਾਲ ਪ੍ਰਤੀ ਫ਼ਿਕਰਮੰਦੀ ਜ਼ਾਹਰ ਹੋ ਰਹੀ ਹੁੰਦੀ ਹੈ, ਉੱਥੇ ਹੀ ਇਸ ਦੀਆਂ ਕੁਝ ਸੀਮਾਵਾਂ ਵੀ ਸਾਹਮਣੇ ਆਉਂਦੀਆਂ ਹਨ ਤੇ ਅਜੇਹੀ ਸਮਕਾਲੀ ਰਚਨਾ ਦੇ ਸਾਹਿਤਕ ਅਰਥਾਂ ਵਾਲੀ ਰਚਨਾ ਨਾਲੋਂ ਇਕ ਦਸਤਾਵੇਜ਼ ਤੱਕ ਸਿਮਟ ਜਾਣ ਦਾ ਡਰ ਵੀ ਹੁੰਦਾ ਹੈ। ਕਿਉਂਕਿ ਕਿਸੇ ਵੀ ਘਟਨਾ/ਵਰਤਾਰੇ ਦੇ ਦਿਸਦੇ ਜਾਂ ਵੱਡੇ ਕਾਰਣਾ ਤੋਂ ਇਲਾਵਾ ਬਹੁਤ ਸਾਰੇ ਲੁਕਵੇਂ ਤੇ ਵੇਖਣ ਨੂੰ ਘੱਟ ਪਰ ਅਸਲ ਵਿਚ ਮਹੱਤਵਪੂਰਨ ਵਰਤਾਰੇ ਵੀ ਲੁਕਵੇਂ ਰੂਪ ਵਿਚ ਕਾਰਜਸ਼ੀਲ ਹੁੰਦੇ। ਵਕਤ ਬੀਤਣ ਨਾਲ ਜਦੋਂ ਘਟਨਾਵਾਂ/ਪ੍ਰਤੀਕ੍ਰਿਆਵਾਂ ਦੀ ਗਰਦ ਬੈਠ ਜਾਂਦੀ ਹੈ ਤਾਂ ਉਨ੍ਹਾਂ ਵਰਤਾਰਿਆਂ ਦੀ ਸਮੁੱਚਤਾ ਨੂੰ ਵਧੇਰੇ ਚੰਗੀ ਤਰ੍ਹਾਂ ਤੇ ਬਾਹਰਮੁਖੀ ਢੰਗ ਨਾਲ ਸਮਝਣ ਦੀਆਂ ਸੰਭਾਵਨਾਵਾਂ ਵਧ ਜਾਂਦੀਆਂ ਹਨ।

ਲੇਖਕ ਨੇ ਕਰੋਨਾ ਕਾਲ ਤੇ ਕਿਸਾਨੀ ਦੇ ਸੰਘਰਸ਼ ਤੋਂ ਇਲਾਵਾ ਹਰੀ ਸਿੰਘ, ਕੁੰਡੀ ਤੇ ਪੰਜਾਬ ਸਿੰਘ ਦੇ ਪਾਤਰਾਂ ਰਾਹੀਂ ਕਿਸਾਨ ਦੇ ਅੰਦਰੂਨੀ ਵਿਰੋਧਾਂ ਵੀ ਨਾਵਲੀ ਟੈਕਸਟ ਦਾ ਹਿੱਸਾ ਬਣਾਇਆ ਹੈ। ਜਰਨੈਲ ਇਸ ਨਾਵਲ ਦਾ ਕੇਂਦਰੀ ਪਾਤਰ ਹੈ, ਇਸ ਦੇ ਰਾਹੀਂ ਲੇਖਕ ਨੇ ਕਾਲਜ ਵਿਚਲੇ ਐਡਹਾਕ ਅਧਿਆਪਕਾ ਦੇ ਸ਼ੋਸ਼ਣ ਦੇ ਵਰਤਾਰੇ ਨੂੰ ਵੀ ਟੈਕਸਟ ਦਾ ਹਿੱਸਾ ਬਣਾ ਕੇ ਪੇਸ਼

ਕੀਤਾ ਹੈ। ਨਾਵਲ ਦੀ ਪੜ੍ਹਤ ਤੋਂ ਬਾਅਦ ਲੇਖਕ ਦੀ ਰਚਨਾ-ਦ੍ਰਿਸ਼ਟੀ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਨਾਵਲ ਵਿਚ ਬਹੁਤ ਸਾਰੇ ਅਜੇਹੇ ਵੇਰਵੇ ਵੀ ਹਨ ਜੋ ਨਾਵਲੀ ਰਚਨਾ ਨੂੰ ਵਿਸਥਾਰ ਨਹੀਂ ਦੇਂਦੇ, ਸਗੋਂ ਵਾਧੂ ਪ੍ਰਤੀਤ ਹੁੰਦੇ ਹਨ। ਜੈਲੋ ਤੇ ਕੈਲੇ ਦੇ ਸੰਬੰਧਾਂ ਨੂੰ ਸਾਰੇ ਨਾਵਲ ਵਿਚ ਫੈਲਾਉਣ ਨਾਲ ਕਹਾਣੀ ਨੂੰ 'ਕੋਈ ਅਰਥੀ ਜੁੰਬਿਸ਼ ਨਹੀਂ ਮਿਲਦੀ, ਇਸੇ ਤਰ੍ਹਾਂ ਕੈਲੇ ਦਾ ਮੋਰਚੇ ਦੌਰਾਨ ਬੇ-ਅਦਬੀ ਦੇ ਕੇਸ ਵਿਚ ਨਿਹੰਗਾ' ਹੱਥੋਂ ਮਾਰੇ ਜਾਣ ਦੀ ਘਟਨਾ ਨੂੰ ਕਿਸਾਨ ਲੀਡਰ ਦੇ ਭਰਾ ਨਾਲ ਜੋੜ ਕੇ ਪੇਸ਼ ਕੀਤਾ ਗਿਆ ਹੈ। ਸਾਹਿਤਕ ਕਿਰਤ ਦੇ ਲੰਮਾ ਸਮਾਂ ਜੀਉਣ ਦੀਆਂ ਸੰਭਾਵਨਾਵਾਂ ਹੁੰਦੀਆਂ ਹਨ ਤੇ ਚੰਗੀਆਂ ਸਾਹਿਤਕ ਰਚਨਾਵਾਂ ਕਿਸੇ ਸਮਾਜ ਦੇ ਇਤਹਾਸ ਨੂੰ ਜਾਣਨ ਦਾ ਜ਼ਰੀਆ ਵੀ ਬਣਦੀਆਂ ਹਨ, ਪਰ ਅਜੇਹੀਆਂ ਘਟਨਾਵਾਂ ਦੇ ਗੁੰਮਰਾਹਕੁੰਨ ਬਣ ਜਾਣ ਦੀ ਸੰਭਾਵਨਾਵਾਂ ਵੀ ਹੋ ਸਕਦੀ ਹੈ। ਇਸ ਤੋਂ ਗੁਰੇਜ਼ ਕਰਨਾ ਚਾਹੀਦਾ ਸੀ। ਇਸੇ ਤਰ੍ਹਾਂ ਘਟਨਾਵਾਂ ਦੀ ਕਾਲ-ਕ੍ਰਮਤਾ ਦਾ ਤਾਲ ਮੇਲ ਕਈ ਥਾਵਾਂ 'ਤੇ ਢੁਕਵਾਂ ਨਹੀਂ ਸਮੁੱਚੇ ਰੂਪ ਵਿਚ ਇਹ ਨਾਵਲ ਕਿਸਾਨੀ ਸੰਘਰਸ਼ ਤੇ ਸਮਾਜ ਨੂੰ ਪੇਸ਼ ਕਰਨ ਦੇ ਯਤਨਾਂ ਨਾਲ ਸੰਬੰਧਤ ਰਚਨਾ ਹੈ।

ਸਿਮਰਨ ਧਾਲੀਵਾਲ ਨਵੀਂ ਪੀੜ੍ਹੀ ਦਾ ਮਹੱਤਵਪੂਰਨ ਕਹਾਣੀਕਾਰ ਹੈ। 'ਨਗੰਦੇ' ਉਸਦਾ ਪੰਜਵਾਂ ਕਹਾਣੀ-ਸੰਗ੍ਰਹਿ ਹੈ। ਇਸ ਸੰਗ੍ਰਹਿ ਵਿਚ ਅੱਠ ਕਹਾਣੀਆਂ ਦਰਜ ਹਨ। ਆਮ ਰਵਾਇਤ ਮੁਤਾਬਿਕ ਸੰਗ੍ਰਹਿ ਦਾ ਨਾਮ ਉਸ ਵਿਚ ਸ਼ਾਮਲ ਕਿਸੇ ਕਹਾਣੀ 'ਤੇ ਆਧਾਰਿਤ ਹੀ ਰੱਖਿਆ ਜਾਂਦਾ ਹੈ, ਪਰ ਇਸ ਸੰਗ੍ਰਹਿ ਵਿਚ ਅਜੇਹੀ ਕੋਈ ਕਹਾਣੀ ਨਹੀਂ, ਜਦੋਂ ਲੇਖਕ ਅਜੇਹਾ ਕਰਦਾ ਹੈ ਤਾਂ ਅਜੇਹਾ ਸਿਰਲੇਖ ਵਿਸ਼ੇਸ਼ ਅਰਥਾਂ ਦਾ ਧਾਰਨੀ ਹੋ ਜਾਂਦਾ ਹੈ। ਅਜੋਕੇ ਮਾਨਵੀ ਜੀਵਨ ਤੇ ਰਿਸ਼ਤਿਆਂ ਵਿਚ ਵੀ ਅਜੇਹੇ 'ਨਗੰਦੇ' ਜ਼ਰੂਰੀ ਹਨ, ਜੋ ਇਨ੍ਹਾਂ ਨੂੰ ਜੋੜ ਕੇ ਇਨ੍ਹਾਂ ਦੀ ਹੋਂਦ ਬਣਾਈ ਰੱਖਣ। ਸੰਗ੍ਰਹਿ ਦੀਆਂ ਵਧੇਰੇ ਕਹਾਣੀਆਂ ਮਾਨਵੀ ਰਿਸ਼ਤਿਆਂ ਦੀਆਂ ਵਿਭਿੰਨ ਪਰਤਾਂ ਨੂੰ ਪ੍ਰਗਟਾਉਂਦੀਆਂ ਹਨ। 'ਝਾਂਜਰਾਂ ਦਾ ਜੋੜਾ' ਦੰਪਤੀ ਜੀਵਨ ਦੀ ਨੀਰਸਤਾ ਤੇ ਜ਼ਰੂਰਤ ਦੇ ਦਵੰਦ 'ਤੇ ਟਿਕੀ ਹੋਈ ਹੈ। ਵਿਆਹ ਤੋਂ ਕੁਝ ਸਮਾਂ ਬਾਅਦ ਰਿਸ਼ਤੇ 'ਚ ਪੈਦਾ ਹੋਈ ਨੀਰਸਤਾ ਕਿਸ਼ਨ ਨੂੰ ਗੀਤਾਂ ਦੇ ਨੇੜੇ ਲਿਆਉਂਦੀ ਹੈ, ਪਰ ਕਹਾਣੀ ਦੀ ਖ਼ੂਬਸੂਰਤੀ ਹੈ ਕਿ ਇਹ ਰਿਸ਼ਤਾ ਕਿਸੇ ਦੂਸਰੇ ਰਿਸ਼ਤੇ ਲਈ ਤਣਾਓ ਪੈਦਾ ਕਰਨ ਤੋਂ ਪਹਿਲਾਂ ਹੀ ਝਾਂਜਰਾਂ ਵਿਚ ਦੇ ਜੋੜੇ 'ਚ ਪ੍ਰਵਰਤਿਤ ਹੋ ਜਾਂਦਾ ਹੈ। 'ਰੋਜ਼ ਡੇ' ਮਾਨਵੀ ਰਿਸ਼ਤਿਆਂ ਦੀਆਂ ਪਰਤਾਂ ਨੂੰ ਫਰੋਲਦੀ ਕਹਾਣੀ ਹੈ। ਅੰਤ ਵਿਚ ਕਹਾਣੀ ਦੀ ਕੇਂਦਰੀ ਪਾਤਰ ਦਾ ਇਕ ਵੱਖਰਾ ਰੂਪ ਸਾਹਮਣੇ ਆਉਂਦਾ ਹੈ ਜਿਸ ਵਿਚ ਮਰਦ ਪਾਤਰ ਇਕ ਮੋਹਰਾ ਬਣ ਕੇ ਰਹਿ ਜਾਂਦਾ ਹੈ। 'ਬਲੈਕ ਟੀ' ਵੀ ਝਾਂਜਰਾਂ ਦਾ ਜੋੜੇ ਵਾਂਗ ਦੰਪਤੀ ਜੀਵਨ ਦੀ ਕਹਾਣੀ ਹੈ। ਅਜੋਕੇ ਸੋਸ਼ਲ ਮੀਡੀਆ ਦੇ ਦੌਰ ਵਿਚ ਇਨ੍ਹਾਂ ਰਿਸ਼ਤਿਆਂ ਨੂੰ ਘਰ ਤੋਂ ਬਾਹਰ ਕੱਢ 'ਚ ਨਿਰੋਲ ਵਿਖਾਵੇ ਦੀ ਵਸਤੂ ਬਣਾ ਦਿੱਤਾ ਹੈ, ਪਰ ਇਨ੍ਹਾਂ ਕਹਾਣੀਆਂ ਦੀ ਵਿਸ਼ੇਸ਼ਤਾ ਹੈ ਕਿ ਇਨ੍ਹਾਂ ਦੇ ਪਾਤਰ ਇਸ ਚਕਾਚੌਂਧ ਨੂੰ ਸਮਝ ਕੇ ਤਣਾਓ ਤੋਂ ਪਹਿਲਾਂ ਹੀ ਪਰਤ ਆਉਂਦੇ, ਘਰ ਵਾਪਸੀ ਧਾਲੀਵਾਲ ਦੀਆਂ ਕਹਾਣੀਆਂ ਦਾ ਜਾਣਿਆ-ਪਛਾਣਿਆ 'ਮੈਟਾਫਰ ਹੈ।'

'ਰਮਜ਼' ਵੀ ਵਿਆਹੁਤਾ ਜੀਵਨ ਲਈ ਮਾਨਵੀ ਰਮਜ਼ਾਂ ਦੀ ਕਹਾਣੀ ਹੈ। 'ਫਲੈਟ ਨੰ. 13' ਅਜੋਕੇ ਮਨੁੱਖ ਸਾਹਮਣੇ ਪੇਸ਼ ਵਿਕਰਾਲ ਮਸਲੇ ਨੂੰ ਸੰਬੋਧਿਤ ਕਹਾਣੀ ਹੈ। ਬਿਰਧ ਤੇ ਇਕੱਲੇ ਰਹਿ ਗਏ ਵਿਅਕਤੀਆਂ ਦੀ ਇਕੱਲਤਾ ਨੂੰ ਪੇਸ਼ ਕਰਦੀ ਹੈ ਸਾਡੀ ਅਜੋਕੀ ਸੋਸਾਇਟੀ ਦੀ ਸਮਝ ਤੇ ਵਿਅੰਗ ਸਿਰਜਦੀ ਹੈ, ਜੋ ਕਿ ਅਜੇਹੇ ਵਿਅਕਤੀ ਨੂੰ ਉਨ੍ਹਾਂ ਦੀ ਬਣਦੀ ਸਪੇਸ ਦੇਣ ਲਈ

ਤਿਆਰ ਨਹੀਂ। 'ਮ੍ਰਿਗ ਤ੍ਰਿਸ਼ਨਾ' ਵਿਆਹੁਤਾ ਜੀਵਨ ਵਿਚਲੇ ਸ਼ੱਕ ਨੂੰ ਇਕ ਖ਼ੂਬਸੂਰਤ ਜੁਗਤ ਨਾਲ ਨਵਾਂ ਮੋੜ ਦੇ ਦੇਂਦੀ ਹੈ, ਪਰ ਮਰਦਾਵੀਂ ਹਉਮੈਂ 'ਤੇ ਬਹੁਤ ਸੂਖਮ ਵਿਅੰਗ ਇਸ ਕਹਾਣੀ ਦੀ ਪ੍ਰਾਪਤੀ ਹੈ।

'ਬਿਨ ਸਿਰਨਾਵਾਂ ਬੰਦਾ' ਦਲਿਤ ਜੀਵਨ ਦੇ ਕਰੂਰ ਤੇ ਅਣਮਨੁੱਖੀ ਜੀਵਨ ਦੀ ਕਹਾਣੀ ਹੈ। ਕਹਾਣੀ ਦੇ ਕੇਂਦਰੀ ਪਾਤਰ ਨਿੱਕੇ ਦੀ ਜ਼ਿੰਦਗੀ ਮੌਤ ਵਰਗੀ ਹੈ ਤੇ ਮੌਤ ਮੁਕਤੀ ਵਰਗੀ ਪ੍ਰਤੀਤ ਹੁੰਦੀ ਹੈ। 'ਚਹੁੰ ਕਦਮਾਂ ਦੀ ਵਾਟ' ਵੀ ਜ਼ਿੰਦਗੀ ਦੀ ਇਕੱਲਤਾ ਦੀ ਕਹਾਣੀ ਹੈ, ਪਰ ਕਹਾਣੀ ਦਾ ਕੇਂਦਰੀ ਪਾਤਰ ਆਪਣੀ ਵਿਧਵਾ ਨੂੰਹ ਦੀ ਜ਼ਿੰਦਗੀ ਨੂੰ ਬਦਲਣ ਲਈ ਤਿਆਰ ਹੋ ਜਾਂਦਾ ਹੈ। ਵਿਡੰਬਨਾਤਮਕ ਸਥਿਤੀ ਇਹ ਹੈ ਕਿ ਇਕੱਲਤਾ ਹੰਢਾਉਂਦੇ ਬਜ਼ੁਰਗ ਤਾਂ ਇਸ ਸਥਿਤੀ ਨੂੰ ਸਮਝ ਕੇ ਬਦਲਣ ਲਈ ਤਿਆਰ ਹੋ ਜਾਂਦੇ ਹਨ, ਪਰ ਫਲੈਟ ਨੰ. 13' ਕਹਾਣੀ ਵਿਚਲੀ ਨਵੀਂ ਪੀੜ੍ਹੀ ਇਸ ਸੋਚ ਨੂੰ ਅਪਨਾਉਣ ਲਈ ਤਿਆਰ ਨਹੀਂ। ਸਮੁੱਚੇ ਰੂਪ ਵਿਚ ਸਿਮਰਨ ਧਾਲੀਵਾਲ ਦੀਆਂ ਕਹਾਣੀਆਂ ਮਾਨਵੀ ਮਨ ਦੀਆਂ ਅੰਤਰੀਵ ਪਰਤਾਂ ਨੂੰ ਸਮਾਜਕ ਪ੍ਰਸੰਗ ਵਿਚ ਚਿਤਰ ਕੇ ਆਪਣੀ ਵਿਲੱਖਣਤਾ ਸਿੱਧ ਕਰਦੀਆਂ ਹਨ।

ਵਰਿਆਮ ਸਿੰਘ ਸੰਧੂ ਪੰਜਾਬੀ ਦੇ ਉਨ੍ਹਾਂ ਚੋਣਵੇਂ ਕਹਾਣੀਕਾਰਾਂ 'ਚ ਸ਼ੁਮਾਰ ਹੈ, ਜਿਨ੍ਹਾਂ ਦਾ ਪੰਜਾਬੀ ਕਹਾਣੀ ਨੂੰ ਇਸਦੀਆਂ ਪ੍ਰਾਪਤੀਆਂ ਤੱਕ ਪੁਚਾਉਣ ਵਿਚ ਚੋਖਾ ਹਿੱਸਾ ਹੈ। ਕਹਾਣੀਕਾਰ ਤੋਂ ਇਲਾਵਾ ਇਤਿਹਾਸ ਤੇ ਵਾਰਤਕ ਦੇ ਖੇਤਰ ਵਿਚ ਵੀ ਉਨ੍ਹਾਂ ਦੀ ਦੇਣ ਜ਼ਿਕਰਯੋਗ ਹੈ। 'ਹੀਰੇ ਬੰਦੇ' ਉਨ੍ਹਾਂ ਦੀ ਵਾਰਤਕ ਪੁਸਤਕ ਹੈ, ਜਿਸ ਵਿਚ ਸੋਲਾਂ ਵਿਅਕਤੀਆਂ ਦੇ ਸ਼ਬਦ-ਚਿਤਰ ਹਨ। ਜਿਵੇਂ ਕਿ ਪੁਸਤਕ ਦੇ ਸਿਰਲੇਖ ਤੋਂ ਹੀ ਸਪੱਸ਼ਟ ਹੈ ਕਿ ਇਹ ਵਿਅਕਤੀ ਸਾਧਾਰਣ ਨਹੀਂ ਸਗੋਂ ਵਿਸ਼ੇਸ਼ ਹਨ, ਜਿਨ੍ਹਾਂ ਦੀ ਆਪਣੇ-ਆਪਣੇ ਖੇਤਰ ਵਿਚ ਵੱਡੀ ਦੇਣ ਹੈ, ਇਸੇ ਲਈ ਇਨ੍ਹਾਂ ਨੂੰ 'ਹੀਰੇ' ਕਿਹਾ ਗਿਆ ਹੈ। ਪੰਜਾਬੀ ਜ਼ੁਬਾਨ ਦਾ ਇਹ ਇਕ ਸ਼ਬਦ ਹੀ ਕਿਸੇ ਵਿਅਕਤੀ ਦੀ ਸਮੁੱਚੀ ਸ਼ਖ਼ਸੀਅਤ ਨੂੰ ਪ੍ਰਗਟਾ ਸਕਣ ਦੇ ਸਮਰੱਥ ਹੈ।

ਪਹਿਲਾ ਸ਼ਬਦ-ਚਿਤਰ ਜਸਵੰਤ ਸਿੰਘ ਕੰਵਲ ਬਾਰੇ ਹਨ। ਲੇਖਕ ਦੀ ਖ਼ਾਸੀਅਤ ਹੈ ਉਹ ਸਿਰਫ਼ ਵਿਅਕਤੀ ਦੀ ਸ਼ਖ਼ਸੀਅਤ ਤਕ ਹੀ ਸੀਮਤ ਨਹੀਂ ਰਹਿੰਦਾ ਉਸ ਤੋਂ ਬਾਹਰ ਵੱਲ ਫ਼ੈਲ ਕੇ ਉਸ ਸਮਾਜਕ-ਰਾਜਨੀਤਿਕ ਵਾਤਾਵਰਣ ਨੂੰ ਵੀ ਸਿਰਜਣ ਦਾ ਯਤਨ ਕਰਦਾ ਹੈ, ਜਿਸ ਦੀ ਕੋਈ ਵਿਅਕਤੀ ਪੈਦਾਇਸ਼ ਹੁੰਦਾ ਹੈ। ਕੰਵਲ ਬਾਰੇ ਲਿਖਦਿਆਂ ਵੀ ਉਹ ਉਸ ਵੇਲੇ ਦੇ ਸਾਹਿਤਕ ਦ੍ਰਿਸ਼, ਗੁਰਬਖਸ਼ ਸਿੰਘ ਦੀਆਂ ਪ੍ਰੀਤ ਮਿਲਣੀਆਂ, ਉਨ੍ਹਾਂ ਵਿਚ ਸ਼ਾਮਲ ਹੁੰਦੇ ਲੇਖਕ, ਪ੍ਰੀਤ ਲੜੀ ਦਾ ਤਲਿਸਮੀ ਪ੍ਰਭਾਵ ਤੇ ਉਸ ਵੇਲੇ ਦੀ ਚਰਚਿਤ ਨਕਸਲਬਾੜੀ ਲਹਿਰ ਦਾ ਉਸ ਪ੍ਰਤੀ ਨਜ਼ਰੀਆ ਵੀ ਪੇਸ਼ ਕਰਦਾ ਹੈ। ਇਨ੍ਹਾਂ ਵਿਅਕਤੀ-ਚਿਤਰਾਂ ਵਿਚੋਂ ਉਸ ਵੇਲੇ ਦੇ ਲੇਖਕਾਂ/ਪਾਠਕਾਂ ਦੀ ਸੂਝ ਦੇ ਅਨੂਠੇ ਦ੍ਰਿਸ਼ ਦ੍ਰਿਸ਼ਟੀ ਗੋਚਰ ਹੁੰਦੇ ਹਨ। ਸ਼ਿਵ ਕੁਮਾਰ ਬਟਾਲਵੀ ਦੇ ਸਿਖਰ ਤੇ ਪਤਨ ਦੀ ਦ੍ਰਿਸ਼ਕਾਰੀ ਵਿੱਚ ਉਸ ਵੇਲੇ ਦੀ ਰਾਜਨੀਤਿਕ ਚੇਤਨਾ ਤੇ ਇਸ ਕਾਰਣ ਬਦਲਦੇ ਸਾਹਿਤ ਦ੍ਰਿਸ਼ ਨੂੰ ਵੇਖਿਆ ਜਾ ਸਕਦਾ ਹੈ ਕਿ ਕਿਸ ਤਰ੍ਹਾਂ ਇਸ ਤਬਦੀਲੀ ਨੇ ਉਸ ਨੂੰ ਗ਼ੈਰ-ਪ੍ਰਸੰਗਿਕ ਕਰ ਦਿੱਤਾ। ਇਸੇ ਤਰ੍ਹਾਂ ਜਗਜੀਤ ਸਿੰਘ ਅਨੰਦ, ਅਮਰਜੀਤ ਗੁਰਦਾਸਪੁਰੀ ਦੇ ਸ਼ਬਦ-ਚਿਤਰਾਂ ਵਿਚੋਂ ਖੱਬੇ-ਪੱਖੀ ਲਹਿਰ ਦੇ ਬਹੁਤ ਸਾਰੇ ਅੰਦਰੂਨੀ ਹਾਲਾਤ ਨੂੰ ਸਮਝਿਆ ਜਾ ਸਕਦਾ ਹੈ।

ਕੁਲਵੰਤ ਸਿੰਘ ਵਿਰਕ, ਪਾਸ਼, ਅਜਮੇਰ ਔਲਖ ਦੇ ਸ਼ਬਦ-ਚਿਤਰ ਉਨ੍ਹਾਂ ਦੇ

ਵਿਅਕਤੀਤਵ ਦੇ ਨਾਲ-ਨਾਲ ਉਨ੍ਹਾਂ ਦੀਆਂ ਸਾਹਿਤਕ ਕਿਰਤ ਨੂੰ ਸਮਝਣ ਵਿਚ ਵੀ ਵੱਡਾ ਹਿੱਸਾ ਪਾਉਂਦੇ ਹਨ। ਪਾਰਸ ਦੀ ਸਮੁੱਚੀ ਸ਼ਖ਼ਸੀਅਤ, ਕਵੀਸ਼ਰੀ, ਉਸਦੀ ਵਿਚਾਰਧਾਰਾ ਉਸਦੇ ਸ਼ਬਦ-ਚਿਤਰ ਦਾ ਹਾਸਲ ਹੈ। ਪ੍ਰਿੰ. ਸਰਵਣ ਸਿੰਘ ਬਾਰੇ ਲਿਖਦਿਆਂ ਜਿਥੇ ਉਸਦੀ ਵਾਰਤਕ ਨੂੰ ਦੇਣ ਬਾਰੇ ਜ਼ਿਕਰ ਹੈ, ਉਥੇ ਉਸ ਦੇ ਕਹਾਣੀਕਾਰ ਦੇ ਰੂਪ 'ਚ ਅਣਗੌਲੇ ਰਹਿ ਜਾਣ ਦਾ ਜ਼ਿਕਰ ਕਰਕੇ ਸਾਡੀ ਸਾਹਿਤ ਪ੍ਰਤੀ ਸੀਮਤ ਪਹੁੰਚ 'ਤੇ ਵੀ ਸੂਖਮ ਵਿਅੰਗ ਹੈ। ਹਰਭਜਨ ਹਲਵਾਰੀ ਬਾਰੇ ਲਿਖਦਿਆਂ ਜਿਥੇ ਉਸ ਨਾਲ ਸਾਂਝ ਦਾ ਜ਼ਿਕਰ ਹੈ, ਉਹ ਨਕਸਲਬਾੜੀ ਲਹਿਰ, ਦੋਸਤੀ ਵਿਚਲੇ ਸ਼ਿਕਵੇ-ਗਿਲੇ ਮਾਸੂਮ ਚਲਾਕੀਆਂ ਰਾਹੀਂ ਉਸਦੀ ਸਮੁੱਚੀ ਸ਼ਖ਼ਸੀਅਤ ਵੀ ਉਜਾਗਰ ਹੋ ਜਾਂਦੀ ਹੈ।

ਜਗਦੀਸ਼ ਸਿੰਘ ਵਰਿਆਮ ਦੀ ਸ਼ਖ਼ਸੀਅਤ ਬਾਰੇ ਲੇਖਕ ਨੇ ਬਹੁਤ ਹੀ ਖੁੱਭ ਕੇ ਲਿਖਿਆ ਹੈ। ਜਗਦੀਸ਼ ਸਿੰਘ ਵਰਿਆਮ ਜਲੰਧਰ ਦੇ ਸਾਹਿਤਕ/ਸਮਾਜਕ ਹਲਕਿਆਂ ਦੀ ਇਕ ਜਾਣੀ-ਪਛਾਣੀ ਸ਼ਖ਼ਸੀਅਤ ਸੀ। ਇਹ ਸ਼ਬਦ-ਚਿਤਰ ਪੜ੍ਹ ਕੇ ਜਗਦੀਸ਼ ਵਰਿਆਮ ਦੀ ਸਮੁੱਚੀ ਸ਼ਖ਼ਸੀਅਤ ਸਾਕਾਰ ਹੋ ਜਾਂਦੀ ਹੈ। ਡਾ. ਜੋਗਿੰਦਰ ਸਿੰਘ ਪੁਆਰ ਦੀ ਪੰਜਾਬੀ ਭਾਸ਼ਾ ਪ੍ਰਤੀ ਪ੍ਰਤੀਬੱਧਤਾ ਉਸਦੇ ਪ੍ਰਬੰਧਕੀ ਗੁਣ ਤੇ ਉਸਦੀ ਸ਼ਖ਼ਸੀਅਤ ਬਾਰੇ ਜਾਣਕਾਰੀ ਮਿਲਦੀ ਹੈ। ਪੰਨੂ ਅਤੇ ਨਿੰਦਰ ਘੁਗਿਆਣਵੀ ਬਾਰੇ ਵੀ ਸ਼ਬਦ-ਚਿਤਰ ਉਨ੍ਹਾਂ ਨੂੰ ਢੁਕਵੇਂ ਰੂਪ 'ਚ ਪੇਸ਼ ਕਰਦੇ ਹਨ। ਡਾ. ਰਜਨੀਸ਼ ਬਹਾਦਰ ਬਾਰੇ ਲਿਖਦਿਆਂ ਉਸ ਦੀ ਸੁਹਿਰਦਤਾ, ਪ੍ਰਤਿਬੱਧਤਾ, ਦੋਸਤਾਂ-ਮਿੱਤਰਾਂ ਦੇ ਕੰਮ ਆਉਣ ਵਾਲੇ ਸੁਭਾਅ ਦੇ ਨਾਲ-ਨਾਲ ਉਸ ਦੀ ਪੰਜਾਬੀ ਸਾਹਿਤ ਅਤੇ ਚਿੰਤਨ ਪ੍ਰਤੀ ਦੇਣ ਨੂੰ ਵੀ ਉਭਾਰਿਆ ਗਿਆ ਹੈ। ਪੰਜਾਬੀ ਵਿਚ ਸ਼ਬਦ-ਚਿਤਰ ਜਾਂ ਵਿਅਕਤੀ-ਚਿਤਰ ਜਿਨ੍ਹਾਂ ਨੂੰ ਰੇਖਾ-ਚਿਤਰ ਕਿਹਾ ਜਾਂਦਾ ਹੈ, ਦੀ ਇਕ ਲੰਮੀ ਪਰੰਪਰਾ ਹੈ, ਪਰ ਉਨ੍ਹਾਂ ਵਿਚ ਸੰਬੰਧਿਤ ਵਿਅਕਤੀ ਨਾਲੋਂ ਜ਼ਿਆਦਾ ਲੇਖਕ ਨੇ ਆਪਣੀ ਸ਼ਖ਼ਸੀਅਤ ਨੂੰ ਉਭਾਰਿਆ ਹੁੰਦਾ ਹੈ। ਇਹ ਸ਼ਬਦ-ਚਿਤਰ ਇਸ ਪੱਖੋਂ ਸੁਚੇਤ ਹੋ ਕੇ ਲਿਖੇ ਗਏ ਹਨ। ਦੂਸਰੇ ਵਿਅਕਤੀ ਦੇ ਨਾਲ-ਨਾਲ ਉਸ ਮਾਹੌਲ ਨੂੰ ਵੀ ਚਿਤਰਿਆ ਗਿਆ ਹੈ, ਜਿਸ ਦੀ ਉਹ ਵਿਅਕਤੀ ਉਪਜ ਹੈ। ਇਸ ਕਰਕੇ ਇਹ ਵਿਅਕਤੀਆਂ ਬਾਰੇ ਤਾਂ ਦਸਦੇ ਹੀ ਹਨ, ਨਾਲ ਹੀ ਪਿਛਲੇ ਛੇ-ਸੱਤ ਦਹਾਕਿਆਂ ਦੇ ਪੰਜਾਬ ਬਾਰੇ ਵੀ ਜਾਣਕਰਾਉਂਦੇ ਹਨ। ਇਨ੍ਹਾਂ ਦੀ ਪੜ੍ਹਨਯੋਗਤਾ ਵੀ ਪਾਠਕ ਨੂੰ ਪੜ੍ਹਨ ਲਈ ਮਜਬੂਰ ਕਰਦੀ ਹੈ।

ਪ੍ਰੇਮ ਮਾਨ ਮੂਲ ਰੂਪ ਵਿਚ ਕਹਾਣੀਕਾਰ ਹੈ, ਪਰ ਉਸਨੇ ਵਾਰਤਕ ਵੀ ਰਚੀ ਹੈ। 'ਨਿੱਕੀਆਂ-ਵੱਡੀਆਂ ਗੱਲਾਂ' ਪ੍ਰੇਮ ਮਾਨ ਦੀ ਦੂਸਰੀ ਪੁਸਤਕ ਹੈ। ਜਿਵੇਂ ਕਿ ਇਸ ਪੁਸਤਕ ਦੀ ਸੰਖੇਪ ਭੂਮਿਕਾ ਵਿਚ ਉਸ ਨੇ ਲਿਖਿਆ ਹੈ ਕਿ ਲੇਖ/ਬਲੌਗ ਉਸ ਨੇ 2007 ਤੋਂ 2010 ਤੱਕ ਸੋਸ਼ਲ ਮੀਡੀਆ ਲਈ ਲਿਖੇ ਸਨ ਤੇ ਹੁਣ ਇਨ੍ਹਾਂ ਨੂੰ ਸੋਧ ਕੇ ਪੁਸਤਕ ਦਾ ਰੂਪ ਦਿੱਤਾ ਗਿਆ ਹੈ। ਇਸ ਪੁਸਤਕ ਵਿਚ ਕੁਲ 27 ਲੇਖ ਹਨ, ਜਿਵੇਂ ਕਿ ਪੁਸਤਕ ਦਾ ਸਿਰਲੇਖ ਨਿੱਕੀਆਂ-ਵੱਡੀਆਂ ਗੱਲਾਂ ਤੋਂ ਹੀ ਪਤਾ ਚਲਦਾ ਹੈ ਕਿ ਇਹ ਲੇਖ ਸਧਾਰਨ ਮਸਲਿਆਂ ਤੋਂ ਲੈ ਕੇ ਵੱਡਿਆਂ ਮਸਲਿਆਂ ਨੂੰ ਸੰਬੋਧਿਤ ਹਨ। ਇਨ੍ਹਾਂ ਲੇਖਾਂ ਵਿਚ ਮਨੁੱਖੀ ਸੁਭਾਅ ਤੇ ਆਸੇ-ਪਾਸੇ ਵਾਪਰਦੀਆਂ ਘਟਨਾਵਾਂ, ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਮਸਲਿਆਂ ਬਾਰੇ ਚਰਚਾ ਹੈ। ਆਪਣੇ ਵਿਸ਼ਿਆਂ ਦੀ ਵਿਭਿੰਨਤਾ ਕਰਕੇ ਇਸ ਨੂੰ ਨਿਰੋਲ ਸਾਹਿਤਕ ਤੇ ਕਲਾਤਮਿਕ ਨਜ਼ਰੀਏ ਤੋਂ ਪੜ੍ਹ ਸਕਣਾ ਸੰਭਵ ਨਹੀਂ ਤੇ ਨਾ ਹੀ ਇਹ ਕਿਸੇ ਸਾਹਿਤਕ ਵਿਧਾ ਨੂੰ ਆਧਾਰ ਬਣਾ ਕੇ ਲਿਖੇ ਗਏ ਲੇਖ ਹਨ। ਪਰ ਇਨ੍ਹਾਂ ਵਿਚੋਂ

ਉਭਰਦਾ ਲੇਖਕ ਦਾ ਸੰਤੁਲਿਤ ਨਜ਼ਰੀਆ ਪਾਠਕ ਨੂੰ ਪ੍ਰਭਾਵਿਤ ਕਰਨ ਵਾਲਾ ਹੈ।

ਲੇਖਕ ਲੰਮੇ ਸਮੇਂ ਤੋਂ ਅਮਰੀਕਾ ਵਿਚ ਰਹਿ ਰਿਹਾ ਹੈ। ਇਸ ਕਰਕੇ ਉਸ ਕੋਲ ਘਟਨਾਵਾਂ ਨੂੰ ਵੇਖਣ/ਪਰਖਣ ਤੇ ਪੇਸ਼ ਕਰਨ ਦਾ ਨਿਵੇਕਲਾ ਨਜ਼ਰੀਆ ਹੈ। ਜੋ ਪੰਜਾਬੀ ਦੇ ਲੇਖਕਾਂ ਤੋਂ ਵੱਖਰਾ ਹੈ ਤੇ ਤੁਲਨਾਤਮਿਕ ਵੀ। ਇਸ ਪੁਸਤਕ ਦਾ ਪਹਿਲਾ ਲੇਖ 'ਸਾਡਾ ਵਿਹਾਰ' ਵਿਚ ਲੇਖਕ ਦੋਹਾਂ ਸਭਿਆਚਾਰਕਾਰ/ਵਿਹਾਰ ਤੇ ਆਮ ਬੋਲ-ਚਾਲ ਦੀ ਤੁਲਨਾ ਕਰਦਾ ਹੈ। ਲੇਖਕ ਮੁਤਾਬਿਕ ਹਿੰਦੁਸਤਾਨ ਵਿਚ ਜੋ ਗੱਲਾਂ ਜਾਂ ਲਫ਼ਜ਼ ਅਸੀਂ ਰੋਜ਼ਾਨਾ ਦੀ ਜ਼ਿੰਦਗੀ 'ਚ ਆਮ ਹੀ ਵਰਤਦੇ ਹਾਂ ਉਹ ਅਮਰੀਕਾ ਵਿਚ ਵਰਤਣਾ ਸਮਾਜਕ ਜਾਂ ਕਈ ਵਾਰ ਕਾਨੂੰਨੀ ਤੌਰ 'ਤੇ ਵੀ ਠੀਕ ਨਹੀਂ ਸਮਝਿਆ ਜਾਂਦਾ। ਪੁਸਤਕ ਵਿਚਲੇ ਬਹੁਤ ਸਾਰੇ ਲੇਖ ਪੰਜਾਬੀ ਮਾਨਸਿਕਤਾ ਦੇ ਵਿਭਿੰਨ ਪੱਖਾਂ ਨੂੰ ਤੁਲਨਾਤਮਿਕ ਨਜ਼ਰੀਏ ਤੋਂ ਪੇਸ਼ ਕਰਦੇ ਹਨ। ਕੁਝ ਲੇਖਾਂ ਵਿਚ ਪੰਜਾਬ ਦੀ ਨਿਰੰਤਰ ਵਿਗੜ ਰਹੀ ਆਰਥਿਕਤਾ, ਵਧ ਰਹੇ ਭ੍ਰਿਸ਼ਟਾਚਾਰ, ਰਾਜਸੀ ਲੀਡਰਾਂ ਦੀ ਲੁੱਟ-ਖਸੁੱਟ ਆਦਿ ਬਾਰੇ ਵੀ ਹਨ। ਕਿਉਂਕਿ ਇਹ ਲੇਖ ਪਹਿਲਾਂ ਵੱਖ-ਵੱਖ ਬਲੌਗਾਂ ਦੀ ਸੂਰਤ ਵਿਚ ਲਿਖੇ ਗਏ ਸਨ, ਪਰ ਜਦੋਂ ਅਸੀਂ ਇਨ੍ਹਾਂ ਨੂੰ ਪੁਸਤਕ ਰੂਪ ਵਿਚ ਪੜ੍ਹਦੇ ਹਾਂ ਤਾਂ ਕਿਤੇ-ਕਿਤੇ ਦੁਹਰਾਓ ਨਜ਼ਰ ਆਉਂਦਾ ਹੈ। ਦੂਸਰੇ, ਇਨ੍ਹਾਂ ਲੇਖਾਂ ਨੂੰ ਕਿਸੇ ਸਾਹਿਤਕ ਕਿਰਤ ਵਾਂਗ ਪੜ੍ਹਨ ਦੀ ਥਾਂ ਜ਼ਿੰਦਗੀ ਦੇ ਮਸਲਿਆਂ ਨੂੰ ਸੌਖੇ ਢੰਗ ਨਾਲ ਸਮਝਣ ਦੇ ਨਜ਼ਰੀਏ ਤੋਂ ਪੜ੍ਹੀਏ ਤਾਂ ਇਹ ਵਧੇਰੇ ਸਾਰਥਕ ਤੇ ਦਿਲਚਸਪ ਪ੍ਰਤੀਤ ਹੁੰਦੇ ਹਨ, ਕਿਉਂਕਿ ਨਿੱਕੀਆਂ ਗੱਲਾਂ ਹੀ ਅਸਲ ਵਿਚ ਵੱਡੀਆਂ ਗੱਲਾਂ ਦਾ ਆਧਾਰ ਬਣਦੀਆਂ ਹਨ।

***'ਤੁਰਦੀਆਂ ਅੱਖਾਂ ਵੇਖਦੇ ਪੈਰ'*** ਨਿਰਲੇਪ ਸਿੰਘ ਦੀ ਪਹਿਲੀ ਵਾਰਤਕ ਪੁਸਤਕ ਹੈ, ਜਿਸ ਵਿਚ ਵੱਖ-ਵੱਖ ਸਮਿਆਂ ਵਿਚ ਹਿੰਦੁਸਤਾਨ ਦੇ ਵਿਭਿੰਨ ਹਿੱਸਿਆਂ 'ਚ ਕੀਤੀਆਂ ਯਾਤਰਾਵਾਂ ਦਾ ਵਰਨਣ ਹੈ। ਸਭ ਤੋਂ ਪਹਿਲਾਂ ਇਸ ਪੁਸਤਕ ਦਾ ਸਿਰਲੇਖ ਹੀ ਪਾਠਕ ਦਾ ਧਿਆਨ ਆਪਣੇ ਵੱਲ ਖਿੱਚਦਾ ਹੈ ਤੇ ਪਾਠਕ ਨੂੰ ਇਸ ਵਿਚਲਾ ਅਰਥਾਂ ਦਾ ਉਲਟਾਪਣ ਰੁਕ ਕੇ ਸੋਚਣ ਲਈ ਮਜਬੂਰ ਕਰਦਾ ਹੈ। ਪੁਸਤਕ ਦੀ ਪੜ੍ਹਤ ਤੋਂ ਬਾਅਦ ਇਸ ਦੇ ਅਰਥਾਂ ਦੇ ਉਲਟ ਫੇਰ ਵਿਚਲਾ ਸੰਚਾਰ ਪਾਠਕ ਨੂੰ ਪ੍ਰਭਾਵਿਤ ਕਰਦਾ ਹੈ ਤੇ ਲੇਖਕ ਦੀ ਇਸ ਜੁਗਤ ਦੀ ਸਮਝ ਪਾਠਕ ਦੀ ਸੂਝ ਦਾ ਹਿੱਸਾ ਬਣ ਜਾਂਦੀ ਹੈ, ਪਰ ਇਹ ਸਾਧਾਰਣ ਅਵਸਥਾ 'ਚੋਂ ਨਹੀਂ, ਸਗੋਂ ਸਹਿਜ ਦੀ ਅਵਸਥਾ ਵਿਚੋਂ ਉਪਜੇ ਅਰਥ ਤੇ ਸਮਝ ਹੈ ਜਿਥੇ ਸਾਰਿਆਂ ਮਨੁੱਖੀ ਬਿਰਤੀਆਂ ਇਕਸੁਰਤਾ ਦੀ ਅਵਸਥਾ ਵਿਚ ਟਿਕ ਜਾਂਦੀਆਂ ਹਨ ਤੇ ਅਜੇਹੀ ਯਾਤਰਾ ਇਕ ਪਾਸੜ ਨਹੀਂ, ਦੋ ਤਰਫ਼ੀ ਹੁੰਦੀ ਹੈ।

ਲੇਖਕ ਦੀ ਵਿਲੱਖਣਤਾ ਇਹ ਵੀ ਹੈ ਕਿ ਉਸ ਦੇ ਇਹ ਯਾਤਰਾ-ਬਿਰਤਾਂਤ ਇਕ ਪਾਸੇ ਦੂਰ-ਦੁਰਾਡੇ ਵੱਲ ਨੂੰ ਵੀ ਹਨ, ਕਿਉਂਕਿ ਅਣਵੇਖੀਆਂ ਧਰਤੀਆਂ ਵੇਖਣ ਦੀ ਖਿੱਚ ਆਦਿ ਕਾਲ ਤੋਂ ਮਾਨਵੀ ਸੋਚ ਵਿਚ ਘਰ ਕਰੀ ਬੈਠੀ ਹੈ। ਉੱਥੇ ਉਹ ਆਪਣੇ ਆਲੇ-ਦੁਆਲੇ ਦੀਆਂ ਨਿੱਤ ਵੇਖੀਆਂ ਸਾਧਾਰਣ ਥਾਵਾਂ-ਰਾਹਵਾਂ ਨੂੰ ਵੀ ਇਸ ਤਰ੍ਹਾਂ ਵੇਖਦਾ ਤੇ ਪੇਸ਼ ਕਰਦਾ ਹੈ ਕਿ ਉਹ ਵੀ ਨਵੀਆਂ-ਨਕੋਰ ਤੇ ਵਿਲੱਖਣ ਪ੍ਰਤੀਤ ਹੋਣ ਲੱਗ ਪੈਂਦੀਆਂ ਹਨ। ਰੋਜ਼ਾਨਾ ਵੇਖੀਆਂ ਚੀਜ਼ਾਂ ਦਾ ਅਜਨਬੀਕਰਣ, ਭਾਸ਼ਾ ਦੀ ਵਿਲੱਖਣ ਤਾਜ਼ਗੀ ਪਾਠਕ ਨੂੰ ਅਚੰਭਿਤ ਕਰਦੀ ਹੈ। ਪਿਛਲੇ ਕੁਝ ਸਮਿਆਂ ਤੋਂ ਪੰਜਾਬੀ ਵਿਚ ਗਲਪੀ-ਵਾਰਤਕ ਲਿਖਣ ਦੀ ਰਵਾਇਤ ਬਣੀ ਹੋਈ ਹੈ, ਇਹ ਪੁਸਤਕ ਇਕ ਪਾਸੇ ਗਲਪ ਦੇ ਖੂਬਸੂਰਤ ਟੋਟੇ ਵੀ ਪੇਸ਼ ਕਰਦੀ ਹੈ, ਪਰ ਨਾਲ ਹੀ ਇਸ ਵਿਚਲੀ ਕਾਵਿਕਤਾ, ਕਵਿਤਾ, ਫਲਸਫ਼ਾ ਇਸ ਪੁਸਤਕ ਨੂੰ ਸਥਾਪਿਤ ਵਾਰਤਕ ਪਰੰਪਰਾ ਨਾਲੋਂ ਨਿਵੇਕਲੀ

ਪੁਸਤਕ ਵੀ ਬਣਾਉਂਦੀ ਹੈ ਹਾਲਾਂਕਿ ਵਾਰਤਕ ਪੰਜਾਬੀ ਲੇਖਕਾਂ ਦੀ ਕਦੇ ਵੀ ਮਨਭਾਉਂਦੀ ਵਿਧਾ ਨਹੀਂ ਰਹੀ।

'ਚੰਦਰਤਾਲ' ਸਿਰਫ਼ ਇਕ ਵਿਸ਼ੇਸ਼ ਖਿੱਤੇ ਦੀ ਯਾਤਰਾ ਨਹੀਂ, ਸਗੋਂ ਇਸ ਦੇ ਸਮਾਨਾਂਤਰ ਹੀ ਇਹ ਯਾਤਰਾ ਅੰਦਰ ਵੱਲ ਨੂੰ ਵੀ ਹੈ। ਇਹ ਯਾਤਰਾ ਦਸਦੀ ਹੈ ਕਿ ਅਜੋਕਾ ਮਨੁੱਖ ਆਪਣੀ ਬੇ-ਸਬਰੀ ਤੇ ਕਾਹਲੀ ਵਾਲੀ ਮਾਨਸਿਕਤਾ ਕਰਕੇ ਕੁਦਰਤ ਤੋਂ ਕਿੰਨਾ ਵਿਛੁੰਨਿਆ ਹੋਇਆ ਤੇ ਇਹ ਵਿਛੁੰਨਿਆ, ਬੇ-ਸਬਰਾ ਮਨੁੱਖ ਜਦੋਂ ਕਦੇ ਆਪਣੇ ਮੂਲ ਵੱਲ ਪਰਤਦਾ ਹੈ ਤਾਂ ਕੁਦਰਤ ਦੇ ਵਿਭਿੰਨ ਰੂਪ ਵੇਖ ਕੇ ਕਿਵੇ ਬਾਲ-ਮਨ ਵਾਂਗ ਕਿਲਕਾਰੀਆਂ ਮਾਰਦਾ ਅਚੰਭਿਤ ਹੁੰਦਾ ਹੈ। 'ਸੰਗਮ' ਪਹਾੜੀ ਲੋਕਾਂ ਦੇ ਜੀਵਨ ਨੂੰ ਸਿਰਫ ਨੇੜਿਓਂ ਹੋ ਕੇ ਬਿਆਨ ਨਹੀਂ ਕਰਦਾ, ਸਗੋਂ ਰਚ-ਮਿਚ ਕੇ ਉਸਦਾ ਹਿੱਸਾ ਬਣਨ ਲਈ ਪ੍ਰੇਰਦਾ ਹੈ। 'ਬੜਾ-ਸ਼ਿਓ', 'ਮੈਕਲਸਕੀ-ਗੰਜ', 'ਕੂਨੋ ਨੈਸ਼ਨਲ ਪਾਰਕ' ਯਾਤਰਾ ਬਿਰਤਾਂਤ ਅਨੂਠੇ ਤੇ ਅਦਭੁਤ ਅਨੁਭਵ ਹਨ। ਢੁਕਵੇਂ ਕਾਵਿ-ਟੋਟੇ ਤੇ ਤਸਵੀਰਾਂ ਕਿਤਾਬ ਦੇ ਅਰਥਾਂ ਨੂੰ ਵਿਸਥਾਰ ਤੇ ਡੂੰਘਾਈ ਦੇਂਦੇ ਹਨ। ਲੇਖਕ ਦੀ ਭਾਸ਼ਾ 'ਤੇ ਕੀਤੀ ਮਿਹਨਤ ਪੁਸਤਕ ਨੂੰ ਪੜ੍ਹਨਯੋਗ ਤੇ ਮਾਣਨਯੋਗ ਬਣਾਉਂਦੀ ਹੈ। ਪਹਿਲੀ ਪੁਸਤਕ ਹੋਣ ਦੇ ਬਾਵਜੂਦ ਇਹ ਹਰ ਪਾਠਕ ਨੂੰ ਪ੍ਰਭਾਵਿਤ ਕਰਨ ਦੇ ਸਮਰੱਥ ਹੈ।

*ਤ੍ਰੈਮਾਸਿਕ 'ਪ੍ਰਵਚਨ' ਪਿਛਲੇ 23 ਸਾਲਾਂ ਤੋਂ ਨਿਰੰਤਰ ਆਪਣੀ ਸਮਰੱਥਾ ਅਤੇ ਸੂਝ ਅਨੁਸਾਰ ਸਮੱਗਰੀ ਪੰਜਾਬੀ ਪਾਠਕਾਂ ਨੂੰ ਪੜ੍ਹਾ ਰਿਹਾ ਹੈ। ਇਸ ਸਫ਼ਰ ਦੌਰਾਨ ਸੁਹਿਰਦ ਪਾਠਕਾਂ ਨੇ ਭਰਪੂਰ ਹੁੰਗਾਰਾ ਭਰਿਆ ਹੈ ਅਤੇ ਇਸ ਨੂੰ ਚੱਲਦਾ ਰੱਖਣ ਵਿਚ ਹਰ ਤਰ੍ਹਾਂ ਦੀ ਸਹਾਇਤਾ ਕੀਤੀ ਹੈ। ਜਿਹਨਾਂ ਪਾਠਕਾਂ ਦੇ ਚੰਦੇ ਖਤਮ ਹਨ ਉਨ੍ਹਾਂ ਨੂੰ ਆਪ ਵੀ ਪਤਾ ਹੈ। ਅਸੀਂ ਵਿਅਕਤੀਗਤ ਚਿੱਠੀ, ਪੱਤਰ ਪਾ ਕੇ ਉਨ੍ਹਾਂ ਨੂੰ ਯਾਦ ਕਰਾਉਣ ਦੀ ਥਾਂ ਸਵੈ ਅਹਿਸਾਸ ਕਰਾਉਣਾ ਚਾਹੁੰਦੇ ਹਾਂ ਕਿ ਉਹ ਆਪਣੇ ਆਪ ਹੀ ਚੰਦਾ ਸਮੇਂ ਸਿਰ ਭੇਜ ਦੇਣ ਤਾਂ ਜੋ ਇਸ ਪਰਚੇ ਨੂੰ ਜਾਰੀ ਰੱਖਿਆ ਜਾ ਸਕੇ। ਚੰਦਿਆਂ ਦੀ ਦਰ ਘੱਟੋ-ਘੱਟ 1500 ਰੁਪਏ ਪੰਜ ਸਾਲ ਲਈ ਹੈ। ਚੰਦਾ ਬੈਂਕ ਡਰਾਫਟ ਜਾਂ ਚੈੱਕ ਰਾਹੀਂ ਭੇਜਿਆ ਜਾਵੇ ਜਾਂ ਸੰਪਾਦਕ ਦੇ ਹੇਠ ਲਿਖੇ ਖਾਤੇ ਵਿਚ ਜਮ੍ਹਾਂ ਕਰਵਾ ਦਿੱਤੇ ਜਾਣ।*

**KULWANT SINGH**

Ac. no. 07141000085751 IFSC PSIB0000714

PUNJAB & SINDH BANK

Defence Colony, Jalandhar